# ਗੁਰਸਿੱਖੀ ਬਾਰੀਕ ਹੈ
## ਭੂਮਿਕਾ

ਅਕਾਲ ਪੁਰਖ ਨੇ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ, ਮਨੁੱਖ, ਪਸ਼ੂ, ਪੰਛੀ, ਦਰਿਆ, ਪਹਾੜ, ਸਮੁੰਦਰ ਬਣਾਏ ਹਨ–ਇਹ ਉਸ ਦਾ ਹੀ ਸਰਗੁਣ ਸਰੂਪ ਹੈ। ਮਨੁੱਖ ਨੂੰ ਸਭ ਤੋਂ ਸ੍ਰੇਸ਼ਟ ਬਣਾਇਆ ਹੈ, ਬੁੱਧੀ ਦਿੱਤੀ ਹੈ ਅਤੇ ਇਹ ਦੱਸਿਆ ਹੈ ਕਿ ਇਹ ਮਨੁੱਖਾ ਦੇਹੀ ਕਿਸ ਲਈ ਦਿੱਤੀ ਹੈ; ਜਿਵੇਂ ਹੇਠ ਲਿਖੇ ਸ਼ਬਦ ਵਿੱਚੋਂ ਸਾਫ਼ ਪ੍ਰਤੀਤ ਹੁੰਦਾ :-

**ਭਈ ਪਰਾਪਤਿ ਮਾਨੁਖ ਦੇਹੁਰੀਆ ॥**
**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥** (ਅੰ:੩੭੮)

**ਇਸ ਦੇਹੀ ਕਉ ਸਿਮਰਹਿ ਦੇਵ ॥**
**ਸੋ ਦੇਹੀ ਭਜੁ ਹਰਿ ਕੀ ਸੇਵ ॥** (ਅੰ: ੧੧੫੯)

ਤਾਂ ਤੇ ਅਕਾਲ ਪੁਰਖ ਨੇ ਕੁਝ ਅਵਤਾਰ ਸੰਸਾਰ ਵਿੱਚ ਭੇਜੇ ਜਿਹਨਾਂ ਨੇ ਸਾਨੂੰ ਜੀਵਨ ਦਾ ਉਹ ਰਾਹ ਦਿਖਾਇਆ ਜਿਸ ਨਾਲ ਕਰਤਾ ਪੁਰਖ ਦੇ ਦਰਸ਼ਨ ਕਰ ਸਕੀਏ, ਉਹਦੇ ਚਰਨਾਂ ਵਿੱਚ ਰਹਿ ਸਕੀਏ, ਜਿਸ ਨੂੰ ਵੱਖ-ਵੱਖ ਲੋਕਾਂ ਨੇ ਧਰਮ ਦਾ ਨਾਂਅ ਦਿੱਤਾ। ਸੋ ਵੱਖਰੇ-ਵੱਖਰੇ ਧਰਮਾਂ ਦਾ ਅਸਲ ਮੰਤਵ ਇਹ ਹੈ ਕਿ ਇਨਸਾਨ ਨੂੰ ਕਿਹੋ ਜਿਹੇ ਕੰਮ ਕਰਨੇ ਚਾਹੀਦੇ ਹਨ, ਕਿਹੋ ਜਿਹਾ ਵਿਵਹਾਰ ਕਰਨਾ ਚਾਹੀਦਾ ਹੈ, ਕਿਹੋ ਜਿਹੀ ਜ਼ਿੰਦਗੀ ਜਿਊਣੀ ਚਾਹੀਦੀ ਹੈ ਕਿ ਉਹ ਪ੍ਰਮਾਤਮਾ ਦੇ ਨੇੜੇ ਹੋ ਸਕੇ, ਪ੍ਰਮਾਤਮਾ ਨਾਲ ਉਸ ਦਾ ਮਿਲਾਪ ਹੋ ਸਕੇ; ਤਾਂ ਤੇ ਸਭ ਧਰਮ ਸਤਿਕਾਰ ਦੇ ਪਾਤਰ ਹਨ ਤੇ ਸਾਨੂੰ ਸਾਰੇ ਧਰਮਾਂ ਨੂੰ ਪੜ੍ਹਨ ਅਤੇ ਸਮਝਣ ਦੀ ਲੋੜ ਹੈ। ਸਾਰੇ ਧਰਮ ਸਾਨੂੰ ਚੰਗੀ ਸਿੱਖਿਆ ਹੀ ਦਿੰਦੇ ਹਨ। ਜੇ ਸਾਡੇ ਕੋਲ ਐਨਾ ਸਮਾਂ ਨਹੀਂ ਤਾਂ ਕੋਈ ਇਕ ਧਰਮ ਦੇ ਗ੍ਰੰਥ ਦਾ ਤਾਂ ਅਧਿਐਨ ਕਰਨਾ ਬਹੁਤ ਹੀ ਜ਼ਰੂਰੀ ਹੈ। ਪਹਿਲਾਂ ਅਧਿਐਨ ਕਰੋ ਫਿਰ ਜੋ ਕੁਝ ਸਿੱਖਿਆ ਹੈ ਉਹਦੇ ਮੁਤਾਬਕ ਜਿਊਣ ਦੀ ਪੂਰੀ ਕੋਸ਼ਿਸ਼ ਕਰੋ।

ਭਗਵੰਤ ਸਿੰਘ ਦਲਾਵਰੀ ਜੀ ਜਿਹਨਾਂ ਨੂੰ ਪਿਆਰ ਨਾਲ ਸਾਰੇ ਪਾਪਾ ਜੀ ਕਹਿੰਦੇ ਹਨ, ਅਕਾਲ ਪੁਰਖ ਦੀ ਮਿਹਰ ਦੇ ਪਾਤਰ ਹਨ। ਜਦੋਂ ਉਸ ਦੀ ਮਿਹਰ ਹੋ ਗਈ, ਗੁਰਬਾਣੀ ਸਮਝ ਆਉਣ ਲੱਗ ਪਈ, ਜਦੋਂ ਸਮਝ ਆਉਣ ਲੱਗੀ ਬਹੁਤ ਪਿਆਰੀ ਲੱਗਣ ਲੱਗ ਪਈ। ਅੰਦਰੋਂ ਉਮਾਹ ਹੋਣ ਲੱਗ ਪਿਆ ਉਸ 'ਤੇ ਚੱਲਣ ਦਾ; ਜਿਉਂ-ਜਿਉਂ ਮਾਰਗ 'ਤੇ ਤੁਰੇ ਤਾਂ ਅਨੰਦ ਦਾ ਅਨੁਭਵ ਹੋਣ ਲੱਗ ਪਿਆ। ਉਹਨਾਂ ਦੀ ਦਿਲੀ ਇੱਛਾ ਹੈ ਕਿ ਵਾਹਿਗੁਰੂ ਦੇ ਸਾਰੇ ਧੀਆਂ-ਪੁੱਤਰ ਹੋਣ ਕਰਕੇ ਸਾਰੀ ਦੁਨੀਆਂ ਦੇ ਇਨਸਾਨ ਉਹਨਾਂ ਦੇ ਭੈਣ-ਭਰਾ



ਹਨ। ਇਸ ਲਈ ਉਹਨਾਂ ਦਾ ਮਨ ਹੈ ਕਿ ਇਸ ਅਨੰਦ ਦੀ ਅਵਸਥਾ ਦਾ ਸਾਰੇ ਰਸ ਮਾਣਨ। ਉਹ ਆਪਣੀ ਜ਼ਿੰਦਗੀ ਦੇ ਕੌੜੇ ਮਿੱਠੇ ਤਜਰਬੇ ਲੋਕਾਂ ਨਾਲ ਸਾਂਝੇ ਕਰਦੇ ਹਨ। ਵੱਖਰੀਆਂ-ਵੱਖਰੀਆਂ ਹਾਲਤਾਂ ਵਿੱਚ ਜਦੋਂ ਕਿ ਮਨ ਡੋਲਦਾ ਹੈ ਤਾਂ ਗੁਰਬਾਣੀ ਕਿਵੇਂ ਸੱਚ ਦਾ ਰਾਹ ਵਿਖਾ ਕੇ ਇਨਸਾਨਾਂ ਦੇ ਦਿਲਾਂ ਨੂੰ ਠੁੰਮ੍ਹਣਾ ਦਿੰਦੀ ਹੈ।

ਉਹਨਾਂ ਦੇ ਲਿਖੇ ਕੁਝ ਲੇਖ ਹਨ ਜਿਹਨਾਂ ਨੂੰ ਇਸ ਕਿਤਾਬ ***'ਗੁਰਸਿੱਖੀ ਬਾਰੀਕ ਹੈ'*** ਵਿੱਚ ਪ੍ਰਕਾਸ਼ਤ ਕਰਨ ਨਾਲ ਬੜੀ ਖ਼ੁਸ਼ੀ ਅਨੁਭਵ ਹੋ ਰਹੀ ਹੈ। ਇਸ ਨੂੰ ਤਿੰਨਾਂ ਭਾਗਾਂ ਵਿੱਚ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਹ ਪਹਿਲਾ ਭਾਗ ਹੈ। ਉਹਨਾਂ ਦੀ ਇਹ ਕਿਤਾਬ ਉਹਨਾਂ ਦੇ ਅਨੁਭਵ ਹਨ। ਇਸ ਵੇਲੇ ਸੰਸਾਰ ਵਿੱਚ ਮਾਇਆ ਦਾ ਬਹੁਤ ਪਸਾਰਾ ਹੈ। ਇਨਸਾਨ ਨਾਲੋਂ ਵੱਧ ਪੈਸੇ ਦੀ ਮਹੱਤਤਾ ਹੈ। ਮਾਇਆ ਕਾਰਨ ਭਰਾ, ਭਰਾ ਦਾ ਕਤਲ ਕਰ ਰਿਹਾ ਹੈ, ਲੁੱਟ-ਖਸੁੱਟ ਅਤੇ ਰਿਸ਼ਵਤ-ਖੋਰੀ ਜ਼ੋਰਾਂ 'ਤੇ ਹੈ। ਧਰਮ ਤੋਂ ਸਹੀ ਦਿਸ਼ਾ ਲੈਣ ਦੀ ਬਜਾਏ, ਧਰਮ ਦੇ ਨਾਮ 'ਤੇ ਆਪਣੇ ਸਵਾਰਥ ਲਈ ਖ਼ੂਨ-ਖ਼ਰਾਬਾ ਕਰਵਾਇਆ ਜਾਂਦਾ ਹੈ। ਇਸ ਦੇ ਨਾਲ-ਨਾਲ ਪਖੰਡੀ ਧਰਮ ਵੀ ਵਧਿਆ ਹੈ। ਬਹੁਤ ਜਗਰਾਤੇ ਹੁੰਦੇ ਹਨ, ਅਖੰਡ ਪਾਠ ਹੁੰਦੇ ਹਨ ਪਰ ਇਹ ਸਭ ਕੁਝ ਧਨ ਦੇ ਵਿਖਾਵੇ ਲਈ ਕੀਤਾ ਜਾਂਦਾ ਹੈ, **Status** ਲਈ ਕੀਤਾ ਜਾਂਦਾ ਹੈ ਜਾਂ ਰਾਜਨੀਤਕ ਚਾਲ ਹੁੰਦੀ ਹੈ। ਨੌਜਵਾਨ ਇਸ ਪਖੰਡੀ ਧਰਮ ਨੂੰ ਦੇਖ ਕੇ ਗੁਮਰਾਹ ਹੋ ਰਿਹਾ ਹੈ। ਸੋ ਲੋੜ ਹੈ ਧਰਮ ਦੀ ਸਹੀ ਵਿਆਖਿਆ ਦੀ।

'ਦਲਾਵਰੀ ਜੀ ਲਿਖਦੇ ਹਨ, "ਧਰਮ ਤਾਂ ਰਹਿਮਤ ਹੈ, ਇਨਸਾਫ਼ ਹੈ, ਸੱਚ ਹੈ, ਪਿਆਰ ਹੈ, ਨਿਰਵੈਰਤਾ ਹੈ, ਨਿਰਭੈਤਾ ਹੈ, ਇਨਸਾਨੀਅਤ ਹੈ ਅਤੇ ਸਾਂਝੀਵਾਲਤਾ ਹੈ।" ਅੱਗੇ ਲਿਖਦੇ ਹਨ, "ਰੋਜ਼ਾਨਾ ਜ਼ਿੰਦਗੀ ਵਿੱਚ ਆਕੜ ਬਗੈਰ ਦੁਨੀਆਂ ਦਾ ਭਲਾ ਕਰਦਿਆਂ ਹੋਇਆਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੋਂ ਬਚਦਿਆਂ ਹੋਇਆਂ ਵਾਹਿਗੁਰੂ ਨੂੰ ਹਾਜ਼ਰ-ਨਾਜ਼ਰ ਸਮਝਣਾ ਇਹ ਧਰਮ ਹੈ। ਧਰਮ ਨਿਰਾ ਗੁਰਦੁਆਰਿਆਂ, ਮਸਜਿਦਾਂ ਜਾਂ ਮੰਦਰਾਂ ਵਿੱਚ ਜਾਣਾ ਨਹੀਂ ਹੈ ਸਗੋਂ ਬਗੈਰ ਲੋਕ-ਲਾਜ ਦੇ ਗੁਰੂ ਦੇ ਹੁਕਮ ਵਿੱਚ ਚੱਲਣਾ ਧਰਮ ਹੈ।" ਇਸ ਪਰਥਾਇ ਗੁਰਬਾਣੀ ਵਿੱਚ ਇੰਵ ਲਿਖਿਆ ਹੈ :-

**ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥**
**ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ**
**ਜਿਤੁ ਛੂਟੈ ॥੧॥ ਸੰਤਹੁ ਸਾਗਰੁ ਪਾਰਿ ਉਤਰੀਐ ॥ ਜੇ ਕੋ**
**ਬਚਨੁ ਕਮਾਵੈ ਸੰਤਨ ਕਾ ਸੋ ਗੁਰਪਰਸਾਦੀ ਤਰੀਐ ॥੧॥**

**(ਅੰਗ ੭੪੭)**

**ਕਰਮ ਕਾਂਡ ਬਹੁ ਕਰਹਿ ਅਚਾਰ ॥**
**ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ ॥ (ਅੰਗ ੧੬੨)**

ਧਰਮ ਸਾਡੀ ਜ਼ਿੰਦਗੀ ਲਈ ਜ਼ਰੂਰੀ ਹੈ । ਧਰਮ ਪਲਦਾ ਹੈ ਮੁਸ਼ਕਲਾਂ ਵਿੱਚ ਅਤੇ ਪਰਖਣਾ ਹੁੰਦਾ ਹੈ ਮੁਸੀਬਤਾਂ ਵਿੱਚ । ਕਈਆਂ ਨੂੰ ਇਹ ਭਰਮ ਹੈ ਕਿ ਸਿਰਫ਼ ਧਰਮ ਦੇ ਚਿੰਨ੍ਹ ਹੀ ਜ਼ਰੂਰੀ ਹਨ ਬਾਕੀ ਜੋ ਮਰਜ਼ੀ ਕਰੀ ਜਾਓ; ਜਿਵੇਂ ਝੂਠ, ਬੇਈਮਾਨੀ, ਇਨਕਮ ਟੈਕਸ ਦੀ ਚੋਰੀ ਆਦਿ । ਪਰ ਪ੍ਰਮੇਸ਼ਵਰ ਫੋਕੇ ਕਰਮਕਾਂਡਾਂ ਜਾਂ ਨਿਰੇ ਚਿੰਨ੍ਹਾਂ 'ਤੇ ਨਹੀਂ ਰੀਝਦਾ । ਉਸ ਨੂੰ ਤਾਂ ਉਹ ਪਸੰਦ ਹੈ ਜੋ ਗੁਰੂ ਦੀ ਸਿੱਖਿਆ ਮੁਤਾਬਕ ਦੁਨੀਆਂ ਵਿੱਚ ਕਾਰ ਵਿਹਾਰ ਕਰਦਾ ਹੈ; ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ੭੮੫ 'ਤੇ ਇਹ ਵਾਕ ਹੈ:

**"ਵੇਸੀ ਸਹੁ ਨ ਪਾਈਐ ਕਰਿ ਕਰਿ ਵੇਸ ਰਹੀ ॥**
**ਨਾਨਕ ਤਿਨੀ ਸਹੁ ਪਾਇਆ ਜਿਨੀ ਗੁਰ ਕੀ ਸਿਖ ਸੁਣੀ ॥"**

ਦਲਾਵਰੀ ਜੀ ਇਸ ਪੁਸਤਕ ਰਾਹੀਂ ਗੁਰੂ ਦੇ ਉਪਦੇਸ਼ ਦ੍ਰਿੜ੍ਹ ਕਰਵਾਉਂਦੇ ਹਨ । ਕਹਿੰਦੇ ਹਨ: ਯਾਦ ਰੱਖੋ—ਸੇਵਾ ਕਰਦਿਆਂ, ਸਿਮਰਨ ਕਰਦਿਆਂ ਕਦੇ ਹੰਕਾਰ ਵਿੱਚ ਨਹੀਂ ਹੋਣਾ, ਕਿਉਂਕਿ ਹੰਕਾਰ ਸਾਨੂੰ ਪ੍ਰਭੂ ਨਾਲ ਕਦੇ ਮਿਲਣ ਨਹੀਂ ਦਿੰਦਾ । ਜੇ ਕੋਈ ਤੁਹਾਡੀ ਵਡਿਆਈ ਕਰੇ ਤਾਂ ਸਮਝੋ ਗੁਰੂ ਦੀ ਵਡਿਆਈ, ਜੇ ਨਿੰਦਾ ਕਰੇ ਤਾਂ ਸਮਝੋ ਇਸ ਵਿੱਚ ਵੀ ਗੁਰੂ ਦਾ ਛੁਪਿਆ ਹੋਇਆ ਕੋਈ ਹੁਕਮ ਹੈ । ਹਮੇਸ਼ਾਂ ਸ਼ੁਕਰਾਨੇ ਵਿੱਚ ਰਹੋ । ਇਸ ਪਰਥਾਇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇੰਞ ਸਮਝਾਇਆ ਹੈ :

**ਜੇ ਲੋਕੁ ਸਲਾਹੇ ਤਾ ਤੇਰੀ ਉਪਮਾ ਜੇ ਨਿੰਦੈ ਤ ਛੋਡਿ ਨ ਜਾਈ ॥**
**(ਅੰਗ ੭੫੭)**

**ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ ॥**
**(ਅੰਗ ੧੨੬੩)**

ਸਾਂਝੀਵਾਲਤਾ ਦਾ ਉਪਦੇਸ਼ ਜੋ ਗੁਰੂ ਜੀ ਨੇ ਦਿੱਤਾ ਹੈ ਉਹ ਵੀ ਦਲਾਵਰੀ ਜੀ ਨੇ ਕਈ ਉਦਾਹਰਣਾਂ ਦੇ ਕੇ ਸਮਝਾਇਆ ਹੈ । ਗੁਰਸਿੱਖੀ ਵਿੱਚ ਸਾਰੇ ਭੇਦ ਖ਼ਤਮ ਹੋ ਜਾਂਦੇ ਹਨ; ਜਿਵੇਂ ਕਿ—

**1.** ਗ਼ਰੀਬ ਅਮੀਰ ਦਾ ਭੇਦ । **2.** ਧਰਮ ਦੇ ਵੱਖਰੇਪਣ ਦਾ ਭੇਦ ।
**3.** ਨਸਲ ਤੇ ਦੇਸ਼ ਦਾ ਭੇਦ । **4.** ਛੋਟੇ ਵੱਡੇ ਦਾ ਭੇਦ ।

ਗੁਰੂ ਜੀ ਫ਼ਰਮਾਉਂਦੇ ਹਨ :

**ਬਿਸਰਿ ਗਈ ਸਭ ਤਾਤਿ ਪਰਾਈ**
**ਜਬ ਤੇ ਸਾਧਸੰਗਤਿ ਮੋਹਿ ਪਾਈ ॥੧॥ਰਹਾਉ॥**



**ਨਾ ਕੋ ਬੈਰੀ ਨਹੀ ਬਿਗਾਨਾ**
**ਸਗਲ ਸੰਗਿ ਹਮ ਕਉ ਬਨਿ ਆਈ ॥ (ਅੰਗ ੧੨੯੯**

ਜਨਮ ਦਿਨ, ਰੱਖੜੀ, ਵਿਆਹ-ਸ਼ਾਦੀਆਂ ਵੇਲੇ, ਮਰਨ ਵੇਲੇ ਦੀ ਰਸਮ ਵੇਲੇ, ਰਸਮਾਂ-ਰਿਵਾਜਾਂ ਵਿੱਚ ਨਹੀਂ ਪੈਣਾ ਚਾਹੀਦਾ । ਗੁਰੂ ਦੀ ਦਿੱਤੀ ਮਤਿ ਅਨੁਸਾਰ ਦੁੱਖ-ਸੁੱਖ ਵਿੱਚ ਸਹਿਜ ਅਵਸਥਾ ਵਿੱਚ ਰਹੇ ਅਤੇ ਹਰ ਵੇਲੇ ਵਾਹਿਗੁਰੂ ਦਾ ਸ਼ੁਕਰਾਨਾ ਹੀ ਕਰੋ । ਅੰਦਰੋਂ ਬਾਹਰੋਂ ਇੱਕੋ ਜਿਹਾ ਵਰਤੋ । ਜਿਹੜੇ ਲੋਕ ਬਾਹਰੋਂ ਨਿਰਮਲ ਹੋਣ ਦਾ ਵਿਖਾਵਾ ਕਰਦੇ ਹਨ ਪਰ ਅੰਦਰੋਂ ਮੈਲੇ ਹੁੰਦੇ ਹਨ, ਉਹਨਾਂ ਲਈ ਸ੍ਰੀ ਗੁਰੂ ਅਮਰਦਾਸ ਜੀ ਅਨੰਦ ਸਾਹਿਬ ਵਿੱਚ ਇਉਂ ਫ਼ਰਮਾਉਂਦੇ ਹਨ :

**ਜੀਅਹੁ ਮੈਲੇ ਬਾਹਰਹੁ ਨਿਰਮਲ ॥ ਬਾਹਰਹੁ ਨਿਰਮਲ**
**ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ ॥ ਏਹ**
**ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥**
**ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ**
**ਬੇਤਾਲਿਆ ॥ ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ**
**ਤਿਨੀ ਜਨਮੁ ਜੂਐ ਹਾਰਿਆ ॥** (ਅੰਗ ੯੧੯)

ਸੋ, ਵਾਹਿਗੁਰੂ ਬੇਅੰਤ ਹੈ, ਉਸ ਦੀ ਮਹਿਮਾ ਵੀ ਬੇਅੰਤ ਹੈ । ਉਸ ਦੀ ਸਿੱਖਿਆ ਮਹਾਨ ਹੈ ਅਤੇ ਸਾਨੂੰ ਜੀਵਨ ਵਿੱਚ ਸੇਧਾਂ ਵੀ ਗੁਰਬਾਣੀ ਵਿੱਚੋਂ ਮਿਲਦੀਆਂ ਹਨ ਕਿ ਆਪਣੀਆਂ ਖ਼ਾਹਿਸ਼ਾਂ ਨੂੰ, ਤ੍ਰਿਸ਼ਨਾ ਨੂੰ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨੂੰ ਕਿਵੇਂ ਨੱਥ ਪਾਉਣੀ ਹੈ, ਸੰਸਾਰ ਵਿੱਚ ਰਹਿੰਦਿਆਂ ਕਿਵੇਂ ਨਿਰਲੇਪ ਰਹਿਣਾ ਹੈ, ਸਤਿ-ਸੰਤੋਖ ਅਤੇ ਦਇਆ ਦੀ ਰਾਸ ਪਾਉਣਾ ਹੀ ਅਤੇ ਸਰਬੱਤ ਦੇ ਭਲੇ ਲਈ ਤੱਤਪਰ ਰਹਿਣਾ ਹੈ । ਸੋ ਭਾਈ ਗੁਰਦਾਸ ਜੀ ਠੀਕ ਹੀ ਫ਼ਰਮਾਉਂਦੇ ਹਨ :

**ਗੁਰਸਿਖੀ ਬਾਰੀਕ ਹੈ ਸਿਲ ਚਟਣੁ ਫਿਕੀ ।**
**ਤ੍ਰਿਖੀ ਖੰਡੇ ਧਾਰ ਹੈ ਉਹੁ ਵਾਲਹੁ ਨਿਕੀ ।**

ਸੰਗਤ ਧੰਨ ਹੈ ਜੋ ਮਾਇਆ ਦੇ ਗੱਫ਼ੇ ਭੇਜਦੀ ਹੈ ਅਤੇ ਉਹਨਾਂ ਦੀ ਮਾਇਆ ਸਫਲ ਹੋ ਕੇ ਮਹਾਂਪੁਰਖਾਂ ਦੀ ਸਿੱਖਿਆ ਦੇ ਰੂਪ ਵਿੱਚ ਉਹਨਾਂ ਕੋਲ ਪਹੁੰਚ ਜਾਂਦੀ ਹੈ ।

**ਡਾ. ਇੰਦਰਜੀਤ ਕੌਰ, ਪ੍ਰਧਾਨ,**
**ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:) ਅੰਮ੍ਰਿਤਸਰ।**

# ੳ-ਧਰਮ ਦੀ ਲੋੜ ਤੇ ਪਛਾਣ



ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥
(ਅੰਗ ੨੬੬)

# ਧਰਮ ਹੈ ਕੀ ?

ਆਓ ਸਾਰੇ ਭਾਰਤ—ਨਹੀਂ ਨਹੀਂ, ਸਾਰੀ ਦੁਨੀਆਂ ਦੇ ਲੋਕੀਂ ਸ਼ਰਮ ਨਾਲ ਇਕਬਾਲ ਕਰੀਏ ਕਿ ਜੋ ਅਸੀਂ ਧਰਮ ਦੇ ਨਾਂ ਹੇਠਾਂ ਪਖੰਡ ਰਚੇ ਹੋਏ ਹਨ, ਉਹ ਧਰਮ ਨਹੀਂ । ਜੇ ਉਹ ਧਰਮ ਹੁੰਦਾ ਤਾਂ :

(੧) ਸਿੱਖਾਂ ਵਿੱਚ ਵੱਖਰੇ-ਵੱਖਰੇ ਜਥੇ, ਸੰਤਾਂ ਦੇ ਟੋਲੇ, ਤੇ ਹੋਰ ਡੇਰੇ ਆਪਣੇ ਆਪ ਨੂੰ ਉੱਚਾ ਦੱਸਣ ਲਈ ਦੂਜੇ ਸਿੱਖਾਂ ਨੂੰ ਕਦੇ ਨਾ ਨਿੰਦਦੇ ।

(੨) ਈਸਾਈਆਂ ਵਿੱਚ ਰੋਮਨ ਕੈਥੋਲਿਕ, ਪ੍ਰੋਟੈਸਟੈਂਟ, ਔਰਥੋਡੌਕਸ ਤੇ ਹੋਰ ਕਈ ਵੱਖਰੇ (**Sect**) ਫਿਰਕੇ ਇਕ ਦੂਜੇ ਨੂੰ ਗਾਲਾਂ ਨਾ ਕੱਢਦੇ ।

(੩) ਹਿੰਦੂਆਂ ਵਿੱਚ ਆਰੀਆ ਸਮਾਜੀ, ਸਨਾਤਨ ਧਰਮੀ ਆਦਿ ਇਕ ਦੂਜੇ ਦੇ ਤਰੀਕਿਆਂ ਨੂੰ ਨਿੰਦ ਕੇ ਆਪਣੀ ਵਡਿਆਈ ਦਾ ਢੰਡੋਰਾ ਨਾ ਦਿੰਦੇ ।

(੪) ਮੁਸਲਮਾਨਾਂ ਵਿੱਚ ਸੁੰਨੀ, ਸ਼ੀਆ ਤੇ ਹੋਰ ਵੰਡੀਆਂ, ਜਿਵੇਂ ਕਿ ਅਹਿਮਦੀਆ ਆਦਿ, ਹਜ਼ਰਤ ਮੁਹੰਮਦ ਸਾਹਿਬ ਦੇ ਚਰਨਾਂ ਵਿੱਚ ਜੁੜ ਕੇ ਇਕ ਦੂਜੇ ਦੇ ਨੁਕਸ ਨਾ ਤੱਕਦੇ, ਸਗੋਂ ਆਪਣਾ ਆਪ ਗਵਾ ਲੈਂਦੇ ।

## ਹੋ ਕੀ ਰਿਹਾ ਹੈ ?

ਧਰਮ ਦੇ ਨਾਂ ਹੇਠ ਧਾਰਮਿਕ ਅਖਵਾਣ ਵਾਲੇ ਬੰਦੇ ਧਰਮ ਦਾ ਉਹ ਸੱਤਿਆਨਾਸ ਕਰਦੇ ਹਨ ਕਿ ਆਪਣੇ ਇਸ਼ਟ ਤੋਂ ਹੀ ਨਹੀਂ ਸਗੋਂ ਇਨਸਾਨੀਅਤ ਦੇ ਬੁਨਿਆਦੀ ਅਸੂਲਾਂ ਤੋਂ ਹੀ ਮੁੱਖ ਮੋੜ ਲੈਂਦੇ ਹਨ । ਧਰਮ ਦੇ ਨਾਂ ਹੇਠ ਜ਼ੁਲਮ ਯੂਰਪ ਵਿੱਚ, ਏਸ਼ੀਆ ਵਿੱਚ, ਅਫ਼ਰੀਕਾ ਵਿੱਚ, ਹੁੰਦੇ ਆਏ ਹਨ; ਪਰ ਹੁਣ ਵੀ ਜਦੋਂ ੨੦-੨੧ ਵੀਂ ਸਦੀ ਵਿੱਚ ਅਸੀਂ ਆਪਣੇ ਆਪ ਨੂੰ **CIVILISED** (ਸਭਯ) ਲੋਕ ਸਮਝਦੇ ਹਾਂ, ਕੀ ਕਰ ਰਹੇ ਹਾਂ ?

(੧) ਹਿੰਦੁਸਤਾਨ ਦੀ ਵੰਡ ਵੇਲੇ ਜਿਹੜੇ ਕਹਿਰ ਅਸਾਂ ਕੀਤੇ ਉਸ ’ਤੇ ਹਰ ਕੌਮ—ਹਿੰਦੂ, ਮੁਸਲਮਾਨ, ਸਿੱਖ ਸਾਰੇ ਹੀ ਜ਼ਿੰਮੇਵਾਰ ਹਾਂ ।

(੨) ਪਾਕਿਸਤਾਨ ਤੇ ਬੰਗਲਾ ਦੇਸ਼ ਵਿੱਚ ਝਗੜੇ ਵੇਲੇ ਕੀ ਕੀ ਜ਼ੁਲਮ ਨਹੀਂ ਹੋਏ ?

(੩) ਗੁਰਦੁਆਰਿਆਂ, ਮੰਦਰਾਂ, ਮਸੀਤਾਂ, ਗਿਰਜਿਆਂ ਦੇ ਪ੍ਰਧਾਨ,



ਸਕੱਤ੍ਰ ਬਣ ਕੇ ਆਪਣੀਆਂ ਆਕੜਾਂ ਤੇ ਲਾਲਚ ਦੇ ਪਿੱਛੇ ਲੱਗ ਕੇ ਆਪਣੇ ਹੀ ਹਮ-ਧਰਮ ਬੰਦਿਆਂ ਨਾਲ ਵੈਰ-ਵਿਰੋਧ ਤੇ ਦੂਜਿਆਂ ਨਾਲ ਵਿਤਕਰੇ ਖੜ੍ਹੇ ਕਰਕੇ ਇਨਸਾਨ ਇਨਸਾਨ ਵਿੱਚ ਸਖ਼ਤ ਨਫ਼ਰਤ ਪੈਦਾ ਕਰਦੇ ਹਾਂ, ਪਿੱਛੋਂ **RIOTS, AGITATIONS** (ਬਗ਼ਾਵਤਾਂ, ਬੇਚੈਨੀਆਂ) ਨਿਕਲਦੇ ਹਨ ।

(੪) ਆਪਣੇ ਸਾਰੇ ਕੰਮਾਂ ਵਿੱਚ **Selfishness** (ਖ਼ੁਦਗਰਜ਼ੀ) ਦਾ ਇਤਨਾ ਵਰਤਾਰਾ ਕਰਦੇ ਹਾਂ ਕਿ ਧਰਮ ਦੇ ਬਿਲਕੁਲ ਉਲਟ ਹੋ ਜਾਂਦੇ ਹਾਂ ।

(੫) ਕਾਲੇ ਚਿੱਟੇ ਦਾ ਝਗੜਾ ਦੱਖਣੀ ਅਫ਼ਰੀਕਾ ਵਿੱਚ ਜਾਂ ਅਮਰੀਕਾ ਵਿੱਚ ਬਹੁਤੇ ਲੋਕੀਂ ਧਰਮ ਦੀ ਬਿਨਾਅ ’ਤੇ ਜਾਇਜ਼ ਸਮਝਦੇ ਹਨ ।

## ਧਰਮ ਦੀ ਅਦੁੱਤੀ ਮਿਸਾਲ

ਗੁਰੂ ਨਾਨਕ ਸਾਹਿਬ ਮਹਾਰਾਜ ਲਈ ਬਾਹਰਲੇ ਲੇਬਲ ਦੀ ਕੋਈ ਮਹੱਤਤਾ ਨਹੀਂ ਜੇ ਅੰਦਰ ਦੀ ਸੁੱਚਤਾ ਨਹੀਂ—ਤੇ ਜੇ ਅੰਦਰ ਦੀ ਸੁੱਚਤਾ ਹੈ ਤਾਂ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਅੰਮ੍ਰਿਤ ਨੇ ਮੇਰੇ ਕਕਾਰਾਂ ਦੇ ਨਾਲ ‘ਮਨੁੱਖ ਦੀ ਇਕੋ ਜਾਤ’ ਬੁੱਧੂ ਸ਼ਾਹ ਤੇ ਫ਼ਰੀਦ, **ਮੀਆਂ ਮੀਰ ਮੰਨੂੰ** ਵਿਰਸੇ ਵਿੱਚ ਦਿੱਤੇ ਹਨ; ਇਸ ਲਈ ਮੇਰਾ ਧਰਮ ਕੋਈ ਵੱਖਰਾ, **Special** (ਖ਼ਾਸ), ਉੱਚਾ ਧਰਮ ਇਸ ਲਈ ਨਹੀਂ ਕਿ ਧਰਮਾਂ ਨੂੰ ਨਿੰਦਾਂ; ਸਗੋਂ ਇਸ ਲਈ ਸਦਾ ਜੀਂਵਦਾ ਹੈ ਕਿ ਮੈਂ ਆਪਣੇ ਗੁਰੂ ਦੇ ਹੁਕਮਾਂ ’ਤੇ ਚੱਲਦਾ ਹੋਇਆ ਸਾਰੀ ਇਨਸਾਨੀਅਤ ਦਾ ਮਰ ਮਿਟ ਕੇ ਨੌਕਰ ਬਣ ਜਾਵਾਂ । ਮੇਰੇ ਕਕਾਰ ਉੱਚਾ ਬੋਲ ਕੇ ਕਹਿਣ ਕਿ ਇਹ ਗੁਰੂ ਨਾਨਕ ਦਾ ਥਾਪਿਆ ਸਾਰੀ ਇਨਸਾਨੀਅਤ ਦਾ ਸਾਂਝਾ ਨੌਕਰ ਹੈ, ਉਸੇ ਤਰ੍ਹਾਂ ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਸਭ ਦਾ ਸਾਂਝਾ ਹੈ । ਕਬੀਰ, ਰਵਿਦਾਸ, ਫਰੀਦ, ਨਾਮਦੇਵ ਤੇ ਹੋਰ ਭਗਤ ਮੈਨੂੰ ਯਾਦ ਕਰਾਂਦੇ ਹਨ ਕਿ ਗੁਰੂ ਅਰਜਨ ਦੇਵ ਨੇ ਉਨ੍ਹਾਂ ਨੂੰ ਗੁਰੂ ਨਾਨਕ ਦੇ ਘਰ ਵਿੱਚ ਸ਼ਾਮਲ ਕੀਤਾ ਤੇ ਗੁਰੂ ਗੋਬਿੰਦ ਸਿੰਘ ਨੇ ਉਨ੍ਹਾਂ ਨੂੰ ਗੁਰੂ ਨਾਨਕ ਦੇਵ ਦੇ ਨਾਲ ਬੈਠਣ ਦੀ ਪਦਵੀ ਵੀ ਦਿੱਤੀ ।

ਇਸ ਲਈ ਅਸਲੀ ਧਰਮ ਹੈ ਆਪਣੇ ਇਸ਼ਟ ਦੇ ਹੁਕਮ ’ਤੇ ਚੱਲ ਕੇ ਹਰ ਧਰਮ ਦੀ ਅਸਲੀਅਤ ਨੂੰ ਪਿਆਰ ਕਰਨਾ ਤੇ ਉਨ੍ਹਾਂ ਲੋਕਾਂ ਦੀ ਜਿਹੜੇ ਆਪਣੇ ਧਰਮ ਵਿੱਚ ਸੱਚੇ ਹਨ ਉਤਨੀ ਹੀ ਕਦਰ ਕਰਨੀ ਜਿਤਨੀ ਸਿੱਖ-ਸੱਚੇ ਸਿੱਖ ਦੀ ।

ਧਰਮ ਦੀ ਇਕ ਅਦੁੱਤੀ ਮਿਸਾਲ ਮੈਨੂੰ ਇਕ ਸੰਸਾਰ-ਪ੍ਰਸਿੱਧ ਰਿਸਾਲੇ ਵਿੱਚ ਛਪੀ ਇਕ ਕਿਤਾਬ ਦੇ ਖੁਲਾਸੇ ਵਿੱਚੋਂ ਮਿਲੀ ਹੈ ।—35 ਸਾਲ ਹੋਏ ਜਦ ਇਕ ਕ੍ਰਿਸਚਨ ਕੈਦੀ ਬਣ ਗਿਆ ਕਿਸੇ ਲੜਾਈ ਵਿੱਚ, ਤਾਂ ਉਸ

ਦੇ ਵਿਰੋਧੀਆਂ ਨੇ ਉਸ ਨੂੰ ਬਹੁਤ ਹੀ **Torture** ਕੀਤਾ (ਤਸੀਹੇ ਦਿੱਤੇ); ਪਰ ਉਹ ਹਮੇਸ਼ਾਂ ਵਾਹਿਗੁਰੂ ਦੀ ਯਾਦ ਵਿੱਚ ਰਿਹਾ ਤੇ ਦੁਆ ਮੰਗਦਾ ਰਿਹਾ:

**"ਸਾਥੀਓ, ਅਰਦਾਸਾਂ ਕਰਦੇ ਰਹੋ ਆਪਣੇ ਲਈ, ਆਪਣੇ ਸਾਥੀਆਂ ਲਈ ਤੇ ਉਹਨਾਂ ਲਈ ਵੀ ਜਿਹੜੇ ਸਾਨੂੰ ਤਸੀਹੇ ਦੇ ਰਹੇ ਹਨ । ਯਾਦ ਰੱਖੋ ਕਿ ਉਹ ਵੀ ਵਾਹਿਗਰੂ ਦੇ ਬੱਚੇ ਹਨ । ਵਾਹਿਗੁਰੂ ਉਨ੍ਹਾਂ ਨੂੰ ਵੀ ਪਿਆਰ ਕਰਦਾ ਹੈ । ਉਹਨਾਂ ਨੂੰ ਉਹ ਉਤਨਾ ਹੀ ਪਿਆਰ ਕਰਦਾ ਹੈ ਜਿਤਨਾ ਤੁਹਾਨੂੰ । ਜੋ ਕੁਝ ਹੋ ਰਿਹਾ ਹੈ ਇਹ ਸਭ ਵਾਹਿਗੁਰੂ ਦੇ ਹੁਕਮ ਵਿੱਚ ਹੈ ਤੇ ਇਹ ਉਸ ਦੀ ਤਜਵੀਜ਼ ਹੈ, ਸਿਦਕ ਰੱਖੋ । ਵਾਹਿਗੁਰੂ ਤੁਹਾਨੂੰ ਪਿਆਰ ਕਰਦਾ ਹੈ । ਉਹ ਤੁਹਾਨੂੰ ਕਦੇ ਨਹੀਂ ਭੁੱਲੇਗਾ । ਸਭ ਕੁਝ ਆਪੇ ਹੀ ਉਸੇ ਤਰ੍ਹਾਂ ਹੋਵੇਗਾ ਜਿਵੇਂ ਵਾਹਿਗੁਰੂ ਦੀ ਰਜ਼ਾ ਹੋਵੇਗੀ ।"**

**ਭਾਈ ਘਨੱਈਆ ਦਾ ਝਲਕਾਰਾ ਵੱਜਦਾ ਹੈ ਮਹਾਂਪੁਰਸ਼ ਵਿੱਚੋਂ ।**

## ਛਿੱਲੜਾਂ, ਗਿਟਕਾਂ ਤੇ ਫਲ

ਸਾਨੂੰ ਸਭ ਨੂੰ ਸ਼ਰਮ ਆਉਣੀ ਚਾਹੀਦੀ ਹੈ ਕਿ ਜਾਣ ਬੁਝ ਕੇ ਅਸੀਂ ਫਲ ਖਾਣ ਦੀ ਬਜਾਏ ਮਾਇਆ ਦੇ ਲੋਭ ਵਿੱਚ ਗਿਟਕਾਂ ਤੇ ਛਿੱਲੜਾਂ ਵਿੱਚ ਰੁੱਝ ਜਾਂਦੇ ਹਾਂ, ਚਾਹੀਦਾ ਤਾਂ ਹੈ ਕਿ :

(੧) ਆਪਣੇ ਇਸ਼ਟ ਦੇ ਹੁਕਮਾਂ ਵਿੱਚ ਲੀਨ ਹੋ ਕੇ ਆਪਣੇ ਆਪ ਮਰ ਕੇ ਸਭ ਦੇ ਨੌਕਰ ਬਣ ਜਾਈਏ—ਪਰ ਹੁੰਦਾ ਇਹ ਹੈ ਕਿ ਆਕੜ ਤੇ ਬਹਿਸ ਦੀ ਛਿੱਲੜ ਨਾਲ ਪਿਆਰ ਪਾ ਕੇ ਨਿਮਰਤਾ ਦਾ ਫਲ ਗਵਾ ਲੈਂਦੇ ਹਾਂ ।

(੨) ਆਪਣੀ ਪਵਿੱਤਰਤਾ ਨੂੰ 'ਸਭ ਤੋਂ ਵੱਧ ਪਵਿੱਤਰ' ਜਤਾ ਕੇ ਅਸੀਂ ਕੱਟੜਪੁਣੇ ਦੀ ਛਿੱਲੜ ਨਾਲ ਪਿਆਰ ਪਾ ਕੇ **Universal Brotherhood** (ਸਰਬੱਤ ਸਾਂਝੀ ਬਰਾਦਰੀ) ਦਾ ਫਲ ਨਹੀਂ ਖਾ ਸਕਦੇ ।

(੩) ਬਹਿਸਾਂ ਤੇ ਝਗੜਿਆਂ ਦੀਆਂ ਗਿਟਕਾਂ ਵਿੱਚ ਰੁਝ ਜਾਣ ਕਰਕੇ ਸੱਚ ਸਤਿ ਦਾ ਫਲ ਹੱਥੋਂ ਨਿਕਲ ਜਾਂਦਾ ਹੈ ।

## ਧਰਮ ਬਾਰੇ ਵੱਡਾ ਭੁਲੇਖਾ

ਕਿਉਂਕਿ ਅਸੀਂ ਝੂਠ ਦੇ ਬਿਓਪਾਰੀ ਹਾਂ ਤੇ ਝੂਠ ਨਾਲ ਪਿਆਰ ਪਾ ਕੇ ਕਰਤਾਰ ਨਾਲ ਦਿਖਾਵੇ ਦਾ ਝੂਠਾ ਪਿਆਰ ਦਰਸਾਉਂਦੇ ਹਾਂ, ਸਾਨੂੰ ਧਰਮ ਡੱਬੇ ਵਿੱਚ ਬੰਦ ਇਕ ਵੱਖਰਾ ਧੰਦਾ ਲੱਗਦਾ ਹੈ । ਇਸ ਲਈ ਧੰਦਾ ਕਰਨ ਵਾਲੇ ਧਾਰਮਿਕ ਬਣਨ ਦੀ ਕੋਸ਼ਿਸ਼ ਦੇ ਬਾਵਜੂਦ ਧਰਮ ਦੀ ਸੁੱਚਤਾ ਨਹੀਂ ਦਰਸਾਉਂਦੇ ।



ਅਸਲ ਵਿੱਚ ਧਰਮ (ਧਰਮ ਇਕੋ ਹੈ **Truth** ਤੇ ਸੱਚੇ ਆਚਾਰ ਦਾ, ਭਾਵੇਂ ਸਿੱਖ, ਹਿੰਦੂ, ਮੁਸਲਮਾਨ, ਈਸਾਈ, ਕੋਈ ਨਾਂ ਦੇ ਲਵੋ) ਹਰ ਸਵਾਸ, ਹਰ ਕੰਮ ਤੇ ਹਰ ਗੱਲ ਵਿੱਚ ਰਚਿਆ ਹੋਇਆ ਹੈ । ਜਿਸ ਦਾ ਧਰਮ ਜ਼ਿੰਦਗੀ ਤੋਂ ਵੱਖਰਾ ਹੈ, ਉਹ ਧਾਰਮਿਕ ਬੰਦਾ ਨਹੀਂ; ਆਪਣੇ ਆਪ ਨਾਲ ਤੇ ਰੱਬ ਨਾਲ ਧੋਖਾ ਕਰਦਾ ਹੈ । ਧਰਮ ਹੈ **JUSTICE, TRUTH, LOVE, UNIVERSAL BROTHERHOOD, HUMILITY, COURAGE, SERVICE, FEARLESSNESS, SELF SURRENDER,** ਮਤਲਬ ਇਹ ਹੈ ਕਿ ਧਰਮ ਹੈ ਨਿਆਂ, ਸਤਿ, ਪ੍ਰੇਮ, ਸਰਬੱਤ ਸਾਂਝੀ ਬਰਾਦਰੀ, ਨਿਮਰਤਾ, ਗ਼ਰੀਬੀ, ਦਲੇਰੀ, ਸੇਵਾ, ਨਿਡਰਤਾ, ਆਤਮ-ਸਮਰਪਣ ਸਾਹਿਬਾਂ ਅੱਗੇ ।

ਪਰ ਸਾਡਾ ਭੁਲੇਖਾ ਇਹ ਹੈ ਕਿ ਲੋਕਾਂ ਨਾਲ ਤਾਂ ਅਸੀਂ ਬੇਇਨਸਾਫ਼ੀ, ਅਸਤਿ, ਨਫ਼ਰਤ, ਵਿਤਕਰੇ, ਆਕੜ, ਬੁਜ਼ਦਿਲੀ ਤੇ ਹੈਂਕੜਖ਼ਾਨੀ ਨਾਲ ਪੇਸ਼ ਆਉਂਦੇ ਹਾਂ, ਪਰ ਚਾਹੁੰਦੇ ਹਾਂ ਕਿ ਦੂਜੇ ਲੋਕੀਂ ਸਾਡੇ ਨਾਲ ਧਰਮ ਦੀ ਬਿਨਾਅ 'ਤੇ ਵਰਤਣ । ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਅਸੀਂ ਜ਼ਹਿਰ ਬੀਜਦੇ ਹਾਂ ਪਰ ਚਾਹੁੰਦੇ ਹਾਂ ਕਿ ਅੰਮ੍ਰਿਤ ਮਿਲੇ; ਪਰ ਮਿਲਣਾ ਤਾਂ ਉਹ ਹੀ ਹੈ ਜੋ ਬੀਜਾਂਗੇ ।

ਆਓ ਧਰਮ ਦੇ ਭੁਲੇਖੇ ਵਿੱਚੋਂ ਨਿਕਲ ਕੇ ਅਸਲੀਅਤ ਵੇਖੀਏ । ਹਰ **Field** (ਥਾਂ) ਵਿੱਚ ਧਰਮ ਦੀ ਸੁੱਚਤਾ ਸਾਡੇ ਕਾਰਜ ਪੂਰੇ ਕਰਦੀ ਹੈ ।

## ਗ੍ਰਹਿਸਥੀ ਜੀਵਨ

ਇਸਤਰੀ-ਮਰਦ ਇਕ ਦੂਜੇ ਨਾਲ ਪਿਆਰ ਕਰਦੇ ਹਨ, ਪਰ ਮਾਇਆ ਦਾ ਝੂਠਾ ਪਿਆਰ ਬਹੁਤ ਵਾਰ ਉਨ੍ਹਾਂ ਵਿੱਚ ਗੁੰਝਲਾਂ ਪਾ ਦਿੰਦਾ ਹੈ, ਪਰ ਜੇ ਧਰਮ ਦੇ ਆਧਾਰ 'ਤੇ ਕੁਰਬਾਨੀ, ਨਿਮਰਤਾ ਤੇ ਖਿਮਾ ਵਰਤੀ ਜਾਵੇ ਤਾਂ ਜੀਵਨ ਸੁਖੀ ਬਣ ਜਾਂਦਾ ਹੈ ।

ਕਮਾਲ ਦੀ ਗੱਲ ਇਹ ਹੈ ਕਿ ਧਰਮ ਦੀ ਗੁਰੂ ਦੀ ਬਖ਼ਸ਼ੀ ਦਾਤ ਨੂੰ ਛੱਡ ਕੇ, ਆਪਣੇ ਗ੍ਰਹਿਸਥੀ ਜੀਵਨ ਦੇ ਸਿਆਪਿਆਂ ਨੂੰ ਹੱਲ ਕਰਵਾਉਣ ਲਈ **MARRIAGE COUNSELLOR** (ਸ਼ਾਦੀਆਂ ਦਾ ਸਲਾਹਕਾਰ) ਕੋਲ ਜਾਂਦੇ ਹਾਂ ਤੇ ਉਹ ਸਭ ਕੁਝ ਉਹ ਹੀ ਕਹਿੰਦਾ ਹੈ ਜੋ ਗੁਰੂ ਦਾ ਹੁਕਮ ਹੈ; ਪਰ "ਝੂਠ" ਕੋਲੋਂ "ਸੱਚ" ਦੀ ਸਿੱਖਿਆ ਮਿਲੇ ਤਾਂ ਕਾਮਯਾਬ ਨਹੀਂ ਹੁੰਦੀ । ਸੱਚ ਦੀ ਸਿੱਖਿਆ ਦਾ ਲਾਭ ਕੇਵਲ ਸੱਚ ਤੋਂ ਹੀ ਮਿਲੇ ਤਾਂ ਅਮਲ ਹੋ ਸਕਦਾ

ਹੈ । ਨਾਲੇ ਝੂਠੇ **COUNSELLOR** ਨੂੰ ਪੈਸੇ ਦੇ ਕੇ ਤਸੱਲੀ ਹੁੰਦੀ ਹੈ ਪਰ ਠੰਢ ਕਦੇ ਨਹੀਂ ਪੈਂਦੀ ।

## ਵਿਓਹਾਰਕ ਜੀਵਨ

ਝੂਠ ਨਾਲ ਕਮਾਇਆ ਧਨ ਬੱਚਿਆਂ ਵਿੱਚ, ਟੱਬਰ ਵਿੱਚ, ਭਾਈਚਾਰੇ ਵਿੱਚ, ਝੂਠ ਦੀ ਖੇਤੀ ਉਗਾ ਕੇ ਦੁੱਖ ਦੇ ਕੰਢੇ ਪੇਸ਼ ਕਰਦਾ ਹੈ । ਜੇ ਵਿਉਹਾਰ ਵਿੱਚ ਸੁਖ ਦੀ ਲੋੜ ਹੈ ਤਾਂ ਸੁੱਚਤਾ ਤੇ ਸੱਚ ਜ਼ਰੂਰੀ ਹੈ । ਝੂਠ ਕਦੇ ਛੁਪਿਆ ਨਹੀਂ ਰਹਿੰਦਾ; ਭਾਵੇਂ ਕਿਸੇ ਦੇਸ਼ ਦਾ ਕੋਈ ਪ੍ਰਧਾਨ ਹੋਵੇ, ਭਾਵੇਂ ਤਾਕਤਵਰ ਪ੍ਰਧਾਨ ਮੰਤਰੀ ਹੋਵੇ, ਭਾਵੇਂ ਧਨਾਢ ਹੋਵੇ, ਭਾਵੇਂ ਜਨਰਲ ਹੋਵੇ, ਭਾਵੇਂ ਵਾਇਸਰਾਇ ਜਾਂ ਬਾਦਸ਼ਾਹ, ਮਹਾਰਾਜਾ ਹੋਵੇ, ਆਪਣੇ ਵੇਲੇ ਸਿਰ ਕਾਲੇ ਤੇ ਭੈੜੇ ਕੰਮ ਕੀਤੇ ਨੰਗੇ ਹੋ ਜਾਣਗੇ ਤੇ ਦੁੱਖ ਹੋਵੇਗਾ । ਧਰਮ ਦੇ ਆਧਾਰ ’ਤੇ ਵਿਉਹਾਰ ਹਮੇਸ਼ਾਂ ਸੁਖ ਦੇਵੇਗਾ ।

ਜੇ ਅਸੀਂ ਧਰਮ ਨੂੰ ਕੇਵਲ ਇਕ ਖਿਡੌਣਾ ਸਮਝਦੇ ਹਾਂ ਜਿਸ ਨਾਲ ਕੋਈ ਅੰਮ੍ਰਿਤ ਵੇਲੇ, ਕੋਈ ਸੰਧਿਆ ਵੇਲੇ ਤੇ ਕੋਈ ਮੰਦਰ, ਗੁਰਦੁਆਰੇ ਵਿੱਚ ਖੇਡ ਲੈਂਦਾ ਹੈ, ਤਾਂ ਸਾਡੇ ਜੀਵਨ ਵਿੱਚ ਉਹ ਖ਼ੂਬੀਆਂ ਨਹੀਂ ਆ ਸਕਦੀਆਂ, ਜਿਹੜੀਆਂ ਧਾਰਮਿਕ ਬੰਦੇ ਵਿੱਚ ਆਪਣੇ ਆਪ ਆਉਣੀਆਂ ਚਾਹੀਦੀਆਂ ਹਨ । ਸਾਨੂੰ ਮੁਸ਼ਕਲ ਪੇਸ਼ ਆਉਂਦੀ ਹੈ ਕਿ ਬਹੁਤੇ ਲੋਕੀਂ ਅਸਲੀ ਜੀਵਨ ਨੂੰ ਛੱਡ ਕੇ ਪਖੰਡ ਨਾਲ ਧਾਰਮਿਕ ਬਣ ਕੇ ਧਰਮ ਦੀ ਜਦ ਅਸਲੀਅਤ ਹੀ ਬਦਲ ਦੇਂਦੇ ਹਨ ਤੇ ਕੇਵਲ ਬਾਹਰਲੀਆਂ ਰੀਤਾਂ ਵਿੱਚ ਸੱਚ ਨੂੰ ਭੁੱਲ ਜਾਂਦੇ ਹਨ ਤੇ ਸੱਚਾ ਧਾਰਮਿਕ ਬੰਦਾ ਸਭ ਥਾਵਾਂ ’ਤੇ ਫਿਟਕਾਰਿਆ ਜਾਂਦਾ ਹੈ । ਉਹ ਤਾਂ ਪਰਵਾਹ ਨਹੀਂ ਕਰਦਾ ਪਰ ਉਸ ਦੇ ਘਰ ਵਾਲੇ ਵੀ ਲੋਕ-ਪਚਾਰੇ ਤੇ ਲੋਕ-ਲਾਜ ਦੇ ਪੁਜਾਰੀ, ਦੁਨੀਆਂ ਦੇ ਡਰ ਤੋਂ ਉਸ ਦੇ ਮਗਰ ਡੰਡੇ ਲੈ ਕੇ ਲੱਗ ਪੈਂਦੇ ਹਨ । ਗੁਰੂ ਦੀ ਮੱਤ ਉਨ੍ਹਾਂ ਨੂੰ ਦੱਸਦੀ ਹੈ ਕਿ ਇਹ ਵਤੀਰਾ ਠੀਕ ਨਹੀਂ ਪਰ ਉਹ ਕਹਿੰਦੇ ਹਨ—

* ਕੀ ਗੁਰੂ ਦਾ ਹੁਕਮ ਕੇਵਲ ਤੇਰੇ ਲਈ ਹੈ, ਹੋਰਨਾਂ ਲਈ ਨਹੀਂ ?
* ਕੀ ਦੁਨੀਆਂ ਤੋਂ ਵੱਖਰਾ ਹੋ ਕੇ ਵਾਧੂ ਧਾਰਮਿਕ ਬਣ ਜਾਏਂਗਾ ?
* ਕੀ ਤੂੰ ਆਪਣੀ ਆਕੜ ਤੇ ਵਾਹ-ਵਾਹ ਪਿੱਛੇ ਲੱਗ ਕੇ ਆਪਣੇ ਪਰਿਵਾਰ ਨੂੰ ਖ਼ਰਾਬ ਨਹੀਂ ਕਰ ਰਿਹਾ ?
* ਕੀ ‘ਸੱਚਾ ਧਰਮੀ’ ਬਣ ਕੇ ਸਭ ਤੋਂ ਟੁੱਟ ਨਹੀਂ ਜਾਏਂਗਾ ? ਦੁਨੀਆਂ ਵਿੱਚ ਰਹਿਣਾ ਨਹੀਂ ?
* ਕੀ ਆਪਣੇ ਅਰਾਮ ਦੀ ਜ਼ਿੰਦਗੀ ਵਿੱਚ ਰਹਿ ਕੇ ਪੈਸੇ ਦਾਨ ਕਰ ਦੇਣੇ ਕਾਫ਼ੀ ਨਹੀਂ ?

ਫੇਰ, ਸੱਚੇ ਧਰਮ ਦੀ ਛਾਂ ਹੇਠ ਵੱਸਣ ਲਈ ਜਗਿਆਸੂ ਡਾਢੇ ਲਿਲ੍ਹਕਾਂ ਭਰੇ ਗਲੇ ਵਿੱਚ ਅਰਦਾਸਾਂ ਕਰਦਾ, ‘ਸਾਹਿਬ ਜੀਓ ! ਮੈਂ ਤਾਂ ਇਕ ਕੀੜਾ ਹਾਂ, ਜੋ ਹੋ ਰਿਹਾ ਹੈ ਆਪ ਦੇ ਹੁਕਮ ਵਿੱਚ ਹੈ, ਸਭ ਬੰਦੇ ਆਪ ਦੇ ਲਾਏ ਹੋਏ ਹੀ ਲੱਗਦੇ ਹਨ । ਗੁੱਸਾ ਕਰਨ ਵਾਲੇ, ਵਿਰੋਧ ਕਰਨ ਵਾਲੇ, ਮਰਨ ਵਾਲੇ, ਸਭ ਆਪ ਦੇ ਪਿਆਰੇ ਹਨ । ਆਪ ਮੇਰੇ ਗ਼ਰੀਬ ’ਤੇ ਇਹ ਕਿਰਪਾ ਕਰੋ ਕਿ ਸਵਾਸ-ਸਵਾਸ ਆਪ ਦੇ ਚਰਨਾਂ ਵਿੱਚ ਰਹਿ ਕੇ ਸਭ ਨਾਲ ਪ੍ਰੇਮ ਕਰਦਾ ਹੋਇਆ ਆਪ ਦੇ ਬੰਦਿਆਂ ਦੀ ਸੇਵਾ, ਮੁੱਖ ਤੋਂ ਨਾਮ ਉਚਾਰਦਾ ਹੋਇਆ ਮਿਟ ਜਾਵਾਂ, ਤਾਂ ਕਿ ਜੁੱਗੋ-ਜੁੱਗ ਅਟੱਲ ਗੁਰੂ ਦਾ ਹੁਕਮ ਹੋਰ ਚਮਕੇ । ਧੰਨ ਗੁਰੂ ਗ੍ਰੰਥ ਸਾਹਿਬ ਜਿਹੜਾ ਕਹਿੰਦਾ ਹੈ ਕਿ ਦੀਨ ਛੱਡ ਕੇ ਦੁਨੀਆਂ ਪਿੱਛੇ ਲੱਗਣਾ ਮੂੰਹ ਕਾਲਾ ਕਰਾਉਣਾ ਹੈ । ਪਰ ਦੀਨ ਵੱਲ ਜਾਂਦਿਆਂ ਦੁਨੀਆਂ ਵਿੱਚ ਵੀ ਪੂਰੀ ਪੈ ਜਾਂਦੀ ਹੈ ।’

# ਧਰਮ ਦੀ ਕਿਉਂ ਲੋੜ ਹੈ ?

**Introduction** (ਜਾਣ-ਪਛਾਣ) ਕਿਸੇ ਪੁੱਛਿਆ । ਜੋ ਮੇਰੀ ਸਮਝ ਵਿੱਚ ਆਇਆ, ਮੈਂ ਕਹਿ ਦਿੱਤਾ; ਪਰ ਜੋ ਉਸ ਮੈਨੂੰ ਅੱਗੋਂ ਆਖਿਆ ਮੇਰੇ ਲਈ ਇਕ ਗੁੰਝਲ ਬਣ ਗਿਆ । ਉਰਦੂ ਦਾ ਇਕ ਸ਼ੇਅਰ ਸੀ, ਭੁੱਲ ਗਿਆ ਹੈ, ਪਰ ਮਤਲਬ ਇਹ ਸੀ ਕਿ—

**"ਬਹੁਤ ਸਾਰੀ ਦੁਨੀਆਂ ਖੁਦਾ ਤੋਂ ਮੁਨਕਰ ਹੋਈ,**
**ਖੁਦਾ ਦੇ ਬੰਦਿਆਂ ਦਾ ਵਤੀਰਾ ਤੱਕ ਕੇ ।"**

ਮੈਂ ਜ਼ਰਾ ਵੀ ਅੱਖਾਂ ਨਾ ਝਮਕੀਆਂ, ਸਗੋਂ ਮੈਂ ਕਿਹਾ 'ਬਿਲਕੁਲ ਠੀਕ' । ਉਹ ਹੈਰਾਨ ਹੋ ਗਿਆ ਕਿ ਭਾਵੇਂ ਮੈਂ ਆਪ ਨੀਚ ਕੂਕਰ ਹਾਂ ਪਰ ਧਰਮ ਬਗੈਰ ਜੀਣਾ ਮੌਤ ਸਮਝਦਾ ਹਾਂ । ਫੇਰ ਕਿਵੇਂ ਮੈਂ ਮੰਨਦਾ ਹਾਂ ਕਿ ਧਰਮੀ ਬੰਦੇ ਵੱਲ ਤੱਕ ਕੇ ਹੀ ਧਰਮ ਤੋਂ ਲੋਕੀਂ ਮੁਨਕਰ ਹੁੰਦੇ ਹਨ । ਇਸ ਲੇਖ ਦੀ **Introduction** ਵਿੱਚ ਮੇਰਾ ਉੱਤਰ ਹੈ ।

ਜਿਸ ਧਰਮ ਦੀ ਨੀਂਹ ਗੁਰੂ ਗ੍ਰੰਥ ਸਾਹਿਬ ਵਿੱਚ ਹੈ, ਜਿਸ ਧਰਮ ਵਿੱਚ ਗੁਰੂ ਅਰਜਨ ਦੇਵ, ਗੁਰੂ ਤੇਗ਼ ਬਹਾਦਰ, ਚਾਰੇ ਸਾਹਿਬਜ਼ਾਦੇ ਤੇ ਹੋਰ ਅਨੇਕ ਸਿੰਘਾਂ ਨੇ ਜਾਨਾਂ ਵਾਰ ਕੇ ਵਿਸ਼ਵਾਸ ਰੱਖਿਆ, ਜਿਸ ਧਰਮ ਨੂੰ ਗੁਰੂ ਨਾਨਕ ਨੇ ਚੱਕੀਆਂ ਚਲਾ ਕੇ, ਕੈਦੀ ਬਣ ਕੇ ਆਪ ਵਿਕ ਕੇ, ਤੇ ਹੋਰ ਅਣਗਿਣਤ ਪਰਉਪਕਾਰ ਕਰ ਕੇ, ਤੇ ਜਿਸ ਧਰਮ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ੧੬੯੯ ਦੀ ਵਿਸਾਖੀ ਦੇ ਸਾਕੇ ਨਾਲ ਸੁਸ਼ੋਭਿਤ ਕੀਤਾ, ਉਸ ਧਰਮ ਦੀ ਇਕ-ਇਕ ਪਲ ਲੋੜ ਹੈ; ਪਰ ਜਿਹੜਾ ਧਰਮ ਦੇ ਨਾਂ ਹੇਠ ਘੋਰ ਅੰਧੇਰ ਦਾ ਅੱਡਾ ਅਸੀਂ ਗੁਰਮਤਿ ਤੋਂ ਹੀਣ ਗੱਲਾਂ ਕਰਕੇ (ਭਾਵੇਂ ਗੁਰੂ ਸਾਹਿਬ ਸਾਡੇ ਘਰ ਬਿਰਾਜਮਾਨ ਹੋਣ), ਜਿਸ ਧਰਮ ਨੂੰ ਸਾਡੇ ਦੁਨਿਆਵੀ ਭਾਈਚਾਰੇ ਤੋਂ ਹੇਠਾਂ ਜਾਣ ਕੇ ਤੇ ਜਿਸ ਧਰਮ ਨੂੰ ਅੰਦਰੋਂ ਹੋਰ ਬਾਹਰੋਂ ਹੋਰ ਬਣ ਕੇ, ਆਪਣਾ ਬਣਾ ਲੈਂਦੇ ਹਾਂ, ਉਸ ਦੀ ਕੋਈ ਲੋੜ ਨਹੀਂ, ਸਗੋਂ ਉਹ **Positively harmful** (ਪੱਕੇ ਤੌਰ 'ਤੇ ਹਾਨੀਕਾਰਕ) ਹੈ ਕਿਉਂਕਿ ਉਹ ਸਾਬਤ ਕਰਦਾ ਹੈ ਕਿ ਧਰਮੀ ਬੰਦਾ ਖ਼ੁਦਗ਼ਰਜ਼ ਹੈ, ਧੋਖੇਬਾਜ਼ ਹੈ, ਝੂਠਾ ਹੈ—ਤੇ ਲੋਕੀਂ ਕਹਿੰਦੇ ਹਨ ਕੀ ਲੈਣਾ ਹੈ ਉਸ ਰੱਬ ਤੋਂ ਜਿਸ ਦੇ ਨਾਂ ਹੇਠ ਉਹਦੇ ਲੋਕ ਚਾਲ-ਬਾਜ਼ੀਆਂ ਕਰਦੇ ਹਨ ।

ਇਸੇ ਗੱਲ ਬਾਰੇ ਥੋੜ੍ਹਾ ਜਿਹਾ ਹੋਰ ਕਹਿ ਕੇ ਅੱਗੇ ਚੱਲਦਾ ਹਾਂ । ਕਿਤਨੀ ਵਾਰ ਜਦੋਂ ਕਿਸੇ ਕੋਲੋਂ ਕੋਈ ਗੱਲ ਛੁਪਾਉਣੀ ਹੋਵੇ ਤਾਂ ਬਾਬਾ ਜੀ



ਦੇ ਕਮਰੇ ਵਿੱਚ ਜਾ ਕੇ ਕਰ ਲੈਂਦੇ ਹਾਂ । ਜੇ ਵੱਢੀ ਲੈਣੀ ਹੋਵੇ ਤਾਂ ਘਰ ਵਿੱਚ ਮਹਾਰਾਜ ਕੋਲੋਂ ਨਹੀਂ ਡਰਦੇ । ਦੁਕਾਨ 'ਤੇ ਵਾਧੂ ਮੁੱਲ ਲਾਉਣਾ ਹੋਵੇ ਤਾਂ ਗੁਰੂ ਨਾਨਕ ਦੀ ਸਿੱਖਿਆ ਭੁੱਲ ਜਾਂਦੇ ਹਾਂ । ਜੇ **Tax return** ਭਰਦੇ ਹਾਂ ਤਾਂ ਝੂਠ ਬੋਲਦੇ ਰੁਕਦੇ ਨਹੀਂ, ਪਰ ਅਸੀਂ ਸਮਝਦੇ ਹਾਂ ਕਿ ਅਸੀਂ ਧਰਮੀ ਹਾਂ; ਕਿਉਂਕਿ—

੧. ਗੁਰਦੁਆਰੇ ਜਾਂਦੇ ਹਾਂ ।
੨. ਬਾਬਾ ਜੀ ਸਾਡੇ ਘਰ ਹਨ ।
੩. ਅੰਮ੍ਰਿਤ ਵੇਲੇ ਨਿੱਤਨੇਮ ਕਰਦੇ ਹਾਂ ।
੪. ਆਸੀਂ-ਪਾਸੀਂ ਗੁਰਮੁੱਖ ਅਖਵਾਉਂਦੇ ਹਾਂ ।
੫. ਗੁਰਦੁਆਰੇ ਦਾ **President** ਬਣਕੇ ਸੇਵਾ ਵੀ ਕਰਦੇ ਹਾਂ ।

## ਗੁਰਮੁਖ ਹੁੰਦਿਆਂ ਵੀ

੧. ਨਿੰਦਾ-ਚੁਗ਼ਲੀ ਹਰ ਵੇਲੇ ਕਰਦੇ ਹਾਂ, ਲੋਕਾਂ ਨੂੰ ਨਿਮਰਤਾ ਸਿਖਾਉਂਦੇ ਹਾਂ, ਆਪ ਆਕੜ ਦੇ ਕਿਲ੍ਹੇ ਬਣਾਉਂਦੇ ਹਾਂ ।

੨. ਆਪਣੇ ਨੌਕਰ, ਤੇ ਜਮਾਂਦਾਰ ਨਾਲ ਹਮੇਸ਼ਾਂ ਘਿਰਣਾ ਕਰਦੇ ਹਾਂ ਨੀਚ ਜ਼ਾਤ ਦਾ ਜੁ ਹੋਇਆ ।

੩. ਬੱਸ ਵਿੱਚ ਕੁਝ ਪੈਸਿਆਂ ਲਈ ਕਹਿ ਦਿੰਦੇ ਹਾਂ, ਬੱਚਾ ਅਜੇ ਤਿੰਨ ਸਾਲ ਦਾ ਨਹੀਂ ਹੋਇਆ ਭਾਵੇਂ ਸਰਾਸਰ ਝੂਠ ਹੋਵੇ ।

੪. ਗ਼ਰੀਬ ਰਿਸ਼ਤੇਦਾਰ ਨਾਲ ਵੀ ਪ੍ਰੇਮ ਨਹੀਂ ਕਰਦੇ ਕਿਉਂਕਿ ਸਾਡੀ ਸਰਦਾਰੀ ਕਿਤੇ ਖ਼ਤਰੇ ਵਿੱਚ ਨਾ ਪੈ ਜਾਵੇ ।

੫. ਕ੍ਰੋਧ ਤੇ ਹੰਕਾਰ ਅਸੀਂ ਜਾਇਜ਼ ਸਮਝਦੇ ਹਾਂ ।

ਆਓ, ਹੁਣ ਗੁਰੂ ਗ੍ਰੰਥ ਸਾਹਿਬ ਕੋਲੋਂ ਪਹਿਲਾਂ ਪੜ੍ਹੀਏ ਹੈ ਕੀ ? ਅੱਠ ਪਹਿਰ ਨਾਮ ਜਪਣਾ, ਕਿਰਤ ਕਰਨੀ, ਵੰਡ ਛਕਣਾ । ਕਿਸੇ ਪ੍ਰੇਮੀ ਨੇ ਖੁਲਾਸਾ ਕੀਤਾ, ਪ੍ਰੇਮ ਤੇ ਪਿਆਰ, ਨਿਮਰਤਾ, ਆਪਾ ਵਾਰਨਾ, ਦਇਆ, ਸਮਦ੍ਰਿਸ਼ਟੀ, ਇਨਸਾਫ਼, ਸੰਤੋਖ, ਸੇਵਾ (ਹੋਰ ਖੁਲਾਸਾ-ਸ਼ਬਦ ਮਰੋ ਫਿਰ ਜੀਵੋ ਸਦ ਹੀ) ਮਰ ਕੇ ਜੀਣਾ, ਸਿਰ ਵੇਚ ਦੇਣਾ, ਸਮਝਣਾ । ਦੇਖੀਏ ਕਿ ਹੈ ਕੋਈ ਇਸ ਸੰਸਾਰ ਵਿੱਚ ਜੋ ਕਵ੍ਹੇ ਮੈਂ ਇਸ ਧਰਮ ਬਗੈਰ ਜੀ ਸਕਦਾ ਹਾਂ । ਹਾਂ ਨਿਭਾਉਣਾ ਕਠਿਨ ਹੈ, ਅਸੀਂ ਸਾਰੇ ਕਮਜ਼ੋਰ ਹਾਂ, ਪਰ ਇਹ ਧਰਮ ਦੀਆਂ ਗੱਲਾਂ ਦੁਨੀਆਂ ਵਿੱਚ ਹੋਣ ਤਾਂ ਸਾਡੀ ਜਾਨ ਹਰ ਵੇਲੇ ਸੁੱਕੀ ਰਹੇ । ਗੁਰੂ ਨਾਨਕ

ਸਾਹਿਬ ਧਰਮ ਨੂੰ ਦਯਾ ਦਾ ਪੁੱਤਰ ਆਖਦੇ ਹਨ । ਮਤਲਬ ਇਹ ਜਦੋਂ ਦਯਾ ਉਪਜਦੀ ਹੈ ਤਾਂ ਧਰਮ (ਇਨਸਾਫ਼) ਆਪਣੇ ਆਪ ਉਪਜਦਾ ਹੈ । ਫੇਰ ਇਹ ਰਹਿੰਦਾ ਤਾਂ ਹੈ ਜੇ ਸੰਤੋਖ ਨਾਲ ਅਸੀਂ ਨਿਭਾਈਏ, ਜੇ ਹਰ ਵੇਲੇ ਆਪਣੇ ਲਾਲਚ ਵਿੱਚ ਹਰ ਇਕ ਨਾਲ ਇੰਵ ਨਾ ਵਰਤੀਏ ਜਿਵੇਂ ਅਸੀਂ ਆਪਣੇ ਨਾਲ ਵਰਤਾਰਾ ਚਾਹੁੰਦੇ ਹਾਂ, ਤਾਂ ਧਰਮ ਠਹਿਰੇਗਾ ਨਹੀਂ ਸਗੋਂ ਧਰਮ ਦੇ ਨਾਂ ਹੇਠ ਹੀ ਔਰੰਗਜ਼ੇਬ ਵਾਂਙ ਅੱਤਿਆਚਾਰ ਆਰੰਭ ਦਿਆਂਗੇ । ਧਰਮ ਨੂੰ ਰਾਜ ਵਿੱਚ ਸੰਤੋਖ ਨਾਲ ਪਾਲਣ ਵਾਲਾ ਰਣਜੀਤ ਸਿੰਘ ਸੀ । ਮੇਰਾ ਔਰੰਗਜ਼ੇਬ ਕਹਿਣ ਨਾਲ "ਮੁਸਲਮਾਨ" ਕਹਿਣ ਦਾ ਭਾਵ ਨਹੀਂ ਤੇ ਨਾ ਹੀ ਰਣਜੀਤ ਸਿੰਘ ਕਹਿਣ ਨਾਲ "ਸਿੱਖ" ਦਾ । ਧਰਮ ਦੀਆਂ ਮਿਸਾਲਾਂ ਹੋਰ ਵੀ ਹਨ—ਹਜ਼ਰਤ ਮੀਆਂ ਮੀਰ, ਭਾਈ ਘਨੱਈਆ । ਨਾਲੇ ਧਰਮ ਸਭ ਵਿੱਚ ਵੱਸਦਾ ਹੈ ਤੇ ਵੱਸ ਸਕਦਾ ਹੈ । ਜਦੋਂ ਮੈਂ ਧਰਮ ਕਹਿੰਦਾ ਹਾਂ ਤਾਂ ਮੇਰਾ ਮਤਲਬ ਉਸ ਸਿੱਖਿਆ ਤੋਂ ਹੈ ਜਿਹੜੀ ਵਾਹਿਗੁਰੂ ਦੇ ਪਿਆਰਿਆਂ ਨੇ ਕਿਸੇ ਮਜ਼੍ਹਬ ਵਿੱਚ ਕੇਵਲ ਵਾਹਿਗੁਰੂ ਦੀ ਜ਼ਾਤ ਨਾਲ ਪਿਆਰ ਕਰਨ ਲਈ ਇਨਸਾਨੀਅਤ ਨੂੰ ਦਿੱਤੀ ਤੇ ਪ੍ਰੇਰਿਆ ਕਿ ਆਪਣਾ ਆਪ ਪਛਾਣ ਕੇ ਸਭ ਦੀ ਚਰਨਧੂੜ ਬਣ ਕੇ ਸਾਹਿਬ ਦੇ ਦਰ ਅੱਪੜੋ ।

ਧਰਮ ਰਾਜਨੀਤੀ ਨਹੀਂ, ਧਰਮ ਬਣਾਇਆ ਨਹੀਂ ਜਾਂਦਾ, ਧਰਮ ਉਪਜਦਾ ਹੈ । ਧਰਮ ਇਕ ਤਰੀਕਾ ਨਹੀਂ, ਧਰਮ ਰਹਿਮਤ ਹੈ । ਧਰਮ ਚਲਾਕੀ ਨਾਲ ਨਹੀਂ ਵਰਤਿਆ ਜਾਂਦਾ, ਧਰਮ ਸੱਚਾਈ ਤੇ ਨਿਮਰਤਾ ਦਾ ਗੜ੍ਹ ਹੈ । ਧਰਮ ਦੇ ਨਾਂ 'ਤੇ ਲੁੱਟ-ਘਸੁੱਟ ਜਾਂ ਮਜ਼੍ਹਬੀ ਝਗੜੇ, ਅਧਰਮੀ ਬੰਦਿਆਂ ਦੇ ਕੰਮ ਹਨ । ਧਰਮ 'ਤੇ ਖੜ੍ਹੇ ਲੋਕੀਂ ਫ਼ਿਰਕੂ ਝਗੜਿਆਂ ਵਿੱਚ ਨਹੀਂ ਪੈਂਦੇ, ਉਹ ਤੇ ਵਾਹਿਗੁਰੂ ਦੇ ਪਿਆਰ ਵਿੱਚ ਉਲਟੇ ਦੂਜੇ ਮਜ਼੍ਹਬਾਂ ਦੇ ਲੋਕਾਂ ਨੂੰ ਜ਼ੁਲਮ ਤੋਂ ਬਚਾਉਂਦੇ ਹੋਇਆਂ ਆਪਣੀਆਂ ਜਾਨਾਂ ਦੇ ਦਿੰਦੇ ਹਨ । ਪਾਕਿਸਤਾਨ ਬਣਨ ਵੇਲੇ, ਹਿੰਦੂ, ਸਿੱਖ ਤੇ ਮੁਸਲਮਾਨਾਂ ਨੇ ਜੋ ਉਸ ਵੇਲੇ ਦੂਜੀਆਂ ਕੌਮਾਂ 'ਤੇ ਅੱਤਿਆਚਾਰ ਕੀਤੇ, ਬਹੁਤ ਵੇਰ ਨਿਹੱਥਿਆਂ, ਲਾਚਾਰਾਂ 'ਤੇ, ਉਹ ਧਰਮ ਨਹੀਂ ਸੀ । ਹਾਂ, ਜੋ ਕਿਤੇ ਜ਼ਬਰਦਸਤੀ ਕਰ ਰਹੇ ਜ਼ਾਲਮਾਂ ਦਾ ਸਾਹਮਣੇ ਮੁਕਾਬਲਾ ਕੀਤਾ ਕਿਸੇ ਨੇ ਕਿਸੇ ਦਾ ਵੀ, ਤਾਂ ਉਹ ਧਰਮ ਸੀ ।

ਸਾਡਾ ਤਾਂ ਵਿਰਸਾ ਹੀ ਕਮਾਲ ਹੈ । ਗੁਰੂ ਗੋਬਿੰਦ ਸਿੰਘ ਸਾਹਿਬ ਦੇ ਹੁਕਮ ਮੁਤਾਬਕ, ਕਦੇ ਮੁਸਲਮਾਨ ਔਰਤਾਂ ਬੱਚਿਆਂ ਨੂੰ ਨਹੀਂ ਸਤਾਇਆ ਗਿਆ ਸਗੋਂ ਮਾਣ ਤੇ ਆਦਰ ਨਾਲ ਘਰ ਪਹੁੰਚਾਇਆ ਗਿਆ । ਧਰਮ ਇਹ



ਨਹੀਂ ਤੱਕਦਾ ਕਿ ਇਸ ਵੇਲੇ ਮੌਕਾ ਹੈ, ਫ਼ਾਇਦਾ ਉਠਾਓ । ਧਰਮ ਸੱਚਾਈ 'ਤੇ ਰਹਿੰਦਾ ਹੈ । ਜੇ ਮੁਸਲਮਾਨ ਬੇਟੀ ਦੀ ਇੱਜ਼ਤ ਲੁੱਟਦਿਆਂ ਕਿਸੇ ਸਿੱਖ ਨੂੰ ਹੀ ਦੂਜੇ ਸਿੱਖ ਜ਼ਾਲਮ ਨੂੰ ਵੀ ਕਤਲ ਕਰਨਾ ਪਵੇ ਤਾਂ ਵੀ ਧਰਮ ਹੈ ।

## ਧਰਮ ਦਾ ਪ੍ਰਭਾਵ

ਅਸੀਂ ਧਰਮ ਨੂੰ ਆਪਣੀ ਸ਼ਕਲ ਨਾਲ ਮਿਲਾ ਦਿੰਦੇ ਹਾਂ । ਜੇ ਕਿਸੇ ਮੁਸਲਮਾਨ ਨੇ ਦਾਹੜੀ ਰੱਖੀ ਹੈ, ਮਾਲਾ ਕੋਲ ਹੈ, ਨਮਾਜ਼ ਪੜ੍ਹਦਾ ਹੈ ਤਾਂ ਉਹ ਜ਼ਰੂਰੀ ਤੌਰ 'ਤੇ ਧਰਮੀ ਹੈ । ਹਿੰਦੂ ਦੀ ਬੇਟੀ ਹੈ, ਮੰਦਰ ਜਾਂਦੀ ਹੈ, ਤਾਂ ਧਰਮੀ ਹੈ । ਸਿੱਖ ਦੀ ਪਗੜੀ ਹੈ, ਕਿਰਪਾਨ ਹੈ ਤਾਂ ਧਰਮੀ ਹੈ । ਇਹ ਬਾਹਰਲੀਆਂ ਸ਼ਕਲਾਂ ਤੋਂ ਸਦਕੇ ਜੇ ਅੰਦਰ ਧਰਮ ਵੱਸਦਾ ਹੈ । ਜਿਨ੍ਹਾਂ ਦੇ ਅੰਦਰ ਧਰਮ ਵੱਸਦਾ ਹੈ, ਉਨ੍ਹਾਂ ਦੇ ਚਿੰਨ੍ਹ ਵੇਖਦਾ ਹੀ ਕੋਈ ਨਹੀਂ । ਜਿਨ੍ਹਾਂ ਦੇ ਅੰਦਰ ਉਮਾਹ ਹੈ, ਚਾਹ ਹੈ ਗੁਰੂ ਦੇ ਪਿਆਰ ਦੀ, ਗੁਰੂ ਦੇ ਪਿਆਰਿਆਂ ਦੇ ਪਿਆਰ ਦੀ, ਜਾਂ ਪਰਉਪਕਾਰ ਦੀ, ਉਹ ਰਾਹ ਜਾਂਦੇ ਲੋੜਦੇ ਹਨ ਕਿਤੇ ਸੇਵਾ ਮਿਲੇ, ਕਿਤੇ ਗੁਰਸਿੱਖਾਂ ਦੀ ਧੂੜ ਮਿਲੇ ।

ਇਕ ਗੱਲ ਯਾਦ ਆਈ । ਕੋਈ ੯-੧੦ ਸਾਲ ਦੀ ਗੱਲ ਹੈ ਕਿ ਇੱਕ ਸਿੱਖ ਯੂਰਪ ਦੇ ਕਿਸੇ ਮੁਲਕ ਵਿੱਚ ਰਹਿੰਦਾ ਸੀ ਆਪਣੇ ਟੱਬਰ ਨਾਲ, ਧਰਮੀ ਬੰਦਾ ਤਾਂ ਪਤਾ ਨਹੀਂ ਹੈ ਸੀ ਜਾਂ ਨਹੀਂ, ਪਰ ਉਸ ਨੂੰ ਸ਼ੌਕ ਸੀ ਆਪਣੇ ਗੁਰੂ ਸਾਹਿਬਾਂ ਦੀਆਂ ਕੁਝ ਕੁ ਵਿਸ਼ੇਸ਼ਤਾਈਆਂ ਦਾ—ਤੇ ਉਹ ਇਸ ਪ੍ਰੇਮ ਨੂੰ ਪੇਸ਼ ਕਰਦਾ ਹੈ। ਇਕ ਲੜਕੀ ਜੋ ਉਸ ਦੇ ਬੱਚਿਆਂ ਨੂੰ ਪੜ੍ਹਾਉਣ ਆਉਂਦੀ ਸੀ ਬਹੁਤ ਦੇਰ ਓਪਰੀ ਤਰ੍ਹਾਂ ਆਉਂਦੀ ਰਹੀ, ਪਰ ਜਦ ਕੁਝ ਮਹੀਨੇ ਬੀਤ ਗਏ ਤਾਂ ਉਸ ਸਿੱਖ ਦੇ ਜ਼ਰੀਏ ਭਾਰਤ ਵਿੱਚ ਦਸਵੰਧ ਦੀ ਸ਼ਕਲ ਵਿੱਚ ਪੈਸੇ ਭੇਜਣੇ ਸ਼ੁਰੂ ਕਰ ਦਿੱਤੇ । ਹੋਰ ਅਜੀਬ ਗੱਲ ਕਿ ਉਹ ਕਿਹਾ ਕਰਦੀ ਸੀ ਕਿ ਉਹ ਰੱਬ ਵਿੱਚ ਨਹੀਂ ਪਸੀਜਦੀ, ਕਿਉਂਕਿ ਜੋ ਕੁਝ ਉਹ **Church** ਦੇ ਲੋਕ ਕਰਦੇ ਦੇਖਦੀ ਹੈ ਉਸ ਤੋਂ ਉਹਨੂੰ ਉੱਕਾ ਹੀ ਭਰੋਸਾ ਨਹੀਂ ਬੈਠਦਾ ਕਿ ਕੋਈ ਰੱਬ ਹੈ; ਪਰ ਜੋ ਉਸ ਨੂੰ, ਸਿੱਖ **Family** ਕਹਿੰਦੀ ਸੀ ਉਸ ਵਿੱਚ ਉਸ ਨੂੰ ਪੂਰਾ ਵਿਸ਼ਵਾਸ ਸੀ । ਆਪਣੀ ਸਮਝ ਵਿੱਚ ਤਾਂ ਉਹ **Christian** ਕੁੜੀ ਜ਼ਿਆਦਾ ਧਰਮੀ ਹੋਈ, ਕਿਉਂਕਿ ਉਹ ਧਰਮ ਦੀਆਂ ਗੱਲਾਂ ਅਮਲ ਵਿੱਚ ਲਿਆਉਂਦੀ, ਪਰ ਧਰਮੀ ਅਖਵਾਉਣ ਵਾਲੇ ਬੰਦੇ ਧਰਮ ਨੂੰ **"ਵਾਹ-ਵਾਹ"** ਆਖਦੇ ਪਰ ਅਮਲ ਨਾ ਕਰਦੇ । ਸੱਤ ਸਾਲ ਬਾਅਦ ਜਦੋਂ ਉਹ ਫੇਰ ਉਸ ਸਿੱਖ ਪਰਿਵਾਰ ਨੂੰ ਮਿਲੀ ਤਾਂ ਉਸ ਦੀ ਸ਼ਾਦੀ ਹੋ ਚੁੱਕੀ ਸੀ, ਤਿੰਨ ਸਾਲ ਤੋਂ

ਖ਼ੂਬ ਮੌਜਾਂ ਕਰ ਰਹੀ ਸੀ ।

ਉਸ ਨੂੰ ਇਹ ਖ਼ਿਆਲ, ਵਾਹਿਗੁਰੂ ਦਾ ਪਤਾ ਨਹੀਂ ਸੀ ਲੱਗਣ ਦਿੰਦਾ ਕਿ, ਉਹ ਇਤਨਾ ਦੁੱਖ ਕਿਵੇਂ ਦੇਖਦਾ ਹੈ ਦੁਨੀਆਂ ਵਿੱਚ । ਉਸ ਕਿਹਾ "ਹੁਣ ਆਪਣੇ ਪਤੀ ਨਾਲ ਉਹ ਕਿਤਨੀ ਖ਼ੁਸ਼ ਹੈ, ਤੇ ਜੇ ਉਹ ਮਰ ਜਾਏ ਤਾਂ ਉਦਾਸ ਹੋ ਜਾਏਗੀ । ਵਾਹਿਗੁਰੂ ਨੂੰ ਉਸ ਨੂੰ ਉਦਾਸ ਕਰਕੇ ਕੀ ਮਿਲੇਗਾ?" ਸਿੱਖ **Family** ਨੇ ਜੋ ਜਵਾਬ ਦਿੱਤਾ, ਉਹ ਕਿਸੇ ਮੈਨੂੰ ਇੰਞ ਦੱਸਿਆ—"ਤੂੰ ਆਪ ਦੇਖ ਇਹ ਵਾਹਿਗੁਰੂ ਦਾ ਕਸੂਰ ਹੈ ਜਾਂ ਤੇਰਾ । ਤੈਨੂੰ ਪਤਾ ਨਹੀਂ ਕਿ ਮਰ ਜਾਏਂਗਾ ਜ਼ਰੂਰ ? ਫੇਰ ਤੂੰ ਇਸ ਨਾਲ ਇਤਨੀ ਭਾਰੀ ਦੋਸਤੀ, ਪਿਆਰ ਕਿਉਂ ਪਾਉਂਦੀ ਹੈਂ? ਉਦਾਸ ਤਾਂ, ਤਾਂ ਹੋਵੇਂ ਜੇ ਤੈਨੂੰ ਕੋਈ ਮਰਨਾ ਹੈਰਾਨਗੀ ਲੱਗੇ ? ਸਭ ਨੇ ਮਰਨਾ ਤਾਂ ਹੈ ਹੀ ।" ਕੁਝ ਅਟਕੀ, ਸੋਚੀਂ ਪੈ ਗਈ, ਪਰ ਜਿਸ ਨੇ ਮੈਨੂੰ ਇਹ ਗੱਲ ਸੁਣਾਈ, ਉਸ ਹੋਰ ਵਿਸਥਾਰ ਕੀਤਾ ਕਿ ਸਾਨੂੰ **Exactly** ਧਰਮ ਦੀ ਇਸ ਲਈ ਲੋੜ ਹੈ ਕਿ ਅਸੀਂ ਗ਼ਲਤ ਫ਼ਹਿਮੀਆਂ ਪਾ ਕੇ ਗ਼ਲਤ ਉਮੀਦਾਂ ਲਾ ਬਹਿੰਦੇ ਹਾਂ, ਫੇਰ ਕਹਿੰਦੇ ਹਾਂ "ਅਨਰਥ" ਹੋ ਗਿਆ, ਵਾਹਿਗੁਰੂ ਨੇ ਜ਼ੁਲਮ ਕਰ ਦਿੱਤਾ ।

## ਆਓ, ਧਰਮ ਸਮਝੀਏ

(੧) ਮੌਤ ਨੂੰ ਹਰ ਘੜੀ ਚੇਤੇ ਰੱਖੀਏ ।

(੨) ਸਭ ਨੂੰ ਚੱਲਣਹਾਰ ਸਮਝ ਕੇ, ਇਕ ਅਬਿਨਾਸ਼ੀ ਨਾਲ ਦੋਸਤੀ ਪਾਈਏ ।

(੩) ਆਪਣੇ ਨੁਕਸ ਪਛਾਣ ਕੇ ਆਪਣੇ ਆਪ ਨੂੰ ਭੈੜਾ ਜਾਣੀਏ ਤੇ ਲੋਕਾਂ ਦੇ ਨੁਕਸ ਕੱਢ ਕੇ ਖ਼ੁਸ਼ ਨਾ ਹੋਈਏ । ਪਰਾਈ ਇਸਤਰੀ ਤੇ ਪਰਾਏ ਧਨ ਵੱਲ ਨਾ ਤੱਕੀਏ ।

(੪) ਲੋਕਾਂ ਦੀ ਸੇਵਾ ਕਰਕੇ ਉਹਨਾਂ ਵਿੱਚ ਰੱਬ ਨੂੰ ਤੱਕੀਏ ਤੇ ਨਿਸ਼ਕਾਮ ਸੇਵਾ ਲੋਕਾਂ **impersonal** ਤੇ ਵਾਹਿਗੁਰੂ ਨਾਲ ਹੋ ਕੇ **personal** ਪ੍ਰੇਮ ਪਾਈਏ ।

(੫) ਰੱਬ ਦੇ ਸਾਰੇ ਬੰਦਿਆਂ ਨੂੰ ਛੋਟਾ, ਵੱਡਾ, ਗ਼ਰੀਬ, ਅਮੀਰ, ਹਿੰਦੂ, ਮੁਸਲਮਾਨ, ਇਕੋ ਜਿਹਾ ਸਮਝੀਏ ।

(੬) ਆਪਣਾ ਆਪ ਗੁਰੂ ਦੇ ਚਰਨਾਂ ਵਿੱਚ ਭੇਂਟ ਕਰ ਸਭ ਦੀ ਚਰਨਧੂੜ ਬਣੀਏ ।



(੭) ਜੋ ਹੋਵੇ, ਆਖੀਏ "ਵਾਹ-ਵਾਹ" ਧਰਮ ਦੀ **Practice** (ਅਮਲ) ਵਿੱਚ ਸੁਖ ਹੈ ।

ਅਸੀਂ **Analyse** ਕਰ ਸਕਦੇ ਹਾਂ ਕਿ ਸਾਰੇ ਦੁੱਖ ਆਕੜ ਵਿੱਚੋਂ, ਜਾਂ ਲਾਲਚ ਵਿੱਚੋਂ, ਜਾਂ ਮੋਹ ਵਿੱਚੋਂ ਜਾਂ ਕ੍ਰੋਧ ਵਿੱਚੋਂ ਨਿਕਲਦੇ ਹਨ । ਫੇਰ ਪਿਛਲੇ ਪੈਰ੍ਹੇ ਦੀਆਂ ਗੱਲਾਂ ਤੱਕੀਏ ਜਿਨ੍ਹਾਂ ਉੱਤੇ (**in-any case**) ਸਾਡਾ ਕੋਈ **Control** ਨਹੀਂ ਤਾਂ ਦੁੱਖ ਨੇੜੇ ਹੀ ਨਹੀਂ ਆ ਸਕਦਾ । **Test** ਕਰ ਲਵੋ ।

(੧) ਕੀ ਅਸੀਂ ਮੌਤ ਦਾ ਸਮਾਂ ਮਿਥ ਸਕਦੇ ਹਾਂ ਜਾਂ ਮੌਤ ਰੋਕ ਸਕਦੇ ਹਾਂ ? ਨਹੀਂ, ਇਸ ਲਈ ਜ਼ਰੂਰੀ ਹੈ ਕਿ ਰਜ਼ਾ ਵਿੱਚ ਰਾਜ਼ੀ ਰਹੀਏ ।

(੨) ਹੈ ਕੋਈ (ਅਮਰ) ? ਨਹੀਂ, ਫਿਰ ਭੁਲੇਖੇ ਵਿੱਚ ਰਹਿ ਕੇ ਕਿਉਂ ਦੁਖੀ ਹੁੰਦੇ ਹਾਂ ।

(੩) ਕੀ ਸਾਡੇ ਵਿੱਚ, ਬਹੁਤੇ ਲੋਕਾਂ ਨਾਲੋਂ ਜ਼ਿਆਦਾ ਨੁਕਸ ਨਹੀਂ ਹੈਨ, ਫੇਰ ਲੋਕਾਂ ਨੂੰ ਭੈੜਾ ਕਹਿ ਕੇ ਕਿਉਂ ਦੁਖੀ ਹੁੰਦੇ ਹਾਂ ?

(੪) ਪਰਾਏ ਮਾਲ ਤੇ ਪਰਾਈ ਇਸਤਰੀ ਦੇ ਸੰਗ ਨੇ ਸਾਡਾ ਮਨ ਭਾਵੇਂ (**Police**) ਪੁਲਿਸ ਦੇ ਜ਼ਰੀਏ, ਜਾਂ ਭਾਈਚਾਰਿਕ ਸਿਆਪੇ ਨਾਲ ਖ਼ਰਾਬ ਤਾਂ ਕਰਨਾ ਹੀ ਹੈ, ਕਿਉਂ ਨਾ ਅਸੀਂ ਗੁਰਮਤਿ ਦੇ ਜ਼ਰੀਏ, ਪਹਿਲਾਂ ਹੀ ਆਪਣੇ ਆਪ ਨੂੰ ਬਚਾਈ ਰੱਖੀਏ ਤੇ ਸੁਖੀ ਰਹੀਏ ?

(੫) ਜਦ ਆਪਣਾ ਕੰਮ ਸੇਵਾ ਕਰਨਾ ਹੈ ਤਾਂ ਸਾਨੂੰ ਕਿਸ ਗੱਲ ਦੀ ਵਡਿਆਈ, ਮਾਣ ਕਾਹਦਾ, ਕੋਈ ਬੇਇੱਜ਼ਤੀ ਕਾਹਨੂੰ ਮਹਿਸੂਸ ਹੋਏਗੀ ?

(੬) ਜਦ ਗੁਰੂ ਦੀ ਸੇਵਾ ਕਰਨੀ ਹੈ ਤਾਂ ਵੱਡਾ ਨਿੱਕਾ, ਅਮੀਰ ਗ਼ਰੀਬ ਜਾਂ ਹਿੰਦੂ, ਮੁਸਲਮਾਨ ਕਾਹਦਾ ? ਸਾਡੇ ਸਾਰੇ ਵੀਰ ਹਨ । ਜਦ ਇਹ ਸਾਡਾ ਮਨ ਕਹੇ ਤਾਂ ਦੁੱਖ ਕਾਹਦਾ ?

(੭) ਕੀ ਅਸੀਂ ਕੁਝ ਵੀ ਰੋਕ ਸਕਦੇ ਹਾਂ ? ਜੋ ਹੋਣਾ ਹੈ ਉਹ ਹੋ ਕੇ ਰਹਿਣਾ ਹੈ । ਨਾਲੇ ਸਾਨੂੰ ਕੀ ਪਤਾ ਹੈ, ਕੀ ਚੰਗਾ ਹੈ, ਕੀ ਨਹੀਂ ? ਰਜ਼ਾ ਵਿੱਚ ਰਹਿ ਕੇ ਅਸੀਂ ਖ਼ੁਸ਼ ਰਹਿ ਸਕਦੇ ਹਾਂ ।

## ਜੇ ਧਰਮ ਨਾ ਹੁੰਦਾ !

ਸ਼ੁਕਰ ਹੈ, ਧਰਮ ਹੈ, ਧਰਮੀ ਬੰਦੇ ਹਨ, ਵਾਹਿਗੁਰੂ ਹੈ, ਵਾਹਿਗੁਰੂ ਦੇ ਪਿਆਰੇ ਪੈਗ਼ੰਬਰ, ਗੁਰੂ ਆ ਕੇ ਸਾਡੇ ਕਸ਼ਟ ਕੱਟ ਗਏ ਹਨ, ਸਾਨੂੰ ਰਾਹ ਦੱਸ ਗਏ

ਹਨ । ਜਦੋਂ ਅਸੀਂ ਅਤਿ ਦੁੱਖੀ ਹੁੰਦੇ ਹਾਂ, ਭੱਜਦੇ ਜਾਂਦੇ ਹਾਂ ਗੁਰਦੁਆਰੇ, ਗਿਰਜੇ ਜਾਂ ਮਸੀਤ । ਆਪਣੀਆਂ ਮੰਗਾਂ ਪੇਸ਼ ਕਰਦੇ ਹਾਂ, ਕੁਝ ਸੁਣੀਆਂ ਜਾਂਦੀਆਂ ਹਨ ਕੁਝ ਨਹੀਂ, ਕੁਝ ਠੰਢ ਪੈਂਦੀ ਹੈ ਕੁਝ ਨਹੀਂ, ਕੁਝ ਹਲਕੇ ਹੁੰਦੇ ਹਾਂ ਕੁਝ ਨਹੀਂ । ਇਸ ਲਈ ਆਓ ਧਰਮ ਦਾ ਪੂਰਾ ਲਾਭ ਲੈਣ ਲਈ ਇਹ ਸਮਝੀਏ ਕਿ—

(੧) ਵਾਹਿਗੁਰੂ ਸਾਡਾ ਪਿਤਾ ਹੈ, ਮਾਤਾ ਹੈ, ਭਰਾ ਹੈ, ਪਤੀ ਹੈ, ਸਭ ਕੁਝ ਹੈ ।

(੨) ਵਾਹਿਗੁਰੂ ਸਮਰੱਥ ਹੈ, ਪੂਰਨ ਹੈ, ਸਭ ਕੁਝ ਕਰ ਸਕਦਾ ਹੈ ।

(੩) ਵਾਹਿਗੁਰੂ ਨਾਲ ਪਿਆਰ ਮੁਕੰਮਲ **Devoted** ਤੇ ਕੁਝ ਮੰਗੇ ਬਗੈਰ ਹੋਣਾ ਚਾਹੀਏ ।

(੪) ਵਾਹਿਗੁਰੂ ਸਾਨੂੰ ਸਦਾ ਪਿਆਰ ਕਰਦਾ ਹੈ ਜੇ ਅਸੀਂ ਗੁਰੂ ਦਾ ਹੁਕਮ ਮੰਨੀਏ ।

(੫) ਗੁਰੂ ਦਾ ਹੁਕਮ ਹਮੇਸ਼ਾਂ ਦੁਨੀਆਂ ਵਿੱਚ **Normally** ਸੁਖੀ ਜੀਵਨ ਬਿਤਾਉਣ ਲਈ ਹੈ ਤੇ ਅਸਾਂ ਆਪਣੇ ਵਾਸਤੇ (ਨਾ ਕਿ ਗੁਰੂ 'ਤੇ ਅਹਿਸਾਨ ਚਾੜ੍ਹਨ ਲਈ) ਮੰਨਣਾ ਹੈ ।

(੬) ਗੁਰੂ ਤੇ ਵਾਹਿਗੁਰੂ ਵਿੱਚ ਕੋਈ ਫ਼ਰਕ ਨਹੀਂ ਤੇ ਦੁਨੀਆਂ ਦੇ ਸਾਰੇ ਰਿਸ਼ਤੇਦਾਰ ਗੁਰੂ ਦੀ ਮਤਿ ਤੋਂ ਹੇਠਾਂ ਹਨ । ਜੇ ਉਨ੍ਹਾਂ 'ਚੋਂ ਕੋਈ ਵੀ ਗੁਰਮਤਿ ਤੋਂ ਵਰਜੇ ਤਾਂ ਉਹ ਸਾਡਾ ਮਿੱਤਰ ਨਹੀਂ । ਪਰ ਅਸਾਂ ਸਭ ਦੇ ਪੈਰ ਪਕੜੀ ਰੱਖਣੇ ਹਨ । ਹੁਕਮ ਗੁਰੂ ਦਾ ਮੰਨਣਾ ਹੈ । ਰਿਸ਼ਤੇਦਾਰ ਲੋਕ-ਪਚਾਰੇ ਵੱਲ ਮੋੜਦੇ ਹਨ; ਕਿਉਂਕਿ ਉਹ ਵੇਖ ਨਹੀਂ ਸਕਦੇ ਕਿ ਗੁਰੂ ਸਾਹਿਬ ਦੀ ਬੀੜ ਦਾ ਘਰ ਹੋਣਾ ਧਰਮ ਨਹੀਂ, ਸਗੋਂ ਬਗੈਰ ਲੋਕ-ਲਾਜ ਦੇ ਗੁਰੂ ਦੀ ਮਤਿ 'ਤੇ ਚੱਲਣਾ ਧਰਮ ਹੈ ।

(੭) ਸੁਖ ਤੇ ਦੁੱਖ ਮਨ ਦੀਆਂ ਹਾਲਤਾਂ ਹਨ । ਦੁੱਖ ਅਸੀਂ ਆਪ ਬਣਾਉਂਦੇ ਹਾਂ ਸੁਖ ਤੋਂ ਮੂੰਹ ਮੋੜ ਕੇ । ਗੁਰਮਤਿ ਸੁਖ ਹੈ, ਮਨਮਤਿ ਜਾਂ ਦੁਰਮਤਿ ਦੁੱਖ ਹੈ ।

## ਇਕ ਜੋਦੜੀ

ਲਿਖਣ ਵਾਲੇ ਨੇ ਜੋ ਲਿਖਾਇਆ, ਲਿਖ ਦਿੱਤਾ ਹੈ । ਅਕਲਹੀਣ ਹਾਂ, ਇਕ ਗੱਲ ਲਾਡ ਨਾਲ ਸਿੱਖ ਸੰਗਤਾਂ ਨੂੰ ਕਹਿੰਦਾ ਹਾਂ ਕੋਈ **Lecture**, ਕੋਈ ਲੇਖ, ਕੋਈ ਕਿਤਾਬ, ਕੋਈ ਪਰਚਾਰ, ਕੋਈ ਧਰਮੀ ਗੋਸ਼ਟੀ, ਕੋਈ



ਪ੍ਰਚਾਰ ਦੀਆਂ ਕਿਤਾਬਾਂ, ਧਰਮ ਨੂੰ ਹੱਦ ਵਿੱਚ ਨਹੀਂ ਲਿਆ ਸਕਦੀਆਂ । ਧਰਮ ਨੂੰ ਤੱਕਣਾ ਹੋਵੇ ਤਾਂ ਮਤੀ ਦਾਸ ਚੌਕ ਵਿੱਚ, ਡੇਹਰਾ ਸਾਹਿਬ ਲਾਹੌਰ ਵਿੱਚ, ਹਸਨ ਅਬਦਾਲ ਸਟੇਸ਼ਨ ਤੇ ਚਮਕੌਰ ਦੇ ਮੈਦਾਨ ਵਿੱਚ, ਸਰਹਿੰਦ ਦੀਆਂ ਦੀਵਾਰਾਂ ਵਿੱਚ, ਸੀਸ ਗੰਜ ਸਾਹਿਬ ਵਿੱਚ ਤੇ ਹੋਰ ਅਣਗਿਣਤ ਸ਼ਹੀਦੀ ਅਸਥਾਨਾਂ ਵਿੱਚ ਤੱਕੋ । ਜੇ ਜਾਚਣਾ ਹੋਵੇ ਧਰਮ ਦੀ ਲੋੜ ਹੈ ਜਾਂ ਨਹੀਂ, ਤਾਂ ਇਹ ਸਮਝ ਲਈਏ ਕਿ ਜੇ ਧਰਮ ਨਾ ਹੁੰਦਾ ਤਾਂ ਅਸੀਂ ਕਦੋਂ ਦੇ ਮਰ ਗਏ ਹੁੰਦੇ, ਅਸੀਂ ਕਦੇ ਨਾ ਜੀਂਦੇ । **ਨਾਲੇ ਧਰਮ ਪਲਦਾ ਹੈ ਮੁਸ਼ਕਲਾਂ ਵਿੱਚ ਤੇ ਪਰਖਣ ਹੁੰਦਾ ਹੈ ਮੁਸੀਬਤਾਂ ਵਿੱਚ । ਕਿੱਥੇ ਜੇ ਉਹ ਗੁਰਸਿੱਖ ਜਿਹੜੇ ਕਾਠੀਆਂ 'ਤੇ ਸੌਂ ਕੇ ਬੱਚੀਆਂ ਨੂੰ ਛੁਡਾਉਂਦੇ ਸਨ ਜ਼ਾਲਮਾਂ ਤੋਂ ।** ਹੁਣ ਅਮਨ ਹੈ, ਮੌਜਾਂ ਹਨ ਪਰ ਧਰਮ ਵਿਸਾਰ ਕੇ ਸਿੱਖ ਇੱਜ਼ਤ ਵੇਚ ਰਹੇ ਹਾਂ । ਅਸਲੀ ਜੀਵਨ ਪੈਦਾ ਕਰੀਏ । ਮੈਂ ਆਪ ਬਿਲਕੁਲ ਅਸਲੀ ਜੀਵਨ ਤੋਂ ਦੂਰ ਹਾਂ ਪਰ ਕਿਸੇ ਬਖ਼ਸ਼ੇ ਹੋਏ ਦੀ ਚਰਨਧੂੜ ਮੇਰਾ ਵੀ ਕਲਿਆਣ ਕਰ ਦੇਵੇਗੀ । ਕੀ ਧਰਮ ਦੀ ਲੋੜ ਹੈ ? ਮੇਰਾ ਜਵਾਬ ਹੈ ਕਿ ਜਿਵੇਂ ਮੈਨੂੰ ਸਿਰ, ਅੱਖਾਂ, ਦਿਮਾਗ਼ ਤੇ ਜਾਨ ਦੀ ਲੋੜ ਹੈ ਉਸੇ ਤਰ੍ਹਾਂ ਧਰਮ ਦੀ ਵੀ ਲੋੜ ਹੈ । ਨਹੀਂ ਸੱਚ, ਇਹ ਸਭ ਕੁਝ ਟੁਰ ਵੀ ਜਾਏ ਪਰ ਧਰਮ ਨਾ ਜਾਏ । ਮੇਰੇ ਲਈ ਅਰਦਾਸ ਕਰੋ ।

**P. S.** ਇਕ ਗੱਲ ਚੇਤੇ ਆਈ. ਆਪ ਤਾਂ ਗੱਲਾਂ ਕਰਨੀਆਂ ਹੀ ਜਾਣਦਾ ਹਾਂ ਪਰ ਸਾਹਿਬਾਂ ਦੇ ਆਪਣੇ ਲਫ਼ਜ਼ਾਂ ਵਿੱਚ ਗੁਰਸਿੱਖ ਦਾ ਧਰਮ ਲਿਖਦਾ ਹਾਂ ।

## ਧਰਮ

**"ਸਰਬ ਧਰਮ ਮਹਿ ਸ੍ਰੇਸਟ ਧਰਮੁ ॥**
**ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥"** **(ਅੰ: ੨੬੬)**

**(ਸੁਖਮਨੀ ਸਾਹਿਬ, ਗੁਰੂ ਅਰਜਨ ਸਾਹਿਬ)**

## ਧਰਮ ਦੀ ਪਾਲਣਾ

**"ਭਾਉ ਭਗਤਿ ਕਰਿ ਨੀਚੁ ਸਦਾਏ ॥**
**ਤਉ ਨਾਨਕ ਮੋਖੰਤਰੁ ਪਾਏ ॥"**

**(ਆਸਾ ਦੀ ਵਾਰ, ਗੁਰੂ ਨਾਨਕ) (ਅੰਗ ੪੭੦)**

ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਇਕੋ ਹੀ ਨੂਰ ਸਨ ਤੇ ਇਕੋ ਹੀ ਧਰਮ ਦੀ ਸਾਜਨਾ ਕਰਨ ਵਾਲੇ ਸਨ ਜਿਹੜਾ ਕਿ ਧਰਮ ਸਾਰੀ ਦੁਨੀਆਂ

ਦਾ ਧਰਮ ਹੈ । ਸਾਬਤ ਹੁੰਦਾ ਹੈ (ਜਿਨ੍ਹਾਂ ਦਾ ਸਿਦਕ ਸਬੂਤ ਢੂੰਡਦਾ ਹੈ, ਉਨ੍ਹਾਂ ਲਈ) ਹੇਠਲੀ ਤੁਕ ਤੋਂ

## ਗੁਰੂ ਨਾਨਕ ਸਾਹਿਬ ਜੀ ਨੇ ਕਿਹਾ

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥**

**ਸਿਰੁ ਧਰਿ ਤਲੀ ਗਲੀ ਮੇਰੀ ਆਉ ॥** (ਅੰ: ੧੪੧੨)

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਪਰਤੱਖ ਸਿਰ ਤਲੀ 'ਤੇ ਰਖਵਾਇਆ ਤੇ ਗੁਰੂ ਨਾਨਕ ਦੀ ਰੱਬੀ ਬਾਣੀ ਨੂੰ ਸਾਡੇ ਮੂਰਖਾਂ ਲਈ ਇਨਸਾਨੀ ਅਮਲੀ ਰੂਪ ਦਿੱਤਾ । ਕੇਵਲ ਇਸ ਧਰਮ ਦੀ ਲੋੜ ਹੈ; ਇਸ ਦੇ ਭੇਖ ਹੇਠ, ਮਾਇਆ-ਲੋਭੀ ਧਰਮੀ ਬੰਦੇ ਜੋ ਧਰਮ ਫੈਲਾਉਂਦੇ ਹਨ ਉਸ ਦੀ ਕੋਈ ਲੋੜ ਨਹੀਂ ਕਿਉਂਕਿ ਉਹ ਅਧਰਮ ਫੈਲਾਉਂਦਾ ਹੈ



# ਇਨਸਾਨੀਅਤ ਦਾ ਧਰਮ

ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਪਵਿੱਤਰ ਹਜ਼ੂਰੀ ਵਿੱਚ ਬੈਠਾ ਸਾਂ, ਤਾਂ ਖ਼ਿਆਲ ਆਇਆ ਕਿ ਇਹ ਕਹਿਣਾ ਤਾਂ ਮੂਰਖਤਾ ਹੈ ਕਿ ਕੇਵਲ ਸਾਡਾ ਹੀ ਧਰਮ ਚੰਗਾ ਹੈ; ਪਰ ਇਸ ਦਾ ਕੋਈ ਪ੍ਰੇਮ ਭਾਵਨਾ ਨਾਲ ਐਸਾ ਚਮਤਕਾਰ ਤੱਕਣਾ ਕਿ ਸਾਰੀ ਇਨਸਾਨੀਅਤ ਨੂੰ ਮੇਰਾ ਗੁਰੂ ਇਕੋ ਚੀਜ਼ ਕਹਿੰਦਾ ਹੈ, ਇਹ ਤਾਂ ਗੁਰੂ ਦੀ ਆਗਿਆ ਵਿੱਚ ਰਹਿ ਕੇ, ਉਸਦੀ ਮਿਹਰ ਨਾਲ ਤੇ ਕਦਮ-ਕਦਮ ਤੇ ਉਸਦੀ ਅਗਵਾਈ ਹੇਠ ਗੁਰੂ ਨਾਨਕ ਦੀ ਸਾਫ਼ ਸੁਖੱਲੀ ਤੇ ਸਰਵ-ਵਿਆਪੀ (**Universal**) ਸਿੱਖਿਆ ਪ੍ਰਚਾਰਨੀ ਤੇ 'ਸਰਬੱਤ ਦਾ ਭਲਾ ਮੰਗਣਾ' ਦਾ ਅਮਲੀ ਰੂਪ ਹੋਵੇਗਾ । ਵਾਹਿਗੁਰੂ ਦੀ ਖੇਡ ਦਾ ਇਸ ਨੀਚ ਗ਼ੁਲਾਮ ਨੂੰ ਕੁਝ ਪਤਾ ਨਹੀਂ ਲੱਗ ਸਕਦਾ । ਮੇਰੀ ਮੂਰਖਤਾ ਤੇ ਕੋਈ ਹੱਸੇ ਨਾ, ਪਰ ਮੇਰਾ ਅੱਲੜ੍ਹਪੁਣਾ ਇਤਨਾ ਹੈ ਕਿ ਮੈਂ ਸਮਝਦਾ ਹਾਂ ਕਿ ਲੋੜ ਹੀ ਕੀ ਹੈ ਉਸ ਪਖੰਡ ਨੂੰ ਜਾਣਨ ਦੀ, ਜਦ ਮੇਰਾ ਗੁਰੂ ਇਕ ਡੰਕੇ ਦੀ ਚੋਟ ਨਾਲ ਕਹਿੰਦਾ ਹੈ ਕਿ ਜੇ ਤੂੰ ਮੇਰੇ ਖੰਭਾਂ ਹੇਠਾਂ ਕੱਜਿਆ ਰਹੇਂ ਤਾਂ ਤੇਰਾ ਵਾਲ ਵਿੰਗਾ ਨਹੀਂ ਹੋ ਸਕਦਾ । ਨਾਲੇ, ਇਹ ਵੀ ਕਹਿੰਦਾ ਹੈ ਕਿ ਗੁਰੂ ਤੇ ਪਰਮੇਸ਼ਵਰ ਵਿੱਚ ਭੇਦ ਨਹੀਂ, ਨਾਲੇ ਕਹਿੰਦਾ ਹੈ ਵਾਹਿਗੁਰੂ ਤਾਂ ਅੰਦਰ ਹੀ ਹੈ, ਨਾਲੇ ਕਹਿੰਦਾ ਉਹਨੂੰ "ਦੇਖ" ਸਕਦੇ ਹਾਂ, ਪਰ ਅੰਦਰਲੀ ਅੱਖ ਨਾਲ । ਨਾਲੇ ਕਹਿੰਦਾ ਹੈ ਕਿ ਉਹਦੇ ਨਾਮ ਦਾ ਹੀਰਾ ਗੁਰੂ ਆਪ ਤਲੀ 'ਤੇ ਕੱਢ ਕੇ ਵਿਖਾਲਦਾ ਹੈ, ਇਕੋ ਗੱਲ ਜਿਹੜੀ ਮੈਨੂੰ ਪੂਰੀ ਤਰ੍ਹਾਂ ਸਮਝ ਆਉਂਦੀ ਹੈ, ਉਹ ਹੈ ਕਿ ਆਪਾ ਗਵਾਏ ਬਗੈਰ ਸਹੁ ਨਹੀਂ ਵੇਖਿਆ ਜਾ ਸਕਦਾ । ਮਤਲਬ ਹੋਇਆ ਕਿ ਇਨਸਾਨ ਤਾਂ ਬਣਦਾ ਹੈ ਜੇ ਆਕੜ ਟੁੱਟੇ, ਤੇ ਆਕੜ ਤਾਂ ਟੁੱਟਦੀ ਹੈ ਜੇ ਮਿਹਰ ਹੋਵੇ । ਮਿਹਰ ਤਾਂ ਹੋਵੇ ਜੇ ਉੱਦਮ ਕਰੀਏ, ਪਰ ਉੱਦਮ ਤਾਂ ਕਰੀਏ ਜੇ ਤ੍ਰੁੱਠ ਪਵੇ; ਜਿਵੇਂ ਇਕ ਦੋ ਵਰ੍ਹਿਆਂ ਦੇ ਬੱਚੇ ਨੂੰ ਟਰਿਗਨੋਮੈਟਰੀ (**Trignometri**) ਦੀ ਕੀ ਸਮਝ, ਮੈਂ ਹੱਥ ਜੋੜ ਕੇ ਆਪਣੇ ਗੁਰੂ ਨੂੰ ਕਹਿੰਦਾ ਹਾਂ—ਪਿਆਰਿਆ ਜਦੋਂ ਕੁੱਤੇ ਦੀ ਮੌਤ ਤੋਂ ਬਚਾਇਆ ਈ, ਹੁਣ ਆਪ ਹੀ ਸਾਰਾ ਕੁਝ ਕਰਾ। ਮੈਨੂੰ ਨਾ ਸਮਝ ਹੈ ਤੇ ਨਾ ਸਮਝਣ ਦੀ ਲੋੜ ਹੈ । ਆਪਣੇ ਚਰਨਾਂ ਵਿੱਚ ਬਿਠਾ ਤਾਂ ਜੋ ਮੈਂ ਇਨਸਾਨ ਬਣਾਂ, ਦੂਜੇ ਇਨਸਾਨਾਂ ਨੂੰ ਤੇਰੇ ਕੋਲ ਪਹੁੰਚਾ ਸਕਾਂ; ਪਰ ਉਸੇ ਤਰ੍ਹਾਂ ਜਿਵੇਂ ਤੂੰ ਆਪ ਹਿੰਦੂ ਨੂੰ ਚੰਗਾ ਹਿੰਦੂ ਬਣਾ, ਮੁਸਲਮਾਨ ਨੂੰ ਚੰਗਾ ਮੁਸਲਮਾਨ ਬਣਾ ਕੇ

ਕਿਹਾ ਸੀ "**ਪਿਆਰਿਓ ਨਾਮ ਜੱਪੋ ।**"

ਮੇਰਾ ਜੀ ਕਰਦਾ ਹੈ, ਅਮਰੀਕਾ, ਅਫ਼ਰੀਕਾ, ਯੂਰਪ ਦੇ ਕੋਨੇ-ਕੋਨੇ ਵਿੱਚ ਜਾ ਕੇ ਕੇਵਲ ਇਹ ਆਖਾਂ, ਵਾਹਿਗੁਰੂ ਦੇ ਪਿਆਰਿਓ ਸਭ ਕੁਝ ਤੁਹਾਡੇ ਕੋਲ ਹੈ, ਸਭ ਕੁਝ ਹਜ਼ਰਤ ਮੁਹੰਮਦ ਸਾਹਿਬ ਤੇ ਹਜ਼ਰਤ ਈਸਾ ਤੁਹਾਨੂੰ ਸਮਝਾ ਗਏ ਹਨ; ਪਰ ਜਿਵੇਂ ਅਸਾਂ ਪੰਦਰਵੀਂ ਸਦੀ ਵਿੱਚ ਸਭ ਕੁਝ ਗਵਾ ਕੇ, ਅਮਲਾਂ ਨੂੰ ਦਰਿਆ ਵਿੱਚ ਰੋੜ੍ਹ ਕੇ, ਰੀਤਾਂ ਵਿੱਚ ਪਏ ਸਾਂ, ਤੁਸੀਂ ਇਸ ਖਪਤਕਾਰਾਂ ਦੇ ਇਕੱਠ (**Consumer Society**) ਵਿੱਚ ਅੰਨ੍ਹੇ ਹੋ ਕੇ ਆਪਣਾ ਆਪ ਭੁੱਲ ਬੈਠੇ ਹੋ । ਮਨ ਵਿੱਚ ਅਸ਼ਾਂਤੀ ਹੈ ਤੇ ਟਿਕਾਉ ਬਿਲਕੁਲ ਨਹੀਂ, ਸਭ ਕੁਝ ਹੁੰਦਿਆਂ ਹੋਇਆਂ ਵੀ ਸਾਡੀ ਬਦਕਿਸਮਤੀ, ਅਸੀਂ ਫਿਰ ਵੀ ਆਪਣੇ ਆਗੂਆਂ ਦਾ ਸੰਦੇਸ਼ (**message**) ਭੁੱਲ ਕੇ, ਤੁਹਾਡੇ ਮਗਰ ਲੱਗ ਕੇ ਪਦਾਰਥਾਂ ਦਾ ਪਿਆਰ ਵਧਾ ਰਹੇ ਹਾਂ । ਆਉ ਰਲ ਕੇ ਇਹ ਨਾ ਲੋੜੀਏ ਕਿ ਕਿਹੜਾ ਧਰਮ ਚੰਗਾ ਹੈ (ਤੇ ਫਿਰ ਝਗੜਿਆਂ ਵਿੱਚ ਪੈ ਕੇ ਦੁਖੀ ਹੋਈਏ) ਸਗੋਂ ਇਹ ਲੋੜੀਏ ਕਿ ਸਾਡੇ ਸੁਖ ਦਾ ਆਧਾਰ ਕੀ ਹੋ ਸਕਦਾ ਹੈ ? ਇਕ ਦਮ ਸਾਰੇ ਇਸ ਗੱਲ 'ਤੇ ਸਹਿਮਤ ਹੋਵਾਂਗੇ ਕਿ ਉੱਤਰ ਹੈ ਸੱਚਾਈ (**Truth**) ਪਰ ਨਿਰੋਲ ਸੱਚਾਈ । ਇਹ ਸੱਚਾਈ ਨਾ ਸਿੱਖ ਹੈ ਨਾ ਹਿੰਦੂ, ਨਾ ਮੁਸਲਮਾਨ ਨਾ ਈਸਾਈ, ਗੁਰੂ ਨਾਨਕ ਸਾਹਿਬ ਨੇ ਇਸੇ ਸੱਚਾਈ ਦੇ ਗੁਣ ਗਾਏ ਤੇ ਇਸੇ ਸੱਚਾਈ ਦੀ ਘੋਖ ਕਰਨ ਲਈ ਹਰ ਇਕ ਨੂੰ ਮਨ ਦੀ ਖੋਜ ਵਿੱਚ ਲਾ ਦਿੱਤਾ । ਜਿਹੜਾ ਮਨ ਦੀ ਖੋਜ ਕਰ ਲਵੇ, ਉਹ ਭਾਵੇਂ ਈਸਾਈ (**Christian**) ਹੈ ਭਾਵੇਂ ਮੁਸਲਮਾਨ, ਉਹ ਅੰਧੇਰੇ 'ਚੋਂ ਨਿਕਲ ਜਾਏਗਾ ਤੇ ਇਨਸਾਨ ਬਣੇਗਾ । ਜਦੋਂ ਇਨਸਾਨ ਬਣ ਜਾਏ ਤਾਂ ਉਸ ਨੂੰ ਦੂਜੇ ਧਰਮਾਂ ਵਿੱਚ ਬਦਲਣ ਦੀ ਲੋੜ ਨਹੀਂ । ਬਦਲਣ (**Convert**) ਉਹੀ ਲੋਕ ਹੁੰਦੇ ਹਨ ਜੋ ਬਦਕਿਸਮਤੀ ਨਾਲ ਆਪਣੇ ਹੀ ਆਗੂਆਂ ਦੇ ਗ਼ਲਤ ਪ੍ਰਚਾਰ ਨਾਲ ਤੇ ਪਖੰਡ (**Hypocrisy**) ਤੋਂ ਦੁਖੀ ਹੋ ਕੇ ਸਮਝਦੇ ਹਨ ਕਿ ਉਨ੍ਹਾਂ ਦਾ ਧਰਮ (**Religion**) ਇਕ ਝੂਠਾ ਪਸਾਰਾ ਹੈ ਤੇ ਕਿਸੇ ਦੂਜੇ ਧਰਮ ਵਿੱਚ ਉਨ੍ਹਾਂ ਨੂੰ ਸੁਖ ਮਿਲੇਗਾ । ਹੋਰ ਬਦਕਿਸਮਤੀ ਦੀ ਗੱਲ ਇਹ ਹੈ ਕਿ ਬਜਾਏ ਇਹ ਸਮਝਣ, ਪੇਖਣ ਤੇ ਅਮਲ ਕਰਨ ਦੇ ਉਨ੍ਹਾਂ ਗੁਰੂ ਸਾਹਿਬਾਂ, ਜਾਂ ਪੈਗ਼ੰਬਰਾਂ ਦੀਆਂ ਗੱਲਾਂ, ਅਸੀਂ ਧਰਮ ਨੂੰ ਕੇਵਲ ਉਹ ਕੁਝ ਸਮਝਦੇ ਹਾਂ ਜੋ ਸਾਡੇ ਆਪ ਬਣੇ (**Self-proclaimed**) ਆਗੂ ਆਪਣੇ ਨਿੱਜੀ ਲਾਭ (**Vested Interests**) ਲਈ ਸਾਨੂੰ ਮੋੜ-ਤੋੜ ਕੇ ਇਹ ਦੱਸਦੇ ਹਨ । ਮਿਸਾਲ ਦੇ ਤੌਰ 'ਤੇ ਕੋਈ ਧਰਮ ਵੀ ਨਹੀਂ ਕਹਿੰਦਾ ਕਿ ਕੇਵਲ ਉਹੀ ਧਰਮ ਸਭ ਤੋਂ ਚੰਗਾ



ਹੈ ਜਾਂ ਬਾਕੀ ਧਰਮ ਵਾਕਈ ਫ਼ਜ਼ੂਲ ਹਨ—ਕਿਸੇ ਪੈਗ਼ੰਬਰ ਨੇ ਇਹ ਨਹੀਂ ਕਿਹਾ; ਪਰ ਅਸੀਂ ਪੈਰੋਕਾਰ ਆਪਣੀ ਮੂਰਖਤਾਈ ਤੇ ਹੈਂਕੜਖ਼ਾਨੀ ਵਿੱਚ ਜਦੋਂ ਇਹ ਕਹਿੰਦੇ ਹਾਂ ਤਾਂ ਇਨਸਾਨੀਅਤ ਨੂੰ ਗਿਰਾਵਟ ਵਿੱਚ ਲੈ ਆਉਂਦੇ ਹਾਂ ਕਿਉਂਕਿ ਜੇ,

੧. ਮੌਲਵੀ ਕਹਿੰਦਾ ਹੈ ਕਿ ਕੇਵਲ ਮੁਸਲਮਾਨ ਮਤ ਹੀ ਚੰਗਾ ਹੈ—ਤਾਂ ਮੁਸਲਮਾਨਾਂ ਵਿੱਚ ਵੀ ਤਾਂ ਕਈ ਫ਼ਿਰਕੇ ਹਨ—ਕਿਹੜਾ ਮੁਸਲਮਾਨ ਮਤ—ਅਹਿਮਦੀਆ, ਸੁੰਨੀ, ਕਿ ਸ਼ੀਆ ?

੨. ਪਾਦਰੀ ਕਹਿੰਦਾ ਹੈ ਕਿ ਈਸਾਈ ਮਤ (**Christianity**) ਚੰਗਾ ਹੈ—ਤਾਂ ਕਿਹੜਾ ਈਸਾਈ-ਮਤ (**Christianity**) **Orthodox**, ਕੈਥੋਲਿਕ (**Catholic**) ਪਰੋਟੈਸਟੈਂਟ (**Protestant**) ਜਾਂ ਕਾਪਟਿਕ (**Coptic**) ?

੩. ਭਾਈ ਕਹਿੰਦਾ ਹੈ "ਸਿੱਖੀ" ਹੀ ਚੰਗੀ ਹੈ, ਤਾਂ ਕਿਹੜੀ—ਜਥਿਆਂ ਵਾਲੀ ਨਾਮਧਾਰੀ ਸਿੱਖੀ, ਫਲਾਣੇ ਸੰਤ ਦੀ ਸਿੱਖੀ ਜਾਂ ਕੋਈ ਹੋਰ ?

੪. ਪੰਡਿਤ ਕਹਿੰਦਾ ਹੈ ਕਿ ਹਿੰਦੂ ਮਤ ਚੰਗਾ ਹੈ—ਤਾਂ ਕਿਹੜਾ ਹਿੰਦੂਮਤ—ਆਰੀਆ ਸਮਾਜੀ, ਸਨਾਤਨੀ ਜਾਂ ਕੋਈ ਹੋਰ ?

ਅਸੀਂ ਦੇਖਦੇ ਹਾਂ ਕਿ ਜੇ ਭਾਈ, ਪੰਡਤ ਮੁੱਲਾਂ ਤੇ ਪਾਦਰੀ ਕੋਲੋਂ ਇਹ ਮਤਿ ਖੋਹ ਲਈ ਜਾਏ ਕਿ ਆਪ ਕਿਹੜੇ ਧਰਮ ਦਾ ਬੰਦਾ ਹੈਂ ਤੇ ਗੁਰੂ ਗ੍ਰੰਥ ਸਾਹਿਬ ਵਿੱਚੋਂ ਗੀਤਾ ਵਿੱਚੋਂ, ਬਾਈਬਲ ਵਿੱਚੋਂ ਜਾਂ ਕੁਰਾਨ-ਸ਼ਰੀਫ਼ ਵਿੱਚੋਂ ਪਵਿੱਤਰ ਵਾਕ ਉਸਦੀ ਆਪਣੀ ਧਾਰਮਿਕ ਬੋਲੀ ਵਿੱਚ ਅਨੁਵਾਦ (**Translate**) ਕਰਕੇ ਉਸ ਅੱਗੇ ਰੱਖੇ ਜਾਣ ਤਾਂ ਉਹ ਕਦੇ ਵੀ ਇਹ ਪਛਾਣ ਨਹੀਂ ਕਰ ਸਕੇਗਾ ਕਿ ਕਿਸੇ ਵਿੱਚ ਕੁਝ ਫ਼ਰਕ ਹੈ । ਮਤਲਬ ਹੈ, ਮੇਰੇ ਪਿਆਰੇ ਇਨਸਾਨੀਅਤ ਦੇ ਨਾਤੇ, ਵੀਰੋ ਤੇ ਭੈਣੋਂ, ਅਸਾਂ ਧਰਮ ਨੂੰ ਅਧਰਮ ਬਣਾ ਦਿੱਤਾ ਹੈ । ਅਧਰਮ ਬਣਾ ਕੇ ਖ਼ੁਸ਼ ਹੁੰਦੇ ਹਾਂ ਕਿ ਸਾਡੀ ਪਵਿੱਤਰਤਾ ਸ਼ੁੱਧਤਾ ਕਾਇਮ ਹੈ । ਕਾਫ਼ਰ ਜਾਂ ਅਣਮਤੀਏ ਸਾਡੇ ਵਿੱਚ ਨਹੀਂ ਮਿਲੇ, ਅਸੀਂ ਪੂਰੇ ਪਵਿੱਤਰ ਹਾਂ । ਇਸ ਅਧਰਮ ਵਿੱਚ ਫਸ ਕੇ ਅਸੀਂ ਦੂਜੇ ਮੱਤਾਂ ਨੂੰ ਭੈੜਾ ਵੀ ਕਹਿੰਦੇ ਹਾਂ ਅਤੇ ਅਪਵਿੱਤਰ ਵੀ ਸਮਝਦੇ ਹਾਂ । ਪ੍ਰਚਾਰਕ (**Missionary**) ਦਾ ਕੰਮ ਇਹ ਨਹੀਂ ਕਿ ਬਹੁਤੇ ਈਸਾਈ (**Christian**) ਬਣਾਏ ਜਾਂ ਸਿੱਖ ਬਣਾਏ ਜਾਂ ਮੁਸਲਮਾਨ ਬਣਾਏ । ਕਿਸੇ ਵੀ ਧਰਮ ਦਾ ਪ੍ਰਚਾਰਕ (**Missionary**) ਹੋਵੇ, ਉਸ ਦਾ ਕੰਮ ਹੈ ਅਧਰਮ

ਨੂੰ ਕੱਟੇ ਤੇ ਧਰਮ ਫੈਲਾਏ । ਗੁਰੂ ਨਾਨਕ ਦੇ ਘਰ ਤਾਂ ਇਹ ਹੋਰ ਵੀ ਸਾਫ਼ ਹੈ ਕਿਉਂਕਿ ਦੂਸਰੇ ਧਰਮਾਂ ਦੇ ਲੋਕਾਂ ਦੀ ਬਾਣੀ ਵੀ ਗੁਰੂ ਸਾਹਿਬਾਂ ਦੀ ਬਾਣੀ ਨਾਲ ਸਤਿਕਾਰੀ ਹੀ ਨਹੀਂ ਜਾਂਦੀ ਸਗੋਂ ਗੁਰੂ ਦੀ ਪਦਵੀ ਰੱਖਦੀ ਹੈ ।

ਪਰ ਹੁਣ ਤਾਂ ਧਰਮ **(Religion)** ਤੋਂ ਲੋਕੀਂ ਬਹੁਤੇ ਹੀ ਡਰਦੇ ਹਨ, ਕਿਉਂਕਿ–

੧. ਇਸ ਦਾ ਗ਼ਲਤ ਪ੍ਰਚਾਰ, ਗ਼ਲਤ ਪ੍ਰਭਾਵ ਅਤੇ ਗ਼ਲਤ ਅਮਲ **(Practice)** ਲੋਕਾਂ ਨੂੰ ਤੰਗ ਦਿਲ **(Narrow-minded)** ਬਣਾਉਂਦੀ ਹੈ ।

੨. ਵੱਖਰੇ-ਵੱਖਰੇ ਧਰਮਾਂ ਦੇ ਲੋਕਾਂ ਵਿੱਚ ਉਚਰਾਪਨ **(Superiority Complex)** ਪੈਦਾ ਕਰਕੇ ਧਰਮੀ ਅਖਵਾਉਣ ਵਾਲੇ ਆਕੜ ਦੇ ਕਿਲ੍ਹੇ ਬਣਾ ਲੈਂਦੇ ਹਨ ।

੩. ਉਸ ਆਕੜ ਦੀ ਛਾਂ ਹੇਠ ਆਪਣੀ ਲੀਡਰਸ਼ਿਪ ਕਾਇਮ ਕਰਕੇ ਆਪਣੇ ਪੈਰੋਕਾਰਾਂ ਨੂੰ ਹੋਰ ਗੁਮਰਾਹ ਕਰਕੇ ਦੂਜੇ ਧਰਮਾਂ ਦੇ ਲੋਕਾਂ ਨਾਲ ਹੋਰ ਵਿਛੋੜਾ ਦਿਵਾ ਦਿੰਦੇ ਹਨ ।

੪. ਜਿਸ ਧਰਮੀ ਆਗੂ ਵਿੱਚ ਆਕੜ ਤੇ ਨਫ਼ਰਤ ਹੈ ਉਸ ਦਾ ਹਾਲ ਤਾਂ ਬੁਰਾ ਹੋਣਾ ਹੀ ਹੈ ਸਗੋਂ ਉਹ ਕਈਆਂ ਨੂੰ ਨਾਲ ਡੋਬਦਾ ਹੈ ।

੫. "ਧਾਰਮਿਕ ਆਗੂ" ਅਖਵਾਉਣ ਵਾਲੇ ਆਪ ਅੰਧੇਰੇ ਵਿੱਚ ਫਸ ਕੇ ਅੰਦਰੋਂ ਹੋਰ ਤੇ ਬਾਹਰੋਂ ਹੋਰ ਬਣ ਜਾਂਦੇ ਹਨ ਅਤੇ ਧਰਮ ਦੀ ਆੜ ਹੇਠ ਹੇਰਾ ਫੇਰੀਆਂ ਕਰਦੇ ਤੇ ਲੋਕਾਂ ਨੂੰ ਧਰਮ ਦੇ ਨਾਂ ਤੋਂ ਹੋਰ ਡੇਗ ਦਿੰਦੇ ਹਨ ।

## ਪਰ

ਅਸੀਂ ਮੂਰਖ ਲੋਕ ਇਹ ਫ਼ੈਸਲਾ ਗ਼ਲਤ ਕਰ ਲੈਂਦੇ ਹਾਂ ਕਿ ਧਰਮ ਹੀ ਝੂਠਾ ਹੈ । ਆਪ ਦੇ ਚਰਨਾਂ ਵਿੱਚ ਇਕ ਮਜ਼ਬੂਤ ਆਵਾਜ਼ ਵਿੱਚ ਪੂਰੀ ਨਿਮਰਤਾ ਨਾਲ ਕਹਿੰਦਾ ਹਾਂ ਕਿ (ਧਰਮ) **Religion** ਤਾਂ ਰਹਿਮਤ ਹੈ ਇਨਸਾਫ਼ ਹੈ, ਪਿਆਰ ਹੈ, ਨਿਰਵੈਰਤਾ ਹੈ, ਨਿਰਭੈਤਾ ਹੈ, ਇਨਸਾਨੀਅਤ ਹੈ, ਸਾਂਝੀ, ਹਰ ਇਕ ਬੰਦੇ ਦੀ ਸਾਂਝੀਵਾਲਤਾ । ਹਜ਼ਰਤ ਈਸਾ, ਹਜ਼ਰਤ ਮੁਹੰਮਦ ਸਾਹਿਬ, ਕ੍ਰਿਸ਼ਨ ਮਹਾਰਾਜ, ਕਬੀਰ, ਫਰੀਦ, ਰਵਿਦਾਸ, ਨਾਮਦੇਵ ਦੀਆਂ ਗੱਲਾਂ 'ਤੇ ਵੀ ਜਦੋਂ ਇਨਸਾਨ ਚੱਲਦਾ ਹੈ ਤਾਂ ਸੁਭਾਵਿਕ ਹੀ ਉਹ ਵੇਖੇਗਾ ਕਿ ਉਹ ਤਾਂ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਹੁਕਮ



ਪੂਰੀ ਤਰ੍ਹਾਂ ਮੰਨ ਰਿਹਾ ਹੈ । ਮੈਂ ਯਕੀਨ ਨਾਲ ਕਹਿੰਦਾ ਹਾਂ ਤੇ ਇਹ ਯਕੀਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਹਰ ਇਕ ਤੁਕ 'ਚੋਂ ਨਿਕਲਿਆ ਹੈ, ਜਿਹੜਾ ਗੁਰੂ ਨੂੰ ਸਿਰ ਭੇਟ ਕਰਕੇ ਨਿਕਲਦਾ ਹੈ ਕਿ ਸੱਚਾ ਪਵਿੱਤਰ ਮੁਸਲਮਾਨ, ਗੁਰੂ ਨਾਨਕ ਨੂੰ ਭੇਖੀ ਸਿੱਖ ਤੋਂ ਵੱਧ ਪਿਆਰਾ ਹੈ । ਹਜ਼ਰਤ ਈਸਾ ਨੂੰ ਭੇਖੀ ਈਸਾਈ **(Christian)** ਤੋਂ ਵੱਧ ਪਿਆਰਾ ਹੋਏਗਾ ਪੂਰਨ ਸਿੱਖ ਜਾਂ ਪੂਰਾ ਮੁਸਲਮਾਨ । **ਆਉ ਫੇਰ ਰਲ-ਮਿਲ ਕੇ ਇਨਸਾਨੀਅਤ ਦੇ ਧਰਮ ਦੀ ਨੀਂਹ ਰੱਖੀਏ ।** ਇਹ ਕੋਈ ਨਵਾਂ ਧਰਮ ਨਹੀਂ ਤੇ ਨਾ ਹੀ ਇਕ ਧਰਮ ਕੋਈ ਖ਼ਾਸ ਇਨਸਾਨੀਅਤ ਦਾ ਧਰਮ ਹੈ । ਕਿਸੇ ਧਰਮ ਦੇ ਲੋਕ ਆਪਣੇ ਪੂਰਨ ਭਰੋਸੇ ਨਾਲ ਪੂਰਨ ਗੁਰੂ ਦੇ ਆਖੇ ਲੱਗ ਕੇ ਉਹਦੇ ਅਸੂਲਾਂ 'ਤੇ ਚੱਲਣ ਆਪਣੇ ਆਪਣੇ ਰਾਹ 'ਤੇ, ਉਹ ਦੇਖਣਗੇ ਕਿ ਉਹਨਾਂ ਸਾਰਿਆਂ ਦੇ ਰਾਹ ਇਕੋ ਟੀਸੀ 'ਤੇ ਲੈ ਜਾਣਗੇ । ਉਹ ਟੀਸੀ ਹੈ **Truth,** ਸਤਿ ਨਿਰੋਲ ਸਤਿ । **UNADULTERATED TRUTH,** ਜਨੇਊ, ਸੁੰਨਤ, ਜਾਂ ਅੰਮ੍ਰਿਤ ਜਾਂ **BAPTISM** ਦੀ ਅਸਲੀਅਤ ਪਛਾਣਨਾ । ਕੋਈ ਵੀ ਧਰਮ ਜਿਹੜਾ ਇਨਸਾਨਾਂ ਨੂੰ ਨਫ਼ਰਤ ਕਰਨਾ ਸਿਖਾਉਂਦਾ ਹੈ ਉਹ ਵਾਹਿਗੁਰੂ ਦਾ ਧਰਮ ਨਹੀਂ ਹੋ ਸਕਦਾ । ਕਿਸੇ ਲਈ ਕੋਈ ਧਰਮ ਵੀ ਨਫ਼ਰਤ ਨਹੀਂ ਸਿਖਾਉਂਦਾ ਸਗੋਂ ਅਸੀਂ ਪੁੱਠੀ ਮੱਤ ਵਾਲੇ ਟਪਲਾ ਖਾਂਦੇ ਹਾਂ । ਜੇ ਸਭ ਕੁਝ ਵਾਹਿਗੁਰੂ ਕਰਦਾ ਹੈ, ਸਭ ਕੁਝ ਵਾਹਿਗੁਰੂ ਦੀ ਮਰਜ਼ੀ ਨਾਲ ਹੁੰਦਾ ਹੈ ਤਾਂ ਉਹ ਮਹਾਂਪੁਰਸ਼ ਜਿਹੜੇ ਉਸ ਦੇ ਨਾਂ 'ਤੇ ਕੁਝ ਸਿਖਾਉਂਦੇ ਹਨ, ਉਹ ਕਦੇ ਵੀ ਨਫ਼ਰਤ ਨਹੀਂ ਸਿਖਾ ਸਕਦੇ, ਵੈਰ ਨਹੀਂ ਸਿਖਾ ਸਕਦੇ, ਕਿਉਂਕਿ ਵਾਹਿਗੁਰੂ ਪਰਮ ਪਿਆਰ ਹੈ, ਨਿਰਵੈਰ ਹੈ, ਅਸੀਂ ਸਭ ਉਸਦੇ ਪੁੱਤਰ-ਬਰਾਬਰ ਪੁੱਤਰ ਹਾਂ ।

ਦੁਨੀਆਂ ਵਿੱਚ ਅੱਗ ਲੱਗੀ ਹੋਈ ਹੈ । ਅਸਾਂ ਆਪਣੇ ਬੱਚਿਆਂ 'ਤੇ ਆਪ ਜ਼ੁਲਮ ਕੀਤਾ ਹੈ । ਧਰਮ ਦਾ ਝੂਠਾ ਤਰੀਕਾ ਦੱਸ ਕੇ ਤੇ ਆਪ ਮਾਇਆ ਦੇ ਪੂਜਨੀਕ ਹੋਣ ਕਰਕੇ ਉਨ੍ਹਾਂ ਵਿੱਚੋਂ ਵਿਸ਼ਵਾਸ ਮੁਕਾ ਦਿੱਤਾ ਹੈ । ਹੁਣ ਉਹ ਬੇਸਹਾਰਾ ਹੋ ਗਏ ਹਨ, ਧਰਮ ਤੇ ਧਰਮੀ ਆਗੂਆਂ ਨਾਲ ਉਨ੍ਹਾਂ ਦਾ ਬਹੁਤ ਭੇਦ ਹੈ ਤੇ ਉਹ ਬਿਲਕੁਲ ਠੀਕ ਹਨ, ਕਿਉਂਕਿ ਜੇ ਧਰਮ ਇਹੋ ਹੈ ਜੋ ਅਸੀਂ ਅੱਜਕੱਲ੍ਹ ਕਿਸੇ ਮੁਲਕ ਵਿੱਚ ਕਿਸੇ ਹਿੱਸੇ ਵਿੱਚ (ਅਮਲ) **Practice** ਕਰਦੇ ਹਾਂ, ਤਾਂ ਉਹ ਧਰਮ ਮੈਨੂੰ ਵੀ ਨਹੀਂ ਚਾਹੀਦਾ । ਮੈਂ ਵੱਲ ਹਾਂ ਬਗੈਰ ਧਰਮੀ ਬੰਦਾ ਬਣੇ । ਪਰ ਆਉ ਹਜ਼ਰਤ-ਈਸਾ, ਕ੍ਰਿਸ਼ਨ ਮਹਾਰਾਜ, ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ, ਹਜ਼ਰਤ ਮੁਹੰਮਦ ਸਾਹਿਬ ਦਾ ਧਰਮ ਲੋੜੀਏ ਜਿਹੜਾ ਇਕੋ ਹੀ ਹੈ । ਰੀਤਾਂ ਵੱਖਰੀਆਂ ਹਨ; ਪਰ, ਰੀਤਾਂ ਗੁਰੂ ਨਾਨਕ

ਕਹਿੰਦਾ ਹੈ ਕੇਵਲ ਤਾਂ ਪਰਵਾਨ ਹਨ ਜੇ ਅਸਲੀਅਤ ਨੂੰ ਫੈਲਾਉਂਦੀਆਂ ਹਨ ।

ਬਹੁਤ ਸਾਰੀ ਜਵਾਨ ਦੁਨੀਆਂ ਦੁਖੀ ਹੋ ਕੇ ਕਾਹਲੇ ਪੈ ਕੇ ਨਸ਼ਿਆਂ ਦੇ ਨਸ਼ੇ ਦੀ ਸ਼ਿਕਾਰ ਹੋ ਗਈ ਹੈ । ਅਮਰੀਕਾ ਤੇ ਵਲਾਇਤ ਵਿੱਚ ਤਾਂ ਬਹੁਤ ਮੁਸੀਬਤ ਹੈ; ਪਰ ਸਾਡਾ ਦੇਸ਼ ਵੀ ਛੇਤੀ ਇਸ ਮੁਸੀਬਤ ਵਿੱਚ ਫਸਾ ਰਿਹਾ ਹੈ ਆਪਣੇ ਜਵਾਨਾਂ ਨੂੰ । ਪਿਛਲੀਆਂ ਕੀਮਤਾਂ ਤਬਾਹ ਹੋ ਚੁੱਕੀਆਂ ਹਨ ਇਸ ਲਈ ਨਹੀਂ ਕਿ ਕੀਮਤਾਂ ਗ਼ਲਤ ਸਨ, ਸਗੋਂ ਅਸਾਂ ਜਵਾਨਾਂ ਨਾਲ ਧੋਖਾ ਕਰਕੇ ਕੀਮਤਾਂ ਦੀ ਮੂੰਹ ਨਾਲ ਕਦਰ ਕੀਤੀ, ਅੰਦਰੋਂ-ਅੰਦਰ ਉਨ੍ਹਾਂ 'ਤੇ ਨਾ ਚੱਲੇ । ਚਾਹੀਦਾ ਤਾਂ ਇਹ ਸੀ ਕਿ ਧਾਰਮਿਕ ਆਗੂ ਆਪਣਾ ਆਪ ਕੁਰਬਾਨ ਕਰਕੇ "ਤਨ, ਮਨ, ਧਨ" ਸੌਂਪ ਕੇ ਆਪਣੇ ਆਪ ਇਸ਼ਟ ਅੱਗੇ ਨਿਮਰਤਾ ਨਾਲ ਅਰਦਾਸਾਂ ਕਰਕੇ ਇਸ ਹੜ੍ਹ ਤੋਂ ਦੁਨੀਆਂ ਨੂੰ ਬਚਾਉਂਦੇ, ਪਰ ਹੋਇਆ ਇਹ ਹੈ ਕਿ ਧਾਰਮਿਕ ਆਗੂ ਵੀ ਅਧਰਮ ਤੇ ਮਾਇਕ ਪਦਾਰਥਾਂ ਦੇ ਲਾਲਚ ਦੇ ਹੜ੍ਹ ਅੱਗੇ, ਤੇ ਦੁਨਿਆਵੀ ਮਾਣ ਅੱਗੇ, ਸਿਦਕ ਤੋਂ ਹੱਥ ਧੋ ਬੈਠੇ ਹਨ; ਸਗੋਂ ਅਧਰਮ ਦਾ ਸਾਥ ਦੇਣ ਵਿੱਚ ਮਦਦ ਕਰ ਰਹੇ ਹਨ । ਇਹ ਕਹਿ ਕੇ ਕਿ ਜ਼ਮਾਨਾ ਬਦਲ ਗਿਆ ਹੈ ਉਹ (ਕੀਮਤਾਂ) **Values** ਹੁਣ ਨਹੀਂ ਚੱਲ ਸਕਦੀਆਂ (ਨਰਮਾਈ) **Liberalism** ਦੀ ਜ਼ਰੂਰਤ ਹੈ ।

ਪਰ ਆਪ ਬੇਸ਼ੱਕ ਝਾਤੀ ਮਾਰ ਲਉ ਇਤਿਹਾਸ 'ਤੇ, ਸੱਚਾਈ ਕਦੇ ਗ਼ਲਤ ਨਹੀਂ ਸੀ, (ਕੀਮਤਾਂ) **Values** ਕਦੇ ਗ਼ਲਤ ਨਹੀਂ ਸਨ ਜਾਂ ਹੁਣ ਹਨ, ਕੇਵਲ ਅਸੀਂ ਗਿਰ ਚੁੱਕੇ ਹਾਂ, ਇਸੇ ਲਈ ਅਤਿ ਦੁਖੀ ਹਾਂ; ਪਰ ਮਾਇਆ ਤੋਂ ਵਿੱਛੜ ਵੀ ਨਹੀਂ ਸਕਦੇ, ਦੁਨਿਆਵੀ ਪ੍ਰਭੁਤਾ ਵਿੱਚ ਫਸ ਕੇ ਲੋਕਾਂ ਦੀ ਵਾਹ-ਵਾਹ ਵੀ ਖਹਿੜਾ ਨਹੀਂ ਛੱਡਦੀ । ਧਰਮ ਦੇ ਆਗੂ ਵੀ ਬਣੇ ਰਹਿਣਾ ਚਾਹੁੰਦੇ ਹਾਂ । ਚਾਹੀਦਾ ਤਾਂ ਸੀ ਕੋਈ ਆਗੂ ਉੱਠਦਾ ਇਸ ਹੜ੍ਹ ਨੂੰ ਆਪਣਾ ਆਪ ਕੁਰਬਾਨ ਕਰਕੇ ਠੱਲ੍ਹਦਾ । **ਕੋਈ ਗੁਰੂ ਤੇਗ ਬਹਾਦਰ ਵਰਗਾ ਸੂਰਮਾ ਉੱਠਦਾ—ਉਹ ਅਧਰਮ ਤੇ ਜ਼ੁਲਮ ਅੱਗੇ ਸ਼ਹੀਦ ਹੋਇ; ਨਾ ਕਿ ਕਿਸੇ ਮਜ਼੍ਹਬ ਨੂੰ ਭੈੜਾ ਕਹਿਣ ਕਰਕੇ, ਜੋ ਸਭ ਨਾਲ ਪਿਆਰ ਕਰਦਾ, ਆਪਣਾ ਆਪ ਮਿਟਾ ਜਾਂਦਾ ਤੇ ਕਹਿੰਦਾ 'ਪਿਆਰਿਓ ! ਮੈਨੂੰ ਟੋਟੇ-ਟੋਟੇ ਕਰ ਦਿਉ ਪਰ ਸੱਚਾਈ ਇਹੋ ਸੀ, ਇਹੋ ਹੈ, ਇਹੋ ਰਹੇਗੀ ।'**

ਮੇਰੀ ਪ੍ਰਾਰਥਨਾ ਹੈ ਯੂਰਪ, ਅਮਰੀਕਾ ਦੇ (ਨੌਜਵਾਨ) **Youth** ਅੱਗੇ ਤੇ ਸਾਰੀ ਦੁਨੀਆਂ ਦੇ ਧਾਰਮਿਕ ਆਗੂਆਂ ਅੱਗੇ ਕਿ ਉਹ ਆਪਣੇ-ਆਪਣੇ ਧਰਮ ਵਿੱਚ ਆਪਣੀਆਂ ਰਵਾਇਤਾਂ ਨੂੰ ਠੀਕ ਸਮਝ ਕੇ, ਇਨਸਾਨੀਅਤ ਨੂੰ



ਵਾਹਿਗੁਰੂ ਦੀ ਇਕੋ ਕੌਮ ਸਮਝ ਕੇ, ਪਿਆਰ ਤੇ ਸ਼ਰਧਾ ਵਿੱਚ ਆਉਣ 'ਤੇ "ਪਾਗਲ" (ਪੁਰਾਣੀ, ਪਛੜੀਆਂ) **Outdated, Backward Cynical** ਅਖਵਾ ਕੇ ਵੀ ਅਧਰਮ ਦੇ ਹੜ੍ਹ ਨੂੰ ਠੱਲ੍ਹਣ । (ਨੌਜਵਾਨ) **Youth** ਦੁਖੀ ਹੈ (ਪਖੰਡ) **hypocrisy** ਤੋਂ, ਧਰਮ ਦੇ ਅਡੰਬਰ ਤੋਂ, **Youth** ਬਿਲਕੁਲ ਦੁਖੀ ਨਹੀਂ ਸੱਚਾਈ ਤੋਂ । ਜੇ ਸੱਚਾਈ ਉਨ੍ਹਾਂ ਜਵਾਨ ਬੇਟੇ-ਬੇਟੀਆਂ ਤਕ ਅਮਲੀ ਜੀਵਨ ਨਾਲ ਪਹੁੰਚਾਓ ਤਾਂ ਉਹ ਕਦਰ ਕਰਨਗੇ । ਮੈਂ ਮੂਰਖ ਹਾਂ ਪਰ ਜੋ ਸਾਹਿਬ ਲਿਖਾਉਂਦੇ ਹਨ, ਪਹਿਲਾਂ ਤਜਰਬਾ ਕਰਾ ਕੇ ਲਿਖਾ ਰਹੇ ਹਨ । ਮੈਨੂੰ ਮੌਕਾ ਮਿਲਿਆ ਹੈ ਤਕਰੀਬਨ ੨੦ ਸਾਲ ਏਸ਼ੀਆ, ਯੂਰਪ ਤੇ ਅਫ਼ਰੀਕਾ ਦੇ ਕਈ ਮੁਲਕਾਂ ਵਿੱਚ ਰਹਿਣ ਦਾ ਤੇ ਉਨ੍ਹਾਂ ਦੇ ਵਸਨੀਕਾਂ ਨਾਲ ਮਿਲਣ ਦਾ । ਕੁਝ ਦੇਰ ਦੀ ਗੱਲ ਹੈ ਕਿ ਇਕ ਫ਼ਰਾਂਸੀਸੀ ਲੜਕੀ, ਮੇਰੇ ਬੱਚਿਆਂ ਵਾਂਙ ਮੇਰੇ ਨਾਲ ਗੱਲਾਂ ਕਰਦੀ-ਕਰਦੀ ਕਹਿਣ ਲੱਗੀ—ਤੁਸੀਂ ਇਸ ਨੂੰ **(Religion)** ਧਰਮ-ਆਖਦੇ ਹੋ ? ਇਹ ਧਰਮ ਹੈ, ਤਾਂ ਮੈਂ ਮੰਨਦੀ ਹਾਂ ? ਮੈਂ ਉਸਨੂੰ ਦੋ ਲਫ਼ਜ਼ਾਂ ਵਿੱਚ ਕਹਿ ਰਿਹਾ ਸੀ ਕਿ ਗਿਰਜੇ ਜਾਣਾ, ਟੱਲੀਆਂ ਵਜਾਉਣੀਆਂ (ਈਸਾਈ ਧਰਮੀ ਰਸਮ) **Communion** ਕਰਨੇ, ਵਿਆਹ ਸ਼ਾਦੀਆਂ ਕਰਵਾਉਣ ਵੇਲੇ ਪਾਦਰੀ ਬੁਲਾਉਣੇ, ਕੇਵਲ ਇਹ ਧਰਮ ਨਹੀਂ, ਸਗੋਂ ਰੋਜ਼ਾਨਾ ਜ਼ਿੰਦਗੀ ਵਿੱਚ ਹਮੇਸ਼ਾਂ ਆਕੜ ਬਗੈਰ, ਦੁਨੀਆਂ ਦਾ ਭਲਾ ਕਰਦਿਆਂ ਹੋਇਆਂ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੋਂ ਬਚਦਿਆਂ ਹੋਇਆਂ, ਵਾਹਿਗੁਰੂ ਨੂੰ ਹਾਜ਼ਰ-ਨਾਜ਼ਰ ਸਮਝਣਾ, ਇਹ ਧਰਮ ਹੈ । ਅਸਲ ਵਿੱਚ ਜਿਵੇਂ ਸਾਹਿਬ ਲਿਖਾਈ ਜਾਂਦੇ ਹਨ, ਸੌਖੀ ਜ਼ਬਾਨ ਵਿੱਚ ਲਿਖਦਾ ਹਾਂ ਕਿ—

੧ ਧਰਮੀ ਬੰਦਾ (ਕਿਸੇ ਧਰਮ ਦਾ ਵੀ ਹੋਵੇ) ਹਮੇਸ਼ਾਂ ਸਭ ਨਾਲ ਉਸੇ ਤਰ੍ਹਾਂ ਵਰਤਦਾ ਹੈ ਜਿਵੇਂ ਉਹ ਚਾਹੁੰਦਾ ਹੈ ਕਿ ਲੋਕੀਂ ਉਸ ਨਾਲ ਵਰਤਣ (ਹਰ ਹਾਲਤ) **Field** ਵਿੱਚ, ਸਗੋਂ ਭੈੜਿਆਂ ਨਾਲ ਵੀ ਹਮੇਸ਼ਾਂ ਚੰਗਾ ਵਰਤਦਾ ਹੈ ।

੨. ਧਰਮੀ ਬੰਦਾ ਕਦੇ ਕੋਈ ਕੰਮ ਐਸਾ ਨਹੀਂ ਕਰਦਾ ਜਿਹੜਾ ਉਸ ਨੂੰ ਕਦੇ ਵੀ ਕਿਸੇ ਕੋਲੋਂ ਛੁਪਾਉਣਾ ਪਏ; ਇਸ ਲਈ ਕਿ ਇਸ ਦੇ ਪਤਾ ਲੱਗਣ 'ਤੇ ਉਸ ਨੂੰ ਸ਼ਰਮ ਆਵੇਗੀ ।

੩. ਇਹ ਉਤਲੀਆਂ ਦੋ ਗੱਲਾਂ ਕਰਨ ਦੇ ਬਾਅਦ ਵੀ ਉਹ ਨੀਵਾਂ ਰਹੇ, ਤੇ ਆਪਣਾ ਰਾਹ ਨਾ ਛੱਡੇ ਭਾਵੇਂ ਲੋਕੀਂ ਉਸ ਨਾਲ ਉਲਟਾ ਵਰਤਣ ।

(ਫ਼ਰਾਂਸੀਸੀ) **French** ਬੱਚੀ ਕਹਿਣ ਲੱਗੀ ਮੁਸ਼ਕਲ ਹੈ, ਪਰ ਠੀਕ । ਫੇਰ ਮੈਂ ਅਰਜ਼ ਕੀਤੀ, ਇਸੇ ਲਈ ਬੇਟੇ ਅਸੀਂ ਕਹਿੰਦੇ ਹਾਂ ਕਿ ਸਾਹਿਬ

ਅਸੀਂ ਗੁਨਾਹਗਾਰ ਹਾਂ ਤੂੰ ਹੀ ਕਿਰਪਾ ਕਰ । ਨਾਲੇ ਤੇਰੀ ਰਜ਼ਾ ਵਿੱਚ ਰਹੀਏ; ਕਿਉਂਕਿ ਅਸੀਂ ਲਾਚਾਰ ਹਾਂ, ਆਪਣਾ ਰਾਹ ਨਹੀਂ ਖੋਜ ਸਕਦੇ, ਨਾਲੇ ਸਾਨੂੰ ਪਤਾ ਨਹੀਂ ਕਿ ਕੀ ਠੀਕ ਹੈ ਕੀ ਨਹੀਂ । ਬੱਚੀ ਤਾਂ ਖ਼ੁਸ਼ ਹੋ ਗਈ, ਪਰ ਮੈਨੂੰ ਲੱਗਾ ਕਿ ਇਹ ਜ਼ਰੂਰੀ ਹੈ ਕਿ ਬਜਾਏ ਬੱਚਿਆਂ ਨੂੰ ਗੱਲਾਂ ਨਾਲ ਖ਼ੁਸ਼ ਕਰਨ ਦੇ ਅਮਲੀ ਜੀਵਨ ਨਾਲ ਇਸ (ਧਰਮ) **Religion** ਨੂੰ ਲੋਕੀਂ ਪ੍ਰਗਟਾਵਣ । ਕੇਵਲ ਸਤਿਸੰਗ ਦੀ ਮਿਹਰ ਇਹ ਕਰ ਸਕਦੀ ਹੈ । **ਆਓ ਸਤਿਸੰਗ (ਸਰਬਸਾਂਝਾ) International ਸਤਿਸੰਗ ਪੈਦਾ ਕਰੀਏ । ਬਹਿਸਾਂ ਕਰਕੇ ਆਪਣਾ ਧਰਮ ਵੱਡਾ ਸਾਬਤ ਕਰਨ ਲਈ ਨਹੀਂ ਸਗੋਂ (ਧਾਰਮਿਕ ਸਾਂਝੀਵਾਲਤਾ ਚਲਾ ਕੇ (Unity of Religion Establish) ਕਰਕੇ ਅਮਲੀ ਜੀਵਨ 'ਤੇ ਜ਼ੋਰ ਦੇਈਏ ।**

ਕਦੇ ਸੋਚਦਾ ਹਾਂ ਕਿ ਜਵਾਨ ਬੱਚੇ-ਬੱਚੀਆਂ ਜਿਹੜੀ ਨਸ਼ੇ **Drugs** ਵਿੱਚੋਂ (ਦਿਲਚਸਪੀ) **Kick** ਲੈਂਦੇ/ਲੈਂਦੀਆਂ ਹਨ, ਉਹ ਕਦੇ ਧਰਮ ਵਿੱਚ ਲੈ ਸਕਣ ਤਾਂ ਉਹ ਕਦੇ ਨਸ਼ੇ ਨਹੀਂ ਪੀਣਗੇ । ਪਿਆਰਿਓ ! ਕਦੇ ਗੁੱਸੇ ਦਾ ਹੜ੍ਹ ਆਇਆ ਹੋਏ, ਤਾਂ (ਆਪਣੇ ਆਪ ਪਰ ਕਾਬੂ) **Self Control** ਨਾਲ ਰੁਕ ਜਾਏ ਤਾਂ ਫੇਰ ਦੇਖੋ ਕਿਤਨਾ ਖੇੜਾ ਜਾਂ (ਦਿਲਚਸਪੀ) **Kick** ਮਿਲਦੀ ਹੈ, ਜੇ ਕਿਤੇ ਕੰਜਰੀ ਦੇ ਘੇਰੇ ਵਿੱਚ ਆਏ ਹੋਈਏ ਤਾਂ ਕੁਦਰਤੀ ਹੀ ਸਾਹਿਬ ਧਰਮੀ ਰਹਿਣ ਦੀ ਮਤਿ ਨਾਲ ਬਚਾ ਲੈਣ ਤਾਂ ਦੇਖੋ ਉਸੀ ਕੰਜਰੀ ਨੂੰ ਵੀ ਬੇਟੀ ਸਮਝਦਿਆਂ ਹੋਇਆਂ ਸਾਹਿਬਾਂ ਨਾਲ ਪਿਆਰ ਦਾ (ਖੇੜਾ) **Kick** ਮਿਲਦਾ ਹੈ । ਆਓ ਕਮਾਈ ਕਰਕੇ ਦੇਖੀਏ । ਗੱਲਾਂ ਕਰਨਾ ਧਰਮ ਨਹੀਂ । ਨਾਲੇ ਫੇਰ ਕਹਿੰਦਾ ਹਾਂ ਕਿ ਧਰਮ ਇਕੋ ਹੈ । ਇਕ ਧਰਮ (ਇਨਸਾਨੀਅਤ ਦਾ ਧਰਮ-ਸੱਚਾਈ) **Humanity's Religion—Truth.**

ਮੈਂ ਤਾਂ ਇਕ ਮਾਮੂਲੀ ਨੌਕਰ ਹਾਂ ਗੁਰੂ ਨਾਨਕ ਦਾ । ਮਹਿਸੂਸ ਕਰਦਾ ਹਾਂ ਕਿ ਜੇ ਸਾਹਿਬ ਕਦੇ (ਰੋਲਜਕਾਰ) **Royce** ਕਾਰ ਵਿੱਚ ਕਦੇ ਆਪਣੇ ਨੌਕਰ ਨੂੰ ਆਪਣੇ ਕੋਲ ਬਿਠਾਏ ਤੇ ਪੂਰੀ ਇੱਜ਼ਤ ਦੇਵੇ, ਤਾਂ ਨੌਕਰ ਤਾਂ ਨੌਕਰ ਹੀ ਰਹੇਗਾ । ਹਾਂ ਐਸੇ ਨੌਕਰ ਦਾ ਸਾਹਿਬ 'ਤੇ, ਤੇ ਸਾਹਿਬ ਦਾ ਨੌਕਰ ਨਾਲ ਰਿਸ਼ਤਾ (ਅਤੁੱਟ) **in-explicable** ਹੈ । ਇਸ ਰਿਸ਼ਤੇ ਵਿੱਚੋਂ ਨਿਕਲੀ ਮਿਹਰ ਦਾ ਆਸਰਾ ਲੈ ਕੇ ਮੇਰਾ ਵੀਚਾਰ ਹੈ ਕਿ ਜੇ ਸਾਹਿਬ ਚਾਹੁਣ ਤਾਂ ਕੁਝ ਲੇਖ ਲਗਾਤਾਰ ਇਕ (ਲੜੀ) **Series** ਵਿੱਚ ਦੁਨੀਆਂ ਦੀ ਸਾਰੀ ਸੰਗਤ ਅੱਗੇ ਪਹਿਲਾਂ ਪੰਜਾਬੀ ਵਿੱਚ ਤੇ ਫੇਰ ਅੰਗਰੇਜ਼ੀ ਤੇ ਫ਼ਰਾਂਸੀਸੀ ਵਿੱਚ



ਭੇਟਾ ਕਰਾਂ । ਇਹ ਸਾਫ਼-ਸਾਫ਼ ਲਿਖਦਾ ਹਾਂ ਕਿ ਮੈਂ ਤਾਂ ਇਕ ਅਨਪੜ੍ਹ ਬਉਰਾ ਜਿਹਾ ਉੱਲੂ ਹਾਂ, ਪਰ ਜੋ ਕੁਝ ਗੁਰੂ ਗ੍ਰੰਥ ਸਾਹਿਬ ਨੇ ਕਿਰਪਾ ਕਰਕੇ ਮੇਰੇ ਹਿਰਦੇ ਵਿੱਚ ਪਾਇਆ ਹੈ, ਮੈਂ ਜੋ ਕੁਝ ਲਿਖਦਾ ਹਾਂ, ਉਸਦਾ (ਅਨੁਵਾਦ) **Translation** ਹੈ । ਅਗਲੇ ਸਾਰੇ ਲੇਖਾਂ ਵਿੱਚ ਜਿੱਥੇ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਦਾ ਆਸਰਾ ਹਰ ਘੜੀ ਹੋਏਗਾ, ਉੱਥੇ ਇਨਸਾਨੀਅਤ ਦੇ ਇਕੋ (ਧਰਮ) **Religion** ਦੀ ਹੋਂਦ ਦਾ (ਪੱਖ) **Aspect** ਜ਼ੋਰ ਪਕੜੇਗਾ; ਇਸ ਲਈ ਖ਼ਿਆਲ ਹੈ—ਜੇ ਸਾਹਿਬ ਸਿਰੇ ਚਾੜ੍ਹਨ—ਕਿ ਸਾਰੀ ਦੁਨੀਆਂ ਦੇ ਲੋਕਾਂ ਤਕ ਉਨ੍ਹਾਂ ਦੀ ਬੋਲੀ ਵਿੱਚ ਇਹ (ਸੰਦੇਸ਼) **Message** ਪਹੁੰਚਾ ਸਕਾਂ ਕਿ ਬਾਹਰ ਨਾ ਤੱਕੋ, ਅੰਦਰ ਤੱਕੋ, ਅੰਦਰੋਂ ਤੱਕ ਕੇ ਆਪਣੇ ਧਰਮ ਵਿੱਚੋਂ ਹੀ ਰੀਤਾਂ ਦੇ ਜੰਗਲ ਵਿੱਚੋਂ ਨਿਕਲ ਕੇ ਅਮਲ ਦੀ ਸੱਚਾਈ ਵਿੱਚ ਆਓ । ਫੇਰ ਜੇ ਆਪ ਵੀ ਤੇ (ਨੌਜਵਾਨ) **Youth** ਵੀ ਤੇ ਆਪ ਦਾ ਵਾਤਾਵਰਨ ਵੀ ਸੁਖੀ ਨਾ ਹੋਵੇ ਤਾਂ ਮੈਨੂੰ ਕਤਲ ਕਰ ਦੇਣਾ । ਬਾਹਰਲੇ ਭੇਸ ਬਦਲਣ ਨਾਲ, (ਨਾ ਸਵਾਮੀ ਬਣਨ ਨਾਲ, ਨਾ ਸਿੱਖ ਬਣਨ ਨਾਲ, ਨਾ ਚੇਲੇ ਬਣਨ ਨਾਲ) ਕੁਝ ਨਹੀਂ ਬਣ ਸਕਦਾ ਹੈ ।

## ਧਰਮ ਜਾਂ ਪਖੰਡ

ਅੱਜ ੨੪-੧੧-੯੬ ਦਾ ਦਿਨ ਹੈ, ਕੱਲ੍ਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਹੈ । ਮੈਂ ਸ਼ਰਮ ਨਾਲ ਮੂੰਹ ਛੁਪਾਉਂਦਾ ਹਾਂ ਕਿ ਕਿਤੇ ਸਾਹਿਬ ਜੋ ਅੰਤਰਜਾਮੀ ਤਾਂ ਹਨ ਹੀ, ਮੇਰੀਆਂ ਅੰਦਰਲੀਆਂ ਤੇ ਬਾਹਰਲੀਆਂ ਕਰਤੂਤਾਂ ਦਾ ਰਾਜ਼ ਖੋਲ੍ਹ ਦੇਣ ਤਾਂ ਮੇਰੀ ਮਾਇਆ ਦੇ ਰਸ ਵਿੱਚ ਭਿੱਜੀ ਹੋਈ ਭਗਤੀ ਸਾਰੀ ਦੀ ਸਾਰੀ ਨੰਗੀ ਹੋ ਜਾਏ; ਮੇਰਾ ਮੂੰਹ ਕਾਲਾ ਕਰ ਕੇ ਉਨ੍ਹਾਂ ਲੋਕਾਂ ਦੇ ਪੈਰਾਂ ਵਿੱਚ ਰੋਲਿਆ ਜਾਏ ਜਿਨ੍ਹਾਂ ਸਾਹਮਣੇ ਮੈਂ ਮਹਾਂਪੁਰਸ਼ ਬਣ-ਬਣ ਬਹਿੰਦਾ ਹਾਂ । ਪਰ ਉਹ ਸਾਹਿਬ ਹਮੇਸ਼ਾਂ ਦਿਆਲੂ ਹੈ, ਪੜਦੇ ਕੱਜੀ ਰੱਖਦਾ ਹੈ । ਸ਼ਾਇਦ ਇਸੇ ਮਿਹਰ ਦਾ ਸਦਕਾ ਮੈਂ ਆਪਣਾ ਆਪ ਆਪੇ ਹੀ ਖੋਲ੍ਹਣਾ ਚਾਹੁੰਦਾ ਹਾਂ ਤੇ ਪੁੱਛਦਾ ਹਾਂ ਕਿ ਸਾਹਿਬ ਜੀ ਮੇਰੀ ਅਉਗਣਾਂ ਭਰੀ ਜ਼ਿੰਦਗੀ ਜਿਸ ਦੇ ਸਾਰੇ ਵਿਕਾਰ ਧਰਮ ਦੇ ਨਾਂ ਹੇਠ ਮੈਂ ਕੱਜ ਕੇ ਆਪਣੇ ਆਪ ਨੂੰ ਭਗਤ ਸਦਵਾਉਂਦਾ ਹਾਂ, ਆਪ ਨੂੰ ਕੱਲ੍ਹ (੨੫-੧੧-੯੬) ਨੂੰ ਆਪਣੇ ਘਰ ਆਉਣ ਦਾ ਸੱਦਾ ਦੇ ਸਕਦੀ ਹੈ । ਆਪ ਦਾ ਨਾਂ 'ਸੱਚ' ਹੈ ਤੇ ਉਸ ਸੱਚ ਸਾਹਮਣੇ ਮੇਰਾ ਝੂਠ ਨਹੀਂ ਠਹਿਰਦਾ । ਮੁਸੀਬਤ ਹੈ ਕਿ ਮੈਨੂੰ ਆਪ ਨਾਲ ਪਿਆਰ ਤਾਂ ਹੈ ਪਰ ਇਹ ਪਿਆਰ ਮਾਇਆ ਦੇ ਹਰ ਪਸਾਰੇ, ਪਿਆਰ ਤੋਂ ਛੁਟਕਾਰਾ ਪਾਉਣ ਵਿੱਚ ਅਸਫਲ ਹੈ; ਸਗੋਂ ਜੀ ਕਰਦਾ ਹੈ ਕਿ ਆਪ ਵੀ ਮਾਇਆ ਦੇ ਰੰਗ ਵਿੱਚ ਰਿੱਝ ਕੇ ਆਓ ਤਾਂ ਜੋ ਮੇਰਾ ਦੁਨਿਆਵੀ ਰੋਹਬ ਵੀ ਬਣਿਆ ਰਹੇ ਤੇ ਧਰਮੀ ਹੋਣ ਦਾ ਦਾਹਵਾ ਵੀ । ਆਪ ਦੀ ਬਾਣੀ ਅਨੁਸਾਰ ਮੇਰਾ ਆਪਣਾ ਫ਼ੈਸਲਾ ਹੈ ਕਿ ਮੈਂ ਪਖੰਡੀ ਹਾਂ । ਜੇ ਆਪ ਫਿਰ ਵੀ ਲਾਜ ਰੱਖੋ ਤਾਂ ਆਪ ਸੱਚਮੁੱਚ ਪਤਿਤ ਪਾਵਣ ਹੋ । ਕੀ ਮੈਂ ਕੱਲ੍ਹ ਗਾ ਸਕਾਂਗਾ ?—

## ਘਰ ਆਇਆ ਪਿਰ ਮੇਰਾ

ਮੈਂ ਆਪ ਦੇ ਸੋਹਲੇ ਗਾਉਂਦਾ ਹਾਂ ਪਰ ਆਪ ਦੀ ਹਰ ਮਤਿ ਦੇ ਉਲਟ ਚੱਲਦਾ ਹਾਂ । ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਹਜ਼ੂਰ ਬੈਠਾ ਪੜ੍ਹ ਰਿਹਾ ਹਾਂ "**ਮਤਿ ਕੋਈ ਪਿੱਛੋ ਰੋਵਸੀ**"; ਸੁਨੇਹਾ ਆਉਂਦਾ ਹੈ 'ਕੋਈ ਰਿਸ਼ਤੇਦਾਰ ਪੂਰਾ ਹੋ ਗਿਆ ਹੈ', ਝੱਟ ਕੁਰਲਾਹਟ ਮਚਾ ਦਿੰਦਾ ਹਾਂ, ਰੁਮਾਲਾ ਦੇਣਾ ਵੀ ਯਾਦ ਨਹੀਂ ਰਹਿੰਦਾ । ਵਾਹਿਗੁਰੂ ਮੈਨੂੰ ਲੰਮੇ ਵੈਣ ਤੇ ਵੂੜੀਆਂ ਝੱਟ ਸੁੱਝਣ ਲੱਗ ਪੈਂਦੀਆਂ ਹਨ । ਕਿਰਿਆ, ਲੋਕ-ਪਚਾਰਾ ਤੇ ਹੋਰ ਦੁਨੀਆਂ ਦੀ ਤਮਾਸ਼ਬੀਨੀ ਵਿੱਚ ਪੈ ਜਾਂਦਾ ਹਾਂ । ਮਨ ਦਾ ਭਾਰ ਹੌਲਾ ਕਰਨ ਲਈ



ਗੁਰੂ ਨੂੰ ਆਪਣੇ ਭਾਈਚਾਰੇ ਵਿੱਚ ਸਾਥੀ ਬਣਾ ਲੈਂਦਾ ਹਾਂ ਤਾਂ ਜੋ ਸਾਰੀਆਂ ਫ਼ਜ਼ੂਲ ਰਸਮਾਂ, ਸਾਰੀਆਂ ਵਾਹਿਗੁਰੂ ਦੇ ਰਾਹ ਤੋਂ ਰੋਕਣ ਵਾਲੇ ਝੂਠੇ ਰਿਵਾਜ, ਦਸਤਾਰਬੰਦੀਆਂ, ਸ਼ਗਨ ਪਾਏ, ਸਹੁਰਿਆਂ ਵੱਲੋਂ ਭੇਟਾਵਾਂ ਸਭ ਵਿੱਚ ਪੂਰੀ ਤਰ੍ਹਾਂ ਭਾਗ ਲੈ ਕੇ ਇਹ ਸਮਝਦਾ ਹਾਂ ਕਿ ਜਦੋਂ ਗੁਰੂ ਸਾਹਿਬ ਦਾ ਅਖੰਡ ਪਾਠ ਰਖਾ ਲਿਆ ਤਾਂ ਸਭ ਕੁਝ ਠੀਕ ਹੈ । ਨਾਲੇ ਗੁਰੂ ਦੇ ਸਾਹਮਣੇ ਮੈਂ ਬਹੁਤ ਸਾਰਾ ਦਾਨ ਦੇ ਕੇ ਆਪਣਾ ਨਾਂ ਹੋਰ ਉੱਚਾ ਕਰ ਲਿਆ ਹੈ । ਪਰ ਆਪ ਦੇ ਜਨਮ ਦਿਨ ਦੇ ਨੇੜੇ ਦਿਲ ਕਾਹਲਾ ਪੈ ਰਿਹਾ ਹੈ ਕਿਤੇ ਆਪ ਮੇਰੇ ਘਰ ਨਾ ਆਵੋ, ਇਹ ਦੇਖ ਕੇ ਜਦ ਮੌਤ ਦਾ ਸੁਨੇਹਾ ਆਇਆ ਨਾ ਤਾਂ ਮੈਂ (੧) ਵਾਹ-ਵਾਹ, ਜਿਵੇਂ ਤੇਰੀ ਰਜ਼ਾ ਕਿਹਾ, (੨) ਨਾ ਮੈਂ ਇਹ ਸਮਝਿਆ ਕਿ ਮੇਰਾ ਅਸਲੀ ਰਿਸ਼ਤੇਦਾਰ ਮਾਤਾ-ਪਿਤਾ ਤੂੰ ਹੈਂ ਤਾਂ ਮੈਨੂੰ ਕੀ ਆਖੇ ਕਾਹਲੀ, (੩) ਨਾ ਮੈਂ ਇਹ ਜਾਣਿਆ ਕਿ ਜੋ ਤੂੰ ਕਰਦਾ ਹੈਂ ਉਸ ਵਿੱਚ ਬਿਹਤਰੀ ਹੋਏਗੀ, (੪) ਨਾ ਮੈਂ ਲੋਕਾਂ ਨੂੰ ਕਿਹਾ 'ਪਿਆਰਿਓ ! ਅਫ਼ਸੋਸ ਨਾ ਕਰੋ, ਸਾਹਿਬ ਕਦੇ ਗ਼ਲਤ ਕੰਮ ਨਹੀਂ ਕਰਦੇ । ਮੇਰੀ ਇਸ ਵਿੱਚ ਭਲਾਈ ਹੋਏਗੀ ਤੇ, (੫) ਨਾ ਮੈਂ ਉਨ੍ਹਾਂ ਨਾਲ ਵੈਰ ਛੱਡਿਆ ਜਿਹੜਾ ਮੇਰੇ ਨਾਲ ਦਿਖਾਵੇ ਲਈ ਵੀ ਅਫ਼ਸੋਸ ਕਰਨ ਨਾ ਆਏ । ਕੀ ਫਿਰ ਵੀ ਤੂੰ ਫੇਰਾ ਪਾਏਂਗਾ ਮੇਰੇ ਘਰ ?

ਅੱਜ ਮਨ ਵਿੱਚ ਰੰਜ ਵੀ ਹੈ ਤੇ ਸ਼ੌਕ ਵੀ । ਰੰਜ ਇਸ ਗੱਲ ਦਾ ਹੈ ਕਿ ਸਾਰੀ ਦੁਨੀਆਂ ਮੇਰੀ ਅਸਲੀਅਤ ਕਦੇ ਨਹੀਂ ਤੱਕਦੀ, ਉਹ ਜੋ ਬਾਹਰਲਾ ਵਰਤਾਰਾ 'ਗੁਰਸਿੱਖਾਂ' ਵਾਲਾ ਲੱਗਦਾ ਹੈ, ਉਸ ਦੀ ਸ਼ਾਨ ਵਿੱਚ ਮੈਨੂੰ ਦਰਵੇਸ਼ ਆਖਦੇ ਹਨ; ਪਰ ਜੇ ਉਨ੍ਹਾਂ ਦੇ ਆਪਣੇ **Established** (ਚਾਲੂ) ਤਰੀਕਿਆਂ ਤੋਂ ਵੱਖਰਾ ਦਰਵੇਸ਼ ਹੋਣ ਦੀ ਮਤਿ ਲਵਾਂ ਤਾਂ ਲੜਦੇ ਹਨ, ਕਿਉਂਕਿ ਮੇਰੀ ਵਡਿਆਈ ਘਟਦੀ ਹੈ, ਮੈਂ ਉਹੋ ਜਿਹੀ ਦਰਵੇਸ਼ੀ ਕਰਦਾ ਹਾਂ ਜਿਹੋ ਜਿਹੀ ਮਾਇਆ ਦੇ ਪਸਾਰੇ ਵਿੱਚ ਰਚ ਜਾਏ । ਕੋਈ ਕਹਿੰਦਾ ਹੈ, ਅਖੰਡ ਪਾਠ 'ਤੇ ਜ਼ਰੂਰ ਆਉਣਾ ਤੇ ਪ੍ਰਸ਼ਾਦ ਛਕਣਾ, ਕੋਈ ਕਹਿੰਦਾ ਹੈ ਕੀਰਤਨ ਕਰਨਾ ਤੇ ਵਿਆਹ ਵਿੱਚ ਹਿੱਸਾ ਲੈਣਾ । ਮੈਂ ਪੁੱਛਦਾ ਹਾਂ ਅਖੰਡ ਪਾਠ ਕਿਸ ਲਈ ਰਖਾ ਰਹੇ ਹਾਂ ? ਤਾਂ ਕੋਈ ਕਹਿੰਦਾ ਹੈ ਮੁੰਡਾ ਵਲਾਇਤ ਚੱਲਿਆ ਹੈ, ਚੰਗੀ ਨੌਕਰੀ ਮਿਲ ਜਾਏ ਸੂ, ਕੋਈ ਕਹਿੰਦਾ ਹੈ ਕੁੜੀ ਦੀ ਕੁੜਮਾਈ ਹੋਣੀ ਹੈ, ਕੋਈ ਕਹਿੰਦਾ ਹੈ, ਸਾਡੀ ਲਾਟਰੀ ਨਿਕਲੀ ਹੈ, ਕੋਈ ਕਹਿੰਦਾ ਹੈ ਤਰੱਕੀ ਲਈ ਤੇ ਕੋਈ ਕਹਿੰਦਾ ਦੁਕਾਨ ਦੀ ਵਿਕਰੀ ਲਈ । ਮੈਂ ਕਹਿੰਦਾ ਹਾਂ, ਵੀਰ ਜੀ, ਭੈਣ ਜੀ, ਮਾਤਾ ਜੀ, ਬੇਟਾ ਜੀ, ਅਖੰਡ ਪਾਠ ਤਾਂ ਇਕੋ ਗੱਲ ਲਈ ਰੱਖਣਾ ਚਾਹੀਦਾ ਹੈ । ਸਾਹਿਬ ਜੀ, ਨਾਮ ਬਖ਼ਸ਼ੋ, ਬਾਕੀ ਸਭ ਗੱਲਾਂ ਤਾਂ ਆਪਣੇ ਆਪ

ਮਗਰ-ਮਗਰ ਆਉਣਗੀਆਂ, ਨਾਲੇ ਜੇ ਅਖੰਡ ਪਾਠ ਰਖਾ ਕੇ ਇਹੀ ਕਹਿਣਾ ਹੈ ਕਿ ਸਾਹਿਬ ਜੀ ਮਾਇਆ ਦੇ ਚੱਕਰ ਵਿੱਚ ਫਸਾਓ ਤਾਂ ਕੀ ਫ਼ਾਇਦਾ ? ਮੈਂ ਹੱਥ ਜੋੜਦਾ ਹਾਂ, ਮੈਨੂੰ ਮੁਆਫ਼ ਕਰੋ, ਮੈਂ ਨਹੀਂ ਆ ਸਕਦਾ, ਮਾਇਆ ਦੇ ਜੱਫ਼ੇ ਵਿੱਚ ਅਰਦਾਸ ਕਰਨ ਲਈ । ਲੋਕੀਂ ਕਹਿੰਦੇ ਹਨ, ਬੜਾ ਆਕੜਖ਼ਾਨ ਹਾਂ, ਆਪਣੇ ਆਪ ਨੂੰ ਹੀ ਸੱਚਾ ਸਿੱਖ ਸਮਝਦਾ ਹੈ । ਹੋਰ ਸ਼ਰਮ ਆਉਂਦੀ ਹੈ । ਫੇਰ ਚਰਨਾਂ 'ਤੇ ਸੀਸ ਰੱਖ ਕੇ ਮੁਆਫ਼ੀ ਮੰਗ ਕੇ ਟੁਰ ਪੈਂਦਾ ਹਾਂ । ਕੀ ਤੱਕਦਾ ਹਾਂ ?

(੧) ਪਾਠ ਹੋ ਰਿਹਾ ਹੈ, ਭਾਈ ਜੀ ਆਪਣੇ ਪੈਸੇ ਪੂਰੇ ਕਰ ਰਹੇ ਹਨ, ਪਰ ਘਰ ਵਾਲੇ ਹਿਚਕਿਲੀਆਂ ਪਾ ਕੇ ਸਾਰੇ **Atmosphere** (ਵਾਤਾਵਰਨ) ਨੂੰ ਅਪਵਿੱਤਰ ਕਰ ਰਹੇ ਹਨ । ਸਾਰੇ ਹੇਰਾ-ਫੇਰੀ ਦੇ ਰਿਵਾਜ, "ਅੰਦਰਹੁ ਹੋਰ, ਬਾਹਰੋਂ ਹੋਰ" ਦਾ ਸਿਲਸਿਲਾ ਜਾਰੀ ਹੈ । ਪੈਸੇ ਤੇ ਚਮਕੀਲੇ ਅਡੰਬਰ ਦਾ ਜ਼ੋਰ ਹੈ; ਪਰ ਗੁਰੂ ਕੇ ਸਿੱਖ ਗੁਰੂ ਨੂੰ ਮਾਇਆ ਦਾ **Subordinate** (ਅਧੀਨ) ਅੰਗ ਬਣਾ ਕੇ ਤਸੱਲੀ ਕਰ ਰਹੇ ਹਨ ।

(੨) ਜਾਂ ਪਾਠ ਪਿਆਰ ਨਾਲ ਸੁਣਿਆ ਜਾ ਰਿਹਾ ਹੈ । ਬਾਣੀ ਬਹੁਤ ਯਾਦ ਹੈ, ਸਾਰੇ ਬਾਣੀ ਵਿੱਚ ਲੇਬੂ-ਪੇਬੂ ਹਨ; ਪਰ ਸਾਰੇ ਰਿਵਾਜ, ਸਾਰੇ ਅਡੰਬਰ ਰਚ ਰਹੇ ਹਨ ਜੋ ਬਾਣੀ ਮਨ੍ਹਾ ਕਰਦੀ ਹੈ । ਪੈਸੇ ਵਾਲੇ ਲੋਕ ਪੈਸਿਆਂ ਦਾ ਪ੍ਰਭਾਵ ਖਿਲਾਰ ਰਹੇ ਹਨ । ਗੁਰੂ ਸਾਹਿਬ ਦੀ ਬੀੜ ਦਾ ਬਹੁਤ ਸਤਿਕਾਰ ਹੈ, ਗੁਰੂ ਦੇ ਹੁਕਮ ਤੋਂ ਦੂਰ ਹਾਂ ।

ਮੈਂ ਬੋਲਦਾ ਨਹੀਂ, ਕਿਉਂਕਿ 'ਮਹਾਂਪੁਰਸ਼' ਬਣਾ ਕੇ ਲਿਆਇਆ ਗਿਆ ਹਾਂ । ਜੇ ਬੋਲਾਂ ਤਾਂ ਅੱਗੋਂ ਕੋਈ ਬੁਲਾਏਗਾ ਨਹੀਂ । ਪਰ, ਕਿਉਂਕਿ ਮੈਂ ਮਹਾਂਪੁਰਸ਼ਾਂ ਵਾਲੀ ਗੱਲ ਵੀ ਕਰਨੀ ਹੈ ਤਾਂ ਮੈਂ ਗੁੱਸਾ ਕਰ ਲੈਂਦਾ ਹਾਂ, ਪਹਿਲੇ ਜਾਂ ਦੂਜੇ ਉੱਪਰ ਲਿਖੇ **Case** (ਮਾਮਲੇ) ਵਿੱਚ ਨਹੀਂ ਸਗੋਂ ਉਸ **Case** (ਮਾਮਲੇ) ਵਿੱਚ ਜਿੱਥੇ ਮੈਨੂੰ ਸੱਚੇ ਪਿਆਰ ਵਿੱਚ ਬੁਲਾਇਆ ਗਿਆ ਹੈ; ਪਰ ਮੈਂ ਸਾਹਿਬਾਂ ਦਾ ਪ੍ਰਕਾਸ਼ ਕੇਵਲ ਇਕ ਰੁਮਾਲੇ ਵਿੱਚ ਹੋਇਆ ਵੇਖਿਆ, ਥੋੜ੍ਹੀ ਜਗ੍ਹਾ ਵਿੱਚ ਵੇਖਿਆ ਜਾਂ ਗ਼ਲਤੀ ਨਾਲ ਪੂਰੇ ਸਤਿਕਾਰ ਨਾ ਹੋਣ ਦਾ ਭੁਲੇਖਾ ਲੱਗਾ ਤਾਂ ਕ੍ਰੋਧ ਦੇ ਜ਼ੋਰ ਹੇਠਾਂ ਕਹਿ ਦਿੱਤਾ—ਸਤਿਕਾਰ ਕਰੋ ਨਹੀਂ ਤਾਂ ਬਾਬਾ ਜੀ ਉੱਥੋਂ ਚੁਕਵਾ ਲਵਾਂਗੇ । ਅੰਨ੍ਹੇਵਾਹ ਝੂਠ ਦੇ ਪਸਾਰੇ ਹੇਠ ਬਲੈਕ ਦੀ ਆਮਦਨੀ ਹੇਠ, ਰਿਸ਼ਵਤ ਦੇ ਪ੍ਰਭਾਵ ਹੇਠ ਦੁਨਿਆਵੀ ਵੱਡਪੁਣੇ ਦੇ ਪ੍ਰਭਾਵ ਹੇਠ ਕੀਤੀਆਂ ਗੁਰੂ ਦੀਆਂ ਹੁਕਮ ਅਦੂਲੀਆਂ ਅੱਗੇ, ਆਪਣੀ ਨੌਕਰੀ ਪਿੱਛੇ,



ਆਪਣੇ ਮਾਣ ਪਿੱਛੇ, ਆਪਣੇ ਸਤਿਕਾਰ ਪਿੱਛੇ ਮੈਂ ਨਹੀਂ ਬੋਲਦਾ; ਪਰ ਨਿੱਕੇ-ਨਿੱਕੇ ਬਾਹਰਲੀ ਮਰਿਆਦਾ ਦੇ ਸਵਾਲ ਉੱਤੇ ਆਪਣੀ **superiority** (ਉੱਚਾਪਣ) ਦਾ ਠੱਪਾ ਲਾ ਕੇ ਇਹ ਭੁੱਲ ਜਾਂਦਾ ਹਾਂ ਕਿ ਮੇਰੇ ਗੁਰੂ ਨਾਨਕ ਤੂੰ ਤਾਂ ਨਿਮਾਣਾ, ਨੀਵਾਂ ਬਣ ਕੇ, ਹਾਰ ਕੇ ਸਲਾਹ ਦਿੰਦਾ ਸੈਂ, ਕਦੇ ਗੁੱਸਾ ਨਹੀਂ ਸੀ ਕਰਦਾ ।

ਮੈਂ ਸੱਜਣ ਠੱਗ ਸਾਂ, ਜਾਂ ਦੁਨੀ ਚੰਦ ਸਾਂ, ਮੈਂ ਕੌਡਾ ਰਾਖਸ਼ ਸਾਂ ਜਾਂ ਭਾਈ ਲਾਲੋ ਸਾਂ, ਤੇਰਾ ਪਿਆਰ ਇਕੋ ਜਿਹਾ ਜਿਹੜਾ ਮੈਨੂੰ ਤੇਰੇ ਚਰਨਾਂ ਵਿੱਚ ਲਪੇਟ ਲੈਂਦਾ ਸੀ ਤੇ ਮੈਂ ਹਰ ਹਾਲਤ ਵਿੱਚ ਤੇਰਾ ਨੌਕਰ ਬਣਨ ਵਿੱਚ ਖ਼ੁਸ਼ ਰਹਿੰਦਾ । ਹੁਣ ਦੱਸ, ਜੋ ਕੁਝ ਮੇਰੀ ਹਾਲਤ ਹੈ, ਇਹ ਦੇਖਦਿਆਂ ਕੀ ਕੱਲ੍ਹ ਫੇਰਾ ਪਾਏਂਗਾ ?

ਜੇ ਮੈਂ ਲੈਕਚਰਾਰ ਹਾਂ ਤਾਂ ਹਰ ਵੇਲੇ ਮੈਨੂੰ ਇਹ ਮੁਸੀਬਤ ਹੈ ਕਿ ਮੇਰੇ ਤੋਂ ਪਹਿਲਾਂ ਬੋਲਨ ਵਾਲਾ ਜਾਂ ਪਿੱਛੋਂ ਬੋਲਣ ਵਾਲਾ ਜ਼ਿਆਦਾ ਪਿਆਰ ਤਾਂ ਨਹੀਂ ਖਿੱਚ ਰਿਹਾ । ਮੈਂ ਹਰ ਵੇਲੇ ਕੋਸ਼ਿਸ਼ ਕਰਦਾ ਹਾਂ ਉਹ ਗੱਲਾਂ ਕਰਾਂ ਜਿਹੜੀਆਂ ਸੰਗਤਾਂ ਨੂੰ ਚੰਗੀਆਂ ਲੱਗਣ, ਬੇਸ਼ੱਕ ਗੁਰਬਾਣੀ ਤੋਂ ਉਲਟ ਹੋਣ । ਨਾਲੇ ਕੋਸ਼ਿਸ਼ ਕਰਦਾ ਹਾਂ ਕਿ ਕਿਸੇ ਤਰ੍ਹਾਂ ਬਾਕੀ ਲੈਕਚਰਾਰਾਂ ਤੋਂ ਵੱਧ ਪ੍ਰਭਾਵਸ਼ਾਲੀ ਹੋ ਜਾਵਾਂ, ਤਾਂ ਜੋ ਬਹੁਤੀ ਥਾਏਂ ਬੁਲਾਇਆ ਜਾਵਾਂ । ਸਿੱਖਾਂ ਨੂੰ ਸੁਣਾਉਂਦਾ ਹਾਂ ਗੁਰੂ ਨਾਨਕ ਸਭ ਤੋਂ ਵੱਡਾ ਜੇ, ਹਿੰਦੂਆਂ ਨੂੰ ਸੁਣਾਉਂਦਾ ਹਾਂ ਕ੍ਰਿਸ਼ਨ ਵਰਗਾ, ਮੁਸਲਮਾਨਾਂ ਨੂੰ ਸੁਣਾਉਂਦਾ ਹਾਂ ਮੁਹੰਮਦ ਵਰਗਾ ਤੇ ਈਸਾਈਆਂ ਨੂੰ ਸੁਣਾਉਂਦਾ ਹਾਂ ਈਸਾ ਵਰਗਾ ਹੋਰ ਕੋਈ ਨਹੀਂ । ਭੁੱਲ ਜਾਂਦਾ ਹਾਂ ਕਿ ਇਕੋ ਵਾਹਿਗੁਰੂ ਦੇ ਪੁੱਤਰ ਹੀ ਤਾਂ ਹਨ ਸਾਰੇ । ਗੁਰੂ ਨਾਨਕ ਸਾਹਿਬ, ਤੂੰ ਇਹੋ ਕੁਝ ਤਾਂ ਕਹਿੰਦਾ ਹੈਂ, ਪਰ ਮੈਂ ਆਪਣਾ ਮਾਣ ਵਧਾਉਣ ਲਈ ਸੱਚਾਈ ਕਹਿਣੋ ਰੁਕ ਜਾਂਦਾ ਹਾਂ ।

ਜੇ ਮੈਂ ਕੀਰਤਨੀਆਂ ਹਾਂ ਤਾਂ ਮੈਂ ਰੁਕਦਾ ਨਹੀਂ ਦੂਜਿਆਂ ਕੀਰਤਨੀਆਂ ਤੇ ਲੈਕਚਰਾਰਾਂ ਦੇ ਨੁਕਸ ਦੇਖਣੋਂ । ਤੇਰੀ ਰਹਿਮਤ ਨੂੰ ਜਾਣ-ਪਛਾਣ ਕੇ ਵੀ ਇਸ ਦੁਨਿਆਵੀ ਮਾਇਆ ਦੇ ਪਸਾਰੇ ਨੂੰ, ਲੋਕਾਂ ਦੀ ਰਾਏ ਨੂੰ, ਲੋਕਾਂ ਦੇ ਖ਼ਿਆਲਾਂ ਤੇ ਵਿਚਾਰਾਂ ਨੂੰ ਜ਼ਿਆਦਾ **Importance** (ਮਹੱਤਤਾ) ਦਿੰਦਾ ਹਾਂ; ਭਾਵੇਂ ਜਾਪਦਾ ਹੈ ਕਿ ਗੁਰੂ ਉਹ ਗੱਲ ਨਹੀਂ ਕਹਿੰਦਾ । ਸਗੋਂ ਮੈਂ ਆਪ ਵੀ ਬਹੁਤ ਹੀ ਜ਼ਿਆਦਾ ਧਿਆਨ ਦਿੰਦਾ ਹਾਂ, ਕੋਈ ਪਗੜੀ ਕਿਵੇਂ ਬੰਨ੍ਹਦਾ ਹੈ, ਕੋਈ ਕੱਪੜੇ ਕਿਵੇਂ ਪਾਉਂਦਾ ਹੈ, ਕੋਈ ਬਾਹਰੋਂ ਕਿਵੇਂ ਹੈ; ਪਰ ਅੰਦਰ ਦੀ

ਸੁੱਚਤਾ 'ਤੇ ਜ਼ੋਰ ਘੱਟ ਦਿੰਦਾ ਹਾਂ ।

ਮੇਰੇ ਮਾਲਕ ਜੀ ਮੈਂ ਆਪ ਹੀ ਸੋਚੀਂ ਪੈ ਜਾਂਦਾ ਹਾਂ ਕਿ ਜੇ ਮੈਂ ਤੇਰਾ ਬਣ ਚੁੱਕਾ ਹਾਂ ਤਾਂ ਲੋਕਾਂ 'ਤੇ ਸ਼ੱਕ ਕਿਉਂ ਕਰਦਾ ਹਾਂ, ਲੋਕਾਂ ਨਾਲ ਭਰਾਵਾਂ ਵਾਂਙ ਕਿਉਂ ਨਹੀਂ ਵਰਤਦਾ, ਦੁਨਿਆਵੀ ਭਾਈਚਾਰਿਆਂ ਵਿੱਚ ਰਚਿਆ ਕਿਉਂ ਰਹਿੰਦਾ ਹਾਂ, ਆਪਣੀ ਮਤਿ ਨੂੰ ਤੇ ਆਪਣੇ ਧਰਮੀ ਤਰੀਕੇ ਨੂੰ ਸਭ ਤੋਂ ਵੱਧ ਭਰੋਸੇਯੋਗ ਕਿਉਂ ਸਮਝਦਾ ਹਾਂ, ਸਭ ਨਾਲ ਇਕੋ ਜਿਹਾ ਪਿਆਰ ਕਿਉਂ ਨਹੀਂ ਕਰਦਾ, ਸਭ ਨੂੰ ਪਿਆਰ ਕਰਕੇ ਗੁਰੂ ਦੇ ਹੁਕਮਾਂ ਵੱਲ ਕਿਉਂ ਨਹੀਂ ਪ੍ਰੇਰਦਾ ?

ਫੇਰ ਜਦੋਂ ਖ਼ਿਆਲਾਂ 'ਤੇ ਕੋਈ ਨਹੀਂ ਚੱਲਦਾ ਤਾਂ ਇਹ ਨਹੀਂ ਸੋਚਦਾ ਕਿ ਸ਼ਾਇਦ ਮੈਂ ਹੀ ਗ਼ਲਤ ਹੋਵਾਂ, ਹਮੇਸ਼ਾਂ ਸੋਚਦਾ ਹਾਂ ਕਿ ਲੋਕੀਂ ਬੜੇ ਆਕੜੇ ਹੋਏ ਹਨ । ਜੋ ਮੈਨੂੰ ਸਮਝ ਆਉਂਦਾ ਹੈ ਉਹ ਸਭ ਤੋਂ ਉੱਤਮ ਜਾਪਦਾ ਹੈ, ਕਿਸੇ ਦੇ ਅਸਰ ਹੇਠਾਂ ਆਪਣੀ ਰਾਏ ਨਹੀਂ ਬਦਲਦਾ, ਪਰ ਪਤਾ ਨਹੀਂ ਕਿਉਂ ਕਿਸੇ ਨੂੰ ਇਹ ਹੱਕ ਨਹੀਂ ਦਿੰਦਾ । ਕਹਿੰਦਾ ਹਾਂ, ਕੋਈ ਹੋਰ ਵੱਖਰਾ ਰੱਬ ਦਾ ਪਿਆਰਾ ਹੈ, ਮੈਂ ਕਈ ਵਰ੍ਹਿਆਂ ਤੋਂ ਲੱਗਾ ਹੋਇਆ ਹਾਂ ਸਾਹਿਬਾਂ ਦੀ ਸੇਵਾ ਵਿੱਚ । ਹੋਰ ਕਿਸੇ ਨੂੰ ਮੇਰੇ ਤੋਂ ਵੱਧ ਕਿਵੇਂ ਪਤਾ ਹੋ ਸਕਦਾ ਹੈ । ਫੇਰ ਜਦੋਂ ਬਹੁਤ ਸਾਰੇ ਲੋਕੀਂ, ਮੇਰੀ "ਮਹਾਂਪੁਰਸ਼" ਪਦਵੀ ਨੂੰ ਸਤਿਕਾਰ ਕਰਕੇ ਮਾਇਆ ਦੇ ਪਸਾਰੇ ਵਿੱਚ ਮੇਰੀ ਪ੍ਰਵਾਨਗੀ ਹੁੰਦੀ ਹੈ ਤਾਂ ਮੈਂ ਇਹ ਜ਼ਰੂਰ ਸਮਝ ਲੈਂਦਾ ਹਾਂ, ਲੋਕਾਂ ਨਾਲੋਂ ਵੱਖਰਾ, ਅਜੀਬ ਗੱਲਾਂ ਕਰਨ ਵਾਲਾ ਕਿਵੇਂ ਠੀਕ ਹੋ ਸਕਦਾ ਹੈ । ਇਹ ਵੀ ਨਹੀਂ ਯਾਦ ਰਹਿੰਦਾ ਕਿ ਸਾਹਿਬ ਨੇ ਤਾਂ ਸਾਫ਼-ਸਾਫ਼ ਕਿਹਾ ਸੀ ਕਿ ਗੁਰੂ ਕਾ ਸਿੱਖ ਮੇਰੇ ਵਰਗਾ ਦੁਨੀਆਂ ਨੂੰ ਪੂਜਣ ਵਾਲਾ ਜਾਂ ਦੁਨੀਆਂ ਕੋਲੋਂ ਪੂਜਾ ਕਰਾਉਣ ਵਾਲਾ ਜਾਂ ਦੁਨੀਆਂ ਦੇ ਲੋਕ-ਪਚਾਰੇ ਦੇ ਦਾਇਰੇ ਵਿੱਚ ਰਹਿਣ ਵਾਲਾ ਸਿੱਖ ਨਹੀਂ ਹੁੰਦਾ, ਸਗੋਂ ਸਿੱਖ ਤਾਂ ਹਮੇਸ਼ਾਂ ਹੀ—

(੧) ਵੱਖਰਾ ਹੋਏਗਾ ।
(੨) ਵਿਰਲਾ ਹੋਏਗਾ ।
(੩) ਨਿਆਰਾ ਹੋਏਗਾ ।
(੪) ਉਹਦੀਆਂ ਗੱਲਾਂ ਰਾਮ ਕਸੌਟੀ ਦੀਆਂ ਹੋਣਗੀਆਂ ।
(੫) ਉਹ ਦੁਨੀਆਂ ਦੀ ਕਸੌਟੀ 'ਤੇ ਪੂਰਾ ਨਹੀਂ ਹੋਣਾ ਚਾਹੇਗਾ ।
(੬) ਉਹ ਰਾਮ ਦਾ ਪਿਆਰਾ ਝੱਲਿਆਂ ਵਾਂਙ ਅਪਨਾਏਗਾ ਤੇ ਦੁਨੀਆਂ ਵੱਲੋਂ ਮੁੱਖ ਮੋੜੇਗਾ ।



(੭) ਉਹ ਦੁਨੀਆਂ ਦੀ ਵਾਹ-ਵਾਹ ਤੋਂ ਵੱਖਰਾ ਗੁਰਮਤਿ ਵਿੱਚ ਰਹੇਗਾ ।
(੮) ਲੋਕੀਂ ਭੈੜਾ ਚੰਗਾ ਕਹਿਣਗੇ ਪਰ ਉਹ ਬੇਅਸਰ ਹੋਏਗਾ ।
(੯) ਉਹ ਗਾਲਾਂ ਕੱਢਣ ਵਾਲਿਆਂ ਦੇ ਚਰਨਾਂ ਵਿੱਚ ਰਹੇਗਾ ।
(੧੦) ਉਹ ਨਫ਼ਰਤ ਕਿਸੇ ਨਾਲ ਨਹੀਂ ਕਰੇਗਾ । ਪਰ ਮੈਂ ਉਸ ਨਾਲ ਵੀ ਨਫ਼ਰਤ ਕਰਦਾ ਹਾਂ, ਕੀ ਤੂੰ ਮੇਰੇ ਘਰ ਫੇਰ ਵੀ ਆ ਜਾਵੇਂਗਾ ?

ਕੱਲ੍ਹ ਸਾਰੇ ਗੁਰਦੁਆਰਿਆਂ ਵਿੱਚ ਤੇਰੀਆਂ ਬਾਣੀਆਂ ਗਾਈਆਂ ਜਾਣਗੀਆਂ । ਸਾਹਿਬਾਂ ਦੀ ਸਿਫ਼ਤ-ਸਲਾਹ ਹੋਏਗੀ, ਮੈਂ ਗ਼ਰੀਬ ਇਕੱਲਾ ਹਜ਼ਾਰਾਂ ਮੀਲ ਦੂਰ ਬਹਿ ਕੇ ਤੇਰੀ ਇੰਤਜ਼ਾਰ ਕਰਦਾ ਰਹਾਂਗਾ । ਆਵੇਂਗਾ ਨਾ ? ਮਹਿਸੂਸ ਕਰਦਾ ਹਾਂ ਕਿ ਬਿਲਕੁਲ ਇਕੱਲਾ ਹਾਂ, ਜਿਹੜੇ ਸਤਿਸੰਗੀ ਬਣਾਉਂਦਾ ਹਾਂ ਸਾਹਿਬਾਂ ਦੇ ਚਰਨ ਪਕੜਨ ਲਈ, ਉਹ ਕੁਝ ਦੇਰ ਬਾਅਦ ਮੈਨੂੰ ਤੇਰੇ ਨਾਲੋਂ ਨਿਖੇੜ ਕੇ ਦੁਨੀਆਂ ਦੀਆਂ ਵਡਿਆਈਆਂ ਵਿੱਚ ਸੜਨ ਲਈ ਪ੍ਰੇਰਦੇ ਹਨ । ਆਪਣਾ ਰਸੂਖ ਦੱਸ ਕੇ ਮੇਰੇ ਦੁਨਿਆਵੀ ਕੰਮ ਕਰਨ ਲਈ ਜਾਂ ਕਰਵਾਉਣ ਲਈ ਤਾਂ ਤਿਆਰ ਹੋ ਜਾਂਦੇ ਹਨ, ਪਰ ਇਕੋ ਨਾਮ ਦੀ ਪੜ੍ਹਾਈ ਦਾ ਸਾਥ ਦੇਣ ਤੋਂ ਉਕਤਾਅ ਜਾਂਦੇ ਹਨ, ਕਿਉਂਕਿ ਦੁਨੀਆਂ ਵਿੱਚ ਵੀ ਤੇ ਤੇਰੇ ਰਾਹ 'ਤੇ ਉੱਘੇ ਬਣਨਾ ਚਾਹੁੰਦੇ ਹਨ । ਮੈਂ ਡਰ ਜਾਂਦਾ ਹਾਂ ਕਿਉਂਕਿ ਉਨ੍ਹਾਂ ਦਾ ਦੁਨਿਆਵੀ ਰਸੂਖ ਅੱਜ ਮੇਰੇ ਕੰਮ ਕਰੇਗਾ ਤਾਂ ਕੱਲ੍ਹ ਮੈਨੂੰ ਤੇਰੇ ਰਾਹ ਦੀ ਸੱਚਾਈ ਛੱਡ ਕੇ ਉਨ੍ਹਾਂ ਦੇ ਆਖੇ ਲੱਗਣਾ ਪਵੇਗਾ । ਪਰ ਸਾਰੀ ਦੁਨੀਆਂ ਉਨ੍ਹਾਂ ਨਾਲ ਹੈ, ਮੈਂ ਇਕੋ-ਇਕ ਇਕੱਲਾ ਗ਼ਰੀਬ ਤੇਰੇ ਸਹਾਰੇ, ਪਰ ਉਹਦਾ ਵੀ ਪੱਕਾ ਪਤਾ ਨਹੀਂ, ਕਿਉਂਕਿ ਕਰਤੂਤਾਂ ਸਾਰੀਆਂ ਤੇਰੇ ਹੁਕਮਾਂ ਤੋਂ ਉਲਟ ਹਨ, ਇਕ ਤੇਰੀ ਰਹਿਮਤ 'ਤੇ, ਆਣ ਮਿਲੇਂਗਾ ਨਾ, ਭਾਵੇਂ ਮੈਂ ਅਤਿ ਗੁਨਾਹਗਾਰ ਹਾਂ ?

ਕੱਲ੍ਹ ਮੋਮਬੱਤੀਆਂ ਦੀ ਰੌਸ਼ਨੀ ਹੋਏਗੀ ਤੇਰੀ ਆਮਦ ਦੀ ਸ਼ਾਨ ਵਿੱਚ, ਪਰ ਮੇਰੇ ਮਨ ਵਿੱਚ ਆਪਣੀ ਗਿਰਾਵਟ ਤੇ ਵਿਕਾਰਾਂ ਭਰੀ ਕਾਲਖ ਦਾ ਹਨੇਰਾ । ਕਦੇ ਇਸ ਹਨੇਰੇ ਨੂੰ ਮਿਟਾ ਜਾਵੇਂ, ਕਦੇ ਮੇਰੀ ਜ਼ਿੰਦਗੀ ਵਿੱਚ ਸਮਾ ਜਾਵੇਂ, ਕਦੇ ਆਪ ਕਪੁੱਤਰ ਨੂੰ ਸਪੁੱਤਰ ਬਣਾ ਲਵੇਂ, ਤਾਂ ਕੋਈ ਅਸਚਰਜ ਥੋੜ੍ਹੀ ਹੈ ? ਤੂੰ ਹੈ ਹੀ ਗ਼ਰੀਬਾਂ, ਅਨਾਥਾਂ ਦਾ ਮਾਣ । ਮੇਰੇ ਹਰ ਕੰਮ ਵਿੱਚ ਆਪ ਬਹਿਜਾ ।

ਬੱਸ, ਹੁਣ ਇਤਨੀ ਕਿਰਪਾ ਕਰ ਕਿ ਜੇ 'ਧਰਮ' ਦੀ ਗੱਲ ਕਰਾਂ ਤਾਂ **Truth** 'ਸੱਚ' ਦੀ ਕਰਾਂ, ਕੇਵਲ ਗਿਰਜੇ ਵਿੱਚ ਐਤਵਾਰ ਨੂੰ ਨਹੀਂ, ਜਾਂ ਗੁਰਦੁਆਰੇ ਵਿੱਚ ਅੰਮ੍ਰਿਤ ਵੇਲੇ ਨਹੀਂ ਜਾਂ ਮੰਦਰ ਵਿੱਚ ਜਨਮ ਅਸ਼ਟਮੀ

ਨੂੰ ਨਹੀਂ, ਜਾਂ ਮਸੀਤ ਵਿੱਚ ਈਦ ਵਾਲੇ ਦਿਨ ਨਹੀਂ; ਸਗੋਂ ਸੂਲੀ ’ਤੇ ਚੜ੍ਹ ਜਾਵਾਂ, ਸੱਚ ਤੋਂ ਨਾ ਹਟਾਂ, ਗ਼ਰੀਬੀ ਦੀ ਜ਼ਿੰਦਗੀ ਅਪਨਾਵਾਂ ਤੇ ਗ਼ਰੀਬੀ ਨੂੰ ਮਨ, ਬਚ, ਕਰਮ, ਨਾਲ ਨਿਭਾਵਾਂ ਤੇ ਤੇਰੇ ਵਰਗਾ ਹੋ ਜਾਵਾਂ । ਇਕ ਕਿਰਪਾ ਕਰ ਹੋਰ, ਬਹਿਸਾਂ ਵਿੱਚੋਂ ਨਿਕਲ ਜਾਵਾਂ, ਕਿਤਨੇ ਰੁਮਾਲੇ ਗੁਰੂ ਗ੍ਰੰਥ ਸਾਹਿਬ ਨੂੰ ਲਪੇਟਣ ਲਈ, ਕਿਤਨਾ ਉੱਚਾ ਤਖ਼ਤਪੋਸ਼ ਤੇ ਕਿਤਨਾ ਵੱਡਾ ਪਰਦਾ । ਕੇਵਲ ਇਕੋ ਬਹਿਸ ਕਰਾਂ ਆਪਣੇ ਮਨ ਨਾਲ, ਕੀ ਤੇਰਾ ਹੁਕਮ ਮੰਨਦਾ ਹਾਂ ? ਜੇ ਨਹੀਂ, ਤਾਂ ਪਖੰਡੀ ਹਾਂ । ਜੇ ਮੰਨਦਾ ਹਾਂ, ਤਾਂ ਤੂੰ ਆਪ ਮਨਾਉਂਦਾ ਹੈਂ, ਕੀੜੇ ਦਾ ਧਰਮ ਤੂੰ ਆਪ ਪਾਲੀਂ ।

ਸਤਿਨਾਮੁ ॥ ਵਾਹਿਗੁਰੂ ॥
ਸਤਿਨਾਮੁ ॥ ਵਾਹਿਗੁਰੂ ॥
ਸਤਿਨਾਮੁ ॥ ਵਾਹਿਗੁਰੂ ॥
ਸਤਿਨਾਮੁ ॥ ਵਾਹਿਗੁਰੂ ॥
ਸਤਿਨਾਮੁ ॥ ਵਾਹਿਗੁਰੂ ॥
ਸਤਿਨਾਮੁ ॥ ਵਾਹਿਗੁਰੂ ॥



## ਧਰਮ ਨਾਲ ਮਖੌਲ

ਰੋਵਾਂ ਜਾਂ ਹੱਸਾਂ ? ਅਪ੍ਰੈਲ ਦਾ ਮਹੀਨਾ ਚੜ੍ਹਦੇ ਹੀ ਮੇਰੀਆਂ ਨਜ਼ਰਾਂ ੧੩ ਅਪ੍ਰੈਲ ਵੱਲ ਤੱਕਦੀਆਂ ਰਹਿੰਦੀਆਂ ਹਨ ਤੇ ਮੁੜ ੧੬੯੯ ਦੀ ੩੦ ਮਾਰਚ ਵੱਲ ਦੌੜਨ ਲੱਗ ਜਾਂਦੀਆਂ ਹਨ । ਗੁਰੂ ਗੋਬਿੰਦ ਸਿੰਘ ਮਹਾਰਾਜ ਆਪਣੇ ਪੂਰੇ ਜੋਬਨ ਵਿੱਚ ਨੰਗੀ ਸਿਰੀ ਸਾਹਿਬ ਕੱਢ ਕੇ ਲਲਕਾਰ ਰਹੇ ਹਨ—ਮੈਨੂੰ ਸਿਰ ਚਾਹੀਦੇ ਹਨ । ਸਿਦਕ ਵਾਲੇ ਉੱਠ ਖਲੋਤੇ—ਭੇਟਾ ਕੀਤਾ ਆਪਣਾ ਸਿਰ, ਮਨ, ਤਨ, ਤੇ ਸਭ ਕੁਝ । ਗੁਰੂ ਨੇ ਪੰਜ ਸਿਰ ਲੈ ਕੇ ਬੱਸ ਕਰ ਦਿੱਤੀ । ਭਾਰਤ ਦੇ ਵੱਖੋ-ਵੱਖ ਹਿੱਸਿਆਂ ’ਚੋਂ ਆ ਗਏ ਮੇਰੇ ਵੀਰ ਇਕ ਫੁੱਲਵਾੜੀ ਦੀ ਮਹਿਕ ਬਣ ਕੇ, ਜਿਹੜੀ ਫੁੱਲਵਾੜੀ ਮਾਲੀ ਗੁਰੂ ਗੋਬਿੰਦ ਸਿੰਘ ਨੇ ਸਜਾਈ ਤੇ ਜਿਸ ਵਿੱਚ ਮਹਿਲ ਬਣਾਉਣ ਲਈ ਸਿੰਘਾਂ ਨੇ ਆਪਣੇ ਸਿਰ ਨੀਹਾਂ ਵਿੱਚ ਰੱਖਣੇ ਕਬੂਲ ਕੀਤੇ । ਉਸ ਦਿਨ ਗੁਰੂ ਨੇ ਆਪ ਚੇਲਾ ਬਣ ਕੇ ਉਹੀ ਅੰਮ੍ਰਿਤ ਛਕਿਆ, ਜਿਹੜਾ ਪਹਿਲਾਂ ਪੰਜਾਂ ਨੂੰ ਛਕਾਇਆ ਸੀ, ਗੁਰੂ ਬਣ ਕੇ । ਫਿਰ ਸਰਬੰਸ ਲੁਟਾਉਣ ਦਾ ਦਾਅਵਾ ਵੀ ਕੀਤਾ ਸੀ । ਮਨ ਖਿੜ੍ਹ ਜਾਂਦਾ ਹੈ, ਹੱਸ ਪੈਂਦਾ ਹਾਂ ਪਿਆਰ ਵਿੱਚ—ਤੇ ਉਨ੍ਹਾਂ ਪੰਜਾਂ ਪਿਆਰਿਆਂ ਦੇ ਚਰਨਾਂ ਵਿੱਚ, ਖੇੜੇ ਵਿੱਚ ਢਹਿ ਪੈਂਦਾ ਹਾਂ ਇਹ ਆਖ ਕੇ ‘ਸ਼ੁਕਰ ਹੈ ਤੇਰਾ ਮੇਰੀ ਲਾਜ ਰੱਖ ਲਈ, ਨਹੀਂ ਤਾਂ ਪਤਾ ਨਹੀਂ ਮੈਨੂੰ ਹੁਣ ਵੀ ਕਿਤਨਾ ਜ਼ਲੀਲ ਹੋਣਾ ਪੈਂਦਾ ।’ ਹੁਣ ਤਾਂ ਮੈਂ ਚਾਅ ਨਾਲ ਰੋਜ਼ ਅਰਦਾਸ ਕਰਦਾ ਹਾਂ ਕਿ, ਸੱਚੇ ਪਾਤਿਸ਼ਾਹ ! ਉਨ੍ਹਾਂ ਮਹਾਂਪੁਰਸ਼ਾਂ, ਪੰਜਾਂ ਪਿਆਰਿਆਂ, ਚਾਰ ਸਾਹਿਬਜ਼ਾਦਿਆਂ ਦੇ ਨਕਸ਼ੇ ਕਦਮ ’ਤੇ ਚੱਲਣ ਦੀ ਤਾਕਤ, ਰੀਝ ਤੇ ਜੋਸ਼ ਬਖ਼ਸ਼ੋ ! ਪਰ ਜੇ ਮੈਨੂੰ ਆਪ ਪੁੱਛਿਆ ਜਾਏ ਸਿਰ ਦੇਣ ਲਈ ਤਿਆਰ ਹਾਂ, ਤਾਂ ਅਜੇ ਵੀ ਗੁਨਾਹਾਂ ਦਾ ਭਾਰ ਤੇ ਪਦਾਰਥਾਂ ਦਾ ਸਵਾਦ ਕੀ ਪਤਾ ਸਿਰ ਸਵਾਹ ਹੀ ਨਾ ਪਾ ਦੇਵੇ । ਪਰ ੧੬੯੯ ਦੀ ਵਿਸਾਖੀ ਨੂੰ ਯਾਦ ਕਰਕੇ ਤਾਂ ਹੱਸਦਾ ਹੀ ਰਹਿੰਦਾ ਹਾਂ । ਧੰਨ ਗੁਰੂ ਪਿਆਰੇ ।

ਪਰ ਹੁਣ ਹਰ ਵਿਸਾਖੀ ’ਤੇ ਰੋਂਦਾ ਹਾਂ । ਗੁਰੂ ਗੋਬਿੰਦ ਸਿੰਘ ਮਹਾਰਾਜ ਦਾ ਸਿਰ ਵੇਚ ਕੇ ਬਖ਼ਸ਼ਿਆ ਹੋਇਆ ਅੰਮ੍ਰਿਤ ਮਜ਼ਾਕ ਤਾਂ ਬਣ ਹੀ ਗਿਆ ਹੈ ਪਰ ਗੁਰਪੁਰਬ ਮਨਾਉਣਾ ਵੀ ਇਕ ਖੇਡ ਹੀ ਬਣ ਗਈ ਹੈ ।

ਮੈਂ ਪੰਜਾਬ ਤੋਂ ਬਾਹਰ ਰਹਿੰਦਾ ਹਾਂ, ਇਕ ਜ਼ਿਲ੍ਹਾ ਦੇ ਹੈੱਡਕਵਾਟਰ ਦਾ ਸ਼ਹਿਰ ਹੈ । ਇੱਥੇ ਕੋਈ ੫੦-੬੦ ਟੱਬਰ ਹਨ ਸਿੱਖਾਂ ਦੇ । ਉਨ੍ਹਾਂ ਦੇ ਕੰਮ ਸੋਹਣੇ ਹਨ, ਖਾਂਦੇ ਪੀਂਦੇ ਹਨ । ਉਨ੍ਹਾਂ ਨੇ ਗੁਰਦੁਆਰਾ ਵੀ ਬਣਾਇਆ ਹੋਇਆ ਹੈ ਪਰ ਜੋ ਤੂੰ ਕਹਿੰਦਾ ਹੈਂ ਜਾਂ ਗੁਰੂ ਗ੍ਰੰਥ ਸਾਹਿਬ ਕਹਿੰਦੇ ਹਨ, ਉਹ ਉੱਥੇ ਨਹੀਂ ਹੁੰਦਾ, ਉੱਥੇ **Formally** ਤਾਂ ਗੁਰਪੁਰਬ ਤੇ ਵਿਸਾਖੀ ਮਨਾ ਲੈਂਦੇ

ਹਾਂ, ਪਰ ਮਖੌਲ ਜਿਹਾ ਹੀ ਲੱਗਦਾ ਹੈ । ਅੱਜਕੱਲ੍ਹ ਗੁਰਪੁਰਬ ਮਨਾਉਣ ਦਾ ਤਰੀਕਾ ਇਹ ਰਹਿ ਗਿਆ ਹੈ ।

(੧) ਇਹ ਅਖੰਡ ਪਾਠ ਕੋਈ ਸੁਣੇ ਜਾਂ ਨਾ, ਸੁਣੇ ਤੇ ਮੰਨੇ ਜਾਂ ਨਾ, ਅਖੰਡ ਪਾਠ ਰਖਵਾਉਣ ਵਿੱਚ ਪੈਸੇ ਦੇ ਜ਼ੋਰ 'ਤੇ—ਜਿਹੜਾ ਪੈਸਾ **Mostly** ਬਲੈਕ ਦਾ ਕਮਾਇਆ ਹੋਇਆ ਹੋਵੇ **Competition** 'ਤੇ ਦੁਨੀਆਂ ਦੀ ਵਡਿਆਈ ਦਾ ਚਾਓ । ਭਾਉ ਭਗਤੀ ਦਾ ਬਾਹਰਲਾ ਦਿਖਾਵਾ ਤਾਂ ਹੈ ਪਰ ਗੁਰੂ ਦੀ ਸੁੱਚਤਾ, ਗੁਰੂ ਦਾ ਸੱਚ-ਆਚਾਰ ਜ਼ਰੂਰੀ ਨਹੀਂ ।

(੨) ਗੁਰਦੁਆਰੇ ਵਿੱਚ ਬੰਦਾ ਵੜਦਾ ਹੈ ਸਾਢੇ ਅੱਠ-ਨੌਂ ਤੋਂ ਬਾਅਦ, ਉਹ ਵੀ ਐਤਵਾਰ ਜਾਂ ਗੁਰਪੁਰਬ ਨੂੰ ਲੋਕਲ ਲੋਕਾਂ ਨੂੰ ਖ਼ੁਸ਼ ਕਰਨ ਲਈ; ਪ੍ਰੈਜ਼ੀਡੈਂਟ ਤੇ ਸੈਕਟਰੀ ਜਿਹੜੇ ਆਪ ਵੀ ਗੁਰਦੁਆਰੇ ਦੇ ਮੈਂਬਰ, ਪਿਆਰ ਕਰਕੇ ਨਹੀਂ ਸਗੋਂ **Position** ਕਰਕੇ ਬਣੇ ਹੋਏ ਹਨ, ਛੇਤੀ ਤਾਂ ਨਹੀਂ ਆਉਂਦੇ, ਪਰ ਗੁਰਪੁਰਬ 'ਤੇ ਦੂਰੋਂ ਜਥੇ ਮੰਗਾਉਣ ਦੀ ਕੋਸ਼ਿਸ਼ ਕਰਕੇ, ਬਾਹਰਲਿਆਂ ਜਥਿਆਂ ਦਾ **Business** ਵਧਾਉਂਦੇ ਹਨ ਤੇ ਲੋਕਲ ਲੋਕਾਂ ਦੀ **Entertainment.**

(੩) ਕੋਈ ਜਥਾ ਕੀਰਤਨ, ਕੋਈ ਪ੍ਰਚਾਰਕ ਲੈਕਚਰ ਕਰਦਾ ਹੈ, ਪਰ ਨਾ ਸੁਣਨ ਵਾਲਿਆਂ ਦਾ ਤੇ ਨਾ ਹੀ ਸੁਣਾਉਣ ਵਾਲਿਆਂ ਦਾ ਧਿਆਨ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ, ਵੱਲ ਹੁੰਦਾ ਹੈ, ਲੋਕੀਂ ਤਾਂ ਮੇਲੇ ਆਏ ਹੁੰਦੇ ਹਨ ਬੱਚਿਆਂ ਸਮੇਤ, ਕਿਉਂਕਿ ਘਰ ਲੰਗਰ ਨਹੀਂ ਪਕਾਉਣਾ ਪੈਂਦਾ ਤੇ ਅੱਜ 'ਸੇਵਾ' ਵੀ ਹੋ ਰਹੀ ਹੈ ਤੇ ਲੰਗਰ ਵੀ ਗੁਰਦੁਆਰੇ ਹੀ ਮਿਲੇਗਾ । ਕਮੇਟੀ ਦੇ ਪ੍ਰਚਾਰਕ ਬੱਧੇ ਹੋਏ ਹਨ ਆਪਣੇ ਲਾਲਚ ਵਿੱਚ ਤੇ ਸੁਣਨ ਵਾਲੇ ਬੱਧੇ ਹੋਏ ਹਨ ਆਪਣੇ ਲੰਗਰ ਵਿੱਚ, ਮਾਇਆ ਦਾਨ ਵਿੱਚ ।

(੪) ੧੨ ਵਜੇ ਤਕ ਤਾਂ ਇਹ ਤਮਾਸ਼ਾ ਬਣ ਜਾਂਦਾ ਹੈ । ਲੰਗਰ ਦੀ ਇੰਤਜ਼ਾਰ ਤੇ ਲੋਕਲ ਝਗੜਿਆਂ ਦਾ ਦਿਖਾਵਾ ਕੁਝ ਸੁਣਨ ਨਹੀਂ ਦਿੰਦਾ; ਪਰ ਸੁਣਨ ਦਾ ਚਾਅ ਵੀ ਕਿਸ ਨੂੰ ਹੈ ? ਜੋ ਜੋ ਕੁਝ ਗੁਰੂ ਨਾਨਕ ਸਾਹਿਬ ਨੇ ਆਸਾ ਦੀ ਵਾਰ ਵਿੱਚ ਪਖੰਡੀ ਪੰਡਤਾਂ ਬਾਰੇ ਕਿਹਾ ਹੈ ਉਹ ਹੁਣ ਸਾਨੂੰ ਢੁੱਕਦਾ ਹੈ । ਕਿਉਂਕਿ—

੧. ਸਿਰ ਨਿਵਾਉਂਦੇ ਹਾਂ ਪਰ ਮਨ ਕਸੁੱਧ ਹੈ ।
੨. ਮਨ ਵਿੱਚ ਲੋਭ ਦਾ ਸੂਤਕ, ਅੱਖਾਂ ਵਿੱਚ ਪਰਾਈ ਇਸਤਰੀ ਦੇ ਰੂਪ ਦਾ ਸੂਤਕ, ਕੰਨਾਂ ਵਿੱਚ ਨਿੰਦਾ ਦੇ ਸਵਾਦ ਦਾ ਸੂਤਕ ਹੈ ।
੩. ਸੁੱਚਤਾ ਦਰਸਾਉਂਦੇ ਹਾਂ, ਪਰ ਅੰਦਰੋਂ ਹਿਰਦਾ ਸੁੱਚਾ ਨਹੀਂ ।
੪. ਆਕੜ ਵਿੱਚ ਸਭ ਨੂੰ ਮੰਦਾ ਕਹਿੰਦੇ ਹਾਂ ।



੫. ਕੇਵਲ ਇਸ਼ਨਾਨ ਕਰਨ ਨੂੰ ਹੀ ਮਨ ਦੀ ਸੁੱਚਤਾ ਮੰਨ ਲੈਂਦੇ ਹਾਂ ।

ਪਿਛਲੇ ਸਾਲ ਵਿਸਾਖੀ 'ਤੇ ਇਸੇ ਸ਼ਹਿਰ ਵਿੱਚ ਇਕ ਵਿਸਾਖੀ ਦੀ ਰਾਤ ਦਿਖਾਉਣ ਲਈ ਪੰਜਾਬੋਂ ਨੱਚਣ ਵਾਲੀ ਪਾਰਟੀ ਆਈ—ਗੁਰਦੁਆਰੇ ਦੇ ਆਗੂਆਂ ਨੇ ਸਲਾਹ ਕੀਤੀ ਕਿ ੧੦੦,੧੦੦ ਰੁਪਈਆ ਟਿਕਟ ਰੱਖ ਕੇ ਗੁਰਦੁਆਰੇ ਦੇ ਕਮਰੇ ਬਣਾ ਲਈਏ । ਇਹ ਸਮਝ ਲਈਏ ਕਿ—

੧. ਗੁਰੂ ਦੀ ਸ਼ਾਨ ਜਾਂ ਖ਼ਾਲਸੇ ਦਾ ਜਨਮ ਦਿਖਾਉਣ ਦਾ ਕੋਈ ਉਪਰਾਲਾ ਨਹੀਂ ਸੀ ।
੨. ਇਤਨੇ ਪੈਸੇ ਦੇ ਟਿਕਟ ਕੇਵਲ ਬਲੈਕ ਕਮਾਈ ਵਾਲੇ ਤੇ ਸ਼ਰਾਬ ਵਿੱਚ ਗ੍ਰਸਤ ਲੋਕੀਂ ਹੀ ਫ਼ਜ਼ੂਲ ਨਾਚ ਵਿੱਚ ਹਿੱਸਾ ਲੈ ਸਕਦੇ ਹਨ ।

ਇੱਥੋਂ ਦੇ ਇਕ ਉੱਘੇ ਸਮਾਜ-ਸੇਵਕ ਮਹਾਰਾਸ਼ਟਰੀ ਬੰਦੇ ਨੂੰ ਪਤਾ ਚੱਲਿਆ, ੮੯ ਸਾਲ ਦੀ ਉਮਰ ਦੇ ਬਾਵਜੂਦ ਉਨ੍ਹਾਂ ਲੋਕਾਂ ਨੂੰ ਸਮਝਾਇਆ ਕਿ ਕੁਝ ਤਾਂ ਸ਼ਰਮ ਕਰੋ । ਅੱਜ ਤਾਂ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਮਹਾਨ ਪਵਿੱਤਰ ਕਾਰਜ ਦਾ ਦਿਵਸ ਹੈ, ਅੱਜ ਤੇ ਇਸ ਦੀ ਪਵਿੱਤਰਤਾ ਕਾਇਮ ਰੱਖੋ । ਉਨ੍ਹਾਂ ਦੇ ਸਮਝਾਉਣ 'ਤੇ ਵਿਸਾਖੀ ਦੀ ਰਾਤ ਦੇ ਪ੍ਰੋਗਰਾਮ ਤੋਂ ਪਹਿਲਾਂ ਦੋ ਲੈਕਚਰ ਹੋਏ ਨਿਸ਼ਕਾਮ ਬੰਦਿਆਂ ਵੱਲੋਂ ਵਿਸਾਖੀ ਦੀ ਪੂਰੀ ਵਾਰਤਾ 'ਤੇ ਇਸ ਦਾ ਚਮਤਕਾਰ ਦੱਸਣ ਲਈ ।

ਗੁਰਦੁਆਰੇ ਵਿੱਚ ਵੀ ਇਕ ਬਾਹਰੋਂ ਆਏ ਸਿੱਖ ਦਾ ਲੈਕਚਰ ਹੋਇਆ । ਉਨ੍ਹਾਂ ਬਥੇਰੀਆਂ ਜੁੱਤੀਆਂ ਮਾਰੀਆਂ, ਪਰ ਅਸੀਂ ਕਿੱਥੇ ਸਮਝਦੇ ਹਾਂ ? ਉਨ੍ਹਾਂ ਦੱਸਿਆ—

੧. ਕਿੱਥੇ ਹੈ ਉਹ **Atmosphere** ੧੬੯੯ ਦੀ ਵਿਸਾਖੀ ਦਾ, ਜਿਸ ਨੂੰ ਮਨਾ ਰਹੇ ਹਾਂ ?
੨. ਕਿੱਥੇ ਹੈ ਗੁਰੂ ਦਾ ਹੁਕਮ '**ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ**'? ਇਸ ਵੇਲੇ ਤਾਂ ਆਪ ਮੇਲੇ ਆਏ ਹੋ ।
੩. ਕੀ ਅੱਜ ਅਸੀਂ ਗੁਰੂ ਨਾਲ ਫੇਰ ਪ੍ਰਣ ਕਰਨ ਆਏ ਹਾਂ ਕਿ ਸਾਡਾ ਸਿਰ ਆਪ ਨੂੰ ਵਿਕ ਚੁੱਕਾ ਹੈ ਜਾਂ ਆਪਣੀ ਆਕੜ ਵਿੱਚ ਲੰਗਰ ਛਕਣ ਆਏ ਹਾਂ ।
੪. ਕੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਵੱਡੀ ਹੈ, ਕਿ ਸ਼ਰਾਬ ਤੇ ਬੇਈਮਾਨੀ ਦਾ ਪੈਸਾ ਤੇ ਦੁਨੀਆਂ ਦੀ ਵਡਿਆਈ ਵੱਡੀ ਹੈ ?
੫. ਕੀ ਗੁਰਪੁਰਬ ਕੁਝ ਸਿੱਖਣ ਲਈ ਤੇ ਆਪਣੇ ਗੁਰੂ ਨੂੰ ਤੇ ਗੁਰੂ ਪਿਆਰਿਆਂ ਨੂੰ ਸ਼ਰਧਾਂਜਲੀ ਅਰਪਣ ਕਰਨ ਲਈ ਮਨਾ ਰਹੇ ਹਾਂ ਜਾਂ ਆਪਣੇ ਭਾਈਚਾਰਿਕ ਮੇਲੇ ਕਰਨ ਲਈ ।

ਸ਼ੋਰ ਤਾਂ ਨਾ ਘਟਿਆ ਪਰ ਉਸ ਸਿੱਖ ਨੇ ਲਲਕਾਰ ਕੇ ਕਿਹਾ ਕਿ—

੧. ਜੇ ਅਸੀਂ ਅੰਮ੍ਰਿਤ ਵੇਲੇ ਨਹੀਂ ਉੱਠ ਸਕਦੇ ਤਾਂ ਕੀ ਸਿਰ ਦੇ ਦੇਵਾਂਗੇ ?
੨. ਜੇ ਬੇਈਮਾਨੀ ਤੇ ਸ਼ਰਾਬ ਨਹੀਂ ਛੱਡ ਸਕਦੇ ਤਾਂ ਸੱਚੇ-ਸੁੱਚੇ ਕੈਸੇ ਬਣਾਂਗੇ ?
੩. ਜੇ ਅਸੀਂ ਇਤਿਹਾਸਿਕ ਦਿਨ 'ਤੇ ਵੀ ਆਪਣੀ ਖੋਜ ਨਹੀਂ ਕਰਾਂਗੇ ਤਾਂ ਸਾਡਾ ਕੀ ਬਣੇਗਾ ?
੪. ਜੇ ਹੁਣ ਵੀ ਨਹੀਂ ਸਮਝਾਂਗੇ ਕਿ ਗੁਰੂ ਸਾਹਿਬ ਨੇ ਸਾਨੂੰ ਮਰ ਕੇ ਜਿਊਣ ਲਈ ਕਿਹਾ ਸੀ ਤਾਂ ਕਦੋਂ ਸਮਝਾਂਗੇ ?
੫. ਜੇ ਅਜੇ ਵੀ ਜ਼ਾਤ-ਪਾਤ ਨਹੀਂ ਛੱਡਾਂਗੇ ਤਾਂ ਕਦੋਂ ਸਿੱਖਾਂਗੇ । (ਮੈਨੂੰ ਕਿਸੇ ਨੇ ਦੱਸਿਆ ਕਿ ਵਲਾਇਤ ਜਾ ਕੇ ਵੀ ਅੰਮ੍ਰਿਤਧਾਰੀ ਸਿੰਘ, ਚਮਾਰ ਸਿੰਘ, ਤੇ ਮਜ਼ਬੀ ਸਿੰਘਾਂ ਦੀਆਂ ਗੱਲਾਂ ਕਰਦੇ ਹਨ)।
੬. ਜਿਸ ਲੰਗਰ ਨੇ ਜ਼ਾਤ-ਪਾਤ ਮਿਟਾਈ, ਗੁਰੂ ਘਰ ਵਿੱਚ ਗ਼ਰੀਬ ਦੀ ਪੇਟ ਭਰਨ ਦੀ ਉਮੀਦ ਬਣਾਈ, ਅਸੀਂ ਉਸ ਨੂੰ ਵੀ ਆਪਣੀ ਆਕੜ ਤੇ ਰੀਤ ਬਣਾ ਬੈਠੇ ਹਾਂ ।

ਫਿਰ ਉਸ ਸਿੱਖ ਨੇ ਇਕ ਸਿੰਘ ਦੀ ਗੱਲ ਸੁਣਾਈ, ਜਿਹੜਾ ਇਕੱਲਾ ਕਿਸੇ ਵਿਦੇਸ਼ੀ ਸ਼ਹਿਰ ਵਿੱਚ ਰਹਿੰਦਾ ਸੀ ਤੇ ਜਿੱਥੇ ਕੋਈ ਸਤਿਸੰਗ ਜਾਂ ਗੁਰਦੁਆਰਾ ਨਹੀਂ ਸੀ ਹੁੰਦਾ । ਉਹ ਕਿਵੇਂ ਗੁਰਪੁਰਬ ਜਾਂ ਵਿਸਾਖੀ ਮਨਾਉਂਦਾ ਸੀ, ਉਸ ਨੇ ਵਿਸਥਾਰ ਨਾਲ ਦੱਸਿਆ ।

ਵਿਸਾਖੀ ਤੋਂ ਕਈ ਦਿਨ ਪਹਿਲਾਂ ਹੀ ਉਹ ਸੋਚਣ ਲੱਗ ਜਾਂਦਾ ਸੀ ਕਿ ਸਾਹਿਬਾ ਸੰਗਤ ਦੀ ਚਰਨਧੂੜ ਤੋਂ ਤਾਂ ਵਾਂਞਾ ਹੋਇਆ ਹਾਂ ਪਰ ਇਸ ਵਾਰ ਵਿਸਾਖੀ ਵਾਲੇ ਦਿਨ ਤਾਂ ਮੈਨੂੰ ਮੇਰੇ ਵੀਰਾਂ-ਪੰਜਾਂ ਪਿਆਰਿਆਂ ਵਾਂਙ ਕਬੂਲ ਕਰ ਲਈਂ । ਕਹਿ ਦੇਵੀਂ ਜਾਹ ਤੈਨੂੰ ਸ਼ਹੀਦੀ ਬਖ਼ਸ਼ੀ । ਫਿਰ ਉਹ ਦਿਨ-ਰਾਤ ਜੋਦੜੀਆਂ ਕਰਦਾ, ਪਿਆਰ ਨਾਲ ਅੱਖਾਂ ਵਿੱਚ ਅੱਥਰੂ ਭਰਕੇ ਮਿੰਨਤਾਂ ਕਰਦਾ ਰਹਿੰਦਾ । ਪਾਤਿਸ਼ਾਹ ! ਮੈਂ ਕਿਸੇ ਜੋਗਾ ਨਹੀਂ, ਪਰ ਤੇਰੀ ਮਤਿ ਅਨੁਸਾਰ ਹੀ ਸ਼ਹੀਦ ਹੋਣਾ ਚਾਹੁੰਦਾ ਹਾਂ । ਜੇ ਤੂੰ ਕਬੂਲ ਕਰ ਲਵੇਂ ਤਾਂ ਮੈਂ ਸੁਰਖ਼ਰੂ ਹੋ ਜਾਵਾਂ । ਆਪਣੇ ਗ਼ੈਰ-ਸਿੱਖ ਭਰਾਵਾਂ-ਭੈਣਾਂ ਦੀ ਸੇਵਾ ਕਰਦਾ ਤੇ ਆਪਣੇ ਗੁਰੂ ਨੂੰ ਉਨ੍ਹਾਂ ਵਿੱਚ ਦੇਖਦਾ—ਤੇ ਜਦ ਵਿਸਾਖੀ ਆਉਂਦੀ ਤਾਂ ਆਪਣੀ ਇਕੋ-ਇਕ ਸਤਿਸੰਗੀ ਭੈਣ ਨਾਲ ਚਿੱਠੀ ਰਾਹੀਂ ਸਾਹਿਬਾਂ ਦੀਆਂ ਉਹ ਬਖ਼ਸ਼ਿਸ਼ਾਂ ਵੰਡਦਾ ਜਿਹੜੀਆਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਬਹਿ ਕੇ ਉਹ ਆਪ ਮਾਣਦਾ । ਇਸੇ ਭੈਣ ਦੀਆਂ ਚਿੱਠੀਆਂ ਹੀ ਉਸ ਦਾ ਸਾਢੇ ਤਿੰਨ ਸਾਲ ਤਕ ਸਤਿਸੰਗ ਸੀ ।

ਜਦ ਉਹ ਵਾਪਸ ਭਾਰਤ ਆਇਆ ਤਾਂ ਸਾਹਿਬਾਂ ਨੇ ਐਸੀ ਕਲਾ ਵਰਤਾਈ ਕਿ ਉਸ ਨੂੰ ਆਪਣੇ ਕੰਮਾਂ 'ਤੇ ਹੀ ਲਾ ਲਿਆ । ਸਰਕਾਰੀ ਨੌਕਰੀ



ਛੁਡਵਾ ਕੇ ਸਾਹਿਬਾਂ ਨੇ ਉਸ ਦੀ ਡਿਊਟੀ ਲਗਾ ਦਿੱਤੀ ਕਿ—
੧. ਉਹ ਆਪ ਕਮਾਈ ਕਰੇ ਆਪਣੇ ਜੀਵਨ ਵਿੱਚ ਗੁਰੂ ਦੇ ਹੁਕਮਾਂ ਦੀ—ਤੇ ਆਪਣੇ ਜੀਵਨ ਨਾਲ ਗੁਰੂ ਦੇ ਚਰਨਾਂ ਵਿੱਚ ਰਹਿ ਕੇ ਸਾਬਤ ਕਰੇ:- '**ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ ।**'
੨. ਆਪ ਜਪੇ ਤੇ ਦੂਜਿਆਂ ਨੂੰ ਗੁਰੂ ਚਰਨਾਂ ਨਾਲ ਜੋੜੇ ।
੩. ਬਾਹਰਲੀਆਂ ਰਹਿਤਾਂ ਦੇ ਇਲਾਵਾ ਗੁਰੂ ਦੇ ਸਪੱਸ਼ਟ ਹੁਕਮਾਂ 'ਤੇ ਚੱਲਣ ਲਈ ਆਪ ਯਤਨ ਕਰੇ ਤੇ ਦੂਜਿਆਂ ਨੂੰ ਪ੍ਰੇਰੇ ।
੪. ਹਰ ਧਰਮ ਨਾਲ ਪਿਆਰ ਕਰੇ ਤੇ ਸਭ ਧਰਮੀ ਆਗੂਆਂ ਦੀ ਇੱਜ਼ਤ ਕਰੇ ।
੫. ਮਨੁੱਖ ਜਾਤੀ ਦੀ ਸੇਵਾ ਵਿੱਚ ਲੱਗ ਜਾਏ ਤੇ ਦੂਜਿਆਂ ਨੂੰ ਪ੍ਰੇਰੇ ।

ਉਸ ਸਿੱਖ ਨੇ ਦੱਸਿਆ ਕਿ ਸਿੰਘ ਨੇ ਅੰਮ੍ਰਿਤ ਤਾਂ ਛਕਿਆ ਹੋਇਆ ਸੀ ਪਰ ਉਸ ਨੂੰ ਇਨ੍ਹਾਂ ਹੁਕਮਾਂ ਦਾ, ਜਾਂ ਗੁਰੂ ਗ੍ਰੰਥ ਸਾਹਿਬ ਦੀ ਸਕੀਮ ਦਾ ਕੁਝ ਪਤਾ ਨਹੀਂ ਸੀ; ਪਰ ਸੁਤੇ ਸਿੱਧ ਹੀ ਉਸ ਸਿੰਘ ਦੇ ਹੁਣ ਕਈ ਬੱਚੇ ਹਨ, ਕੇਵਲ ਤੇ ਕੇਵਲ ਗੁਰੂ ਚਰਨਾਂ ਦੇ ਪਿਆਰ ਵਿੱਚ ਮਿਲੇ ਸਤਿਸੰਗੀ ਰਿਸ਼ਤੇਦਾਰ, ਪਰ ਘਰ ਦੇ ਰਿਸ਼ਤੇਦਾਰ ਨਹੀਂ । ਉਨ੍ਹਾਂ ਵਿੱਚ ਇਕ ਮਦਰਾਸੀ ਬੱਚੀ ਸਾਢੇ ਚਾਰ ਸਾਲ ਤੋਂ, ਇਕ ਯੂ.ਪੀ. ਦਾ ਮੁੰਡਾ ਤੇ ਇਕ ਮਰਾਠੀ ਬੱਚੀ ਇਕ ਸਾਲ ਤੋਂ, ਤੇ ਕਈ ਹੋਰ ਮੁੰਡੇ-ਕੁੜੀਆਂ ੧੭-੧੮ ਸਾਲਾਂ ਤੋਂ ਲੈ ਕੇ ੪੦ ਸਾਲਾਂ ਤਕ ।

ਇਸ ਵਾਰ ਜਦ ਮੈਂ ਇੱਥੋਂ ਛੁੱਟੀ 'ਤੇ ਗਿਆ ਤਾਂ ਉਸ ਸਿੰਘ ਦਾ ਪਤਾ ਪੁੱਛ ਕੇ ਉਸ ਨੂੰ ਜਾ ਮਿਲਿਆ । ਸਵੇਰੇ ਤਾਂ ਸਾਢੇ ਚਾਰ ਵਜੇ ਰੋਜ਼ ਇਕ ਗੁਰਦੁਆਰੇ ਵਿੱਚ ਉਹ ਤੇ ਸਾਰੇ ਬੱਚੇ ਕੀਰਤਨ ਸੁਣਨ ਜਾਂਦੇ ਹਨ; ਪਰ ਉਸ ਤੋਂ ਬਾਅਦ ਘੰਟਾ ਕੁਝ ਵਿਚਾਰ ਕਰਦੇ ਹਨ ਸਾਹਿਬਾਂ ਦੇ ਹੁਕਮਾਂ ਦੀ ਤੇ ਹੁਕਮਾਂ ਨੂੰ ਜ਼ਿੰਦਗੀ ਵਿੱਚ ਢਾਲਣ ਦੀ । ਫਿਰ ਸਭ ਆਪਣੇ-ਆਪਣੇ ਕੰਮਾਂ 'ਤੇ (ਸਕੂਲ, ਦਫ਼ਤਰ, ਦੁਕਾਨ ਆਦਿ) ਚਲੇ ਜਾਂਦੇ ਹਨ । ਸ਼ਾਮ ਨੂੰ ੧-੨ ਘੰਟੇ ਮੁੜ ਬਹਿ ਜਾਂਦੇ ਹਨ । ਸੋ, ਜਦ ਸਿੰਘ ਨੂੰ ਮਿਲਿਆ ਬੜੀ ਹੀ ਹੈਰਾਨੀ ਹੋਈ । ਝੱਲਾ ਜਿਹਾ ਭਾਈ ਲੱਗਦਾ ਸੀ, ਨਿੱਕੀ ਜਿਹੀ ਚਿੱਟੀ ਪਗੜੀ ਤੇ ਖੁੱਲ੍ਹੀ ਦਾੜ੍ਹੀ, ਮੈਂ ਤਾਂ ਗੁਰਦੁਆਰੇ ਦਾ ਭਾਈ ਹੀ ਸਮਝਿਆ । ਇਕ ਦੋ ਟਿਊਨਾਂ ਵਾਜੇ ਦੀਆਂ ਸਿੱਖ ਕੇ ਬਾਹਰਲਾ ਭੇਖ ਜਤਾ ਕੇ ਲੋਕਾਂ ਨੂੰ ਪੁੱਠੇ ਰਾਹ ਪਾਉਣ ਵਾਲਾ ਹੀ ਲੱਗਿਆ; ਪਰ ਇਕ ਦਿਨ ਕੀ ਦੇਖਦਾ ਹਾਂ ਕਿ ਇਕ ਵੱਡੇ ਸਾਰੇ ਦੁਨਿਆਵੀ ਉੱਘੇ ਅਦਮੀ ਨੇ ਪੈਰਾਂ ਨੂੰ ਹੱਥ ਲਾ ਕੇ ਕਿਹਾ—ਸਾਡੇ ਦਰਸ਼ਨ ਦੇਵੋ । ਉਨ੍ਹਾਂ ਕਿਹਾ—ਇਹ ਚਿੰਗਰਬੋਟ ਵੀ ਨਾਲ ਹੋਵੇਗੀ ? ਬਿਲਕੁਲ ਠੀਕ । ਉਹ ਵੱਡਾ ਆਦਮੀ ਮੇਰਾ ਚਾਚਾ ਹੀ ਸੀ । ਮੈਂ ਵੀ ਚਲਾ ਗਿਆ। ਦੋ ਘੰਟੇ ਉਸ

ਸਿੰਘ ਨੇ ਇਉਂ ਟਿਊਨ 'ਤੇ ਕੀਰਤਨ ਕੀਤਾ, ਨਾਲ ਵਿਆਖਿਆ ਕੀਤੀ । ਸਪੱਸ਼ਟ ਕਰਕੇ ਉਸ ਬਾਣੀ ਦੇ ਹੁਕਮ ਦੱਸੇ ਤੇ ਬਾਣੀ 'ਤੇ ਚੱਲਣ ਦੀ ਤਾਂਘ ਰੱਖਦਿਆਂ ਦੂਜਿਆਂ ਨੂੰ ਅਰਦਾਸਾਂ ਕਰਨ ਲਈ ਕਹਿੰਦੇ, ਚਾਚੇ ਨੂੰ ਬਾਣੀ ਦੇ ਹੁਕਮਾਂ ਰਾਹੀਂ ਬਹੁਤ ਹੀ ਖ਼ਰੀਆਂ ਗੱਲਾਂ ਕਹੀਆਂ ਪਰ ਉਸ ਵਿੱਚ ਨਾ ਆਕੜ ਸੀ ਨਾ ਨਫ਼ਰਤ, ਨਾ ਭੈੜਾ ਕਹਿ ਰਿਹਾ ਸੀ ਕਿਸੇ ਨੂੰ; ਸਗੋਂ ਉਸ ਕਿਹਾ ਮੈਂ ਵੀ ਆਪ ਦੀ ਚਰਨਧੂੜ ਦਾ ਸਦਕਾ ਬੋਲ ਲੈਂਦਾ ਹਾਂ, ਮੇਰਾ ਹਾਲ ਵੀ ਆਪ ਵਰਗਾ ਹੀ ਹੈ । ਇਸ ਦੇ ਬਾਵਜੂਦ ਮੈਨੂੰ ਗੁੱਸਾ ਆ ਰਿਹਾ ਸੀ । ਕੀਰਤਨ ਦੀ ਸਮਾਪਤੀ ਨਾਲ ਉਹਨਾਂ ੧੫-੧੬ ਬੱਚਿਆਂ ਨੇ ਚਾਹ ਤੇ ਬਰਫ਼ੀ ਖਾਧੀ ਤੇ ਚਾਚਾ ਜੀ ਨੇ ਉਸ ਦਾ ਬਹੁਤ ਹੀ ਸਤਿਕਾਰ ਕੀਤਾ। ਉਹ ਆਪ ਇਹ ਕਹਿ ਰਿਹਾ ਸੀ—ਮੈਂ ਹੈਰਾਨ ਹਾਂ ਇਤਨਾ ਸਤਿਕਾਰ—ਮੈਂ ਤਾਂ ਮੂਰਖ ਹਾਂ ਤੇ ਚਾਚਾ ਜੀ ਕਹਿ ਰਹੇ ਸਨ ਇਹ **JUDGEMENT** ਮੈਨੂੰ ਕਰਨ ਦਿਉ । ਦੂਜੇ ਦਿਨ ਸਵੇਰੇ ਸਾਢੇ ਚਾਰ ਵਜੇ ਨਾਲ ਦੇ ਘਰ ਪ੍ਰੋਗਰਾਮ ਬਣ ਗਿਆ । ਉਸੇ ਤਰ੍ਹਾਂ ਸੰਗਤ ਜੁੜੀ ਤੇ ਰੰਗ ਲੱਗਾ । ਫਿਰ ਮੇਰਾ ਜੀਅ ਕੀਤਾ ਕਿ ਉਸ ਸਿੰਘ ਨੂੰ ਨੇੜਿਓਂ ਮਿਲ ਲਵਾਂ । ਉਨ੍ਹਾਂ ਕੋਲ ਮੈਂ ਅੱਜ ਘੰਟਾ ਬਹਿ ਗਿਆ । ਉਨ੍ਹਾਂ ਖ਼ਾਸ ਗੱਲਾਂ ਇਹ ਦੱਸੀਆਂ—

੧. ਤੈਨੂੰ ਮੈਂ ਚੰਗਾ ਲੱਗਦਾ ਹਾਂ—ਮੈਂ ਚੰਗਾ ਨਹੀਂ, ਮੇਰਾ ਗੁਰੂ ਚੰਗਾ ਹੈ, ਭਾਵੇਂ ਮੈਂ ਅਮਲ ਨਹੀਂ ਕਰਦਾ ਪਰ, ਕਿਉਂਕਿ ਮੈਂ ਨਾਮ ਦੀਆਂ ਗੱਲਾਂ ਕਰਦਾ ਹਾਂ, ਨਾਮ ਹੈ ਹੀ ਠੰਢ, ਇਸ ਲਈ ਤੈਨੂੰ ਚੰਗਾ ਲੱਗਦਾ ਹੈ ।

੨. ਤੂੰ ਮੇਰੇ ਵਰਗਾ ਬਣ ਸਕਦਾ ਹੈਂ ਜੇ ਗੁਰੂ ਦੇ ਚਰਨਾਂ ਬਗ਼ੈਰ ਹੋਰ ਕੁਝ ਨਾ ਦੇਖੇਂ ਤੇ ਹਮੇਸ਼ਾਂ ਗੁਰੂ ਦੇ ਆਖੇ ਲੱਗੇਂ ।

੩. ਚਾਲੀ ਸਾਲ ਦੀ ਪਹਿਲੀ ਜ਼ਿੰਦਗੀ ਮੈਂ ਮੋਟਰਾਂ ਵਿੱਚ, ਚੰਗੇ ਮਕਾਨਾਂ ਵਿੱਚ, ਮੌਜ ਵਿੱਚ, ਅਫ਼ਸਰੀ ਵਿੱਚ, ਵਿਦੇਸ਼ੀ ਜੈਕਾਂ ਵਿੱਚ ਗੁਜ਼ਾਰੀ ਹੈ; ਪਰ ਨਾਮ ਦਾ ਸਦਕਾ ਤੇ ਸੇਵਾ ਦਾ ਸਦਕਾ ਜਿਹੜੀ ਮੌਜ ਮੈਂ ਹੁਣ ਕਰਦਾ ਹਾਂ ਉਹ ਇਕ-ਇਕ ਛਿੰਨ ਸਾਰੇ ੪੦ ਸਾਲਾਂ ਨਾਲੋਂ ਚੰਗੀ ਹੈ ।

੪. ਮੇਰਾ ਕੋਈ **Credit** ਨਹੀਂ ਨਾ ਕਮਾਲ ਹੈ । ਕਮਾਲ ਹੈ ਗੁਰੂ ਦਾ, ਉਹਦੀ ਮਿਹਰ ਦੀ ਨਜ਼ਰ ਦਾ । ਹਾਂ, ਇਕ ਹੋਰ ਨਜ਼ਰ ਇਨਾਇਤ ਹੋਈ—**ਗੁਰ ਕਿਰਪਾ ਤੇ ਮੁਗਧ ਮਨੁ ਮਾਨਿਆ (ਅੰ: ੮੬੪)**—ਮੇਰਾ ਮਨ ਮੰਨ ਗਿਆ ਹੈ । ਮੇਰਾ ਗੁਰੂ ਤੋਂ ਬਿਨਾਂ ਹੋਰ ਕੋਈ ਨਹੀਂ ।

੫. ਇਕ ਗੱਲ ਹੋਰ । ਪਹਿਲੇ ਦਿਨ ਤੋਂ ਜਦ ਸਾਹਿਬਾਂ ਨੇ ਮੇਰਾ ਰਾਹ ਬਦਲਿਆ ਮੈਂ ਨੋਟ ਕੀਤਾ ਕਿ ਇਕ-ਇਕ ਅੱਖਰ ਬਾਣੀ ਦਾ ਮੇਰੇ ਅਨੁਭਵ ਨਾਲ (ਕੇਵਲ ਦਿਮਾਗ਼ ਨਾਲ ਨਹੀਂ) ਪੱਥਰ 'ਤੇ ਲਕੀਰ ਹੈ । ਮੈਂ ਕੁਝ ਗਵਾਇਆ ਨਹੀਂ ਸਗੋਂ ਦੁੱਖ ਗਵਾ ਕੇ, ਸੁੱਖ ਤੇ **Permanent** ਸੁੱਖ



ਪਾਇਆ ਹੈ—'**ਕਹੁ ਨਾਨਕ ਮੈਂ ਅਤੁਲ ਸੁਖ ਪਾਇਆ**' ਨਾਲੇ ਜੋ ਕੁਝ ਵੀ ਮੈਂ ਗੁਰੂ ਦੀ ਕਿਰਪਾ ਤੋਂ ਸਮਝਿਆ, ਉਹ ਹੋਰ ਤੋਂ ਹੋਰ ਕਮਾਲ ਹੋਇਆ; ਸੋ, ਮੈਂ ਕਹਿੰਦਾ ਹਾਂ—

੧. ਕੇਵਲ ਵਾਹਿਗੁਰੂ ਬੇਅੰਤ ਨਹੀਂ, ਗੁਰੂ ਵੀ ਬੇਅੰਤ ਹੈ ।
੨. ਕੇਵਲ ਗੁਰੂ ਬੇਅੰਤ ਨਹੀਂ, ਉਸ ਦੀ ਕਿਰਪਾ ਵੀ ਬੇਅੰਤ ਹੈ ।
੩. ਕੇਵਲ ਕਿਰਪਾ ਬੇਅੰਤ ਨਹੀਂ, ਉਸ ਦਾ ਪਿਆਰ ਵੀ ਬੇਅੰਤ ਹੈ ।
੪. ਉਹਦਾ ਪਿਆਰ ਹੀ ਬੇਅੰਤ ਨਹੀਂ, ਉਸ ਦੀ ਖਿਮਾ ਸ਼ਕਤੀ ਵੀ ਬੇਅੰਤ ਹੈ ।
੫. ਉਹਦੀ ਖਿਮਾ ਸ਼ਕਤੀ ਹੀ ਨਹੀਂ, ਉਹ ਆਪ ਸਾਰੇ ਦਾ ਸਾਰਾ ਰਸ ਹੀ ਰਸ ਹੈ ਤੇ ਜਿਸ ਨੂੰ ਚਾਹੇ ਰਸ ਹੀ ਰਸ ਬਣਾ ਸਕਦਾ ਹੈ । ਸੋ, ਮੇਰੇ ਵਿੱਚ ਕੋਈ ਗੁਣ ਨਹੀਂ, ਕੇਵਲ ਗੁਰੂ ਦੀ ਕਿਰਪਾ ਹੈ ।

ਜਦੋਂ ਉਹ ਸਿੰਘ ਇਹ ਗੱਲਾਂ ਕਰ ਰਿਹਾ ਸੀ ਉਹਦੇ ਸਾਰੇ ਦੇ ਸਾਰੇ ਬੱਚੇ ਖੇੜੇ ਵਿੱਚ ਤੇ ਕਦੇ ਗੁਰੂ ਚਰਨਾਂ ਦੇ ਪਿਆਰ ਵਿੱਚ ਅੱਥਰੂ ਵਗਾ ਕੇ ਸੁੱਟ ਰਹੇ ਸਨ । ਉਹਦਾ ਰਿਸ਼ਤੇਦਾਰ ਕੋਈ ਵੀ ਨਹੀਂ ਸੀ; ਪਰ ਇਉਂ ਜਾਪਦਾ ਸੀ ਕਿ ਸਭ ਉਸ ਤੋਂ ਜਾਨ ਵਾਰਨ ਲਈ ਤਿਆਰ ਹੋਣ । ਉਸ ਆਖ਼ਿਰ ਕਿਹਾ, ਬੱਚਿਓ ! ਇਹ ਜੋ ਬੋਲਦਾ ਹਾਂ ਕੇਵਲ ਤੁਹਾਡੇ ਪੈਰਾਂ ਦਾ ਸਦਕਾ ਬੋਲ ਲੈਂਦਾ ਹਾਂ । ਮੈਨੂੰ ਅਕਲ ਥੋੜ੍ਹੀ ਹੈ ।

ਇਸ ਵਿਸਾਖੀ 'ਤੇ ਮੈਂ ਫਿਰ ਰੋ ਰਿਹਾ ਹਾਂ । ਹੈ ਕੋਈ ਐਸਾ ਪਿਆਰਾ, ਮੇਰਾ ਮੀਤ ਜਿਹੜਾ ਮੁੜ ੧੬੯੯ ਵਾਲੀ ਵਿਸਾਖੀ ਦੇ ਦ੍ਰਿਸ਼ ਵਾਲੀ ਝਲਕ ਆਪਣੇ ਜੀਵਨ ਵਿੱਚੋਂ ਦਰਸਾਏ । ਮੇਰੇ ਔਗੁਣ ਬਹੁਤ ਹਨ ਪਰ ਮੈਨੂੰ ਚਾਅ ਹੈ ਸਿੱਖ ਬਣਨ ਦਾ ।

ਮੇਰੀ ਆਵਾਜ਼ ਸੁਣ ਲੈਣਾ ਪੰਜੇ ਪਿਆਰਿਓ ! ਮੇਰੇ 'ਤੇ ਕਿਰਪਾ ਕਰੋ—

੧. ਮੈਂ ਕੁਝ ਨਾ ਰਹਾਂ । ੨. ਮੈਂ ਕਦੇ ਕੁਝ ਨਾ ਬਣਾਂ । ੩. ਮੈਂ ਸਭ ਦੀ ਚਰਨਧੂੜ ਬਣ ਕੇ ਸਭ ਨਾਲ ਪਿਆਰ ਕਰਾਂ । ੪. ਜ਼ੁਲਮ ਵਿਰੁੱਧ ਜਾਨ ਦੀ ਬਾਜ਼ੀ ਲਗਾ ਦੇਵਾਂ । ੫. ਸਵਾਸ-ਸਵਾਸ ਨਾਮ ਜੱਪਾਂ । ੬. ਨਿੰਦਾ-ਚੁਗ਼ਲੀ, ਵੈਰ-ਵਿਰੋਧ ਮੇਰਾ ਸਾਥ ਛੱਡ ਦੇਣ । ੭. ਪੰਜਾਂ ਚੋਰਾਂ 'ਤੇ ਮੈਂ ਹੁਕਮ ਚਲਾ ਸਕਾਂ । ੮. ਗੁਰੂ ਚਰਨਾਂ ਦੇ ਆਸ਼ਰਮ ਵਿੱਚ ਰਹਾਂ । ੯. ਕਦੇ ਕਿਸੇ ਨਾਲ ਵੈਰ ਨਾ ਕਰਾਂ ।

ਗੁਰੂ ਗੋਬਿੰਦ ਸਿੰਘ ਮਹਾਰਾਜ ! ਜੇ ਚਾਅ ਉਪਜਿਆ ਹੈ ਤਾਂ ਇਸ ਵਿਸਾਖੀ 'ਤੇ ਪੂਰਾ ਕਰੋ । ਧਰਮ ਦਾ ਪ੍ਰਤੀਕ ਬਣ ਜਾਵਾਂ, ਮਖ਼ੌਲ ਨਹੀਂ ।

# ਧਰਮ ਦੇ ਮੁੱਢਲੇ ਅਸੂਲ

ਜਦੋਂ ਪਤਾ ਲੱਗ ਜਾਏ ਕਿ ਮੈਂ ਨਿਤਾਣਾ ਹਾਂ, ਤਾਂ ਤਾਣ ਵਾਲੇ ਦਾ ਆਸਰਾ ਲੈਣ ਨੂੰ ਜੀਅ ਕਰਦਾ ਹੈ; ਪਰ ਜਦੋਂ ਇਹ ਪਤਾ ਲੱਗ ਜਾਏ ਕਿ ਤਾਣ ਵਾਲਾ ਕਦੇ ਵੀ ਆਸਰਾ ਦੇਣੋਂ ਨਾਂਹ ਨਹੀਂ ਕਰਦਾ ਤਾਂ ਜੀਅ ਕਰਦਾ ਹੈ ਕਿ ਅਸੀਂ ਨਿਤਾਣੇ ਹੀ ਰਹੀਏ, ਤਾਂ ਜੋ ਤਾਣ ਵਾਲੇ ਬਣ ਕੇ ਜ਼ੁਲਮ ਕਰਨ ਵਾਲੇ ਨਾ ਬਣ ਜਾਈਏ। ਜਦੋਂ ਪੂਰਨ ਤਾਣ ਵਾਲਾ ਵਾਹਿਗੁਰੂ ਸਾਡਾ ਪੂਰਨ ਆਸਰਾ ਹੈ ਤਾਂ ਉਸੇ ਆਸਰੇ ’ਤੇ ਆਪਣਾ ਸਾਰਾ ਜੀਵਨ ਕੱਟਣ ਦਾ ਯਤਨ ਕਰੀਏ। ਆਓ, ਰਲ-ਮਿਲ ਕੇ ਵਿਚਾਰਦੇ ਹਾਂ ਕਿ ਸਾਹਿਬਾਂ ਦੇ ਪੂਰਨ ਆਸਰੇ ਵਾਲਾ ਜੀਵਨ ਕਿਹੋ ਜਿਹਾ ਹੋਵੇਗਾ।

ਸਾਡੀਆਂ ਆਦਤਾਂ ਵਿਗੜ ਚੁੱਕੀਆਂ ਹਨ। ਪਦਾਰਥਾਂ ਦੇ ਸ਼ੌਕ ਨੇ ਸਾਨੂੰ ਅੰਨ੍ਹਾ ਕਰ ਸੁੱਟਿਆ ਹੈ। ਅਸੀਂ ਵਾਹਿਗੁਰੂ ਨੂੰ ਇਕ ਖਿਡੌਣਾ ਸਮਝ ਬੈਠੇ ਹਾਂ ਜਿਸ ਨਾਲ ਕੋਈ ਸਵੇਰ ਵੇਲੇ ਕੋਈ ਰਾਤ ਵੇਲੇ, ਕੋਈ ਪੰਜ ਵੇਲੇ, ਕੋਈ ਐਤਵਾਰ, ਕੋਈ ਸ਼ੁੱਕਰਵਾਰ, ਕੋਈ ਮੰਗਲਵਾਰ ਤੇ ਕੋਈ ਅੰਮ੍ਰਿਤ ਵੇਲੇ ਖੇਡ ਲੈਂਦਾ ਹੈ। ਇਸ ਖੇਡ ਨੂੰ ਹੋਰ ਖੇਡਾਂ ਵਾਂਙ ਸਮਝੀ ਬੈਠੇ ਹਾਂ ਜਾਂ ਜਿਵੇਂ ਇਕ ਸੁਣਿਆ ਸੁਣਾਇਆ ਹੋਰ ਕੰਮਾਂ ਵਾਂਙ ਇਕ ਕੰਮ। ਮਤਲਬ ਇਹ ਕਿ ਸਾਡਾ **Religion** (ਧਰਮ) ਵੀ ਇਕ **Compartment** (ਕਮਰੇ) ਵਿੱਚ ਬੰਦ ਹੈ। ਇਕ ਟੁਕੜਾ ਹੈ ਜੀਵਨ ਦੇ ਕਈ ਟੁਕੜਿਆਂ ਵਾਂਙ; ਜਿਵੇਂ ਬੁਰਸ਼ ਕਰਦੇ ਹਾਂ, ਰੋਟੀ ਖਾਂਦੇ ਹਾਂ, ਸਕੂਲ ਜਾਂ ਦਫ਼ਤਰ ਜਾਂਦੇ ਹਾਂ ਜਾਂ ਦੁਕਾਨ ’ਤੇ ਜਾਂਦੇ ਹਾਂ, ਜਾਂ ਸ਼ਾਮ ਵੇਲੇ ਪਾਰਟੀਆਂ, ਸਿਨੇਮੇ ਤੇ ਹੋਰ ਕੰਮਾਂ ’ਤੇ ਜਾਂਦੇ ਹਾਂ, ਵਾਹਿਗੁਰੂ ਦਾ ‘ਕੰਮ’ ਵੀ ਕਰ ਛੱਡਦੇ ਹਾਂ। ਹਰ ਇਕ ਬੰਦੇ ਦੇ ਚਰਨਾਂ ਵਿੱਚ ਮੇਰਾ ਸਨਿਮਰ ਪੈਗ਼ਾਮ ਹੈ ਕਿ ਵਾਹਿਗੁਰੂ ਦਾ ਕੰਮ ਜ਼ਿੰਦਗੀ ਦੇ ਹਰ ਸਵਾਲ ਦਾ ਕੰਮ ਹੈ ਤੇ ਬਾਕੀ ਸਾਰੇ ਕੰਮ ਇਸ ਤੋਂ ਕੇਵਲ ਹੇਠਾਂ ਹੀ ਨਹੀਂ ਸਗੋਂ ਕਿਸੇ ਗਿਣਤੀ ਵਿੱਚ ਹੀ ਨਹੀਂ। ਜੇ ਉਹ ਵਾਹਿਗੁਰੂ ਸਰਬ ਵਿਆਪਕ ਹੈ, ਸਰਬ ਸ਼ਕਤੀਮਾਨ ਹੈ ਤੇ ਪੂਰਨ ਸਮਰੱਥ ਹੈ ਜਿਹੜਾ ਕਿ ਅਸੀਂ ਮੰਨਦੇ ਹਾਂ, ਤਾਂ ਉਹ ਸਾਡੇ ਜੀਵਨ ਦਾ ਇਕ-ਇਕ ਪਲ ਦਾ ਹਿੱਸਾ ਵੀ ਹੈ—ਸਗੋਂ ਉਸ ਵਿੱਚ ਤੇ ਸਾਡੇ ਵਿੱਚ ਭੇਦ ਹੀ ਕੋਈ ਨਹੀਂ, ਭੇਦ ਹੈ ਤਾਂ ਆਕੜ ਦਾ। ਸਾਡੀ ‘ਮੈਂ’ਉਸ ਨੂੰ ਆਪਣੇ ਨਾਲ ਮਿਲਣ ਨਹੀਂ ਦਿੰਦੀ। ਆਓ ਕੋਸ਼ਿਸ਼ ਕਰੀਏ ਇਹ ਸਮਝਣ ਦੀ ਕਿ ਵਾਹਿਗੁਰੂ ਵਿੱਚ ਵਿਸ਼ਵਾਸ ਹੁੰਦਿਆਂ ਹੋਇਆਂ ਵੀ ਸਾਡਾ ਜੀਵਨ **Almost Always** (ਸਰਾਸਰ) ਉਨ੍ਹਾਂ ਆਚਰਣ-ਚਿੰਨ੍ਹਾਂ ਤੋਂ ਦੂਰ ਹੁੰਦਾ ਹੈ



ਜਿਹੜੇ ਵਾਹਿਗੁਰੂ ਨਾਲ ਜੋੜੇ ਜਾਂਦੇ ਹਨ। ਧਰਮ ਜਾਂ **Religion** ਕੀ ਹੈ ? ਜੋ ਮੇਰੇ ਵਰਗੇ ਅੱਲ੍ਹੜ ਨੂੰ ਸਮਝ ਲੱਗੀ ਹੈ, ਉਹ **Negatively** (ਨਾਂਹ ਵਿੱਚ) ਦੱਸਦਾ ਹਾਂ। ਮਤਲਬ ਇਹ, ਇਕ ਧਰਮ ਕੀ ਨਹੀਂ ?

(੧) ਕੇਵਲ ਰਾਮ ਵਾਹਿਗੁਰੂ ਰੱਟਾ ਲਾਉਣਾ ਧਰਮ ਨਹੀਂ।
(੨) ਕੇਵਲ ਧਰਮ ਦੇ ਚਿੰਨ੍ਹ ਪਾ ਲੈਣੇ ਧਰਮ ਨਹੀਂ।
(੩) ਕੇਵਲ ਧਰਮ ਅਸਥਾਨ ’ਤੇ ਮੱਥਾ ਟੇਕ ਆਉਣਾ ਧਰਮ ਨਹੀਂ।
(੪) ਕੇਵਲ ਧਰਮੀ ਪੁਸਤਕਾਂ ਪੜ੍ਹ ਛੱਡਣੀਆਂ ਜਾਂ ਕੀਰਤਨ ਸੁਣ ਜਾਂ ਕਰ ਲੈਣੇ ਧਰਮ ਨਹੀਂ।
(੫) ਕੇਵਲ ਧਾਰਮਿਕ ਸੋਸਾਇਟੀਆਂ ਬਣਾ ਲੈਣੀਆਂ ਤੇ ਕੇਵਲ ਧਾਰਮਿਕ ਰਸਾਲੇ ਛਾਪ ਲੈਣੇ ਧਰਮ ਨਹੀਂ।

ਜਦੋਂ ਤਕ **POSITIVE SIDE** (ਹਾਂ ਵਿੱਚ) ਤੋਂ ਇਸ ਹਰ ਕਰਮ ਵਿੱਚ ਮਨ ਨਾਲ ਆਪਣਾ ਆਪ ਮਿਟਾ ਕੇ ਸਰਬੱਤ ਦੇ ਭਲੇ ਦਾ ਸ਼ੌਕ ਰੱਖ ਕੇ, ਕਿਸੇ ਨੂੰ ਮਾੜਾ ਨਾ ਕਹਿੰਦਿਆਂ ਹੋਇਆਂ ਹਰ ਘੜੀ ਸਾਹਿਬਾਂ ਦੇ ਨਾਮ ਤੇ ਯਾਦ ਵਿੱਚ ਜੁੜ ਕੇ ਓਹੋ ਵਰਤਾਰਾ ਕੀਤਾ ਜਾਏ ਜੋ ਆਪਣੇ ਸੁਭਾਵ ਨੂੰ ਵਾਹਿਗੁਰੂ ਜੀ ਦੀ ਸੱਚਾਈ ਤੇ ਪਰਖਣ ’ਤੇ ਠੀਕ ਹੋਵੇ। ਕਰਵਾਉਣ ਵਾਲਾ ਤਾਂ ਸਾਹਿਬ ਹੈ ਪਰ ਇਸ ਆਸ਼ੇ ਤੋਂ ਬਿਨਾਂ ਬਾਹਰਲੀਆਂ ਰੀਤਾਂ ਨਾਲ ਧਰਮ ਨਹੀਂ ਬਣਦਾ। ਪਰ ਜੇ ਬਾਹਰਲੀਆਂ ਰੀਤਾਂ ਇਨ੍ਹਾਂ ਅੰਦਰਲੇ ਭਾਵਾਂ ਨੂੰ ਅਮਲੀ ਰੂਪ ਪਵਾ ਰਹੀਆਂ ਹਨ ਤਾਂ ਉਨ੍ਹਾਂ ਤੋਂ ਪੂਰੀ ਤਰ੍ਹਾਂ ਕੁਰਬਾਨ ਜਾਈਏ, ਕਿਸੇ ਧਰਮ ਦੀ ਵੀ ਕੋਈ ਰੀਤ ਕਿਉਂ ਨਾ ਹੋਵੇ।

ਪਤਾ ਨਹੀਂ ਮੇਰੇ ਵਰਗੇ ਅਪਰਾਧੀ ਜਾਹਲ ਦਾ ਇਹ **Analysis** (ਵਿਸ਼ਲੇਸ਼ਣ) ਠੀਕ ਹੈ ਜਾਂ ਨਹੀਂ; ਪਰ ਮੈਂ ਤਾਂ ਨਾਚੀਜ਼ ਕੁੱਤਾ ਹਾਂ—ਉਹ ਵੀ ਗ਼ੰਦਗੀ ਤੇ ਬਿਮਾਰੀ ਦਾ ਮਾਰਿਆ ਹੋਇਆ ਬਿਲਕੁਲ ਨਾ-ਸਮਝ ਹਾਂ; ਪਰ ਜੋ ਸਾਹਿਬ ਨੇ ਮਤਿ ਦਿੱਤੀ ਹੈ ਤੇ ਆਪਣੀ ਕਿਰਪਾ ਨਾਲ ਲਿਖਾਉਂਦੇ ਹਨ ਲਿਖ ਦੇਂਦਾ ਹਾਂ।

ਜਦੋਂ ਵਾਹਿਗੁਰੂ ਜੀ ਸਾਡੇ ਜੀਵਨ ਦੇ ਹਰ ਪਹਿਲੂ ਵਿੱਚ ਤੇ ਹਰ ਘੜੀ, ਹਰ ਪਲ ਤੇ ਹਰ ਗੱਲ ਵਿੱਚ ਪ੍ਰਗਟ ਹੋਣ ਤਾਂ ਆਪ ਹਿਸਾਬ ਲਾਓ ਕਿ ਜੀਵਨ-ਜਾਚ ਕਿਹੋ ਜਿਹੀ ਹੋਵੇਗੀ।

ਹੈਰਾਨੀ ਇਸ ਗੱਲ ਦੀ ਹੈ ਕਿ ਧਰਮੀ ਜਾਂ ਅਧਰਮੀ ਬੰਦੇ ਇਹ ਸਮਝ ਬੈਠੇ ਹਨ ਕਿ ਜਿਹੜੇ ਬਾਹਰਲੇ ਚਿੰਨ੍ਹਾਂ ਨਾਲ ਤੇ ਬਾਹਰਲੇ ਕਰਮਾਂ

ਨਾਲ ਸੁਸ਼ੋਭਿਤ ਹਨ, ਉਹ ਧਰਮੀ ਹਨ ਤੇ ਜਿਹੜੇ ਬਾਹਰਲੇ ਕਰਮ ਚਿੰਨ੍ਹਾਂ ਤੋਂ ਰਹਿਤ ਹਨ ਉਹ ਅਧਰਮੀ ਹਨ ।

## ਅਸਲੀਅਤ ਜ਼ਰੂਰੀ ਤੌਰ 'ਤੇ ਇੰਞ ਨਹੀਂ

ਧਰਮੀ ਬੰਦੇ ਦਾ ਬਾਹਰੋਂ-ਅੰਦਰੋਂ ਇਕੋ ਜਿਹਾ ਹੋਣਾ ਜ਼ਿਆਦਾ ਜ਼ਰੂਰੀ ਹੈ ਬਨਿਸਬਤ ਅਧਰਮੀ ਬੰਦੇ ਦੇ, ਕਿਉਂਕਿ ਅਧਰਮੀ ਨੂੰ ਤਾਂ ਸਭ ਜਾਣਦੇ ਹਨ ਕਿ ਇਸ ਨਾਲ ਮੇਲ ਠੀਕ ਨਹੀਂ, ਪਰ ਧਰਮੀ ਦਾ ਇਤਬਾਰ ਕਰਕੇ ਧੋਖਾ ਖਾ ਕੇ ਅਸੀਂ ਇਹ ਫ਼ੈਸਲਾ ਕਰ ਲੈਂਦੇ ਹਾਂ ਕਿ ਧਰਮ ਠੀਕ ਵਸਤੂ ਨਹੀਂ । ਅਧਰਮੀ ਦਿੱਸਣ ਵਾਲਾ ਬੰਦਾ ਅੰਦਰੋਂ ਕੁਝ ਚੰਗਿਆਈਆਂ ਅਮਲ ਵਿੱਚ ਲਿਆ ਕੇ ਇਹ ਸਾਬਤ ਕਰ ਦਿੰਦਾ ਹੈ ਕਿ ਅਧਰਮੀ ਰਹਿਣਾ ਹੀ ਠੀਕ ਹੈ ।

ਬਦਕਿਸਮਤੀ ਇਹ ਹੈ ਕਿ ਦੋਵੇਂ ਧਿਰਾਂ ਇਕ **Vicious Circle** (ਦੁਸ਼ਟ-ਚੱਕਰ) ਵਿੱਚ ਪੈ ਜਾਂਦੀਆਂ ਹਨ । ਧਰਮ ਆਪਣੀਆਂ ਬਾਹਰਲੀਆਂ ਰੀਤਾਂ ਦੀ ਆਕੜ ਵਿੱਚ ਮਸਤ ਹੈ । ਅਧਰਮੀ ਇਹ ਸਮਝ ਬੈਠਾ ਹੈ ਕਿ ਇਹੋ ਜਿਹੇ ਧਰਮ ਤੋਂ ਐਵੇਂ ਹੀ ਵੱਲ ਹਾਂ । **ਸਾਡੇ ਧਾਰਮਿਕ ਇਸ਼ਟ ਤੇ ਹੋਰ ਮਹਾਂਪੁਰਸ਼ Clearly (ਸਾਫ਼-ਸਾਫ਼) ਸਮਝ ਗਏ ਹਨ ਕਿ ਧਰਮ ਅਸਲ ਵਿੱਚ ਨਾਂ ਹੈ ਸੱਚਾਈ ਦਾ ਤੇ ਇਨਸਾਫ਼ ਦਾ ।** ਸੋ, ਅਧਰਮੀ ਕਹਿੰਦਾ ਹੈ ਜੇ ਮੈਂ ਸਾਰੇ ਅਮਲ ਠੀਕ ਕਰ ਲਵਾਂ ਤੇ ਧਰਮ ਦੀ ਲੋੜ ਹੀ ਕੀ ਹੈ ? ਐਵੇਂ ਵਹਿਮ ਹੀ ਹੈ, ਕਿਉਂਕਿ ਅਣਦ੍ਰਿਸ਼ਟ ਵਾਹਿਗੁਰੂ ਦੂਰ ਜਾਪਦਾ ਹੈ ।

ਆਓ, ਹੁਣ ਧਰਮੀ ਬੰਦੇ ਲਈ ਜੀਵਨ-ਜਾਂਚ ਦਾ ਵਿਸਥਾਰ ਦੇਖੀਏ । ਉਸ ਲਈ ਜ਼ਰੂਰੀ ਹੈ ਕਿ—

੧. ਹਰ ਇਨਸਾਨ ਨਾਲ ਮਿੱਠਾ ਬੋਲੇ ।
੨. ਹਰ ਵਕਤ ਵਾਹਿਗੁਰੂ ਨੂੰ ਅੰਗ-ਸੰਗ ਸਮਝ ਕੇ ਆਪਣੇ ਇਸ਼ਟ ਦੇ ਹੁਕਮਾਂ ਵਿੱਚ ਟੁਰੇ ।
੩. ਸਭ ਵਿੱਚ ਵਾਹਿਗੁਰੂ ਜਾਣ ਕੇ ਉਨ੍ਹਾਂ ਨਾਲ ਪਿਆਰ ਕਰੇ ।
੪. ਨਫ਼ਰਤ ਕਦੇ ਵੀ ਕਿਸੇ ਨਾਲ ਨਾ ਕਰੇ ।
੫. ਈਰਖਾ ਕਦੇ ਵਰਤੋਂ ਵਿੱਚ ਨਾ ਲਿਆਵੇ ।
੬. ਹਰਾਮ ਦੀ ਕਮਾਈ ਵੱਲ ਨਜ਼ਰ ਨਾ ਕਰੇ ।
੭. ਪਰਾਈ ਇਸਤਰੀ ਨੂੰ ਭੈਣ, ਧੀ ਜਾਂ ਮਾਂ ਸਮਝੇ ।
੮. ਗ਼ਰੀਬ, ਅਮੀਰ, ਛੋਟਾ, ਵੱਡਾ ਆਪਣੇ ਧਰਮ ਦਾ ਜਾਂ ਦੂਜਾ, ਇਹ ਸਭ ਕਿਸਮ ਦੇ ਵਿਤਕਰੇ 'ਚੋਂ ਨਿਕਲ ਜਾਵੇ ।



੯. ਨਿੰਦਾ ਕਦੇ ਕਿਸੇ ਦੀ ਨਾ ਕਰੇ ।
੧੦. ਨਿੰਦਾ ਕਦੇ ਕਿਸੇ ਦੀ ਨਾ ਸੁਣੇ ।
੧੧. ਫ਼ਜ਼ੂਲ ਝੱਖਾਂ ਮਾਰਨ ਵਿੱਚ ਵਕਤ ਨਾ ਜਾਇਆ ਕਰੇ ਕੇਵਲ ਸਾਹਿਬਾਂ ਦੀ ਸਿਫ਼ਤ ਸਲਾਹ ਕਰੇ ।
੧੨. ਹਮੇਸ਼ਾਂ ਗ਼ਰੀਬ ਦੁਖੀਏ ਦਾ ਮਦਦਗਾਰ ਹੋਵੇ ।
੧੩. ਸੁੱਚੀ-ਕਿਰਤ ਕਮਾਈ ਕਰੇ ਤੇ ਵੰਡ ਕੇ ਖਾਏ ।
੧੪. ਹਰ ਇਕ ਧਰਮ ਦੇ ਲੋਕਾਂ ਨਾਲ ਤੇ ਧਾਰਮਿਕ ਆਗੂਆਂ ਨਾਲ ਪਿਆਰ ਕਰੇ ।
੧੫. ਹਰ ਹਾਲ ਵਿੱਚ ਸਾਹਿਬਾਂ ਦੀ ਰਜ਼ਾ ਵਿੱਚ ਖ਼ੁਸ਼ ਰਹੇ ਤੇ ਜੋ ਸਾਹਿਬ ਕਰ ਦੇਣ ਉਹ ਖ਼ੁਸ਼ ਹੋ ਕੇ ਮੰਨ ਲਵੇ ।
੧੬. ਦੁੱਖ-ਸੁੱਖ ਵੀ ਸਾਹਿਬ ਦੀ ਆਗਿਆ ਸਮਝੇ ਤੇ ਦੂਜਿਆਂ ਲੋਕਾਂ ਦੇ ਮੱਥੇ ਕੁਝ ਨਾ ਲਾਏ ।
੧੭. ਬੁਰਿਆਂ ਨਾਲ ਵੀ ਚੰਗਾ ਵਰਤੇ ।
੧੮. ਸੇਵਾ ਵਿੱਚ ਲੀਨ ਰਹੇ ਤੇ ਸੇਵਾ ਕਰਕੇ ਅਹਿਸਾਨ ਨਾ ਜਤਾਏ । ਸਗੋਂ ਸਾਹਿਬਾਂ ਦੀ ਮਿਹਰ ਸਮਝੇ ਕਿ 'ਸੇਵਾ' ਮਿਲ ਰਹੀ ਹੈ ।
੧੯. ਪਰਉਪਕਾਰ ਲਈ ਹਮੇਸ਼ਾਂ ਤਿਆਰ ਰਹੇ, ਲੋੜ ਵਾਲੇ ਲੋਕਾਂ ਦੀ ਮਦਦ ਕਰਨ ਲਈ ।
੨੦. ਸਭ ਕੁਝ ਕਰਨ ਦੇ ਬਾਅਦ ਵੀ ਨਿਮਾਣਾ ਰਹੇ ਤੇ ਸਭ ਕੁਝ ਸਾਹਿਬਾਂ ਦੀ ਰਹਿਮਤ ਸਮਝੇ । **IN BRIEF** ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ 'ਤੇ ਪੂਰਾ ਕਾਬੂ ਪਾਵੇ ।

ਅਸੀਂ ਦੇਖਾਂਗੇ ਕਿ ਇਹ ਸਾਰੀਆਂ ਗੱਲਾਂ ਹਰ ਇਕ ਲਈ ਸੁਖਦਾਈ ਹਨ ਅਤੇ **ABSOLUTELY HARMLESS** (ਬਿਲਕੁਲ ਲਾਭਦਾਇਕ) ਹਨ; ਪਰ ਅਧਰਮੀ ਜਾਂ ਨਾਸਤਿਕ ਕਹਿੰਦਾ ਹੈ ਇਹ ਤਾਂ ਕਰਨਾ ਹੀ ਚਾਹੀਦਾ ਹੈ । ਨਾਲੇ ਜੇ ਕੰਮ ਸਾਰੇ ਠੀਕ ਹੋਣ ਤੇ ਰੱਬ ਦੀ ਗੱਲ ਹੀ ਕਿੱਥੋਂ ਆਉਂਦੀ ਹੈ । ਰੱਬ ਨੂੰ ਕੀ ਕਰਨਾ ਹੈ, ਜੇ ਅਸੀਂ ਸਾਰੇ ਕੰਮ ਇਨਸਾਨੀਅਤ ਵਿੱਚ ਪੂਰੇ ਕਰੀਏ । ਮੁਸ਼ਕਲ ਇਹ ਹੈ ਕਿ ਨਾ ਤਾਂ ਨਿਰੀ ਚੰਗਿਆਈ ਕੋਈ ਕਰ ਸਕਦਾ ਹੈ, ਤੇ ਜੇ ਕਰ ਸਕੇ ਤਾਂ ਆਕੜ ਵਿੱਚ ਤਬਾਹ ਹੋ ਜਾਂਦਾ ਹੈ ਤੇ ਨਾ ਹੀ ਨਿਰੀ ਚੰਗਿਆਈ ਦੀ ਲੋੜ ਜਾਪਦੀ ਹੈ ਸਾਕਤ ਨੂੰ । ਉਹ ਕਿਵੇਂ ਦੁੱਖਾਂ ਵਿੱਚ ਫਸਦਾ ਹੈ :-

੧. ਜਦੋਂ ਉਹ ਨੌਕਰ ਨਾਲ ਚੰਗਾ ਵਰਤਦਾ ਹੈ ਤਾਂ ਉਸ ਨਾਲ

**Patronising Attitude** (ਮਾਤਹਿਤ ਪ੍ਰਵਰੀ ਦਾ ਸੁਭਾਅ) ਰੱਖਦਾ ਹੈ, ਮਤਲਬ ਇਹ ਹੈ ਕਿ ਇਨਸਾਨੀ ਪਿਆਰ ਨਹੀਂ ਸਗੋਂ ਚੰਗੇ ਮਾਲਕ ਹੋਣ ਦੀ ਆਕੜ ਵਿੱਚ ।

੨. ਜਦੋਂ ਉਹ ਦਫ਼ਤਰ ਵਿੱਚ ਸਾਥੀਆਂ ਨਾਲ ਮਿੱਠਾ ਬੋਲਦਾ ਹੈ ਤਾਂ ਉਮੀਦ ਕਰਦਾ ਹੈ ਕਿ ਉਹਦੀ ਇੱਜ਼ਤ ਜ਼ਿਆਦਾ ਹੋਵੇ । ਨਾ ਹੋਣ 'ਤੇ ਮਨ ਵਿੱਚ ਕ੍ਰੋਧ ਕਰਦਾ ਹੈ ।

੩. ਜਦੋਂ ਉਹ ਦਯਾ ਕਰਦਾ ਹੈ, ਪੈਸੇ ਨਾਲ ਦਿੰਦਾ ਹੈ ਤਾਂ ਉਸ ਨੂੰ ਇਹ ਆਕੜ ਯਕੀਨ ਕਰਾਉਂਦੀ ਰਹਿੰਦੀ ਹੈ ਕਿ ਦੂਜਿਆਂ ਕੋਲੋਂ ਚੰਗਾ ਹੈ ।

੪. ਜਦੋਂ ਦੁਨਿਆਵੀ ਤੌਰ 'ਤੇ ਪਿਆਰ ਕਰਦਾ ਹੈ ਲੋਕਾਂ ਨਾਲ ਤਾਂ ਉਸ ਨੂੰ ਸੰਭਾਵਨਾ ਹੁੰਦੀ ਹੈ ਕਿ ਲੋਕੀਂ ਉਸ ਨਾਲ ਪਿਆਰ ਕਰਨ । ਜਦੋਂ ਨਹੀਂ ਕਰਦੇ ਤਾਂ ਉਹ ਆਪਣਾ ਸੁਭਾਵ ਬਦਲ ਲੈਂਦਾ ਹੈ, ਚੰਗੇ ਕੰਮ ਕਰਨੇ ਭੁੱਲ ਜਾਂਦਾ ਹੈ ।

੫. ਅਣਦਿੱਸਦੀਆਂ ਬੇਇਨਸਾਫ਼ੀਆਂ ਤੇ ਬੇਈਮਾਨੀਆਂ ਉਸ ਨੂੰ ਨਹੀਂ ਦਿੱਸਦੀਆਂ ਕਿਉਂਕਿ ਹਰ ਵੇਲੇ ਉਹਦਾ ਧਿਆਨ ਇਸ ਵੱਲ ਨਹੀਂ ਹੁੰਦਾ ਕਿ ਉਹ ਆਪਣੇ ਸਾਹਿਬ ਦੀ ਨੌਕਰੀ ਕਰ ਰਿਹਾ ਹੈ (ਉਹ ਇਸ ਗੱਲ ਵਿੱਚ ਮਸਤ ਹੈ ਕਿ ਚੰਗਾ ਕਰਨਾ ਹੈ । ਕਿਉਂ ? ਪਤਾ ਨਹੀਂ) **Truth in all circumstances** (ਹਰ ਤਰ੍ਹਾਂ ਨਾਲ ਸੱਚਾਈ) ਉਸ ਨੂੰ ਅਜੀਬ ਲੱਗਦੀ ਹੈ ।

ਸੱਚਾਈ ਇਹ ਹੈ ਕਿ **Morality** (ਨੈਤਿਕਤਾ) ਤੇ **Religion** (ਧਰਮ) ਇਕੋ ਸੱਚਾਈ ਦੇ ਹਿੱਸੇ ਹਨ : ਧਰਮ ਦੇ ਬਗੈਰ ਚੰਗੇ ਕੰਮ ਕਰਨੇ ਇਸ ਤਰ੍ਹਾਂ ਹਨ ਜਿਵੇਂ ਇਕ ਦਰੱਖਤ ਹੋਵੇ ਜੜ੍ਹ ਦੇ ਬਗੈਰ—ਤੇ ਧਰਮ ਬਗੈਰ ਚੰਗਾ ਕੰਮ ਉਸ ਦਰੱਖ਼ਤ ਵਾਂਙ ਹੈ ਜਿਸ ਨੂੰ ਫਲ ਕਦੇ ਨਾ ਲੱਗੇ ।

ਹੁਣ ਜ਼ਰੂਰੀ ਗੱਲ ਇਹ ਹੈ ਕਿ ਜੀਵਨ ਦਾ ਸਭ ਤੋਂ ਵੱਡਾ ਅੰਗ ਹੈ 'ਨਿਮਰਤਾ'। ਜੁੜਵਾਂ ਅੰਗ ਹੈ ਨਿਰਮਾਣਤਾ (**Absence of Vanity**) ਸਾਕਤ ਲੋਕ ਜਾਂ ਨਾਸਤਿਕ ਲੋਕ ਇਸ **Special Aspect** (ਵਿਸ਼ੇਸ਼ ਪਹਿਲੂ) ਦਾ ਧਿਆਨ ਹੀ ਨਹੀਂ ਕਰ ਸਕਦੇ ਕਿਉਂਕਿ ਉਨ੍ਹਾਂ ਨੇ ਆਪਣੀ ਸਮਝ ਨਾਲ ਇਕ **Set of principles** (ਅਸੂਲ) ਬਣਾਏ ਹਨ ਜੋ ਇਕ ਨਿੱਕੀ ਜਿਹੀ ਹਵਾ ਦੀ ਝੋਕ ਨਾਲ ਢਹਿ ਪੈਣਗੇ । ਅਸੀਂ ਕਹਿੰਦੇ ਹਾਂ ਰੱਬ ਦੀ ਸਮਝ ਨਹੀਂ ਆਉਂਦੀ । ਸਮਝ ਕਿਵੇਂ ਆਵੇ ? ਪਹਿਲਾਂ ਹਉਮੈਂ ਟੁੱਟੇ ਤਾਂ ਵਾਹਿਗੁਰੂ ਦਾ ਪਤਾ ਲੱਗੇ । ਅਸੀਂ ਚਾਹੁੰਦੇ ਹਾਂ, ਰੱਬ ਦਾ ਵੀ ਪਤਾ ਲੱਗੇ ਤੇ ਸਾਡੀ ਆਕੜ ਵੀ ਬਣੀ ਰਹੇ ।



ਜਿਤਨੇ **Aspects** (ਪਹਿਲੂ) ਅਸਾਂ ਦੇਖੇ ਹਨ ਕਿ ਧਰਮੀ ਬੰਦੇ ਲਈ ਜ਼ਰੂਰੀ ਹਨ, ਉਹ ਵਾਹਿਗੁਰੂ ਦੇ ਹੇਠ ਲਿਖੇ **Attributes** (ਗੁਣਾਂ) ਦਾ ਸਰੂਪ ਹਨ । ਜੇ ਸਾਹਿਬਾਂ ਦੀ ਕਿਰਪਾ ਹੋਈ ਤਾਂ ਇਨ੍ਹਾਂ 'ਤੇ ਵੱਖਰਾ-ਵੱਖਰਾ ਲੇਖ ਭੇਟਾ ਕਰਾਂਗਾ, ਪਰ ਹੁਣ ਇਹ ਕਹਿਣਾ ਚਾਹੁੰਦਾ ਹਾਂ ਕਿ ਧਰਮੀ ਜੀਵਨ-ਜਾਂਚ ਕੋਈ ਵੱਖਰਾ **department** (ਮਹਿਕਮਾ) ਨਹੀਂ । ਇਹ ਤਾਂ ਇਨਸਾਨ ਦੀ ਲੋੜ ਹੈ ਜਿਸ ਨਾਲ ਸੁਖ ਦਾ ਰਾਹ ਪੱਕਾ ਬਣਾ ਸਕਦਾ ਹੈ । ਮੁਸੀਬਤ ਇਹ ਹੈ ਕਿ ਅਸੀਂ ਸਮਝਦੇ ਹਾਂ ਕਿ ਸਾਡੇ ਆਪਣੇ ਜੀਵਨ ਦੀ ਹਰ ਸੱਚਾਈ ਸਾਡੀ ਆਪਣੀ ਅਕਲ ਵਿੱਚ ਪਰਖੀ ਜਾਏ । ਚਾਹੀਦਾ ਤਾਂ ਇਹ ਹੈ ਕਿ ਸੱਚਾਈ ਦੀ ਪਰਖ ਸੱਚਾਈ ਦੇ ਰਹਿਬਰ ਦੀਆਂ ਹਦਾਇਤਾਂ ਵਿੱਚ ਕੀਤੀ ਜਾਏ ।

## CHARACTER BASED ON GOD"S ATTRIBUTES

੧. ਮਿੱਠ ਬੋਲੜਾ ।
੨. ਪੂਰਨ ਪ੍ਰੇਮ ।
੩. ਈਰਖਾ ਰਹਿਤ ਜੀਵਨ ।
੪. ਦਯਾਨਤਦਾਰੀ, ਕਿਰਤ ਕਮਾਈ ।
੫. ਕਾਮ, ਪਰਾਈ ਇਸਤਰੀ ਤੋਂ ਦੂਰ ਰਹਿਣਾ ।
੬. ਵਿਤਕਰਾ-ਰਹਿਤ ਜੀਵਨ ।
੭. ਨਿੰਦਿਆ ਨਾ ਕਰਨੀ, ਨਾ ਸੁਣਨੀ ।
੮. ਗ਼ਰੀਬ ਨਿਵਾਜੀ, ਵੰਡ ਛਕਣਾ ।
੯. ਸਭ ਧਰਮਾਂ ਦਾ ਸਤਿਕਾਰ ।
੧੦. ਸਾਹਿਬਾਂ ਦੀ ਰਜ਼ਾ ਵਿੱਚ ਰਾਜ਼ੀ ਰਹਿਣਾ ।
੧੧. ਬੁਰੇ ਦਾ ਭਲਾ ।
੧੨. ਸੇਵਾ ਤੇ ਪਰਉਪਕਾਰ ।
੧੩. ਨਿਮਰਤਾ ।
੧੪. ਆਪਾ ਵਾਰਨਾ ।
੧੫. ਧਰਮ ਦਾ ਆਸ਼ਾ ਇਨਸਾਨੀਅਤ ਹਰ ਹਾਲ ਵਿੱਚ ।
੧੬. ਮੌਤ, ਸਾਡੀ ਪਰਮ-ਮਿੱਤਰ ।

ਸ਼ਾਇਦ ਅਧਰਮੀ ਬੰਦੇ ਨੂੰ ਐਵੇਂ ਹੀ ਮੈਂ ਬਹੁਤਾ **Criticise** (ਨੁਕਤਾਚੀਨੀ) ਕੀਤਾ ਹੈ । ਅਸਲ ਵਿੱਚ 'ਧਰਮੀ' ਬੰਦਾ ਜ਼ਿਆਦਾ ਅਧਰਮ ਪੈਦਾ ਕਰਦਾ ਹੈ ।

ਵੇਖੋ ਮੇਰਾ ਹਾਲ ਮੈਂ ਧਰਮੀ ਅਖਵਾਉਂਦਾ ਹਾਂ, ਮੇਰੇ ਘਰ ਗੁਰੂ ਸਾਹਿਬ ਦਾ ਪ੍ਰਕਾਸ਼ ਹੈ, ਭਾਈ ਜੀ ੨੪ ਘੰਟੇ ਪਾਠ ਕਰਦੇ ਹਨ । ਮੇਰੀ ਕੋਠੀ ਬਹੁਤ ਵੱਡੀ ਹੈ । ਅੰਮ੍ਰਿਤ ਵੇਲੇ ਵੀ ਉੱਠਦਾ ਹਾਂ ਪਰ ਵਿਉਪਾਰ ਵਿੱਚ ਹਮੇਸ਼ਾਂ ਝੂਠ ਬੋਲਦਾ ਹਾਂ, ਪੈਸੇ **Illegitimate** (ਨਵਾਜਬ) ਕਮਾਉਂਦਾ ਹਾਂ; ਲੋਕਾਂ ਨੂੰ ਧੋਖਾ ਦਿੰਦਾ ਹਾਂ, ਪੈਸੇ ਜੋੜਨ ਦੀ ਧੁਨ ਵਿੱਚ ਸੰਕੋਚ ਕੇ ਜੇ ਦਇਆ ਕਰਾਂ ਤਾਂ ਮਾਣ ਫੈਲਾਉਣ ਲਈ ਗੁਰਦੁਆਰੇ ਦੀ ਹਰ ਇੱਟ 'ਤੇ ਲਿਖਵਾ ਦਿੰਦਾ ਹਾਂ ਕਿ ਇਤਨਾ ਦਾਨ ਦਿੱਤਾ ਹੈ । ਹੋਰ ਸੁਣੋ ਮੇਰਾ ਹਾਲ । ਇਕ ਵਾਰ ਮੈਨੂੰ ਦਿਲ ਦੀ ਤਕਲੀਫ਼ ਹੋ ਗਈ ਤਾਂ ਮੈਨੂੰ ਹਸਪਤਾਲ ਪਹੁੰਚਾ ਦਿੱਤਾ ਗਿਆ । ਘਬਰਾਹਟ ਪੂਰੀ ਸੀ ਤਾਂ ਇੰਞ ਜਾਪਦਾ ਸੀ ਕਿ ਮੇਰੇ ਦਿਨ ਪੂਰੇ ਹੋ ਗਏ ਹਨ; ਪਰ ਕੁਝ ਦਿਨਾਂ ਬਾਅਦ ਅਰਾਮ ਆਉਣਾ ਸ਼ੁਰੂ ਹੋਇਆ ਤੇ ਮੈਂ ਬਚ ਗਿਆ । ਮੈਨੂੰ ਇਕ ਵਾਹਿਗੁਰੂ ਦੇ ਪਿਆਰੇ ਮਿਲਣ ਆਏ ਤੇ ਕਹਿਣ ਲੱਗੇ ਕਿ ਜੋ ਸਾਹਿਬ ਕਰਦੇ ਹਨ, ਤੁਹਾਡੇ ਫ਼ਾਇਦੇ ਲਈ ਹੈ । ਮੈਂ ਮੰਨ ਲਿਆ ਤੇ ਸੁਣ ਕੇ ਸ਼ਾਂਤੀ ਹੋਈ । ਫੇਰ ਉਨ੍ਹਾਂ ਕਿਹਾ ਕਿ ਆਪ ਮਨ ਵਿੱਚੋਂ ਪੱਕੇ ਤੌਰ 'ਤੇ ਨਫ਼ਰਤ ਕੱਢ ਦਿਓ ਤੇ ਸਾਹਿਬ ਨੂੰ ਹਰ ਵੇਲੇ ਯਾਦ ਕਰੋ, ਆਪ ਹਮੇਸ਼ਾਂ ਲਈ ਠੀਕ-ਠਾਕ ਤੇ ਸੁਖੀ ਰਹੋਗੇ । ਮਜ਼ਾ ਆ ਗਿਆ, ਮੈਂ ਬਹੁਤ ਖ਼ੁਸ਼ ਹੋ ਕੇ ਕਿਹਾ, 'ਬਿਲਕੁਲ ਠੀਕ' । ਕੁਝ ਦਿਨ ਗੁਜ਼ਰੇ ਤਾਂ ਮੈਂ ਬੋਲਣ ਜੋਗਾ ਹੋ ਚੁੱਕਾ ਸਾਂ । ਮੈਂ ਕਿਹਾ ਜੇ ਸਾਡੇ ਨਾਲ ਦੇ ਮੁਹੱਲੇ ਵਾਲੇ ਦੂਜੇ ਧਰਮ ਦੇ ਲੋਕ ਸਾਰੇ ਮਰ ਜਾਣ ਜਾਂ ਇੱਥੋਂ ਕੱਢ ਦਿੱਤੇ ਜਾਣ ਤਾਂ ਸਾਨੂੰ ਪੱਕਾ ਚੈਨ ਹੋਵੇਗਾ । ਮੇਰੀ ਗੱਲ ਸੁਣ ਕੇ ਹੈਰਾਨ ਹੋਇਆ ਉਹ ਪਿਆਰਾ, ਜਿਸ ਮੈਨੂੰ ਨਫ਼ਰਤ ਕੱਢਣ ਲਈ ਕਿਹਾ ਸੀ । ਮੈਂ ਕਿਹਾ ਇਹ ਨਫ਼ਰਤ ਥੋੜ੍ਹੀ ਹੈ ? ਇਹ ਤਾਂ ਸੱਚਾਈ ਹੈ, ਕਿਉਂਕਿ ਇਹ ਲੋਕ ਮੇਰਾ **business** (ਵਿਉਪਾਰ) ਨਹੀਂ ਵਧਣ ਦਿੰਦੇ । **ਉਸ ਪਿਆਰੇ ਨੇ ਕਿਹਾ ਕਿ ਆਪ ਦਾ ਤਾਂ ਵਕਤ ਹੀ ਖ਼ਤਮ ਹੋ ਚੁੱਕਾ ਸੀ, ਵਾਹਿਗੁਰੂ ਨੇ ਤੁਹਾਨੂੰ ਬਚਾਇਆ ਹੈ ਤੇ ਆਪ ਨੇ ਉਸ ਨਾਲ ਪਿਆਰ ਕਰਨ ਦਾ ਨਿਯਮ ਧਾਰਿਆ ਸੀ । ਦੱਸੋ, ਜੇ ਉਹ ਤੁਹਾਡਾ ਪਿਤਾ ਹੈ ਤਾਂ ਕੀ ਉਹ ਖ਼ੁਸ਼ ਹੋਏਗਾ ਜੇ ਤੁਸੀਂ ਆਪਣੇ ਦੂਜੇ ਭਰਾਵਾਂ ਨਾਲ ਨਫ਼ਰਤ ਕਰਦੇ ਹੋ ? ਮੈਂ ਚੁੱਪ !**

ਇਕ ਹੋਰ ਮੇਰੀ ਸ਼ਰਮਸਾਰ ਹਾਲਤ ਦੀ ਗੱਲ, ਮੈਂ **business** (ਵਿਉਪਾਰ) ਵਿੱਚ ਚੋਰੀ ਕਰਦਾ ਹਾਂ, ਰਿਸ਼ਵਤ ਦਿੰਦਾ ਹਾਂ, ਧੋਖੇ ਕਰਕੇ ਪੈਸਾ (ਤੇ ਦੁੱਖ) ਵਧਾਉਂਦਾ ਹਾਂ । ਇਕ ਪਿਆਰੇ ਨੇ ਕਿਹਾ, **"ਤੁਸੀਂ ਦੱਸੋ ਤੁਹਾਡੀ ਇਬਾਦਤ ਕਿਹੜੇ ਕੰਮ ? ਆਪ ਜਦੋਂ ਪੂਜਾ ਕਰਦੇ ਹੋ ਸਭ ਕੁਝ ਆਪਣੇ ਸਾਹਿਬ ਦੇ ਉਲਟ ਕੰਮ ਕਰਕੇ, ਉਸ ਪੂਜਾ ਨੂੰ ਆਪ ਹੀ ਤਾਂ ਰੱਦ ਕਰਦੇ ਹੋ,**



**ਫੇਰ ਕਹਿੰਦੇ ਹੋ ਸੁਖ ਨਹੀਂ ।"** ਮੈਨੂੰ ਵਾਕਈ ਸ਼ਰਮ ਆਈ, ਪਰ ਮੈਂ ਮਜ਼ਬੂਰ ਹਾਂ । ਰਾਹ ਨਹੀਂ ਛੱਡ ਸਕਦਾ ਬੇਈਮਾਨੀ ਦਾ । ਕੋਈ ਰੱਬ ਨੂੰ ਕਹੇ ਕਿ ਮੇਰੀ ਆਕੜ ਤੇ ਮੇਰਾ ਲੋਕਾਂ ਦਾ ਮਾਰਿਆ ਹੋਇਆ ਮਾਲ ਮੇਰੇ ਕੋਲ ਰਹਿਣ । ਉਹ ਰੱਬ ਵੀ ਆ ਜਾਏ, **Truth** (ਸੱਚਾਈ) ਵਾਲਾ ਰੱਬ ਤਾਂ ਕਦੇ ਨਹੀਂ ਆਏਗਾ । ਹਾਂ, ਮਾਇਆ ਦੇ ਫ਼ਰੇਬ ਹੇਠ ਸਾਰੀ ਦੁਨੀਆਂ ਵਿੱਚ ਧਰਮ ਨੂੰ ਅਧਰਮ ਬਣਾ ਕੇ ਫੈਲਾਉਣ ਵਾਲੇ ਮੇਰਾ ਕੰਮ ਕਰ ਸਕਦੇ ਹਨ । **Result** (ਨਤੀਜਾ) ਧਰਮ ਹੋਰ ਬਦਨਾਮ ਹੁੰਦਾ ਹੈ । ਆਓ, ਸੱਚਾਈ ਲੋੜੀਏ ਆਪਾ ਮਾਰ ਕੇ ।

## P.S. IN CONCLUSION (ਨਿਚੋੜ)

## ਇਸ ਜੀਵਨ-ਜਾਚ ਦਾ ਉਦੇਸ਼

ਨਾ ਗੁਰੂ ਨੂੰ, ਨਾ ਵਾਹਿਗੁਰੂ ਨੂੰ ਤੇ ਨਾ ਕਿਸੇ ਹੋਰ ਨੂੰ ਜਤਾਉਣ ਦੀ ਲੋੜ ਹੈ ਕਿ ਸਾਡਾ ਜੀਵਨ ਤਰੀਕਾ ਧਰਮੀ ਹੈ । ਅਸੀਂ ਤਾਂ ਹਰ ਘੜੀ ਸੁਖ, ਸ਼ਾਂਤੀ, ਅਰਾਮ ਤੇ ਖ਼ੁਸ਼ੀ ਦੀ ਭਾਲ ਵਿੱਚ ਰਹਿੰਦੇ ਹਾਂ । ਜੋ ਕੁਝ ਕਰਦੇ ਹਾਂ ਆਪਣੀ ਖ਼ੁਸ਼ੀ ਲਈ, ਕਈ ਅਡੰਬਰ ਕਰਦੇ ਹਾਂ ਆਪਣੇ ਸੁਖ ਲਈ, ਕਈ ਵਣਜ ਕਰਦੇ ਹਾਂ ਆਪਣੀਆਂ ਵਡਿਆਈਆਂ ਲਈ । ਇਹ ਜੀਵਨ-ਜਾਚ ਸਾਡੇ ਆਪਣੇ **Interest** (ਹੱਕ) ਵਿੱਚ ਹੈ, ਸਾਡੇ ਆਪਣੇ ਅਰਾਮ ਲਈ ਹੈ । ਕਮਾਲ ਦੀ ਗੱਲ ਇਹ ਹੈ ਕਿ ਇਸ ਦਾ **Result** (ਨਤੀਜਾ) ਸਾਰੇ ਸਮਾਜ ਦੀ ਖ਼ੁਸ਼ੀ ਹੈ, ਸਾਰੇ ਭਾਈਚਾਰੇ ਵਿੱਚ ਪਿਆਰ ਹੈ, ਸਾਰੀ ਇਨਸਾਨੀਅਤ ਦੀ ਸਾਂਝੀਵਾਲਤਾ ਹੈ ।

ਹੋਏਗਾ ਤਾਂ ਜੇ ਆਪਣਾ ਆਪ ਮਾਰਾਂਗੇ । ਜੇ ਆਪਣਾ ਆਪ ਨਹੀਂ ਮਾਰਾਂਗੇ ਤਾਂ **Religion** (ਧਰਮ) ਦਾ ਕੀ ਪਤਾ ਲੱਗ ਸਕਦਾ ਹੈ । **ਧਰਮ ਦਾ ਅਸਲ ਮਤਲਬ ਹੀ ਹੈ—ਆਪਾ ਮਾਰਨਾ । ਸਾਡੇ ਸਾਰੇ ਦੁੱਖਾਂ ਦਾ ਨਾਸ਼ ਹੈ, ਹਉਮੈਂ ਦਾ ਨਾਸ਼ ।**

# ਸਿੱਖ ਧਰਮ ਕੇਵਲ ਸਿੱਖਾਂ ਲਈ ਨਹੀਂ

ਇਹ ਤਾਂ ਇਨਸਾਨੀਅਤ ਦੀਆਂ ਨੀਂਹਾਂ ਪੱਕੀਆਂ ਕਰਨ ਲਈ ਗੁਰੂ ਦੇ ਪਿਆਰ ਵਿੱਚ ਲੀਨ ਹੋ ਕੇ ਆਪਾ ਵਾਰਨ ਦਾ ਸਾਧਨ ਹੈ ਜੇ ਕੋਈ ਕਰ ਲਵੇ, ਜਾਂ ਇਉਂ ਕਹੋ ਕਿਸੇ ਤੇ ਬਖ਼ਸ਼ਿਸ਼ ਹੋ ਜਾਏ !

ਕਈ ਵੀਰ ਤੇ ਭੈਣਾਂ ਇਸ ਲੇਖ ਨੂੰ ਪੜ੍ਹ ਕੇ ਤੇ ਮੇਰੀ ਮੂਰਖਤਾ ਦਾ ਅੰਦਾਜ਼ਾ ਲਾ ਕੇ ਖ਼ੂਬ ਹੱਸਣਗੇ; ਪਰ ਮੇਰੀ ਸਨਿਮਰ ਤੇ ਇਹ **Full of Yearning** (ਪ੍ਰਫੁੱਲਿਤ) ਬੇਨਤੀ ਉਨ੍ਹਾਂ ਦੇ ਚਰਨਾਂ ਵਿੱਚ ਇਹ **Insist** (ਅੜੀ) ਕਰਦੀ ਰਹੇਗੀ ਕਿ ਜੋ ਮੈਂ ਕਹਿਣ ਲੱਗਾ ਹਾਂ ਉਹ ਇਤਨਾ **Obvious** (ਅਨੁਕੂਲ) ਨਹੀਂ ਜਿਤਨਾ ਸਿਰਲੇਖ ਦੱਸਦਾ ਹੈ । ਅਸਾਂ ਸਿੱਖਾਂ ਨੇ ਆਪਣੇ ਧਰਮ ਨੂੰ ਇਸ ਤਰ੍ਹਾਂ ਮੋੜ-ਤਰੋੜ ਦਿੱਤਾ ਹੈ "ਕਥਨਾ ਕਰੜਾ ਸਾਰ" ਦੀ ਵਾਰਨਿੰਗ ਹੁੰਦਿਆਂ ਹੋਇਆਂ ਵੀ ਅਸੀਂ ਆਪਣੇ ਮੂੰਹ 'ਤੇ ਕਾਲਖ ਮਲਣੋਂ ਨਹੀਂ ਰਹੇ । ਫੇਰ ਜੇ ਕਾਲਖ ਹੀ ਮਲਣੀ ਸੀ ਤਾਂ ਭਾਈ ਲੱਧੇ ਵਾਂਙੂੰ ਮਲਦੇ, ਜੇ ਬਦਨਾਮ ਹੋਣਾ ਹੀ ਸੀ ਤਾਂ ਮੀਰਾ ਬਾਈ ਵਾਂਙੂੰ ਹੁੰਦੇ, ਜੇ 'ਹੋਛੀ ਮਤ ਵਾਲੇ' ਅਖਵਾਉਣਾ ਹੀ ਸੀ ਤਾਂ ਕਬੀਰ ਵਾਂਙ ਅਖਵਾਉਂਦੇ, ਜੇ 'ਨੀਚ ਕਰਤੂਤਾਂ ਵਾਲੇ' ਬਣਨਾ ਸੀ ਤਾਂ ਰਵਿਦਾਸ ਚਮਾਰ ਬਣ ਜਾਂਦੇ, ਜੇ ਝੱਲੇ ਬਣਨਾ ਸੀ ਤਾਂ ਘਨੱਈਏ ਵਾਂਙੂੰ ਬਣਦੇ, ਜੇ ਨਿਥਾਵਾਂ ਅਖਵਾਉਣਾ ਸੀ ਤਾਂ ਅਮਰੂ ਬਣ ਕੇ ਗੁਰੂ ਦੇ ਚਰਨਾਂ ਨਾਲ ਚੰਬੜੇ ਰਹਿੰਦੇ, ਤੇ ਜੇ "ਸਿੰਘ" ਬਣ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਹੁਕਮਾਂ 'ਤੇ ਨਹੀਂ ਸੀ ਚੱਲਣਾ ਤਾਂ ਸਾਈਂ ਮੀਆਂ ਮੀਰ ਹੀ ਬਣੇ ਰਹਿੰਦੇ, ਫ਼ਰੀਦ ਵਰਗੇ ਮੁਸਲਮਾਨ ਹੀ ਬਣ ਜਾਂਦੇ, ਭਾਈ ਤਿਲਕੂ ਵਰਗੇ ਸਿੱਖ ਹੀ ਬਣੇ ਰਹਿੰਦੇ, ਨਾਮਦੇਵ ਵਰਗੇ ਛੀਂਬੇ, ਸਦਨੇ ਵਰਗੇ ਨਾਈ ਹੀ ਬਣੇ ਰਹਿੰਦੇ । ਮਤਲਬ ਇਹ ਕਿ ਸਾਡਾ ਮਹਾਨ ਧਰਮ **Doubtlessly** (ਬਿਨਾਂ ਸ਼ੱਕ) ਮਹਾਨ ਹੈ, ਮਹਾਨ ਸੀ, ਮਹਾਨ ਰਹੇਗਾ ਓਦੋਂ ਤਕ ਜਦ ਤਕ ਇਹ ਦੁਨੀਆਂ ਕਾਇਮ ਹੈ । ਪਰ ਇਸ ਦਾ ਇਹ ਮਤਲਬ ਨਹੀਂ ਕਿ ਜਿਨ੍ਹਾਂ ਨੇ ਕੇਵਲ ਪਗੜੀਆਂ ਬੰਨ੍ਹੀਆਂ ਹੋਈਆਂ ਹੋਣਗੀਆਂ, ਦਾੜ੍ਹੀਆਂ ਰੱਖੀਆਂ ਹੋਈਆਂ ਹੋਣਗੀਆਂ, ਕੜੇ, ਕਛਹਿਰੇ ਤੇ ਕੇਸ ਰੱਖੇ ਹੋਏ ਹੋਣਗੇ ਤੇ ਕਿਰਪਾਨਾਂ ਪਾਈਆਂ ਹੋਈਆਂ ਹੋਣਗੀਆਂ, ਉਹ ਹੀ ਜ਼ਰੂਰ ਮਹਾਨ ਹੋਇਆ ਕਰਨਗੇ ।

## "ਆਓ ਇਸ ਭੁਲੇਖੇ 'ਚੋਂ (ਸਦਾ) ਨਿਕਲ ਜਾਈਏ"

ਇਹ ਬਾਣੀ ਦਾ, ਗੁਰੂ ਸਾਹਿਬਾਨਾਂ ਦਾ, ਤੇ ਗੁਰਬਾਣੀ ਦੇ ਜਾਣਕਾਰਾਂ ਦਾ ਸਮੁੱਚਾ, ਸਾਫ਼ ਤੇ ਸਪੱਸ਼ਟ ਫ਼ੈਸਲਾ ਹੈ ਕਿ (੧) ਅਮਲਾਂ 'ਤੇ ਹੋਣਗੇ ਨਿਬੇੜੇ



ਜ਼ਾਤ ਕਿਸੇ ਪੁੱਛਣੀ ਨਹੀਂ, (੨) ਖ਼ਾਲਸਾ (**Pure,** ਖ਼ਾਲਸ) ਮੇਰੋ ਰੂਪ ਹੈ ਖਾਸ । ਖ਼ਾਲਸਾ ਮੇਰਾ ਸਤਿਗੁਰ ਪੂਰਾ । ਗੁਰੂ ਸਾਹਿਬਾਂ ਨੇ ਭੇਖ, ਝੂਠਾ ਵੇਸ, ਅਤੇ ਬਾਹਰਲੇ ਦਿਖਾਵੇ ਨੂੰ ਸਭ ਕਿਸਮ ਦੇ ਲੋਕਾਂ ਵਾਸਤੇ ਖੰਡਨ ਕੀਤਾ ਹੈ—ਤੇ ਅਸੀਂ ਨਿਸ਼ਚਾ ਕਰ ਲਈਏ ਕਿ ਉਹ ਸਾਨੂੰ ਵੀ (ਇਕੋ ਜਿਹਾ ਲਾਗੂ) ਕਰਦਾ ਹੈ । ਪੂਰਾ ਗੁਰੂ ਆਪਣੇ ਨਿੱਜੀ ਚੇਲਿਆਂ ਦਾ ਲਿਹਾਜ ਨਹੀਂ ਕਰਦਾ । ਉਸ ਦੀ ਕਰੜੀ ਆਗਿਆ ਉਸ ਦੇ ਨੇੜੇ ਦੇ ਲੋਕਾਂ ਲਈ ਹੋਰ ਵੀ **strict** ਹੋ ਜਾਂਦੀ ਹੈ ।

ਹੋ ਸਕਦਾ ਹੈ ਕਿ ਜੋ ਮੇਰੇ ਵਰਗਾ ਬਿਲਕੁਲ ਅੰਨ੍ਹਾ ਹੋਵੇ, ਉਸ ਲਈ ਇਕ ਰੌਸ਼ਨੀ ਦੀ ਝਲਕ ਵੀ ਬੜਾ ਵੱਡਾ ਰੌਸ਼ਨ-ਮੁਨਾਰਾ ਹੈ । ਇਸ ਲਈ ਆਪਣੀ ਸਮਝ 'ਤੇ ਨਿਰਭਰ ਹੋ ਕੇ ਮੈਂ ਤਾਂ ਇਹ ਚਾਹੁੰਦਾ ਹਾਂ ਕਿ ਭਾਵੇਂ ਸਿੱਖ ਹੋਵਾਂ, ਭਾਵੇਂ ਬ੍ਰਾਹਮਣ ਹੋਵਾਂ, ਭਾਵੇਂ ਮੁਸਲਮਾਨ ਹੋਵਾਂ, ਭਾਵੇਂ ਵੈਸ਼ਨੋ ਹੋਵਾਂ, ਤੇ ਭਾਵੇਂ ਕੁਝ ਵੀ ਨਾ ਹੋਵਾਂ, ਕੇਵਲ ਗੁਰੂ ਗ੍ਰੰਥ ਸਾਹਿਬ ਦੀ ਆਗਿਆ ਵਿੱਚ ਰਹਾਂ । ਜੇ ਇਹ ਕਰ ਸਕਾਂ, ਜੇ ਰਹਿਮਤ ਦਾ ਪਾਤਰ ਬਣ ਸਕਾਂ, ਤਾਂ ਮੇਰੇ ਲਈ ਇਹ ਰੌਸ਼ਨੀ ਦੀ **Flood light** (ਪੁੰਜ ਰੌਸ਼ਨੀ) ਬਣ ਸਕਦੀ ਹੈ; ਪਰ ਇਸ ਵਿੱਚ ਹੈਰਾਨੀ ਵੀ ਕੀ ਹੈ ? ਗੁਰੂ ਗ੍ਰੰਥ ਸਾਹਿਬ ਤਾਂ ਹੈ ਹੀ "ਬਲਿਓ ਚਰਾਗ", ਅੰਧੇਰੇ ਵਿੱਚ ਹਜ਼ਾਰਾਂ ਸੂਰਜਾਂ ਤੇ ਚੰਨਾਂ ਤੋਂ ਵੱਧ ਲਿਸ਼ਕਾਰਾ ਅਤੇ ਸਾਰੇ ਦੁੱਖਾਂ ਰੋਗਾਂ ਦਾ ਮੇਟਣ ਹਾਰਾ ।

ਆਉ ਜ਼ਰਾ (ਛਾਣਬੀਣ) ਤਾਂ ਕਰੀਏ ਕਿ ਇਤਨੇ ਵੱਡੇ ਸਮਰੱਥ ਗੁਰੂ ਦੇ ਸਿੱਖ ਹੋਣ ਦੇ ਬਾਵਜੂਦ ਵੀ ਅਸੀਂ ਦੁੱਖਾਂ ਵਿੱਚ ਕਿਉਂ ਫਿਰਦੇ ਹਾਂ ਅਤੇ ਆਪਣੇ ਸਾਹਿਬਾਂ ਦੀ ਸਿੱਖਿਆ ਨੂੰ ਕੇਵਲ ਬਾਹਰਲੇ ਚਿੰਨ੍ਹਾਂ ਤਕ ਹੀ ਮਹਿਦੂਦ ਰੱਖਦੇ ਹਾਂ । ਸਾਡੀ ਹਾਲਤ ਇਹੋ ਜਿਹੀ ਹੈ ਜਿਵੇਂ ਇਕ ਸਿਪਾਹੀ ਵਰਦੀ ਤਾਂ ਪਾ ਲਵੇ ਪਰ (ਡਿਊਟੀ) 'ਤੇ (ਹੁਸ਼ਿਆਰ) ਰਹਿਣ ਦੀ ਥਾਂ ਸ਼ਰਾਬ ਪੀ ਕੇ ਰੰਗਰਲੀਆਂ ਮਨਾਉਂਦਾ ਰਹੇ, ਪਰ ਇਹ ਯਕੀਨ ਸਮਝੀ ਬੈਠੇ ਕਿਉਂਕਿ ਉਸ ਦੀ ਵਰਦੀ ਪ੍ਰੈੱਸ ਹੋਈ ਹੋਈ ਹੈ । ਇਸ ਲਈ ਉਸ ਦੀ ਸ਼ਲਾਘਾ ਤੇ ਤਨਖ਼ਾਹ ਪੂਰੀ ਤਰ੍ਹਾਂ ਕਾਇਮ ਹਨ ।

**Anatomy of a follower of Gurbani Phrase** (ਗੁਰਬਾਣੀ 'ਤੇ ਚੱਲਣ ਵਾਲੇ ਦੀ ਰਚਣਾ)

ਜਾਣ ਬੁੱਝ ਕੇ ਮੈਂ "ਗੁਰਬਾਣੀ 'ਤੇ ਚੱਲਣ ਵਾਲਾ" ਵਰਤਿਆ ਹੈ, "ਸਿੱਖ" ਨਹੀਂ । ਅਸੀਂ "ਸਿੱਖ" ਤੋਂ ਮੁਰਾਦ ਹੁਣ ਇਹੋ ਹੀ ਲੈਂਦੇ ਹਾਂ ਕਿ ਉਸ ਦੇ ਸਿਰ 'ਤੇ ਪਗੜੀ ਹੋਵੇ ਤੇ ਦਾੜ੍ਹੀ ਰੱਖਦਾ ਹੋਵੇ, ਭਾਵੇਂ **Trimmed**

(ਕੱਟਦਾ) ਹੀ ਹੋਵੇ । ਜੇ ਗੁਰੂ ਅਰਜਨ ਸਾਹਿਬ ਆਪਣੇ ਆਪ ਨੂੰ "ਅੱਧਾ ਸਿੱਖ" ਸਮਝਦੇ ਸਨ ਤਾਂ ਸਾਡਾ ਸਿੱਖ ਬਣਨ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ, ਪਰ ਜ਼ਰੂਰਤ ਇਹ ਹੈ ਅਸੀਂ ਸਿੱਖ ਬਣਨ ਦੀ ਕੋਸ਼ਿਸ਼ ਤਾਂ ਕਰੀਏ । ਆਮ ਤੌਰ 'ਤੇ ਜਦੋਂ ਸਾਡੀ ਬਾਹਰਲੀ ਰਹਿਤ ਪੂਰੀ ਹੋ ਜਾਂਦੀ ਹੈ ਤਾਂ ਅਸੀਂ ਸਿੱਖ ਵੀ ਆਪਸ ਵਿੱਚ **Classes** ਬਣਾ ਲੈਂਦੇ ਹਾਂ (੧) ਅੰਮ੍ਰਿਤਧਾਰੀ, ਗ਼ੈਰ-ਅੰਮ੍ਰਿਤਧਾਰੀ, (੨) ਜਥੇ ਵਾਲੇ ਜਾਂ ਦੂਜੇ, (੩) ਮੀਟ ਖਾਣ ਵਾਲੇ ਜਾਂ ਨਾ ਖਾਣ ਵਾਲੇ (੪) ਦੇਹਧਾਰੀ ਗੁਰੂ ਵਾਲੇ ਜਾਂ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਵਾਲੇ ਇਤਿਆਦਿਕ ।

ਮੇਰੇ ਵਿਚਾਰ ਵਿੱਚ "ਸ਼ਬਦ ਗੁਰੂ" ਦੀ ਮਹਾਨਤਾ ਇਕ ਅਨੋਖੀ ਹੈ । ਇਸ ਗੱਲ 'ਤੇ ਬਹਿਸ ਕੀਤੇ ਬਗੈਰ ਇਹ ਜਾਣੀਏ ਕਿ ਇਹ ਮਾਲਕ ਦੀ ਰਹਿਮਤ ਹੈ ਕਿ ਸਾਡਾ ਗੁਰੂ ਦੇਹਧਾਰੀ ਨਹੀਂ, ਨਹੀਂ ਤਾਂ ਅਸੀਂ ਮੂਰਖਾਂ ਨੇ ਉਸ ਦੇ ਨੁਕਸ ਕੱਢਣੋਂ ਨਹੀਂ ਸੀ ਰਹਿਣਾ । ਸਾਨੂੰ ਸਿਖਾਇਆ ਜਾਂਦਾ ਹੈ :

**੧. ਸਭ ਦੀ ਸੇਵਾ ਕਰਨੀ ਹੈ (ਭੇਦ ਭਾਓ ਬਗੈਰ)**

**੨. ਸਗਲ-ਰੇਣ ਬਣਨਾ ਹੈ ।**

**੩. ਗੁਰੂ ਦੀ ਮਿਹਰ ਨਾਲ ਦੋਸਤ ਦੁਸ਼ਮਣ ਦਾ ਭੇਦ ਭੁੱਲਣਾ ਹੈ ।**

ਇਸ ਤੋਂ ਸਿੱਧ ਹੋਇਆ ਕਿ ਅਸੀਂ "ਸਿੱਖ" ਬਣ ਕੇ ਕੇਵਲ ਇਹ ਸਿੱਖਣਾ ਹੈ ਕਿ ਅਸੀਂ ਸਭ ਤੋਂ ਨੀਵੇਂ ਹਾਂ, ਸਭ ਦੇ ਸੇਵਕ ਹਾਂ ਅਤੇ ਸਭ ਨਾਲ ਪਿਆਰ ਕਰਦੇ ਰਹਾਂਗੇ । ਅਫ਼ਸੋਸ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਬਹਿ ਕੇ ਆਪਣੇ ਗੁਰੂ ਸਾਹਿਬਾਂ ਦੀ ਸਿੱਖਿਆ ਦੇ ਉਲਟ ਖੁੱਲ੍ਹੇ ਦਿਲ ਨਾਲ (ਤੇ ਇਸ ਭੁਲੇਖੇ ਨਾਲ ਕਿ ਅਸੀਂ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰ ਰਹੇ ਹਾਂ) ਦੂਸਰੇ ਲੋਕਾਂ ਨੂੰ ਨਿੰਦਦੇ ਹਾਂ ਅਤੇ ਨਿੰਦਦਿਆਂ-ਨਿੰਦਦਿਆਂ ਇਸ 'ਤੇ ਜ਼ੋਰ ਦਿੰਦੇ ਹਾਂ ਜਿਵੇਂ:-

"ਸਾਡੇ ਗੁਰੂ ਸਾਹਿਬਾਂ ਦੀ ਮਹਾਨ ਸਿੱਖਿਆ ਇਹ ਹੈ ਕਿ ਅਸਾਂ ਕਿਸੇ ਦੀ ਨਿੰਦਾ ਨਹੀਂ ਕਰਨੀ ।" ਦੂਜੇ ਮਤ ਇਹ ਕਰਦੇ ਹਨ, ਉਹ ਕਰਦੇ ਹਨ ਤੇ ਉਹ ਠੀਕ ਨਹੀਂ (ਇਹ **Contradiction-in-terms** ਹੈ); ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਡੇ ਗੁਰੂ ਸਾਹਿਬ ਮਹਾਨ ਸਨ; ਪਰ ਇਹ ਕਹਿਣ ਨਾਲ ਅਸੀਂ ਮਹਾਨ ਨਹੀਂ ਹੋ ਜਾਂਦੇ ਅਤੇ ਦੂਜੇ ਮੱਤਾਂ ਦੇ ਲੋਗ ਨੀਵੇਂ ਨਹੀਂ ਹੋ ਜਾਂਦੇ । ਅਸੀਂ ਕੇਵਲ ਆਪਣੇ ਜੀਵਨ ਵਿੱਚ ਗੁਰੂ ਦੀ ਸਿੱਖਿਆ ਨੂੰ ਅਮਲ ਵਿੱਚ ਲਿਆ ਕੇ (ਆਪਣੀ ਵਡਿਆਈ ਕੀਤੇ ਬਗੈਰ) ਹੀ ਇਹ ਸਾਬਤ ਕਰ ਸਕਦੇ ਹਾਂ ਕਿ ਸਾਨੂੰ ਸਿਖਾਉਣ ਵਾਲਾ ਮਹਾਨ ਹੈ । ਹੋਰ ਜ਼ਰੂਰੀ ਗੱਲ



ਇਹ ਹੈ ਕਿ ਗੁਰੂ ਦੀ ਸਿੱਖਿਆ 'ਤੇ ਚੱਲਣ ਵਾਲਾ "ਕੋਈ ਵੀ" ਮਹਾਨ ਹੈ । "ਸਿੱਖ" ਕਿਸੇ ਭੇਖ ਦਾ ਜਾਂ ਵਰਦੀ ਦਾ ਨਾਂ ਨਹੀਂ । "ਸਿੱਖ" ਸਿੱਖਿਆ 'ਤੇ ਚੱਲਣ ਵਾਲੇ ਦਾ ਨਾਂ ਹੈ । ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਖ਼ਾਲਸਾ ਬਣਾਉਣ ਦੇ ਮਹਾਨ ਯਤਨ ਵੇਲੇ ਵੀ ਸਿਰ ਮੰਗੇ, ਪਰ **Voluntary** (ਆਪਣੀ ਮਰਜ਼ੀ ਨਾਲ) ਸਹਿਜਧਾਰੀ ਰਹਿਣ ਦਿੱਤੇ, ਮੁਸਲਮਾਨ, ਪਠਾਣ ਰਹਿਣ ਦਿੱਤੇ; ਪਰ ਉਨ੍ਹਾਂ ਨੂੰ ਵੀ ਆਪਣੇ ਪਿਆਰੇ ਬਣਾ ਕੇ ਰੱਖਿਆ । ਮਤਲਬ ਇਹ ਕਿ ਗੁਰੂ ਸਾਹਿਬਾਂ ਨੇ **Actions** (ਕੰਮਾਂ) ਨੂੰ ਚਿੰਨ੍ਹਾਂ ਤੋਂ ਉੱਚਾ ਰੱਖਿਆ ਅਤੇ ਜਿੱਥੇ ਖ਼ਾਲਸੇ ਦੀ ਬਾਹਰਲੀ ਰਹਿਤ 'ਤੇ ਜ਼ੋਰ ਦਿੱਤਾ, ਉੱਥੇ ਅੰਦਰਲੀ ਸੁੱਚਤਾ ਤੇ '**ਮੋਹ ਸੋ ਗਰੀਬ ਕਰੋਰ ਪਰੇ**' ਹੈਂ ਵਾਲੀ ਨਿਮਰਤਾ ਨੂੰ ਅਪਨਾਉਣਾ ਜ਼ਰੂਰੀ ਜਾਣਿਆ । ਬਾਹਰਲੀ ਰਹਿਤ ਬੇਸ਼ੱਕ ਜ਼ਰੂਰੀ ਹੈ ਪਰ ਵਿੱਚ ਵੀ ਤਾਂ ਗੁਰੂ ਵੱਸੇ । ਗੁਰਦੁਆਰੇ ਵਿੱਚ ਅਸਾਂ ਕਈ ਵਾਰ ਸੇਵਾਦਾਰ ਨੂੰ ਇਕ ਸਹਿਜਧਾਰੀ ਨੂੰ ਇਵੇਂ ਮੋੜਦਿਆਂ ਦੇਖਿਆ ਹੋਣਾ ਹੈ "**ਓਇ ਸਿਰ ਕੱਜ ਕੇ ਆ**" ਉਹ ਸਿਰ ਤਾਂ ਕੱਜ ਲਏਗਾ ਪਰ ਸੋਚੇਗਾ ਕਿ ਕਿੱਥੇ ਗਿਆ ਇਨ੍ਹਾਂ ਦੇ ਗੁਰੂ ਦਾ ਹੁਕਮ "**ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥" (ਅੰ: ੪੭੩)**

ਸਾਡੇ ਵਾਸਤੇ ਤਾਂ ਗੁਰੂ ਨੇ ਇਤਨੀਆਂ ਸਾਫ਼ ਤੇ ਸੋਹਣੀਆਂ ਲੀਹਾਂ ਪਾਈਆਂ ਹਨ ਕਿ ਅਸੀਂ ਕਦੇ ਗ਼ਲਤ ਰਾਹ 'ਤੇ ਨਹੀਂ ਜਾ ਸਕਦੇ; ਪਰ ਅਸੀਂ ਮੁਕਾਬਲਾ ਕਰਨ ਲੱਗ ਜਾਂਦੇ ਹਾਂ, "**ਹਿੰਦੂਆਂ ਨੇ ਇਹ ਕੀਤਾ**" ਆਦਿ ਭੁੱਲ ਜਾਂਦੇ ਹਾਂ । "**ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ ॥ ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ ॥" (ਅੰ: ੧੩੭੮)** ਸਾਡਾ ਸਭ ਤੋਂ ਵੱਡਾ ਗਹਿਣਾ ਜੋ ਗੁਰੂ ਨਾਨਕ ਸਾਹਿਬ ਦੁਨੀਆਂ ਦੀ ¾ ਹਿੱਸੇ ਗ਼ਰੀਬੀ ਦੇ ਮਾਲਕ, ਸਾਨੂੰ ਬਖ਼ਸ਼ ਗਏ ਸਨ, ਉਸ ਨੂੰ ਅਸਾਂ ਤਿਆਗ ਦਿੱਤਾ ਹੈ । ਜਿਸ ਸਿਦਕ ਨਾਲ ("**ਮੰਝ ਨਿਮਾਣੀ ਇਕ ਤੂੰ**") ਗੁਰੂ ਅੰਗਦ ਸਾਹਿਬ ਸਾਨੂੰ ਗੁਰੂ ਦੇ ਚਰਨਾਂ ਵਿੱਚ ਰਹਿਣ ਲਈ ਪ੍ਰੇਰ ਗਏ, ਅਸਾਂ ਧਿਆਨ ਨਾ ਦਿੱਤਾ । ਜਿਸ ਅਨੰਦ ਨਾਲ ਗੁਰੂ ਦੇ ਸ਼ਬਦ ਦੀ ਕਮਾਈ (ਸੇਵਾ ਵਿੱਚ ਲੀਨ ਹੋ ਕੇ) ਕਰਨ ਲਈ ਪ੍ਰੇਰਨਾ ਦਿੱਤੀ ਉਸ 'ਤੇ ਅਸੀਂ ਬੇਮੁੱਖ ਹੋਏ, ਜਿਸ ਨਿਮਰਤਾ ਨਾਲ ਗੁਰੂ ਰਾਮਦਾਸ ਸਾਹਿਬ ਸਾਨੂੰ ਮੰਗਣਾ ਸਿਖਾ ਗਏ, ਅਸੀਂ ਭੁੱਲ ਗਏ "**ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ ॥" (ਅੰ: ੧੦)** ਜਿਸ ਸੀਤਲਤਾ ਨਾਲ ਭਾਣਾ ਮੰਨਣਾ ਤੇ ਜਿਸ ਆਪਾ ਵਾਰਨ ਵਾਲੀ ਗ਼ਰੀਬੀ ਨਾਲ ਸੇਵਾ ਕਰਨਾ ਸਾਨੂੰ ਗੁਰੂ ਅਰਜਨ ਸਾਹਿਬ ਸਿਖਾ ਗਏ, ਉਸ ਵੱਲ ਅਸਾਂ ਧਿਆਨ ਨਾ ਦਿੱਤਾ । ਜਿਸ ਤੀਬਰਤਾ ਨਾਲ ਜ਼ੁਲਮ ਦਾ

ਮੁਕਾਬਲਾ ਕਰਨ ਲਈ ਤਲਵਾਰ ਉਠਾਉਣਾ ਜ਼ਰੂਰੀ ਗੁਰੂ ਹਰਗੋਬਿੰਦ ਸਾਹਿਬ ਨੇ ਦੱਸਿਆ, ਅਸਾਂ ਗ਼ੈਰ-ਜ਼ਰੂਰੀ ਸਮਝਿਆ । ਗੁਰੂ ਹਰਿਰਾਇ ਸਾਹਿਬ ਦੀਆਂ ਬਖ਼ਸ਼ਿਸ਼ਾਂ, ਗੁਰੂ ਹਰਿ ਕ੍ਰਿਸ਼ਨ ਸਾਹਿਬ ਦੇ ਦੁੱਖ ਮੇਟਣ ਵਾਲੇ ਦਰਸ਼ਨ, ਗੁਰੂ ਤੇਗ਼ ਬਹਾਦਰ ਸਾਹਿਬ ਦੀ ਕੁਰਬਾਨੀ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਖੰਡੇ ਦੀ ਸ਼ਕਤੀ ਤੇ ਪਰਿਵਾਰ ਵਾਰਨ ਦੀ ਮਹਾਨਤਾ ਵੱਲ ਅਸੀਂ ਕੇਵਲ ਨਾਮ-ਮਾਤਰ ਧਿਆਨ ਦਿੱਤਾ । ਨਤੀਜਾ ਇਹ ਹੋਇਆ ਕਿ ਅਸੀਂ ਨਾਮ-ਮਾਤਰ "ਸਿੱਖ" ਜਾਂ "ਸਿੰਘ" ਰਹਿ ਗਏ । ਸਾਡਾ ਨਿਆਰਾਪਨ ਕੇਵਲ ਪਗੜੀ ਦਾੜ੍ਹੀ ਵਿੱਚ ਰਹਿ ਗਿਆ ।

ਆਓ ! ਹੁਣ ਉੱਠੀਏ, ਤਾਂ ਜੋ ਸਾਨੂੰ ਕਿਸੇ ਨੂੰ ਇਹ ਨਾ ਕਹਿਣਾ ਪਏ ਕਿ ਸਿੱਖ ਚੰਗੇ ਹੁੰਦੇ ਹਨ । ਅਸੀਂ ਗੁਰੂ ਸਾਹਿਬਾਂ ਦੇ ਹੁਕਮਾਂ ਨੂੰ ਪਛਾਣ ਕੇ ਉਹਨਾਂ 'ਤੇ ਚੱਲਣ ਦੀ ਕੋਸ਼ਿਸ਼ ਕਰਦਿਆਂ ਹੋਇਆਂ ਸਭ ਦੀ ਕੇਵਲ ਸੇਵਾ ਕਰੀਏ ਤਾਂ ਜੋ ਦੂਜਿਆਂ ਨੂੰ ਸਾਨੂੰ ਬੁਲਾ ਕੇ ਕਹਿਣਾ ਪਵੇ ਕਿ ਇਹ ਕੰਮ ਜਾਂ ਇਹ ਜ਼ਿੰਮੇਵਾਰੀ ਸਿੱਖਾਂ ਨੂੰ ਸੌਂਪੇ, ਕਿਉਂਕਿ ਇਸ ਕੰਮ ਲਈ **Honesty, Devotion** (ਇਮਾਨਦਾਰੀ, ਸੇਵਾ-ਭਾਵ) ਅਤੇ **Selfishness** (ਬੇਗਰਜ਼ੀ) ਚਾਹੀਦੀ ਹੈ ਤੇ ਇਨ੍ਹਾਂ ਤੋਂ ਵੱਧ ਇਹ ਕੌਣ ਦੱਸ ਸਕਦਾ ਹੈ; ਪਰ ਸਿੱਖ ਇਹ ਮਾਣ ਲੈ ਕੇ ਵੀ ਇਹ ਹੀ ਸੋਚਣ "ਇਹ ਸਿੱਖਾਂ ਦੀ ਵਡਿਆਈ ਨਹੀਂ, ਇਹ ਸਿੱਖਿਆ ਦੇਣ ਵਾਲੇ ਦੀ ਵਡਿਆਈ ਹੈ ਅਤੇ ਆਪ ਵਡਿਆਈ ਤੋਂ ਦੂਰ ਰਹਿਣ ।"

ਬਹੁਤ ਕੁਝ ਤਾਂ ਮੈਂ ਨਹੀਂ ਜਾਣਦਾ ਪਰ ਇਹ ਯਕੀਨ ਨਾਲ ਕਹਿੰਦਾ ਹਾਂ ਕਿ ਜੇ ਕਿਸੇ ਨੇ ਚੰਗਾ ਮੁਸਲਮਾਨ ਬਣਨ ਦਾ ਇਰਾਦਾ ਕੀਤਾ ਹੋਵੇ ਗੁਰੂ ਗ੍ਰੰਥ ਸਾਹਿਬ ਕੋਲੋਂ ਸਿੱਖਿਆ ਲੈ ਕੇ, ਤਾਂ ਇਹ ਬਣ ਸਕਦਾ ਹੈ । ਜੇ ਕੋਈ ਚੰਗਾ ਪੰਡਤ ਬਣਨਾ ਚਾਹੁੰਦਾ ਹੋਵੇ ਤਾਂ ਗੁਰੂ ਗ੍ਰੰਥ ਸਾਹਿਬ ਕੋਲੋਂ ਮਤਿ ਲੈ ਕੇ ਬਣ ਸਕਦਾ ਹੈ । ਇਸ ਲਈ ਮੈਂ ਨਿਸ਼ਚੇ ਨਾਲ ਕਹਿੰਦਾ ਹਾਂ ਕਿ ਸਿੱਖ ਧਰਮ ਕੇਵਲ ਸਾਡੇ ਲਈ ਨਹੀਂ, ਇਹ ਹਰ ਉਸ ਮਨੁੱਖ ਲਈ ਹੈ ਜੋ ਆਪਣੇ ਧਰਮੀ ਅਸੂਲਾਂ ਰਾਹੀਂ ਵਾਹਿਗੁਰੂ ਦਾ ਨਾਂ ਲੈ ਕੇ ਨੀਚ ਸਦਾਣ ਦਾ ਯਤਨ ਕਰਦਾ ਹੈ ।

ਹੁਣ ਅਸੀਂ ਚੋਣਵੇਂ ਮੁੱਢਲੇ ਅਸੂਲਾਂ ਵੱਲ ਧਿਆਨ ਮਾਰੀਏ, ਜਿਨ੍ਹਾਂ ਨੂੰ ਮੈਂ ਚਾਰ ਹਿੱਸਿਆਂ ਵਿੱਚ ਵੰਡਦਾ ਹਾਂ ।

੧. **Devotional (ਸ਼ਰਧਾ)** ਗੁਰੂ ਨੂੰ ਸਿਰ ਦੇਣਾ, ਹੁਕਮ ਮੰਨਣਾ, ਸਿਮਰਨ ਕਰਨਾ, ਸਿਦਕ ਰੱਖਣਾ, ਨਿਮਰਤਾ, ਸੰਤੋਖ ਰੱਖਣਾ ।

੨. **Ritual (ਰਵਾਇਤ)** ਵਰਦੀ ਪਾਉਣੀ ਤੇ ਬਾਹਰਲੀਆਂ ਰਹਿਤਾਂ



ਰੱਖਣੀਆਂ ।

੩. **Functional (ਕੰਮ-ਕਾਜ)** ਸੇਵਾ, ਕੁਰਬਾਨੀ, ਪਿਆਰ ਕਰਨਾ, ਨਿੰਦਾ ਤੋਂ ਬਚਣਾ, ਦਯਾ ਕਰਨੀ—ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੋਂ ਛੁਟਕਾਰਾ ਪਾਣਾ ।

੪. **Unmotivated Faith** ਕੰਮ ਕਰਨੇ ਤੇ ਨਿਰਾਸੇ ਰਹਿਣਾ ।

ਸਭ ਤੋਂ ਪਹਿਲਾਂ ਅਸੀਂ **Ritual (No.2)** ਦੇ ਬਾਰੇ ਸੋਚਦੇ ਹਾਂ । ਭਾਵੇਂ ਮੈਨੂੰ ਪਾਗਲ ਕਹੋ ਮੈਂ ਤਾਂ "ਵਰਦੀ" ਵਾਲੇ ਕਕਾਰ, ਬਾਣੀਆਂ ਪੜ੍ਹਨੀਆਂ (ਕੇਵਲ ਪੜ੍ਹਨੀਆਂ) ਅਤੇ ਬਾਹਰਲਾ ਭੇਖ ਸਿੱਖ ਦਾ ਬਣਾ ਕੇ ਰੱਖਣਾ ਸੌਖਾ ਸਮਝਦਾ ਹਾਂ । ਇਸ ਵਿੱਚ ਕੀ ਮੁਸ਼ਕਲ ਹੈ ਜਦੋਂ ਸਾਡੇ ਮਨ ਵਿੱਚ "ਲੇਖੇ ਵਰਤੇ" ਦੇ **Basis** (ਅਧਾਰ) 'ਤੇ ਇਹ ਬਹਿ ਜਾਏ ਕਿ ਕੇਵਲ ਇਹ ਕਰਨ ਨਾਲ ਹੀ ਅਸੀਂ ਪ੍ਰਵਾਨ ਹੋ ਜਾਵਾਂਗੇ !!!

ਸਭ ਤੋਂ ਵੱਡੀ ਗੱਲ ਹੈ ਸਿਰ ਦੇਣਾ (ਪ੍ਰਣ ਨਾਲ) ਅਤੇ ਸਿਰ ਦੇ ਕੇ ਫਿਰ ਹਮੇਸ਼ਾਂ ਸਿਰ ਚੜ੍ਹਾਉਣ ਲਈ ਤਿਆਰ ਰਹਿਣਾ । ਮਨ ਨਾਲ ਗੁਰੂ ਦੇ ਹੁਕਮ ਪਾਲਣ । ਨਿਮਰਤਾ ਨਾਲ ਸਭ ਦੀ ਚਰਨਧੂੜ ਬਣਨਾ ਅਤੇ ਪੂਰਨ ਸਿਦਕ ਰੱਖਣਾ । ਕੇਵਲ ਸਿਦਕ ਦੀਆਂ ਦੋ ਮਿਸਾਲਾਂ ਦਿੰਦਾ ਹਾਂ, ਇਕ ਸਿੱਖਾਂ ਦੀ ਤੇ ਇਕ ਕਿਸੇ **American Christian Priest** (ਅਮਰੀਕਨ ਪਾਦਰੀ) ਦੀ ।

(ੳ) ਭਾਈ ਤਿਲਕੂ ਗੁਰੂ ਅਰਜਨ ਸਾਹਿਬ ਦੇ ਚਰਨਾਂ ਦਾ ਸਿਦਕ ਰੱਖ ਕੇ ਕਿਸੇ ਜੋਗੀ ਦੀਆਂ ਤੇ ਸਾਰੇ ਪਿੰਡ ਦੀਆਂ **Persuasions** (ਮਜਬੂਰ ਕਰਨ) ਦੇ ਬਾਵਜੂਦ ਸਵਰਗ ਦੇ ਝੂਟੇ ਨਹੀਂ ਲੈਣਾ ਚਾਹੁੰਦਾ । ਜੋਗੀ ਉਸ ਦੀ ਕਿਰਪਾ ਨਾਲ ਗੁਰੂ ਸਾਹਿਬ ਦੇ ਦਰਬਾਰ ਵਿੱਚ ਹਾਜ਼ਰ ਹੋ ਕੇ ਆਪਣਾ ਮਾਣ ਗਵਾਉਂਦਾ ਹੈ ।

(ਅ) ਇਕ **American Priest** (ਅਮਰੀਕਨ ਪਾਦਰੀ) ਨੇ ਵਾਹਿਗੁਰੂ ਨਾਲ ਲਾਡ ਕਰਦਿਆਂ ਇਹ ਸੋਚਿਆ ਕਿ ਜਦ ਹਰ ਇਕ ਨੂੰ ਉਹ ਰੋਜ਼ੀ ਦਿੰਦਾ ਹੈ ਤਾਂ ਇਕ ਨਵੇਂ **Project** (ਕਾਰਜ) ਵਿੱਚ ਉਸ ਦੇ ਕ੍ਰਿਸ਼ਮੇ ਦੇਖੀਏ । ਉਸ ਇਕ ਨਵੇਂ **Invalid Home** (ਨਕਾਰਿਆਂ ਦਾ ਆਸ਼ਰਮ) ਦੀ ਸਥਾਪਨਾ ਦੀ ਵਿਉਂਤ ਬਣਾਈ ਤੇ ਪੈਸਿਆਂ ਬਗੈਰ ਕੰਮ ਆਰੰਭ ਦਿੱਤਾ । ਬਹੁਤ **Donations** (ਸਹਾਇਤਾ) ਆਉਣ ਨਾਲ ਕੰਮ ਸਿਰੇ ਚੜ੍ਹ ਗਿਆ । ਇਕ ਦਿਨ ਉਸ **Home** (ਆਸ਼ਰਮ) ਵਿੱਚ **500** ਬੰਦਿਆਂ ਲਈ ਖਾਣ ਜੋਗਾ ਕੁਝ ਵੀ ਨਹੀਂ ਸੀ ਅਤੇ ਲੰਗਰ ਦੇ **Incharge** (ਜ਼ਿੰਮੇਵਾਰ) ਨੇ ਦਸ ਵਜੇ **Priest** (ਪਾਦਰੀ) ਨੂੰ ਕਿਹਾ ਕਿ ਅੱਜ ਨਾ ਪੈਸੇ ਹਨ ਤੇ ਨਾ ਕੁਝ ਖਾਣ

ਲਈ, ਕੀ **11** ਵਜੇ ਰੋਜ਼ ਵਾਂਙ ਰੋਟੀ ਦੀ ਘੰਟੀ ਵਜਾਉਣੀ ਹੈ ਕਿ ਨਹੀਂ ? **Priest** (ਪਾਦਰੀ) ਨੇ ਕਿਹਾ ਜ਼ਰੂਰ ਵਜਾਈ ਜਾਏ, ਅਜੇ ਤਾਂ ਘੰਟਾ ਬਾਕੀ ਹੈ । ਲੰਗਰ ਇੰਚਾਰਜ ਨੇ ਫੇਰ **10-15, 10-30, 10-45** ਤੇ **10-59** 'ਤੇ ਫੇਰ ਪੁੱਛਿਆ । **Priest** (ਪਾਦਰੀ) ਦਾ ਇਹੋ ਉੱਤਰ ਸੀ । ਪਰ ਲੰਗਰ ਇੰਚਾਰਜ ਨੇ **11** ਵਜੇ ਘੰਟੀ ਨਾ ਵਜਾਈ **Embarrassment** (ਬਦਨਾਮੀ) ਤੋਂ ਬਚਣ ਲਈ ? ਪਰ ਠੀਕ **11** ਵਜੇ ਬਾਹਰਲੇ ਗੇਟ 'ਤੇ ਇਕ ਟਰੱਕ ਨੇ **Horn** (ਹਾਰਨ) ਵਜਾਇਆ ਤੇ **500** ਆਦਮੀਆਂ ਦੀ ਪੱਕੀ ਪਕਾਈ ਰੋਟੀ ਲੈ ਕੇ ਅੰਦਰ ਆਇਆ । ਇਹ ਰੋਟੀ ਕਿਸੇ **Marriage-Celebration** (ਵਿਆਹ ਦੀ ਰਸਮ) ਦੇ ਸਥਾਨ ਤੋਂ ਇਸ ਲਈ ਭੇਜੀ ਗਈ ਸੀ ਕਿ ਜਿਨ੍ਹਾਂ ਮਹਿਮਾਨਾਂ ਨੇ ਖਾਣ ਆਉਣਾ ਸੀ ਉਹਨਾਂ ਨੇ **10-15** ਵਜੇ **Telephone** (ਟੈਲੀਫ਼ੋਨ) ਕੀਤਾ ਕਿ **Accident** (ਹਾਦਸਾ) ਹੋਣ ਕਰਕੇ ਉਹ ਕੁਝ ਲੇਟ ਹੋ ਜਾਣਗੇ **10-30** ਵਜੇ ਕੁਝ ਆਦਮੀ ਮਰ ਗਏ ਹਨ; ਇਸ ਲਈ **Celebration** (ਰਸਮ) ਅੱਜ ਨਹੀਂ ਹੋ ਸਕਦੀ । **10-45** ਵਜੇ ਘਰ ਵਾਲਿਆਂ ਨੇ ਫ਼ੈਸਲਾ ਕੀਤਾ, ਇਹ ਰੋਟੀ **Home** (ਆਸ਼ਰਮ) ਭੇਜ ਦਿੱਤੀ ਜਾਏ—

**ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥**
**ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥**
**(ਅੰਗ ੧੦)**

ਸਾਡਾ ਸਿਦਕ ਅੱਜਕੱਲ੍ਹ ਬਹੁਤ ਗਿਰ ਚੁੱਕਾ ਹੈ । ਇਹ ਮਨ ਦੀ ਕਮਜ਼ੋਰੀ ਹੈ ਕਿਉਂਕਿ ਅਸੀਂ ਹਰ ਵੇਲੇ ਦੁਨਿਆਵੀ ਮੰਗਾਂ ਵਿੱਚ ਫਸੇ ਰਹਿੰਦੇ ਹਾਂ । ਪਰ ਮੈਨੂੰ ਵਾਹਿਗੁਰੂ ਨੇ ਮੌਕਾ ਦਿੱਤਾ ਹੈ ਦੇਖਣ ਦਾ ਕਿ ਜਿਨ੍ਹਾਂ ਨੂੰ ਗੁਰੂ ਨੇ ਸੋਝੀ ਬਖ਼ਸ਼ੀ ਹੈ ਉਹ ਅੱਜਕੱਲ੍ਹ ਵੀ ਆਪਣਾ ਸਿਦਕ ਰੱਖ ਸਕੇ ਹਨ । ਪੰਜਾ ਸਾਹਿਬ ਗੱਡੀ ਨੂੰ ਜਾਨ ਦੇ ਕੇ ਰੋਕ ਲੈਣਾ, ਵਾਹਿਗੁਰੂ ਦਾ ਨਾਂ ਲੈਣ ਵਿੱਚ ਰੁਕਾਵਟਾਂ ਦਾ ਸਾਹਮਣਾ ਕਰਨਾ, ਵਾਹਿਗੁਰੂ ਦੇ ਹੁਕਮ 'ਤੇ ਚੱਲਣਾ ਇਤਿਆਦਿਕ ।

ਅਸੀਂ ਗੁਰੂ ਨੂੰ ਇਕ **Inevitable appendix** (ਅਟੱਲ ਅੰਤਿਕਾ) ਬਣਾ ਕੇ ਇਹ ਸਮਝ ਲਿਆ ਹੈ ਕਿ ਜਿਵੇਂ **Appendix** (ਅੰਤਿਕਾ) ਕਢਾਣ ਬਾਅਦ ਵੀ ਮਨੁੱਖ ਜੀ ਸਕਦਾ ਹੈ, ਗੁਰੂ ਦੀ ਲੋੜ **In itself** (ਆਪਣੇ ਆਪ) ਹੈ ਹੀ ਨਹੀਂ ਸਗੋਂ ਸਾਡੇ ਕੰਮ ਕਰਨ ਵਾਸਤੇ ਇਸ ਦੀ ਵਰਤੋਂ ਕਰਨਾ ਰਿਵਾਜਨ ਜ਼ਰੂਰੀ ਹੈ, ਜੇ ਗੁਰੂ ਦੀ ਕਿਰਪਾ ਦਾ ਪਾਤਰ ਬਣਨਾ ਹੋਵੇ ਤਾਂ ਆਪਣਾ ਆਪ ਉਸ ਦੇ ਹਵਾਲੇ ਕਰਕੇ ਇਹ ਮੰਨਣਾ ਪਵੇਗਾ



ਕਿ ਉਹ ਹਰ ਰਾਹ 'ਤੇ ਸਾਡਾ **Guide** (ਰਹਿਬਰ) ਹੈ ਤੇ ਪ੍ਰਤਿਪਾਲਕ ਹੈ । ਪਰ ਗੱਲ ਇਹ ਹੈ ਕਿ ਕਹਿੰਦੇ ਤਾਂ ਹਾਂ ਪਰ ਯਕੀਨ ਨਹੀਂ ਰੱਖਦੇ, ਤੇ ਜੇ ਰੱਖਦੇ ਹਾਂ ਤਾਂ ਸਾਡੇ ਆਪਣੇ ਲੋਕ ਮਜ਼ਾਕ ਉਡਾਉਣਾ ਸ਼ੁਰੂ ਕਰ ਦਿੰਦੇ ਹਨ । ਲੋਕ ਜੋ ਮਰਜ਼ੀ ਕਹਿਣ ਸਿਦਕ ਦਾ ਮਤਲਬ ਹੈ ਕਿ :-

**੧. ਤੇਰੀ ਭਗਤਿ ਨ ਛੋਡਉ ਭਾਵੈ ਲੋਗੁ ਹਸੈ । (ਅੰਗ ੧੧੯੫)**
**੨. ਕੋਈ ਭਲਾ ਕਹਉ ਭਾਵੈ ਬੁਰਾ ਕਹਉ**
**ਹਮ ਤਨੁ ਦੀਓ ਹੈ ਢਾਰਿ ॥ (ਅੰਗ ੫੨੮)**
**੩. ਸੀਸ ਜਾਏ ਪਰ ਸਿਦਕ ਨਾ ਜਾਇ ॥**
**੪. ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥**
**ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥ (੧੧੦੨)**

ਸਾਡੇ ਸਿਦਕ ਦਾ ਜ਼ਰੂਰੀ ਅੰਗ ਹੈ ਨਿਮਰਤਾ ਤੇ ਸੰਤੋਖ; ਕਿਉਂਕਿ ਭਗਤੀ ਕਰਨ ਵਾਲੇ ਗੁਰੂ ਦੇ ਦਰਸਾਏ ਹੋਏ ਮਨੁੱਖ ਨੂੰ ਇਹ ਜ਼ਿੰਮੇਵਾਰੀ ਦਿੱਤੀ ਗਈ ਹੈ ਕਿ ਹਰ ਹਾਲਤ ਵਿੱਚ "ਨੀਵਾਂ" ਰਹੇ ਤੇ ਨੀਵਾਂ ਸਮਝੇ, ਕਿਉਂਕਿ ਜਿਹੜੀ ਦਾਤ ਉਸ ਨੇ ਪਾਲੀ ਹੈ, ਉਸ ਦਾ ਮਾਣ ਉਸ ਨੂੰ ਗਿਰਾ ਸਕਦਾ ਹੈ । ਸਿੱਖ ਹੋਣ ਦਾ ਜਾਂ ਉੱਚੀ ਮੱਤ ਹੋਣ ਦਾ, ਜਾਂ ਸਾਡੇ ਉੱਚੇ ਅਸੂਲਾਂ ਦਾ ਮਾਣ ਗ਼ਲਤ ਹੈ ਅਤੇ ਗੁਰਮਤਿ ਦੇ ਵਿਰੁੱਧ ਹੈ । ਸਾਡਾ ਮਾਣ ਇਹੋ ਹੈ ਕਿ ਅਸੀਂ **"ਸਭਨਾ ਕੀ ਰੇਣੁਕਾ"** ਬਣਨ ਲਈ ਰੀਝਦੇ ਹਾਂ ।

ਸੰਤੋਖ ਧਰਮ ਨੂੰ ਕਾਇਮ ਰੱਖਦਾ ਹੈ ਅਤੇ ਜੇ ਦਯਾ ਵਿੱਚੋਂ ਉਪਜਿਆ ਹੋਇਆ ਧਰਮ ਤ੍ਰਿਸ਼ਨਾ ਦਾ ਸ਼ਿਕਾਰ ਹੋ ਗਿਆ ਤਾਂ ਅਸੀਂ ਥਿੜਕ ਜਾਵਾਂਗੇ; ਪਰ ਜੇ ਗੁਰੂ ਦੀ ਕਿਰਪਾ ਨਾਲ ਸਤਿਸੰਗ ਵਿੱਚੋਂ ਨਾਮ ਦੀ ਦਾਤ ਦੇ ਜ਼ਰੀਏ ਸੰਤੋਖ ਪ੍ਰਾਪਤ ਕਰ ਲਈਏ ਤਾਂ ਸਾਡਾ ਮਨ ਸਥਿਰ ਰਹੇਗਾ । (ਪਰ ਮਾਣ ਕਦੇ ਵੀ ਨਹੀਂ ਕਰਨਾ) ।

**Functional Sense** (ਰਸਮ-ਰਿਵਾਜ) ਵਿੱਚ ਨਿਰਮਲ ਕਰਮ ਆ ਜਾਂਦੇ ਹਨ । ਜ਼ਰੂਰਤ ਇਸ ਗੱਲ ਦੀ ਹੈ ਕਿ ਕੰਮ ਕਰੀਏ ਗੁਰੂ ਦੇ ਪਿਆਰ ਲਈ ਕਰੀਏ, ਨਾ ਕੇ ਚੰਗੇ ਬਣਨ ਲਈ ਜਾਂ ਦਿਖਾਵੇ ਲਈ ਜਾਂ ਲੋਕਾਂ 'ਤੇ ਅਹਿਸਾਨ ਕਰਨ ਲਈ । ਕੇਵਲ "ਸੇਵਾ" ਬਾਰੇ ਆਪਣੇ ਵਿਚਾਰ ਲਿਖਦਾ ਹਾਂ ।

## ਸੇਵਾ

੧. ਆਪਣੇ ਲਈ ਕਰਨੀ ਹੈ ।
੨. ਬਦਲੇ ਵਿੱਚ ਕੋਈ ਮੰਗ ਨਹੀਂ ਰੱਖਣੀ ।
੩. ਨਾਲੇ ਕਿਸੇ 'ਤੇ ਅਹਿਸਾਨ ਨਹੀਂ ਚੜ੍ਹਾਉਣਾ ।

੪. ਨਾਲੇ ਮਨ ਦੀ ਮੈਲ ਉਤਾਰਨੀ ਹੈ ।

੫. ਮਨ ਨੀਵਾਂ ਕਰਨ ਦਾ ਇਕ ਸਾਧਨ ਹੈ ।

੬. ਸੇਵਾ ਦੇ ਮੌਕੇ 'ਤੇ ਅਸਾਂ ਸ਼ੁਕਰਗੁਜ਼ਾਰ ਹੋਣਾ ਹੈ ।

੭. ਸੇਵਾ ਲਈ ਹਰ ਵੇਲੇ ਉਤਾਵਲੇ ਰਹਿਣਾ ਹੈ ।

੮. ਸੇਵਾ ਰਾਹੀਂ ਗੁਰੂ ਦੇ ਚਰਨਾਂ ਤਕ ਪਹੁੰਚਣਾ ਹੈ ।

੯. ਸੇਵਾ ਦਾ ਮਾਣ ਬਿਲਕੁਲ ਨਹੀਂ ਕਰਨਾ; ਸਗੋਂ ਕੋਈ ਤਾਰੀਫ਼ ਕਰੇ ਤਾਂ ਫੌਰਨ ਉਸ ਤਾਰੀਫ਼ ਨੂੰ ਗੁਰੂ ਨੂੰ (**Transfer**) ਬਦਲੀ ਕਰ ਦੇਣਾ ਹੈ ।

੧੦. ਸੇਵਾ ਵਿੱਚ ਭੇਦ ਭਾਵ ਨਹੀਂ ਰੱਖਣਾ । ਇਸ ਲਈ ਸੇਵਾ ਕਰਦਿਆਂ **"ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥ ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥"** (ਅੰ: ੫੧੭) ਦੇ ਭਾਵ ਨਾਲ ਅੱਖਾਂ ਵਿੱਚ ਰੀਝ, ਹੱਥਾਂ ਵਿੱਚ ਬਖ਼ਸ਼ਿਸ਼ ਦਾ ਅਨੁਭਵ, ਤੇ ਦਿਲ ਵਿੱਚ ਚਾਅ ਲੈ ਕੇ ਗੁਰੂ ਅਰਜਨ ਸਾਹਿਬ ਨੂੰ ਕਾਬਲ ਤੋਂ ਆਈ ਸੰਗਤ ਦੀ ਪਿੱਪਲੀ ਸਾਹਿਬ ਵਿੱਚ ਸੇਵਾ ਕਰਦਿਆਂ ਵੇਖਣਾ ਹੈ । ਪਰ ਆਪਣਾ ਆਪ ਭੁੱਲ ਕੇ ਤੇ ਗੁਰੂ ਦੇ ਚਰਨਾਂ ਦੀ ਛਾਂ ਮਾਣ ਕੇ ।

ਨਿਰਾਸੇ ਰਹਿਣਾ ਬਹੁਤ ਹੀ ਜ਼ਰੂਰੀ ਹਿੱਸਾ ਹੈ ਜੇ ਗੁਰਸਿੱਖਾਂ ਦੀ ਪੜ੍ਹਾਈ ਕਰਨ ਲਈ ਕਮਰਕੱਸਾ ਕੀਤਾ ਜਾਏ । ਸਾਡੀਆਂ ਬਹੁਤ ਸਾਰੀਆਂ ਦੁੱਖ ਭਰੀਆਂ ਕਹਾਣੀਆਂ ਤ੍ਰਿਸ਼ਨਾ ਆਸਾਂ ਦੇ ਆਧਾਰ 'ਤੇ ਬਣਾਏ ਹੋਏ ਰੇਤ ਦੇ ਕਿਲ੍ਹਿਆਂ ਦੇ ਗਿਰ ਜਾਣ ਤੋਂ ਪੈਦਾ ਹੁੰਦੀਆਂ ਹਨ । ਸੱਚਾ ਨਾਮ ਸੱਚੇ ਭਰੋਸੇ ਦਾ **Source** ਹੈ ਜੇ ਗੁਰੂ ਦਾ ਹੁਕਮ ਮਨ ਵਿੱਚ ਕਰਮ ਕਰਕੇ ਮੰਨੀਏ ।

**Universality of Sikhism** (ਸਿੱਖੀ ਦਾ ਸਰਬ ਸਾਂਝਾਪਨ) । ਜਿਵੇਂ ਸ਼ੁਰੂ ਵਿੱਚ ਲਿਖਿਆ ਸੀ ਕਿ ਸਿੱਖ ਧਰਮ ਕੇਵਲ ਸਿੱਖਾਂ ਦਾ ਧਰਮ ਨਹੀਂ । ਜਿਤਨੇ ਵੀ **Attributes** (ਗੁਣ) ਉੱਤੇ ਦਿੱਤੇ ਹਨ, ਕਿਤੇ ਵੀ ਨਹੀਂ **Insist** (ਅੜਨਾ) ਕਰਦੇ ਕਿ ਕੇਵਲ ਸਿੱਖ ਹੀ ਉਨ੍ਹਾਂ ਨੂੰ ਪਾ ਸਕਦਾ ਹੈ । ਸਗੋਂ ਸਾਫ਼ ਜ਼ਾਹਿਰ ਹੈ ਕਿ ਜੋ ਵੀ ਉਨ੍ਹਾਂ ਨੂੰ ਗ੍ਰਹਿਣ ਕਰਦਾ ਹੈ ਇਨਸਾਨੀਅਤ ਦਾ ਚਿੰਨ੍ਹ ਬਣਕੇ ਗੁਰੂ ਦੀ ਨਜ਼ਰ ਵਿੱਚ ਚਮਕ ਉੱਠਦਾ ਹੈ । ਆਓ ਇਕ ਵੇਰ ਫੇਰ ਸਾਬਤ ਕਰੀਏ ਸਿੱਖਾਂ ਦੀ "ਨਿਮਰਤਾ," ਸਭ ਦੀ ਸੇਵਾ ਕਰਨ ਲਈ ਪ੍ਰੇਰ ਕੇ ਸਿੱਖ ਨੂੰ ਸਭ ਤੋਂ ਨੀਵਾਂ ਰਹਿਣ ਲਈ ਪ੍ਰੇਰਦੀ ਹੈ । ਮੇਰੇ ਮਾਲਕ, ਕਿਰਪਾ ਕਰ ।



—ਖ਼ਾਲਸਾ ਕਦੇ ਭਰਮ-ਭੁਲੇਖੇ ਵਿੱਚ ਨਹੀਂ ਪੈਂਦਾ ।
—ਖ਼ਾਲਸਾ ਬਾਹਰਲੇ ਭੇਖ ਤੇ ਕੂੜ ਤੋਂ ਮੁਕਤ ਹੁੰਦਾ ਹੈ ।
—ਖ਼ਾਲਸਾ ਨਿੰਦਾ ਨਹੀਂ ਕਰਦਾ ।
—ਖ਼ਾਲਸਾ ਸਦੈਵ ਸੱਚ ਲਈ ਜੂਝਣ ਨੂੰ ਤਿਆਰ ਹੈ ।
—ਖ਼ਾਲਸਾ ਪਰਾਈ ਇਸਤਰੀ ਵੱਲ ਬੁਰੀ ਨਜ਼ਰ ਨਾਲ ਨਹੀਂ ਦੇਖਦਾ ।
—ਖ਼ਾਲਸਾ ਨਾਮ ਸਿਮਰਨ ਵਿੱਚ ਲੀਨ ਰਹਿੰਦਾ ਹੈ ।
—ਖ਼ਾਲਸਾ ਗੁਰੂ ਨਾਲ ਪਿਆਰ ਕਰਦਾ ਤੇ ਸੱਚ ਲਈ ਦਲੇਰੀ ਨਾਲ ਜੂਝਦਾ ਹੈ ।
—ਖ਼ਾਲਸਾ ਗ਼ਰੀਬ ਦੀ ਰੱਖਿਆ ਕਰਦਾ ਹੈ ।
—ਖ਼ਾਲਸਾ ਦੁਸ਼ਟ ਨੂੰ ਖ਼ਤਮ ਕਰਦਾ ਹੈ ।
—ਖ਼ਾਲਸਾ ਅੰਮ੍ਰਿਤਪਾਨ ਕਰਦਾ ਤੇ ਬੜੇ ਪਿਆਰ ਨਾਲ ਪੰਜ ਕਕਾਰ ਧਾਰਨ ਕਰਦਾ ਹੈ ।
—ਖ਼ਾਲਸਾ ਊਚ-ਨੀਚ, ਗ਼ਰੀਬ-ਅਮੀਰ ਵਿੱਚ ਕੋਈ ਵਿਤਕਰਾ ਨਹੀਂ ਕਰਦਾ ।
—ਖ਼ਾਲਸਾ ਕਦੇ ਲੋਕਾਂ ਨੂੰ ਨਹੀਂ ਸਤਾਉਂਦਾ ।

# ਅ-ਗੁਰਸਿੱਖੀ ਜੀਵਨ ਦੇ ਸਿਧਾਂਤ



ਸਾਰੇ ਧਰਮ ਉਹੋ ਕੁਝ ਕਹਿੰਦੇ ਹਨ ਜੋ **Sikhism** ਕਹਿੰਦਾ ਹੈ । ਸਾਡੀਆਂ ਮੌਜਾਂ ਹਨ ਕਿ ਸਾਡਾ ਧਰਮ ਤੇ ਸਾਡਾ ਇਸ਼ਟ ਮੁਸਲਮਾਨ ਨੂੰ ਚੰਗਾ ਮੁਸਲਮਾਨ ਬਣਨਾ, ਹਿੰਦੂ ਨੂੰ ਚੰਗਾ ਹਿੰਦੂ ਬਣਨਾ ਸਿਖਾਉਂਦਾ ਹੈ । ਅਸਲ ਵਿੱਚ ਸਾਡੀ ਸਿੱਖਿਆ ਹੈ ਕਿ—

ਮੰਦਰ ਜਾਉ, ਮਸੀਤੇ ਜਾਉ, ਗੁਰਦੁਆਰੇ ਜਾਉ, ਗਿਰਜੇ ਜਾਉ, ਮਨ ਨਾਲ ਹਉਮੈਂ ਮਾਰ ਕੇ ਵਾਹਿਗੁਰੂ ਨੂੰ ਯਾਦ ਕਰੋ ਤੇ ਬੰਦਿਆਂ ਦੀ ਸੇਵਾ ਕਰੋ ।

## ਸਿੱਖ ਦਾ ਜੀਵਨ

ਵਾਹਿਗੁਰੂ ਜਾਣੇ ਲੋਕੀਂ ਧਰਮ ਨੂੰ ਕੀ ਸਮਝਦੇ ਹਨ । ਮੈਂ ਤਾਂ ਆਪਣੇ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਦਾ ਧਿਆਨ ਧਰ ਕੇ ਹਰ ਵੇਲੇ ਸਾਹਿਬਾਂ ਦੀ ਹਜ਼ੂਰੀ ਵਿੱਚ ਹੱਥ ਬੱਧਾ ਗ਼ੁਲਾਮ ਬਣਕੇ ਤੇ ਇਹ ਸਮਝਦਿਆਂ ਹੋਇਆਂ ਕਿ ਬੈਖ਼ਰੀਦ ਕੀ ਚਤੁਰਾਈ ਕਰ ਸਕਦਾ ਹੈ, ਮਾਂ ਤੇ ਪਿਉ ਸਮੇਤ ਸਾਹਿਬਾਂ ਦੀ ਚਾਕਰੀ ਮੇਰਾ ਪਰਮ ਕੰਮ ਹੈ; ਨਿਰਣੇ ਕਰਦਾ ਹਾਂ ਕਿ ਧਰਮ—

੧. ਇਕ ਕੁਰਬਾਨੀ ਹੈ ਜਿਹੜੀ ਜਗਿਆਸੂ ਨੂੰ ਆਪਣੇ ਗੁਰੂ ਦੇ ਬਚਨਾਂ ਨਾਲ ਲਿਖੀ ਸੱਚਾਈ ਲਈ ਜਾਨ ਵਾਰਨੀ ਪਵੇ ਤਾਂ ਹੱਸ ਕੇ ਵਾਰ ਦਿੰਦਾ ਹੈ ।

੨. ਉਹ ਹੀਰਾ ਹੈ ਜਿਸ ਦੀ ਚਮਕ ਜਗਿਆਸੂ ਦੇ ਰੋਜ਼ਾਨਾ ਜੀਵਨ ਦੀ ਹਰ ਚਾਲ ਵਿੱਚ ਚਮਕਦੀ ਹੈ ਤੇ ਉਹ ਚਮਕ ਆਪਣੀ ਛੂਹ ਨਾਲ ਕਈ ਬੰਦਿਆਂ ਦਾ ਹਿਰਦਾ ਚਮਕਾਉਂਦੀ ਹੈ ।

੩. ਗੁਰੂ ਦਾ ਉਹ ਮੰਤਰ ਹੈ ਜਿਸ ਨੂੰ ਰਿਵਾਜ ਲਈ, ਬੇਟੇ ਲਈ, ਆਪਣੇ ਨਿੱਜੀ ਸਵਾਰਥ ਲਈ ਜੱਪਣ ਦੀ ਲੋੜ ਨਹੀਂ ਪੈਂਦੀ; ਸਗੋਂ ਸੁਤੇ ਸਿੱਧ ਬੰਦੇ ਦਾ ਸੁਭਾਅ ਹੀ ਇਨਸਾਨੀਅਤ ਦੀ ਚਾਕਰੀ ਕਰਦਿਆਂ ਹੋਇਆਂ ਸਗਲ ਦੀ ਰੇਣ ਬਣਾਉਣ ਵਿੱਚ ਸਹਾਈ ਹੁੰਦਾ ਹੈ ।

੪. ਉਹ ਅਣਮੁੱਲੀ ਦਾਤ ਹੈ ਜੋ ਕੇਵਲ ਗੁਰਦੁਆਰਿਆਂ, ਮੰਦਰਾਂ, ਮਸੀਤਾਂ, ਗਿਰਜਿਆਂ ਵਿੱਚ ਜਾਂ ਪਾਦਰੀਆਂ, ਭਾਈਆਂ, ਪੁਜਾਰੀਆਂ, ਮੌਲਵੀਆਂ ਕੋਲ ਨਹੀਂ ਵੱਸਦੀ ਤੇ ਨਾ ਹੀ ਕੇਵਲ ਧਰਮ ਗ੍ਰੰਥਾਂ ਵਿੱਚ ਵੱਸਦੀ ਹੈ, ਉਹ ਤਾਂ ਗੁਰੂ ਦੇ ਚਰਨਾਂ ਵਿੱਚ ਜਗਿਆਸੂ ਦਾ ਮਨ ਟਿਕ ਜਾਣ ਨਾਲ ਇਕ ਬੇਹੱਦ ਰੌਸ਼ਨੀ ਦੀ ਸੂਰਤ ਵਿੱਚ ਹਰ ਕੰਮ ਵਿੱਚ ਅਗਵਾਈ ਕਰਦੀ ਹੈ ।

੫. ਸੌਦੇਬਾਜ਼ੀ ਨਹੀਂ ਜਿਹੜੀ ਬਹੁਤ ਵਾਰ ਮੁੰਡੇ ਕੁੜੀਆਂ ਦੀ ਭੁੱਖ ਵਿੱਚ, ਕੜਾਹ ਪ੍ਰਸ਼ਾਦਿ ਵਿੱਚ, ਜਾਂ ਕੁੜੀ ਦੇ ਵਿਆਹ ਲਈ ਚਲੀਹੇ ਸੁੱਖਣ ਨਾਲ, ਜਾਂ ਬੱਚੇ ਦੀ ਬਿਮਾਰੀ ਵਿੱਚ ਲੰਗਰ ਕਰਾਉਣ ਨਾਲ, ਜਾਂ ਮੁਕੱਦਮਾ ਬਣਨ 'ਤੇ ਅਖੰਡ ਪਾਠ ਕਰਾਉਣ ਨਾਲ, ਤੇ ਜਾਂ ਫਿਰ ਰਾਜ ਦਰਬਾਰ ਵਿੱਚ ਫ਼ਤਹਿ ਪਾਉਣ ਲਈ ਗੁਰਦੁਆਰੇ ਵਿੱਚ ਪੱਖਾ ਲਗਵਾ ਦੇਣ ਨਾਲ ਪੂਰੀ ਹੋ ਜਾਏ । ਧਰਮ ਇਕ ਸੌਦਾ ਹੈ ਮਨ ਗੁਰੂ



ਨੂੰ ਵੇਚ ਦੇਣ ਦਾ, ਪੂਰਾ ਅਰਪਣ ਕਰਾਂ ਤੇ ਪੂਰੇ ਗੁਰੂ ਦੀ ਸਿੱਖਿਆ ਲੈ ਕੇ, ਪੂਰਾ ਜੀਵਨ ਪੂਰੀ ਨਿਮਰਤਾ ਵਿੱਚ ਪੂਰੀ ਪ੍ਰੇਮ-ਭਗਤੀ ਵਿੱਚ ਪੂਰੀ ਮਨੁੱਖੀ ਸੇਵਾ ਵਿੱਚ ਮਰ-ਮਿਟ ਕੇ ਗੁਜ਼ਾਰਨਾ ਤਾਂ ਜੋ ਸਾਹਿਬਾਂ ਦੀ ਹਜ਼ੂਰੀ ਹਮੇਸ਼ਾਂ ਕਾਇਮ ਰਹੇ ।

੬. ਉਹ ਵਸਤੂ ਨਹੀਂ ਹੈ ਜਿਸ ਦਾ ਮਜ਼ਾਕ ਕੇਵਲ ਪਗੜੀਆਂ ਦਾਹੜੀਆਂ ਰੱਖ ਕੇ, ਕਿਰਪਾਨਾਂ ਕੜੇ ਪਾ ਕੇ ਹੰਕਾਰ ਤੇ ਕ੍ਰੋਧ ਦੇ ਰੰਗ ਵਿੱਚ ਉਡਾਇਆ ਜਾਏ । ਇਹ ਤਾਂ ਪੰਜਾਂ ਕਕਾਰਾਂ ਦੀ ਅਦੁੱਤੀ ਸ਼ਾਨ ਨੂੰ ਜ਼ਿੰਦਗੀ ਦੇ ਅਮਲੀ ਜੀਵਨ ਵਿੱਚ ਪ੍ਰਗਟ ਕਰਦਿਆਂ ਸਾਹਿਬਾਂ ਦੀ ਮਿਹਰ ਦਰਸਾਏ ।

੭. ਇਸ ਦਾ ਮਤਲਬ ਹੈ ਕਿ ਸਿਰ ਗੁਰੂ ਅੱਗੇ ਵਿੱਕ ਚੁੱਕਾ ਹੈ ਤੇ ਹੁਣ ਗੁਰੂ ਦੀ ਗੱਲ ਪੱਥਰ 'ਤੇ ਲਕੀਰ ਹੋਵੇਗੀ ਤੇ ਗੁਰੂ ਦੀ ਗੱਲ ਦੀ ਹਮੇਸ਼ਾਂ ਹੀ ਪਹਿਲ ਹੋਵੇਗੀ । ਦੁਨੀਆਂ ਦੇ ਭਾਈਚਾਰੇ, ਝੂਠੇ ਰਿਵਾਜਾਂ ਤੇ ਹੋਰ ਕਈ ਕਿਸਮ ਦੇ ਅਡੰਬਰ, ਆਦਿ ਹੁਣ ਕੇਵਲ ਵਾਹਿਗੁਰੂ ਦੀ ਯਾਦ ਵਿੱਚ ਰਹਿੰਦਿਆਂ ਸਭ ਭੁੱਲ ਜਾਣਗੇ ।

੮. ਝੂਠ, ਬੇਈਮਾਨੀ, ਨਿੰਦਿਆ, ਚੁਗਲੀ, ਵਿਕਾਰ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੇ ਹੋਰ ਕਿਸੇ ਕਿਸਮ ਦੀ ਕੁਰੀਤੀ ਹਮੇਸ਼ਾਂ ਲਈ ਨਹੀਂ ਦਰਸਾਏਗੀ ਤੇ ਉਪਜੇਗਾ ਧੀਰਜ, ਧਰਮ, ਗਿਆਨ, ਸੰਤੋਖ, ਪ੍ਰੇਮ-ਭਾਵਨਾ, ਸੰਜਮ, ਸੱਚਾਈ ਤੇ ਸੱਚ ਦਾ ਅਮਲ ।

੯. ਗੁਰਦੁਆਰੇ ਵਿੱਚ **Election** ਲੜਨ ਲਈ ਰਸੂਖ ਬਣਾਉਣ ਲਈ ਨਹੀਂ ਵਰਤਿਆ ਜਾਏਗਾ; ਸਗੋਂ ਆਪਣਾ ਆਪ ਖ਼ਤਮ ਕਰਕੇ, ਮਨ ਗੁਰੂ ਦੇ ਹਵਾਲੇ ਕਰਕੇ ਮਰ ਕੇ ਜੀਵੇਗਾ । ਬੰਦਾ ਕਦੇ ਵੀ ਆਪਣਾ ਆਪ ਨਹੀਂ ਜਤਾਏਗਾ ।

੧੦. ਧਰਮ **IN BRIEF, WAY OF LIFE** ਹੋਵੇਗਾ । ਜਿਸ ਨਾਲ ਦੁਨੀਆਂ ਵੱਲੋਂ ਮੁੱਖ ਮੋੜ ਕੇ ਬੰਦਾ ਗੁਰੂ ਵੱਲ ਵੇਖੇਗਾ । ਹਰ ਵੇਲੇ ਦੁਨੀਆਂ ਵਿੱਚ ਵਡਿਆਈ ਬੰਦੇ ਵਿੱਚ ਹਉਮੈਂ ਤੇ ਵੱਡਾ ਹੋਣ ਦਾ ਸ਼ੌਕ ਪੈਦਾ ਕਰਦੀ ਹੈ; ਪਰ ਜਦੋਂ ਧਰਮ ਦਾ ਲੜ ਪਕੜਦਾ ਹੈ ਤਾਂ ਹਰ ਵਡਿਆਈ ਉਸ ਨੂੰ ਨਿਮਰਤਾ ਵੱਲ ਪ੍ਰੇਰਦੀ ਹੈ, ਕਿਉਂਕਿ :

੧. ਧਰਮ ਦਾ ਅਸਲੀ ਮਤਲਬ ਹੀ ਹੈ ਨਿਮਰਤਾ, ਗ਼ਰੀਬੀ ।

੨. ਧਰਮ ਦਾ ਮਤਲਬ ਹੈ ਨਿਰਵੈਰਤਾ ।

੩. ਧਰਮ ਦਾ ਮਤਲਬ ਹੈ ਨਿਰਭੈਤਾ, ਸਾਂਝੀਵਾਲਤਾ, ਪ੍ਰੇਮ ਤੇ ਸਰਬੱਤ

ਦੇ ਭਲੇ ਦਾ ਨਾਂ ।

੪. ਧਰਮ ਦਾ ਮਤਲਬ ਹੈ ਸਭ ਦੀ ਚਰਨਧੂੜ ਬਣਨ ਦਾ ਚਾਅ ।

੫. ਧਰਮ ਦਾ ਮਤਲਬ ਹੈ "ਮੈਂ ਕੁਝ ਨਹੀਂ","ਮੇਰਾ ਕੁਝ ਨਹੀਂ","ਮੈਂ ਕੁਝ ਨਹੀਂ ਬਣਨਾ", ਮੈਂ ਕੁਝ ਨਹੀਂ ਲੈਣਾ, **IN essence DESIRELESSNESS,** ਧਰਮ ਅਸਲ ਵਿੱਚ ਬੰਦੇ ਨੂੰ ਹਮੇਸ਼ਾਂ ਲਈ ਆਜ਼ਾਦ ਕਰ ਦਿੰਦਾ ਹੈ ਕਿਉਂਕਿ ਵਾਹਿਗੁਰੂ ਆਪ ਆਜ਼ਾਦ ਹੈ, ਜ਼ਰੂਰੀ ਹੈ ਉਸ ਦਾ ਭਗਤ ਆਜ਼ਾਦ ਹੋਵੇਗਾ । ਸਾਹਿਬ ਦੇ ਆਪਣੇ ਲੱਛਣ ਉਸ ਬੰਦੇ ਵਿੱਚ **AUTOMATICALLY** ਆ ਜਾਣਗੇ ਜਿਹੜਾ ਗੁਰੂ ਦੇ ਆਖੇ ਲੱਗੇਗਾ ।

—ਸਾਹਿਬ ਬੇਮੁਹਤਾਜ, ਹਰਿਜਨ ਵੀ ਬੇਮੁਹਤਾਜ ।
—ਸਾਹਿਬ ਨਿਰਵੈਰ, ਹਰਿਜਨ ਵੀ ਨਿਰਵੈਰ ।
—ਸਾਹਿਬ ਨਿਰਭੈ, ਹਰਿਜਨ ਵੀ ਨਿਰਭੈ ।
—ਸਾਹਿਬ ਸਮਦਰਸ਼ੀ, ਹਰਿਜਨ ਵੀ ਸਮਦਰਸ਼ੀ ।
—ਸਾਹਿਬ ਦੁੱਖ-ਸੁਖ ਤੋਂ ਰਹਿਤ, ਹਰਿਜਨ ਵੀ ਦੁੱਖ-ਸੁਖ ਤੋਂ ਰਹਿਤ ।

ਤੁਸੀਂ ਹੈਰਾਨ ਹੋਵੋਗੇ ਕਿ ਮੈਂ ਕੋਈ ਗਿਆਨ ਨਹੀਂ ਦਰਸਾ ਰਿਹਾ, ਮੈਂ ਤਾਂ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਕਿਰਪਾ ਨਾਲ ਆਪਣੇ ਗੁਰੂ ਸਾਹਿਬਾਨ ਦੇ ਜੀਵਨ ਵੱਲ ਇਕ ਨਿਮਾਣੇ ਸਿੱਖ ਵਾਲੀ ਟਿਕਟਿਕੀ ਦੀ ਨਜ਼ਰ ਬੰਨ੍ਹ ਕੇ ਜੋ ਵਿਚਾਰ ਆਉਂਦੇ ਹਨ ਉਨ੍ਹਾਂ ਨੂੰ ਕਲਮ ਦੇ ਹਵਾਲੇ ਕਰੀ ਜਾ ਰਿਹਾ ਹਾਂ । ਜਾਣਦਾ ਹਾਂ ਇਹ ਵਿਚਾਰ ਮੇਰੇ ਨਹੀਂ । ਮੈਂ ਕਿਸੇ ਜੋਗਾ ਨਹੀਂ ਹਾਂ, ਪਰ ਗੁਰੂ ਦੀ ਵਡਿਆਈ ਹੈ ਹੀ ਐਸੀ ਕਿ ਮੈਨੂੰ ਮਜਬੂਰ ਕਰਦੀ ਹੈ ਦੇਖਣ ਨੂੰ ਕਿਵੇਂ :

ਗੁਰੂ ਅਰਜਨ ਮਹਾਰਾਜ ਕੁੱਲੀ ਬਣ ਕੇ ਇਕ ਬੁੱਢੇ ਸਿੱਖ ਦਾ ਸਾਮਾਨ ਉਠਾ ਕੇ ਟੁਰ ਪਏ । ਇਹ ਤਾਂ ਜਤਾਇਆ ਹੀ ਨਹੀਂ ਕਿ ਇਹ ਸੇਵਾਦਾਰ ਹਨ; ਪਰ ਇਹ **Absolutely** ਪਤਾ ਨਹੀਂ ਲੱਗਣ ਦਿੱਤਾ ਕਿ ਉਹ ਵਿਅਕਤੀ ਗੁਰੂ ਹਨ ਜਿਨ੍ਹਾਂ ਦੇ ਦਰਸ਼ਨਾਂ ਨੂੰ ਉਹ ਜਾ ਰਿਹਾ ਹੈ ।

ਕਿਵੇਂ ਪਿੱਪਲੀ ਸਾਹਿਬ ਜਾ ਕੇ ਗੁਪਤ ਹੀ ਸਾਰੀ ਰਾਤ ਸੰਗਤਾਂ ਦੀ ਸੇਵਾ, ਮੁੱਠੀ ਚਾਪੀ ਤੇ ਪ੍ਰੇਮ ਦਰਸਾਉਂਦੇ ਰਹੇ ਤੇ ਜਦ ਸੰਗਤਾਂ ਤਿਆਰ ਹੋ ਕੇ ਆਈਆਂ ਤਾਂ ਨਾਲ ਜਾ ਕੇ ਉਨ੍ਹਾਂ ਦੇ ਜੋੜਿਆਂ ਦੀ ਰਖਵਾਲੀ ਲਈ ਖਲੋ ਗਏ ।

ਮੈਂ ਤਾਂ ਸੱਚਮੁੱਚ ਹੈਰਾਨ ਹੁੰਦਾ ਹਾਂ ਕਿ ਜਿਨ੍ਹਾਂ ਮਹਾਂਪੁਰਖਾਂ ਦੀ ਅਸੀਂ ਔਲਾਦ ਹਾਂ ਉਹ ਧਰਮ ਨੂੰ ਕੀ ਸਮਝਦੇ ਸਨ ਤੇ ਅਸੀਂ ਕੀ ਸਮਝਦੇ ਹਾਂ—ਇਹ ਇਕ ਬੜੀ ਹੀ ਅਸਚਰਜ ਜਿਹੀ ਗੱਲ ਹੈ ।



ਗੁਰੂ ਅਰਜਨ ਸਾਹਿਬ ਨੇ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਕਰਕੇ ਕੋਈ ਰਿਵਾਜ ਨਹੀਂ ਪ੍ਰਗਟਾਇਆ, ਸਗੋਂ ਸ਼ਰਧਾ ਨਾਲ ਆਪਣੇ ਪਹਿਲੇ ਗੁਰੂ ਸਾਹਿਬਾਨ ਦੀ ਬਾਣੀ ਨੂੰ ਪੂਰੇ ਸਤਿਕਾਰ ਨਾਲ ਇਕ ਜਗ੍ਹਾ ਲਿਆਂਦਾ ਤੇ ਭਗਤ ਜਨਾਂ ਦੀ ਇਕੋ ਵਿਚਾਰ ਤੇ ਇਕੋ ਪ੍ਰੇਮ ਵਿੱਚ ਇਕੋ ਦੀ ਉਸਤਤ ਕਰਨ ਵਾਲੀ ਬਾਣੀ ਨੂੰ ਇਕੱਤਰ ਕੀਤਾ ਤੇ ਇਕੋ ਜਿਹਾ ਸਨਮਾਨ ਦਿੱਤਾ, ਕਿਉਂਕਿ ਸਾਹਿਬਾਂ ਨੇ ਧਰਮ, ਸੱਚ, ਪਵਿੱਤਰਤਾ, ਸੱਚ, ਆਚਾਰ, ਮਰਜੀਵੜਾ ਬਣਨਾ ਸਮਝ ਕੇ ਪਿਆਰ ਦਾ ਸੋਮਾ ਬਣਾਇਆ । ਹਰਿਮੰਦਰ ਸਾਹਿਬ ਬਣਾ ਕੇ ਉਪਦੇਸ਼ ਚਹੁੰ ਵਰਨਾਂ ਕਉ ਸਾਂਝਾ ਦਿੱਤਾ । ਹੁਣ ਅਸੀਂ ਕੇਵਲ ਧਰਮ ਦੀ ਉੱਤਲੀ ਛਿੱਲੜ ਖਾ ਕੇ ਸਮਝ ਲੈਂਦੇ ਹਾਂ ਕਿ ਅੰਦਰਲੇ ਗੁੱਦੇ ਦਾ ਸਵਾਦ ਆਉਂਦਾ ਹੈ, ਹਾਲਾਂਕਿ ਅੰਦਰਲਾ ਗੁੱਦਾ ਲਾਲਚ, ਲੋਭ, ਵਿਕਾਰ, ਰਿਸ਼ਵਤ, ਬਲੈਕ ਕਮਾਈ, ਝੂਠੇ ਭਾਈਚਾਰੇ ਤੇ ਬੇਈਮਾਨੀਆਂ ਦੇ ਕਲੋਲਾਂ, ਅੰਦਰਲੀ ਗ਼ੰਦਗੀ ਨੂੰ ਛਿਪਾਉਣ ਲਈ ਕੀ ਕਰਦੇ ਹਾਂ :

੧. ਆਪਣਾ-ਆਪਣਾ ਸੰਤ ਚੁਣ ਲੈਂਦੇ ਹਾਂ ਤੇ ਖ਼ੁਸ਼ ਹੋ ਜਾਂਦੇ ਹਾਂ ਕਿ ਸਾਡੇ ਮਹਾਰਾਜ ਜੀ ਸ਼ਰਾਬ ਪੀਣੋਂ ਮਨ੍ਹਾ ਨਹੀਂ ਕਰਦੇ ।

੨. ਸੰਤਾਂ ਦੀ ਝੂਠੀ ਚਾਲ ਹੁਣ ਟੁਰ ਪੈਂਦੀ ਹੈ, ਕਿਸੇ ਦਾ ਵਿਆਹ ਕਰਾਉਣ, ਕਿਸੇ ਦੀ ਫੈਕਟਰੀ ਦਾ ਉਦਘਾਟਨ ਕਰਨ, ਕਿਸੇ ਦੀ ਕੁੜਮਾਈ ਕਰਵਾਉਣ । ਅਸੀਂ ਇਸੇ ਗੱਲ ਵਿੱਚ ਖ਼ੁਸ਼ ਹਾਂ ਕਿ ਸਾਡਾ ਵਿਆਹ ਫਲਾਣੇ ਸੰਤਾਂ ਨੇ ਕਰਵਾਇਆ ਸੀ; ਭਾਵੇਂ ਕਮਾਈ ਉੱਕਾ ਨਹੀਂ ਕਰਦੇ ਤੇ ਸੰਤਾਂ ਨੂੰ ਵੀ ਬੁਰਾ ਅਖਵਾਉਂਦੇ ਹਾਂ ।

੩. ਵੱਡੇ-ਵੱਡੇ ਗੁਰਦੁਆਰਿਆਂ ਵਿੱਚ ਵੱਡੇ-ਵੱਡੇ ਸ਼ਹਿਰਾਂ ਵਿੱਚ ਵੱਡੇ ਗੁਰਦੁਆਰੇ, ਵੱਡੇ ਮੰਦਰ ਖੜ੍ਹੇ ਕਰਵਾ ਕੇ ਉਨ੍ਹਾਂ ਦੀਆਂ ਦੀਵਾਰਾਂ ਤੇ ਆਪਣੀ ਵਡਿਆਈ ਕਰਵਾਉਣ ਲਈ ਆਪਣੀ ਸੇਵਾ ਜੋ ਬਲੈਕ ਦੇ ਪੈਸੇ ਨਾਲ ਕਰਦੇ ਹਾਂ, ਲਿਖਵਾ-ਲਿਖਵਾ ਕੇ ਆਪਣੇ ਸਿਰ ਸੁਆਹ ਪਾਉਂਦੇ ਹਾਂ, ਪਰ "ਭਗਤ" ਮਸ਼ਹੂਰ ਹੋ ਜਾਂਦੇ ਹਾਂ ।

੪. ਲੋਕਾਂ ਦੀ ਗ਼ਰੀਬੀ ਦੀ ਹਾਲਾਤ ਵਿੱਚ ਆਪਣੇ ਦਾਨੀ ਸੁਭਾਅ ਨੂੰ ਪ੍ਰਫੁੱਲਿਤ ਕਰਨ ਲਈ, ਵਡਿਆਈਆਂ ਸਾੜ ਕੇ ਆਪਣੇ ਅੰਦਰ ਦੇ ਗੰਦ ਨੂੰ ਕੱਜ ਲੈਂਦੇ ਹਾਂ ਮੁਹੱਲੇ ਵਿੱਚ ਦਾਨੀ ਮਸ਼ਹੂਰ ਹੋ ਕੇ ।

੫. ਵਡਿਆਈ ਦੀ ਭੁੱਖ ਹੋਰ ਭੁੱਖ ਪੈਦਾ ਕਰਦੀ ਹੈ ਤੇ ਜਿਤਨਾ ਅੰਦਰੋਂ ਖੋਖਲੇ ਹੁੰਦੇ ਹਾਂ, ਉਤਨਾ 'ਮਾਲਾ ਪਕੜਨੀ','ਅੱਖਾਂ ਨੂਟਣੀਆਂ', 'ਧਾਰਮਿਕ ਕੰਮ ਦਾ ਵਿਖਾਵਾ ਕਰਨਾ' ਵਧਾ ਲੈਂਦੇ ਹਾਂ, ਕਿਉਂਕਿ

ਜਿਉਂ-ਜਿਉਂ ਲੋਕੀਂ ਵੇਖਦੇ ਹਨ ਹੋਰ ਵਡਿਆਈ ਕਰਦੇ ਹਨ ।

ਪਰ ਵੇਖੋ, ਗੁਰੂ ਸਾਹਿਬਾਨ ਦੇ ਜੀਵਨ: ਮਰ ਕੇ ਜੀਣਾ, ਗੁਰੂ ਅਖਵਾਣ ਤੋਂ ਡਰਦਿਆਂ ਨੱਸ ਕੇ ਛੁਪ ਜਾਣਾ, ਦਾਨ ਕਰਨ ਤੇ ਸੇਵਾ ਕਰਨ ਦਾ ਕਿਸੇ ਨੂੰ ਪਤਾ ਨਾ ਹੋਣ ਦੇਣਾ, ਜਿੱਥੇ ਗੁਰੂ ਸਾਹਿਬ ਸਾਨੂੰ ਮਰਜੀਵੜਾ ਬਣਨ ਲਈ ਸਿਰ ਤਲੀ 'ਤੇ ਰੱਖ ਕੇ ਸਾਹਿਬਾਂ ਵੱਲ ਜਾਣ ਲਈ ਸਭ ਦੀ ਚਰਨਧੂੜ ਬਣਨ ਲਈ ਪ੍ਰੇਰਦੇ ਰਹੇ ਤੇ ਮਿਸਾਲ ਬਣਕੇ ਤੱਤੀਆਂ ਤਵੀਆਂ 'ਤੇ ਬਹਿ ਕੇ ਵੀ ਭਾਣਾ ਮੰਨਦੇ ਰਹੇ । ਉੱਥੇ ਅਸੀਂ—

੧. ਨਿੱਕੀ ਜਿਹੀ ਮੁਸੀਬਤ 'ਤੇ ਉਲਾਹਮੇ ਦੇਣ ਲੱਗ ਜਾਂਦੇ ਹਾਂ ਰੱਬ ਨੂੰ ।
੨. ਦੂਜਿਆਂ ਦੇ ਦੁੱਖ ਵਿੱਚ ਹਮਦਰਦੀ ਨਹੀਂ ਕਰਦੇ ਪਰ ਆਪਣੇ ਦੁੱਖ ਵਿੱਚ ਹਰ ਵੇਲੇ ਸੜਦੇ ਹਾਂ ।
੩. ਸਾਹਿਬਾਂ ਨੂੰ ਖਿਡੌਣਾ ਸਮਝ ਕੇ ਚਾਹੁੰਦੇ ਹਾਂ ਕਿ ਸਾਡੀ ਹਰ ਮਰਜ਼ੀ ਸਾਹਿਬ ਮੰਨ ਲੈਣ ।
੪. ਸਾਹਿਬਾਂ ਅੱਗੇ ਨਾਮ ਬਾਣੀ ਦੀ ਦਾਤ ਮੰਗਣ ਦੀ ਬਜਾਏ ਹਮੇਸ਼ਾਂ ਦੁਖੀ ਕਰਨ ਵਾਲੀਆਂ, ਮੰਗਾਂ ਮੰਗਦੇ ਰਹਿੰਦੇ ਹਾਂ ।
੫. ਅਫ਼ਸੋਸ, ਹਜ਼ਾਰ ਵਾਰੀ ਅਫ਼ਸੋਸ, ਲੱਖ ਵਾਰੀ ਅਫ਼ਸੋਸ, ਇਹ ਸਭ ਕੁਝ ਕਰਦੇ ਹਾਂ ਕੀਰਤਨੀਆਂ ਬਣ ਕੇ, ਬਾਣੀ ਪੜ੍ਹਦਿਆਂ, ਕਥਾਕਾਰ ਬਣ ਕੇ, ਵਿਚਾਰ ਕਰਦਿਆਂ ਤੇ ਲੋਕਾਂ ਨੂੰ ਗੁਰਮਤਿ ਸਮਝਾਉਣ ਦੀ ਕੋਸ਼ਿਸ਼ ਕਰਦਿਆਂ ।

ਕਿਉਂਕਿ ਕਰਤਾ ਸਭ ਕੁਝ ਜਾਣਦਾ ਹੈ । ਸਾਡਾ ਭੇਖ ਅੱਜ ਜਾਂ ਕੱਲ੍ਹ ਜ਼ਾਹਰ ਹੋ ਜਾਂਦਾ ਹੈ । ਫੇਰ ਹੋਰ ਤੜਫਦੇ ਹਾਂ, ਲੋਕਾਂ ਨੂੰ ਗਾਲ੍ਹਾਂ ਕੱਢਦੇ ਹਾਂ । ਬੇਚੈਨ ਹੁੰਦੇ ਹਾਂ, ਪ੍ਰੇਸ਼ਾਨ ਹੁੰਦੇ ਹਾਂ, ਨਿੰਦਾ ਚੁਗਲੀ ਵਿੱਚ **Expert** ਹੋ ਜਾਂਦੇ ਹਾਂ । ਇਹ ਸਾਰਾ ਕੁਝ ਕਿਉਂ ਹੋ ਰਿਹਾ ਹੈ । ਸਿੱਖ ਕੋਲ ਇਤਨਾ ਪੈਸਾ ਹੈ, ਇਤਨੀ ਵੱਡੀ ਸੇਵਾ ਦੀ ਜਾਇਦਾਦ ਹੈ, ਇਤਨਾ ਵੱਡਾ 'ਕੁਰਬਾਨੀ' ਤੇ 'ਸ਼ਹੀਦੀ' ਦਾ ਵਿਰਸਾ ਹੈ, ਪਰ ਕੁਰਸੀਆਂ ਦੇ ਭੁੱਖੇ, ਵਜ਼ੀਰੀਆਂ ਦੇ ਗ਼ੁਲਾਮ ਕੁੱਤਿਆਂ ਵਾਂਙ ਦਰ-ਦਰ ਧੱਕੇ ਖਾਂਦੇ ਹਾਂ । ਗੁਰਦੁਆਰਾ ਪ੍ਰਬੰਧਕ ਕਮੇਟੀ ਜ਼ਿੰਮੇਵਾਰ ਹੈ ਧਰਮ ਦੀ ਜਗ੍ਹਾ ਅਧਰਮ ਫੈਲਾਉਣ ਦੀ, ਜਦ ਅੰਨ੍ਹੇਵਾਹ ਪੈਸਾ ਤੇ ਪੂਜਾ ਧਨ ਗੁਰੂ ਤੋਂ ਬੇਮੁੱਖ ਬੰਦਿਆਂ ਦੇ ਹਵਾਲੇ ਹੋ ਜਾਏ ਤੇ ਉਹ ਪਚਾ ਨਾ ਸਕਣ ਤਾਂ **Degradation** (ਬਦਨਾਮੀ) ਹੀ ਆਉਂਦੀ ਹੈ । ਆਓ, ਗੁਰਬਾਣੀ ਦੇ ਆਧਾਰ 'ਤੇ ਸਿੱਖ ਦਾ ਜੀਵਨ ਵੇਖੀਏ । ਸਿੱਖ ਕੀ ਹੁੰਦਾ ਹੈ ?

੧. ਸਿੱਖ ਅੰਮ੍ਰਿਤ ਵੇਲੇ ਸਾਹਿਬਾਂ ਦੀ ਯਾਦ ਵਿੱਚ ਉੱਠ ਕੇ ਨਾਮ ਬਾਣੀ



ਵਿੱਚ ਜੁੜ ਜਾਂਦਾ ਹੈ ।
੨. ਸਿੱਖ ਕਿਸੇ ਦੇ ਨੁਕਸ ਨਾ ਕੱਢਦਾ ਹੋਇਆ ਹਰ ਘੜੀ ਆਪਣੇ ਆਪ 'ਤੇ ਕਰੜੀ ਨਿਗਰਾਨੀ ਰੱਖਦਾ ਹੈ । ਗੁਰੂ ਦੇ ਸ਼ਬਦ ਦੀ ਤੇ ਗੁਰੂ ਦੇ ਸਾਰੇ ਹੁਕਮਾਂ ਦੀ ।
੩. ਸਿੱਖ ਕਦੇ ਵੀ ਕਿਸੇ ਨਾਲ ਫਿੱਕਾ ਨਹੀਂ ਬੋਲਦਾ । ਉਹ ਹਮੇਸ਼ਾਂ ਨਿਮਰਤਾ ਵਿੱਚ ਆਪਣਾ ਆਪ ਸਿੱਕ **(Desire to meet someone)** ਕੇ ਰੱਖਦਾ ਹੈ ।
੪. ਜੇ ਕਿਤੇ ਜ਼ਰਾ ਵੀ ਉਲੰਘਣਾ ਹੋ ਜਾਵੇ ਤਾਂ ਉਹ ਇਕਦਮ ਗੁਰੂ ਕੋਲੋਂ ਤੇ **Concerned** ਬੰਦੇ ਕੋਲੋਂ ਫੌਰਨ ਖ਼ਿਮਾ ਮੰਗਦਾ ਹੈ ।
੫. ਸਿੱਖ ਆਪਣੇ ਕਸੂਰ ਨੂੰ ਘੋਖਦਾ, ਵਿਚਾਰਦਾ ਤੇ ਸੁਧਰਨ ਲਈ ਹੀਲੇ ਕਰਦਾ ਹੈ, ਪਰ ਕਿਸੇ ਦੇ ਗੁਨਾਹ ਨੂੰ ਇਕ ਦਮ ਮਾਫ਼ ਕਰ ਦਿੰਦਾ ਹੈ ।
੬. ਸਿੱਖ ਕਦੇ ਲਾਲਚ, ਲੋਭ, ਬੇਈਮਾਨੀ ਵਿੱਚ ਨਹੀਂ ਫਸਦਾ, ਜੋ ਵਾਹਿਗੁਰੂ ਨੇ ਉਸ ਨੂੰ ਜਾਇਜ਼ ਤਰੀਕੇ ਨਾਲ ਝੂਠ ਤੇ ਧੋਖੇ ਬਗੈਰ ਦਿੱਤਾ ਹੈ ਉਸ ਵਿੱਚ ਸ਼ੁਕਰ ਕਰਦਾ ਹੈ ਤੇ ਲੋਕਾਂ ਨੂੰ ਵੰਡਦਾ ਹੈ ਤਾਂ ਆਪ ਖਾਂਦਾ ਹੈ ।
੭. ਸਿੱਖ ਹਰ ਵੇਲੇ ਸਤਿਗੁਰੂ ਦੀ ਹਜ਼ੂਰੀ ਵਿੱਚ ਰਹਿੰਦਾ ਹੈ ਤਾਂ ਜੋ ਸਾਹਿਬ ਉਸ ਦਾ ਹਰ ਕੰਮ ਹਰ ਚਾਲ ਦੇਖ ਰਹੇ ਹਨ । ਉਹ ਇੰਵ ਵਰਤਦਾ ਹੈ ਜਿਵੇਂ ਉਹ ਚਾਹੁੰਦਾ ਹੈ ਲੋਕੀਂ ਉਸ ਨਾਲ ਵਰਤਣ ।
੮. ਉਸ ਦੀ ਬੋਲੀ ਵਿੱਚ ਮਿਠਾਸ, ਉਸ ਦੇ ਪਿਆਰ ਵਿੱਚ ਨਿਸ਼ਕਾਮਤਾ, ਉਸ ਦੀ ਸੇਵਾ ਵਿੱਚ ਗੁਰੂ ਚਰਨਾਂ ਦਾ ਰਸ, ਉਸ ਦੇ ਮਿਲਾਪ ਵਿੱਚ ਗੁਰੂ ਦੀ ਠੰਢ, ਉਸ ਦੇ ਸੁਭਾਅ ਵਿੱਚ ਵਾਹਿਗੁਰੂ ਦੀ ਯਾਦ, ਤੇ ਉਸ ਦੇ ਭਾਈਚਾਰੇ ਵਿੱਚ ਕੇਵਲ ਨਾਮ ਹੁੰਦਾ ਹੈ । ਉਹ ਕਦੇ ਫਾਲਤੂ ਗੱਲਾਂ ਨਹੀਂ ਕਰਦਾ ।
੯. ਸਿੱਖ ਹਮੇਸ਼ਾਂ ਸੁੱਚੀ-ਕਿਰਤ ਕਰ ਕੇ ਖਾਂਦਾ ਹੈ, ਕਦੇ ਵਿਹਲੜ ਜਾਂ ਦੂਜਿਆਂ 'ਤੇ ਨਿਰਭਰ ਨਹੀਂ ਹੁੰਦਾ । ਉਹ ਗ੍ਰਹਿਸਥ ਵਿੱਚ ਰਹਿੰਦਿਆਂ ਸਾਰੇ ਕੰਮ ਕਰਦਿਆਂ, ਧੰਦੇ ਬਣਾਏ ਬਗੈਰ, ਵਾਹਿਗੁਰੂ ਦੀ ਅੰਤਰ ਆਤਮੈ ਸੰਭਾਲ ਕਰਦਿਆਂ ਜਿਊਂਦਾ ਹੈ ਤੇ ਗੁਰੂ ਦੇ ਚਰਨਾਂ ਨਾਲ ਜੁੜਿਆ ਰਹਿੰਦਾ ਹੈ ।
੧੦. ਸਿੱਖ ਕਦੇ ਸ਼ਿਕਾਇਤ ਨਹੀਂ ਕਰਦਾ । ਜਵਾਨ ਪੁੱਤਰ ਮਰ ਜਾਏ ਜਾਂ ਪੋਤਰਾ ਜੰਮ ਪਏ ਉਹ ਇੱਕੋ ਜਿਹਾ ਰਹਿੰਦਾ ਹੈ ।

੧੧. ਸਿੱਖ ਦੀਆਂ ਕੁੜੀਆਂ ਵਿਆਹੀਆਂ ਨਾ ਜਾਣ ਤਾਂ ਉਹ ਕਾਹਲਾ ਨਹੀਂ ਪੈਂਦਾ, ਉਹ ਫ਼ਿਕਰ ਨਹੀਂ ਕਰਦਾ । ਰਜ਼ਾ ਵਿੱਚ ਰਹਿੰਦਿਆਂ ਉਹ ਸਮਝਦਾ ਹੈ ਕਿ ਗੁਰੂ ਨੂੰ ਠੀਕ ਪਤਾ ਹੈ, ਉਹ ਆਪੇ ਜਦੋਂ ਮਰਜ਼ੀ ਹੋਵੇਗੀ ਕਰੇਗਾ ।

੧੨. ਸਿੱਖ ਗੁਰੂ ਨੂੰ ਮਾਤਾ, ਪਿਤਾ, ਭਰਾ, ਮਿੱਤਰ ਸਭ ਕੁਝ ਸਮਰੱਥ ਸਮਝਦਾ ਹੈ । ਉਹ ਜਾਣਦਾ ਹੈ ਕਿ ਸਾਹਿਬ ਨੂੰ ਸਭ ਪਤਾ ਹੈ ਜੋ ਉਹ ਕਰਦੇ ਹਨ ਠੀਕ ਹੈ; ਸ਼ਿਕਾਇਤ ਕਦੇ ਨਹੀਂ ਕਰਦਾ ।

ਅਸਲ ਵਿੱਚ ਇਕੋ ਫ਼ਿਕਰੇ ਵਿੱਚ ਸਿੱਖ ਇਹ ਹੈ :

**"ਗੁਰੂ ਦੇ ਚਰਨਾਂ ਵਿੱਚ ਸੱਚਮੁੱਚ, ਨਿਮਾਣਾ, ਨਿਤਾਣਾ, ਮਰਜੀਵੜਾ ਬਣ ਕੇ, ਸਾਰੀ ਦੁਨੀਆਂ ਦੀ ਚਰਨਧੂੜ ਬਣਨ ਦਾ ਜਾਚਕ, ਵਾਹਿਗੁਰੂ ਨੂੰ ਹਿਰਦੇ ਵਿੱਚ ਵਸਾ ਕੇ ਤੇ ਰੋਮ-ਰੋਮ ਉਸ ਦੀ ਯਾਦ ਵਿੱਚ ਰਹਿ ਕੇ ਨਿਸ਼ਕਾਮ ਤੇ ਨਿਰਸਵਾਰਥ ਸਾਹਿਬਾਂ ਦੇ ਹੁਕਮਾਂ ਨੂੰ ਜ਼ਿੰਦਗੀ ਦੇ ਹਰ ਪਹਿਲੂ ਵਿੱਚ ਨਿਭਾਉਣ ਵਾਲਾ ਤੇ ਕਦੇ ਕੁਝ ਨਾ ਮੰਗਣ ਵਾਲਾ ਸ਼ਹੀਦੀ ਲਈ ਤਿਆਰ ਬਰ ਤਿਆਰ ਹੋ ਜਾਏ ਤੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਚੁਗ਼ਲੀ, ਨਿੰਦਾ, ਵੈਰ ਦੇ ਟੁਕੜੇ-ਟੁਕੜੇ ਕਰ ਦੇਵੇ । ਉਹ ਸਿੱਖ ।" ਵੇਖ ਲੈ ਸਾਹਿਬਾ ਖੋਤੇ ਦੀਆਂ ਰੀਝਾਂ । ਕਦੇ ਬਣਾਂਗਾ ਇਹੋ ਜਿਹਾ ਸਿੱਖ ਮੈਂ ।**



# ਗੁਰਬਾਣੀ ਦੇ ਆਧਾਰ 'ਤੇ ਜੀਵਨ ਜਾਚ

ਜਦੋਂ ਵਾਹਿਗੁਰੂ ਆਪ ਕਿਰਪਾ ਕਰੇ ਤਾਂ ਸੋਝੀ ਬਖ਼ਸ਼ ਦਿੰਦਾ ਹੈ; ਪਰ ਇਸ ਨਾਲ ਇਹ ਸੋਚ ਬੈਠਣਾ ਕਿ ਆਪੇ ਮਾਲਕ ਦੀ ਮਰਜ਼ੀ ਹੋਏਗੀ ਤਾਂ ਸਾਡਾ ਹਲਤ ਪਲਤ ਸਵਾਰਿਆ ਜਾਏਗਾ, ਆਪਣੀਆਂ ਅੱਖਾਂ 'ਤੇ ਪੱਟੀ ਬੰਨ੍ਹਣ ਵਾਲੀ ਗੱਲ ਹੈ । ਮਾਲਕ ਨੂੰ ਇਹ ਦੱਸਣਾ ਤਾਂ ਪਵੇਗਾ ਕਿ ਸਾਨੂੰ ਸੋਝੀ ਦੀ ਲੋੜ ਹੈ, ਪਰ ਅਸੀਂ ਆਪਣੀਆਂ ਚਤੁਰਾਈਆਂ ਤੇ ਸਿਆਣਪਾਂ 'ਤੇ ਇਤਨਾ ਮਾਣ ਕਰਦੇ ਹਾਂ ਕਿ ਸੋਝੀ ਦੀ ਲੋੜ ਹੀ ਨਹੀਂ ਸਮਝਦੇ । ਇਸ ਹਾਲਤ ਵਿੱਚ ਕਿਰਪਾ ਦੀ ਉਮੀਦ ਅਨੁਚਿੱਤ ਹੈ ।

## ਬੇਨਤੀ ਕਿਵੇਂ ਕਰੀਏ ?

ਜਦੋਂ ਮੈਂ ਨਿੱਕਾ ਜਿਹਾ ਹੁੰਦਾ ਸੀ ਤਾਂ ਸਾਨੂੰ ਸਿਖਾਇਆ ਜਾਂਦਾ ਸੀ ਕਿ ਪਾਠ ਕਰਨਾ, ਗੁਰਦੁਆਰੇ ਜਾਣਾ ਚੰਗੀ ਗੱਲ ਹੈ । ਲੋਕੀਂ ਬੜੇ ਪਿਆਰ ਨਾਲ ਪਾਲਕੀਆਂ ਨੂੰ ਘੁੱਟਦੇ, ਰੁਮਾਲੇ ਚੜ੍ਹਾਉਂਦੇ ਤੇ ਨਿਮਰਤਾ ਨਾਲ ਝੁਕ-ਝੁਕ ਕੇ ਕੜਾਹ-ਪ੍ਰਸ਼ਾਦਿ ਦੀਆਂ ਦੇਗਾਂ ਚੜ੍ਹਾਉਂਦੇ । ਮੈਨੂੰ ਕੁਝ ਵੀ ਸਮਝ ਨਹੀਂ ਸੀ ਆਉਂਦੀ ਕਿ ਇਹ ਕੀ ਕਰਦੇ ਹਨ । ਪਰ ਮੇਰੀਆਂ ਅੱਖਾਂ ਜਦੋਂ ਮਹਾਰਾਜ ਨੇ ਆਪ ਖੋਲ੍ਹੀਆਂ ਤਾਂ ਆਸਾ ਦੀ ਵਾਰ, ਸੁਖਮਨੀ ਸਾਹਿਬ ਤੇ ਹੋਰ ਅਨੇਕਾਂ ਬਾਣੀਆਂ ਦਾ ਪਰੀਚੈ ਕਰਾਇਆ । ਜਪੁ ਜੀ ਸਾਹਿਬ ਜਿਸ ਨੂੰ ਮੈਂ ਬੇਧਿਆਨਾ ਪੜ੍ਹ ਜਾਂਦਾ ਸੀ ਨੇ ਮੇਰੇ ਪਰਦੇ ਖੋਲ੍ਹੇ । ਆਓ ! ਇਨ੍ਹਾਂ ਦਾ ਆਸਰਾ ਲੈ ਕੇ ਅਸੀਂ ਵਿਚਾਰ ਕਰੀਏ, ਕਿ ਕੀ ਅਸੀਂ ਬੇਨਤੀ ਕਰਦੇ ਵੀ ਹਾਂ ਕਿ ਨਹੀਂ ?

(੧) ਜਦੋਂ ਸੀਸ ਨਿਵਾਉਂਦੇ ਹਾਂ, ਕੀ ਸਾਡਾ ਮਨ ਵੀ ਨੀਂਵਦਾ ਹੈ ਕਿ ਨਹੀਂ ?

**"ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥"**

(ਅੰਗ ੪੭੦)

(੨) ਜਦੋਂ ਰੁਮਾਲਾ ਚੜ੍ਹਾਉਂਦੇ ਹਾਂ ਤਾਂ ਕੀ ਇਹ ਸਮਝਦੇ ਹਾਂ ਕਿ ਨਹੀਂ, ਕਿ ਇਹ ਉਸ ਗੁਰੂ ਦੀ ਭੇਟਾ ਕਰ ਰਹੇ ਹਾਂ ਜਿਸ ਨੇ ਕਿਹਾ ਸੀ—

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ ॥** (ਅੰ: ੧੪੧੨)

ਕੀ ਅਸੀਂ ਪ੍ਰੇਮ ਕਰ ਰਹੇ ਹਾਂ ਕਿ ਦਿਖਾਵਾ ਜਾਂ ਰਸਮੀ ਕਾਰਵਾਈ?

(੩) ਜਦੋਂ ਕੜਾਹ-ਪ੍ਰਸ਼ਾਦ ਦੀ ਭੇਟ ਚੜ੍ਹਾਉਂਦੇ ਹਾਂ ਤਾਂ ਇਹ ਸੋਚ ਆਉਂਦੀ ਹੈ ਕਿ ਨਹੀਂ, ਕਿ ਪ੍ਰਸ਼ਾਦ ਸੁੱਚੀ ਕਮਾਈ ਵਿੱਚੋਂ ਹੋਵੇ ?

ਇਨ੍ਹਾਂ ਮਿਸਾਲਾਂ ਤੋਂ ਇਹ ਸਿੱਧ ਹੋਵੇਗਾ ਕਿ ਜਦੋਂ ਬੇਨਤੀ ਕਰਨ ਜਾਈਏ, ਸੁੱਚਾ ਤੇ ਸੱਚਾ ਮਨ, ਨਿਮਰਤਾ ਭਰਪੂਰ (ਨਿਮਰਤਾ ਅੰਦਰਲੀ) ਤੇ ਆਪਣੀਆਂ ਕਰਤੂਤਾਂ ਦਾ ਪਛਤਾਵਾ ਕਰਦੇ ਹੋਏ ਮਾਲਕ ਦੇ ਦਰਬਾਰ ਵਿੱਚ ਪਹੁੰਚ ਕੇ ਇਹ ਕਹੀਏ :

**ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ**
**ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥**
**ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ**
**ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥** **(ਅੰਗ ੧੬੭)**

ਆਉ ਸੋਚੀਏ, ਕੀ ਦਿਖਾਵੇ ਦੇ ਪਿਆਰ ਜਾਂ ਦੁਨਿਆਵੀ ਭੇਟਾਵਾਂ ਚੜ੍ਹਾਉਣ ਨਾਲ ਮਾਲਕ ਖ਼ੁਸ਼ ਹੋ ਸਕਦਾ ਹੈ ? ਇਕ ਇਸਤਰੀ ਦੀ ਮਿਸਾਲ ਲਵੋ । ਜੇ ਉਹ ਆਪਣੇ ਮਰਦ ਨੂੰ ਬੜੀ ਨਿਮਰਤਾ ਨਾਲ ੧੦੦੦ ਰੁਪਏ ਦਾ ਸੂਟ, ਸੋਹਣੇ-ਸੋਹਣੇ ਤੋਹਫ਼ੇ ਤੇ ਸੋਹਣੇ-ਸੋਹਣੇ ਸੈਂਟ ਲੈ ਦੇਵੇ ਪਰ ਦੂਜੇ ਮਰਦਾਂ ਨਾਲ ਘੁੰਮਣਾ ਨਾ ਛੱਡੇ, ਤਾਂ ਕੀ ਕਦੇ ਵੀ ਉਹਦਾ ਮਰਦ ਉਹਦੇ 'ਤੇ ਰੀਝ ਸਕਦਾ ਹੈ ?

ਜਾਂ ਇਕ ਨੌਕਰ ਵੱਲ ਦੇਖੋ । ਹਰ ਵਕਤ ਉਹ ਆਪਣੇ ਸਾਹਿਬ ਦੀ ਮੋਟਰ ਸਾਫ਼ ਕਰ ਦੇਵੇ ਤੇ ਨਾਲੇ ਉਹਦੇ ਕੱਪੜੇ ਤੇ ਕਮਰਾ ਸਾਫ਼ ਕਰਦਾ ਰਹੇ, ਪਰ ਜਦੋਂ ਮਾਲਕ ਉਸ ਨੂੰ ਕੁਝ ਵੀ ਕਹੇ ਤਾਂ ਉਹਨੂੰ ਕੋਈ ਨਾ ਕੋਈ ਬਹਾਨਾ ਲਾ ਕੇ ਟਾਲ ਦੇਵੇ ਤਾਂ ਕੀ ਉਹ ਕਦੇ ਵੀ ਆਪਣੇ ਮਾਲਕ ਨਾਲ ਸਾਂਝ ਪਾ ਸਕਦਾ ਹੈ ?

ਸਾਡਾ ਹਾਲ ਉਸ ਇਸਤਰੀ ਜਾਂ ਉਸ ਨੌਕਰ ਵਾਂਙ ਹੈ ਕਿਉਂਕਿ ਅਸੀਂ ਸਮਝਦੇ ਹਾਂ ਮਾਲਕ ਨੂੰ ਕੀ ਪਤਾ ਲੱਗਦਾ ਹੈ, ਉਹ ਸੋਹਣੇ ਕੱਪੜੇ ਦੇਖ ਕੇ ਰੀਝ ਜਾਵੇਗਾ । ਬੇਨਤੀਆਂ ਭੇਟ ਕਰਨ ਨਾਲ ਨਹੀਂ ਹੋ ਸਕਦੀਆਂ । ਬੇਨਤੀਆਂ ਮਨ ਦੀ ਡੂੰਘੀ ਗਹਿਰਾਈ ਵਿੱਚੋਂ ਚੀਕਾਂ ਵਾਂਙ ਮਾਲਕ ਦੇ ਚਰਨ ਪਕੜਨ ਦੀ ਤਾਂਘ ਵਿੱਚ ਗੂੰਜ ਉੱਠਦੀਆਂ ਹਨ । ਆਵਾਜ਼ ਨਹੀਂ ਆਉਂਦੀ ਬਲਕਿ ਸਾਡੀ ਬੇਨਤੀ ਅੱਖਾਂ ਰਾਹੀਂ ਸਾਡੇ ਜਨਮਾਂ-ਜਨਮਾਤਰਾਂ ਦੀ ਮੈਲ ਪਾਣੀ ਦੀ ਸ਼ਕਲ ਧਾਰ ਕੇ ਆਪਣੇ ਸਾਹਿਬ ਦੇ ਚਰਨ ਧੋਣ ਲੱਗ ਜਾਂਦੀ ਹੈ । ਅਸੀਂ ਸਵਾਲ-ਜਵਾਬ ਨਹੀਂ ਕਰਦੇ । ਨਾਲੇ ਇਸ ਅਹੰਕਾਰ ਵਿੱਚ ਨਹੀਂ ਆਉਂਦੇ ਕਿ ਅਸੀਂ ਇਤਨਾ ਦਾਨ ਦਿੱਤਾ, ਇਤਨੇ ਪੱਖੇ ਲਗਵਾਏ, ਇਤਨੇ ਅਖੰਡ



ਪਾਠ ਰਖਵਾਏ, ਇਤਨੇ ਰੁਪਏ ਚੜ੍ਹਾਏ । ਇਹ ਸਾਰਾ ਕੁਝ ਤਾਂ ਉਹਦਾ ਦਿੱਤਾ ਹੋਇਆ ਹੈ, ਅਸੀਂ ਕੌਣ ਹਾਂ ਦੇਣ ਵਾਲੇ । ਸਾਡੇ ਕੋਲ ਤਾਂ ਅੱਥਰੂ ਹੀ ਹਨ ਜੋ ਸੱਚਾਈ ਦੀ ਭਾਲ ਵਿੱਚ ਤੇ ਆਪਣੇ ਪਿਆਰ ਦੀ ਡੂੰਘੀ ਖਿੱਚ ਨਾਲ ਮਾਲਕ ਨੂੰ ਭੇਟਾ ਕਰ ਸਕਦੇ ਹਾਂ ।

## ਬੇਨਤੀ ਕਿਉਂ ਕਰੀਏ ?

ਵਾਹਿਗੁਰੂ ਦਾ ਨਾਂ ਲੈਣਾ ਹੀ ਬੇਨਤੀ ਕਰਨੀ ਹੈ । ਅਸੀਂ ਇਹ ਕਿਉਂ ਕਰੀਏ, ਆਓ ਵਿਚਾਰੀਏ—

ਅਸੀਂ ਤਾਂ ਇਕ ਮਹਾਂਪੁਰਸ਼ ਦੇ ਕਹਿਣ ਅਨੁਸਾਰ, ਲੋਭੀ ਹਾਂ, ਫ਼ਰੇਬੀ ਹਾਂ, ਝੂਠੇ ਹਾਂ, ਮੱਕਾਰ ਹਾਂ । ਜਿਸ ਥਾਲੀ ਵਿੱਚ ਖਾਂਦੇ ਹਾਂ ਉਸੇ ਵਿੱਚ ਬੈਠੇ ਮੋਰੀਆਂ ਕਰਦੇ ਰਹਿੰਦੇ ਹਾਂ । ਗੁਰੂ ਗ੍ਰੰਥ ਸਾਹਿਬ ਨੂੰ ਦਿਖਾਵੇ ਮਾਤਰ ਮੱਥਾ ਟੇਕਦੇ ਹਾਂ, ਅੰਦਰੋਂ ਕੋਈ ਨਹੀਂ ਟੇਕਦੇ । ਮੱਥਾ ਅਸੀਂ ਉਸ ਨੂੰ ਟੇਕਦੇ ਹਾਂ ਜਿਸ ਨੂੰ ਆਪਣੇ ਤੋਂ ਵੱਡਾ ਤੇ ਕਬੂਲ ਕਰਨ ਯੋਗ ਸਮਝਦੇ ਹਾਂ । ਸਾਡੇ ਗੁਰੂ ਸਾਹਿਬਾਂ ਨੇ ਮਹਾਨ ਕਿਰਪਾ ਕਰਕੇ ਸਾਨੂੰ ਇਹ ਖ਼ਜ਼ਾਨਾ ਬਖ਼ਸ਼ਿਆ ਪਰ ਅਸਾਂ ਇਸ ਨੂੰ ਇਕ ਰੇਸ਼ਮ ਵਿੱਚ ਲਪੇਟੀ ਕਿਤਾਬ ਸਮਜ ਕੇ ਰਿਵਾਜਨ ਮੱਥਾ ਟੇਕ ਦਿੱਤਾ । ਪਤਾ ਹੀ ਨਾ ਕੀਤਾ ਇਹ ਕੀ ਕਹਿੰਦੀ ਹੈ ।

**(੧) ਅਵਰਿ ਕਾਜ ਤੇਰੈ ਕਿਤੈ ਨ ਕਾਮ ॥**
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥ (ਅੰਗ ੩੭੮)**
**(੨) ਨਾਮੁ ਧਿਆਇ ਮਹਾ ਸੁਖੁ ਪਾਇਆ ॥ (ਅੰਗ ੧੦੩)**
**(੩) ਆਖਾ ਜੀਵਾ ਵਿਸਰੈ ਮਰਿ ਜਾਉ ॥ (ਅੰਗ ੯)**
**(੪) ਮਨ ਏਕੁ ਨ ਚੇਤਸਿ ਮੂੜ ਮਨਾ ॥**
**ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ (ਅੰਗ ੩੫੭)**
**(੫) ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥ (ਅੰਗ ੧੩੫)**
**(੬) ਤੁਧੁ ਬਾਝੁ ਪਿਆਰੇ ਕੇਵ ਰਹਾ ॥ ਸਾ ਵਡਿਆਈ ਦੇਹਿ**
**ਜਿਤੁ ਨਾਮਿ ਤੇਰੇ ਲਾਗਿ ਰਹਾਂ ॥ (ਅੰਗ ੬੬੦)**
**(੭) ਮੈ ਤੁਝ ਬਿਨੁ ਬੇਲੀ ਕੋ ਨਹੀ...... (ਅੰਗ ੭੯੨)**
**(੮) ਆਪਿ ਨਿਤਾਣਿਆ ਤਾਣੁ ਹੈ ਪਿਆਰਾ**
**ਆਪਿ ਨਿਮਾਣਿਆ ਮਾਣੁ ॥ (ਅੰਗ ੬੦੬)**
**(੯) ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ ॥ (ਅੰਗ ੧੦੯੬)**
**(੧੦) ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥**
**(ਅੰਗ ੭੪੯)**

ਅਸੀਂ ਬੇਨਤੀਆਂ ਆਪਣੀਆਂ ਲੋੜਾਂ, ਖ਼ਾਹਿਸ਼ਾਂ ਤੇ ਮੰਗਾਂ ਦੀ ਪੂਰਤੀ ਕਰਨ ਵਾਸਤੇ ਕਰਦੇ ਹਾਂ । ਬੇਨਤੀਆਂ ਕਰਨ ਦੀ ਲੋੜ ਇਨਸਾਨ ਦੀ ਆਪਣੀ ਭੁੱਖ ਹੈ । ਜੇ ਇਹ ਭੁੱਖ ਸਾਨੂੰ ਨਹੀਂ ਲੱਗਦੀ ਤਾਂ ਸਮਝ ਲਈਏ ਕਿ ਅਸੀਂ ਬਿਮਾਰ ਹਾਂ ਅਤੇ ਬਿਮਾਰੀ ਡਾਢੀ ਦੁਖਦਾਈ ਹੈ ।

## ਕੀ ਬੇਨਤੀ ਕਰੀਏ ?

ਕੀ ਮੰਗੀਏ ਤੇ ਕੀ ਨਾ ਮੰਗੀਏ, ਆਓ ! ਗੁਰਬਾਣੀ ਦੇ ਆਧਾਰ ’ਤੇ ਇਸ ’ਤੇ ਵਿਚਾਰ ਕਰੀਏ । ਮੁੱਖ ਤੌਰ ’ਤੇ ਹੇਠ ਲਿਖੀਆਂ ਦੋ ਲੋੜਾਂ ਹੀ ਇਨਸਾਨ ਦੀ ਸਾਰੀ ਜ਼ਿੰਦਗੀ ਦਾ ਨਿਬੇੜਾ ਕਰ ਦੇਂਦੀਆਂ ਹਨ ।

(੧) ਸੁਖ ਤੇ ਸ਼ਾਂਤੀ ਦਾ ਹੋਣਾ । (ਅਤੇ)

(੨) ਦੁਖ ਦਾ ਨਾ ਹੋਣਾ ।

ਗੁਰਬਾਣੀ ਇਨ੍ਹਾਂ ਦੋਨਾਂ ਦੀ ਪੂਰਤੀ ਦੇ ਸਾਧਨ ਸਹਿਜੇ ਹੀ ਦੱਸ ਦਿੰਦੀ ਹੈ ।

ਸੁਖ ਲਈ ਸਾਧਨ—

**ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥** (ਅੰਗ ੧੪੨੭)

ਦੁਖ ਲਈ ਦਾਰੂ—

**ਤੂੰ ਮਨਿ ਵਸਿਆ ਲਗੈ ਨ ਦੂਖਾ ॥੧॥ (ਅੰਗ ੩੭੬)**

ਆਉ, ਅਸੀਂ ਇਨ੍ਹਾਂ ਤੁਕਾਂ ਵੱਲ ਧਿਆਨ ਦੇਈਏ, ਸਭ ਸਮਝ ਤਾਂ ਝੱਟ ਇਹ ਕਹਿੰਦੀ ਹੈ ਕਿ ਇਹ ਤਾਂ ਬਿਲਕੁਲ ਅਣਹੋਣੀਆਂ ਗੱਲਾਂ ਹਨ । ਪੈ ਗਏ ਨਾ ਸਵਾਲ-ਜਵਾਬ ਵਿੱਚ । ਜਦੋਂ ਗੁਰੂ ਤੇਗ਼ ਬਹਾਦਰ ਸਾਹਿਬ ਨੇ ਇਹ ਕਹਿ ਦਿੱਤਾ ਤਾਂ ਗ਼ਲਤ ਹੋ ਸਕਦਾ ਹੈ ਕਦੀ ? ਗੁਰੂ ਅਰਜਨ ਦੇਵ ਜੀ ਕਿਤੇ ਗ਼ਲਤ ਮਤ ਦੇ ਸਕਦੇ ਹਨ ? ਇਹਨਾਂ ਦੋਹਵਾਂ ਗੁਰੂ ਸਾਹਿਬਾਨਾਂ ਨੇ ਭਗਤੀ, ਕੁਰਬਾਨੀ, ਸੇਵਾ ਤੇ ਪ੍ਰਭੂ-ਪਿਆਰ ਦੀਆਂ ਮਿਸਾਲਾਂ ਕਾਇਮ ਕੀਤੀਆਂ ਤੇ ਸੁਖ ਮਨਾਇਆ ।

ਸਾਡੀ ਸਭ ਤੋਂ ਵੱਡੀ ਮੁਸੀਬਤ ਹੈ ਕਿ ਅਸੀਂ ਸੁਖ ਤੇ ਦੁੱਖ ਦੀ ਪਰਖ ਨਹੀਂ ਕਰ ਸਕਦੇ, ਭਾਵੇਂ ਗੁਰਬਾਣੀ ਨੇ ਸਪੱਸ਼ਟ ਕਰ ਦਿੱਤਾ ਹੈ । ਅਸਲ ਵਿੱਚ ਦੋ ਹੇਠ ਲਿਖੇ ਹਾਲਾਤ ਸੁਖ ਤੇ ਦੁੱਖ ਦਾ ਨਕਸ਼ਾ ਬੰਨ੍ਹਦੇ ਹਨ :

| ਸੁਖ | ਦੁੱਖ |
|---|---|
| ਜਦੋਂ ਆਪਣੇ ਮਾਲਕ ਨਾਲ ਬਣੀ ਹੋਈ ਹੋਵੇ | ਜਦੋਂ ਮਾਲਕ ਤੋਂ ਵਿਛੜੇ ਹੋਏ ਹੋਈਏ |



ਇਸਤਰੀ ਲਈ ਇਹਨਾਂ ਹਾਲਤਾਂ ਨੂੰ ਅਨੁਭਵ ਕਰਨਾ ਮੁਸ਼ਕਲ ਨਹੀਂ । ਇਸ ਤੋਂ ਸਿੱਧ ਹੋਇਆ ਕਿ ਸਭ ਤੋਂ ਪਹਿਲਾਂ ਅਸਾਂ ਸੁਖ-ਦੁੱਖ ਨੂੰ ਸਮਝਣਾ ਹੈ ਤੇ ਫਿਰ ਫ਼ੈਸਲਾ ਕਰਨਾ ਹੈ ਕਿ ਕੀ ਮੰਗਣਾ ਹੈ ।

ਅਸੀਂ ਮਾਲਕ ਕੋਲੋਂ ਮੰਗਦੇ ਹਾਂ ਕਿ ਜਿਹੜਾ ਜਵਾਨ ਬੱਚਾ ਸਾਡਾ ਬਿਮਾਰ ਹੈ ਨਾ ਮਰੇ, ਕਿਉਂਕਿ ਸਾਨੂੰ ਉਸ ਦੇ ਬਚਣ ਵਿੱਚ ਹੀ ਸੁਖ ਜਾਪਦਾ ਹੈ; ਪਰ ਮਾਲਕ ਨੇ ਸ਼ਾਇਦ ਇਹ ਫ਼ੈਸਲਾ ਕੀਤਾ ਹੈ ਕਿ ਉਹ ਬੱਚਾ ਕਿਸੇ ਡੂੰਘੀ ਬਿਮਾਰੀ ਨਾਲ ਤੜਫ਼ ਰਿਹਾ ਹੈ ਤੇ ਜੇ ਉਹ ਜਿਊਂਦਾ ਰਹੇ ਤਾਂ ਕਿਸੇ ਹੋਰ ਬੱਚੀ ਨਾਲ ਵਿਆਹ ਹੋਣ ਤੇ ਕੁਝ ਦੇਰ ਬਾਅਦ ਮਰ ਕੇ ਉਹਨੂੰ ਵਿਧਵਾ ਕਰ ਦੇਵੇਗਾ ਜਾਂ ਲੰਮੀ ਬਿਮਾਰੀ ਨਾਲ ਤੜਫ਼ਦਾ ਰਹੇਗਾ ।

ਸਾਡੇ ਮਾਲਕ ਦਾ ਤਾਂ ਹੁਕਮ ਸੀ :-

**ਜੋ ਤੂੰ ਕਰਹਿ ਸੋਈ ਪਰਵਾਣੁ ॥ (ਅੰਗ ੩੭੬)**

ਪਰ ਅਸੀਂ ਕਿਹਾ, “ਅੱਛਾ, ਤੂੰ ਸਾਡਾ ਬੱਚਾ ਲੈ ਲਿਆ ਹੈ, ਇਸ ਬੇਇਨਸਾਫ਼ੀ ਦੇ ਬਦਲੇ ਤੇਰੀ ਪੂਜਾ ਬੰਦ ।”

ਕਰ ਕੇ ਵੇਖੋ ਆਪਣੇ ਪਿਤਾ ਨਾਲ ਇਹ ਗੱਲ । ਜਦੋਂ ਬੱਚਾ ਆਪਣੇ ਪਿਤਾ ਨੂੰ ਇਕ ਫ਼ਰਾਕ ਲੈਣ ਲਈ ਕਹਿੰਦਾ ਹੈ ਤੇ ਕਿਸੇ ਵਜ੍ਹਾ ਕਰਕੇ ਉਹ ਉਸ ਨੂੰ ਲੈ ਕੇ ਨਹੀਂ ਦੇ ਸਕਦਾ, ਤਾਂ ਕੀ ਉਹ ਬੱਚਾ ਪਿਤਾ ਨੂੰ ਕਹਿੰਦਾ ਹੈ ਕਿ ਹੁਣ ਤੂੰ ਸਾਡਾ ਪਿਉ ਹੀ ਨਹੀਂ—ਤੇ ਜੇ ਕਹੇ ਤਾਂ ਪਿਤਾ ਉਸ ਨੂੰ ਝਾੜ ਹੀ ਪਾਉਂਦਾ ਹੈ, ਖ਼ੁਸ਼ ਤਾਂ ਨਹੀਂ ਹੁੰਦਾ ।

ਅਸੀਂ ਮਾਲਕ ਨਾਲ ਹਰ ਵੇਲੇ ਲੇਖਾ ਪੱਤਾ ਕਰਦੇ ਰਹਿੰਦੇ ਹਾਂ । ਸਾਡੇ ਗੁਰੂ ਸਾਹਿਬਾਨ ਨੇ ਖੋਲ੍ਹ ਕੇ ਦੱਸਿਆ ਹੈ ਕਿ ਸਾਡਾ ਰਿਸ਼ਤਾ ਵਾਹਿਗੁਰੂ ਨਾਲ ਪਤੀ-ਪਤਨੀ, ਪੁੱਤਰ-ਪਿਉ, ਦੋ ਦੋਸਤਾਂ ਦਾ, ਮਿੱਤਰਾਂ ਦਾ, ਬੇਲੀਆਂ ਦਾ ਹੈ । ਜੇ ਸੱਚਾ ਪਿਆਰ ਛੱਡ ਕੇ, ਇਨ੍ਹਾਂ ਰਿਸ਼ਤਿਆਂ ਦੀ ਕਿਸੇ ਵੀ ਜੋਤੀ ਦਾ ਇਕ ਮੈਂਬਰ ਹਰ ਵੇਲੇ ਕੁਝ ਨਾ ਕੁਝ ਮੰਗਦਾ ਹੀ ਰਹੇ ਤਾਂ ਦੋਸਤੀ ਤੇ ਪਿਆਰ ਫਿੱਕੇ ਹੋ ਜਾਂਦੇ ਹਨ, ਪਰ ਜੇ ਨਿਸ਼ਕਾਮ ਪਿਆਰ ਕਰਦਾ ਰਹੇ ਤਾਂ ਮਿਠਾਸ ਵਧਦੀ ਹੈ । ਸੁਖ-ਦੁੱਖ ਦੀ ਸੋਝੀ ਹੋਣ ਤੇ ਦਾਤਾਂ ਮੰਗਣ ਲਈ ਵਿਚਾਰ ਦੀ ਲੋੜ ਹੈ ।

## ਕੀ ਮੰਗੀਏ ?

ਆਉ, ਦੇਖੀਏ ਇਸ ਸੰਸਾਰ ਵਿੱਚ ਕੀ ਚੀਜ਼ ਰਹਿਣ ਵਾਲੀ ਹੈ ਤੇ ਕਿਸ ਚੀਜ਼ ਦੀ ਪੱਕੀ ਮੁਨਿਆਦ ਕਾਇਮ ਹੈ । ਹਰ ਇਕ ਨੂੰ ਚੰਗੀ ਤਰ੍ਹਾਂ

ਪਤਾ ਹੈ ਕਿ ਮਨੁੱਖ ਕਿਸੇ ਵੇਲੇ ਵੀ ਮਰ ਸਕਦਾ ਹੈ। ਫਿਰ ਇਤਨੇ ਮੌਤ ਕੋਲੋਂ ਡਰਦੇ ਕਿਉਂ ਹਾਂ ? ਕਿਉਂਕਿ ਵਾਹਿਗੁਰੂ ਤੋਂ ਵਿੱਛੜੇ ਹੋਏ ਹਾਂ। ਇਸ ਕਰਕੇ ਸਭ ਤਰ੍ਹਾਂ ਦੇ ਡਰ ਸਾਨੂੰ ਚੰਬੜੇ ਰਹਿੰਦੇ ਹਨ। ਹਾਂ, ਜਦ ਅਸੀਂ ਮਰ ਜਾਣਾ ਹੈ ਤਾਂ ਸਾਡੇ ਲਈ ਤਾਂ ਸਭ ਕੁਝ ਨਾਸ਼ਵਾਨ ਹੈ। ਇਸ ਲਈ ਡਰ ਤੋਂ ਨਿਰਾਸ਼ ਹੋ ਕੇ, ਘਬਰਾਹਟ ਨਾਲ ਨਹੀਂ, ਸਗੋਂ ਮਨ ਵਿੱਚ ਖੇੜਾ ਲਿਆ ਕੇ ਕਹੀਏ, "ਸੱਚੇ ਪਾਤਿਸ਼ਾਹ ! ਜੇ ਤੂੰ ਤ੍ਰੁੱਠਾ ਹੈਂ, ਦੁੱਖ-ਸੁਖ ਦੀ ਸੋਝੀ ਦਿੱਤੀ ਆ, ਤਾਂ ਹੁਣ ਕਿਰਪਾ ਕਰ, ਸੁਖ ਦੇ ਭੰਡਾਰੇ ਖੋਲ੍ਹ ਦੇ। ਆਪਣਾ ਨਾਮ, ਸੇਵਾ, ਦਯਾ, ਕੁਰਬਾਨੀ, ਪਿਆਰ, ਮਿਠਾਸ, ਪਵਿੱਤਰ ਵੀਚਾਰ, ਦੁਖੀਆਂ ਦਾ ਦਰਦ, ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਤੋਂ ਛੁਟਕਾਰਾ ਬਖ਼ਸ਼ ਦੇ।" ਇਹ ਸਾਰਾ ਕੁਝ ਕਹਿਣ ਦੀ ਵੀ ਲੋੜ ਨਹੀਂ। ਮਾਲਕ ਦਾ ਨਾਂ ਕੋਲ ਹੋਵੇ ਤਾਂ ਕਬੀਰ ਸਾਹਿਬ ਗਵਾਹੀ ਦਿੰਦੇ ਹਨ ਕਿ ਉਹ ਰਾਜਿਆਂ ਦੇ ਸੁੱਖਾਂ ਨਾਲੋਂ ਉੱਚਾ ਹੈ। ਗੁਰੂ ਸਾਹਿਬ ਕਹਿੰਦੇ ਹਨ :

**ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥**

**ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥** (ਅੰ: ੯੫੮)

ਯਾਦ ਰੱਖੀਏ ਕਿ ਨਾ ਰਹਿਣ ਵਾਲੀਆਂ ਮੰਗਾਂ ਦੁੱਖਾਂ ਦੀਆਂ ਮੰਗਾਂ ਹਨ, ਫੇਰ ਆਪ ਦੁੱਖ ਅਸੀਂ ਕਿਉਂ ਸਹੇੜਦੇ ਹਾਂ ?

**ਕੀ ਨਾ ਮੰਗੀਏ ?**

ਦੁਨਿਆਵੀ ਚੀਜ਼ਾਂ ਕਦੇ ਵੀ ਨਾ ਮੰਗੀਏ ? ਕਿਉਂ ?

(੧) ਜੋ ਮਾਲਕ ਨੇ ਦੇਣਾ ਹੈ ਹਰ ਹਾਲਤ ਵਿੱਚ ਦੇਣਾ ਹੈ, ਮੰਗਣ ਦੀ ਖੇਚਲ ਨਾਲ ਆਪਣੀ ਕਦਰ ਘਟਦੀ ਹੈ। ਧੀ ਵੀ ਪੇਕੇ ਆ ਕੇ ਕਿਤੇ ਮਾਂ ਨੂੰ ਕਹੇ ਕਿ ਮੈਂ ਦੋ ਸੂਟ ਲੈਣੇ ਹਨ, ਤਾਂ ਪੰਜ ਸੂਟ ਦੇਣ ਵਾਲੀ ਮਾਂ ਵੀ ਇਹ ਸਮਝੇਗੀ ਕਿ ਇਸ ਨੂੰ ਅਕਲ ਨਹੀਂ। ਮਾਲਕ 'ਤੇ ਭਰੋਸਾ ਰੱਖੀਏ।

(੨) ਜਦੋਂ ਉਹਦਾ ਹੁਕਮ ਚੱਲਣਾ ਹੈ ਤਾਂ ਸਾਡੀ ਕੀ ਵੁੱਕਤ ਹੈ। ਖ਼ਾਸ ਤੌਰ 'ਤੇ ਜਦੋਂ ਸਾਨੂੰ ਇਹ ਵੀ ਹੁਕਮ ਹੋਵੇ ਕਿ ਉਹ ਜੋ ਵੀ ਕਰੇ ਉਸ ਨੂੰ ਪ੍ਰਵਾਨ ਕਰਨਾ ਹੈ।

(੩) ਸਭ ਤੋਂ ਵੱਡੀ ਗੱਲ—ਸਾਨੂੰ ਨਹੀਂ ਪਤਾ ਕਿ ਜੋ ਮੰਗਦੇ ਹਾਂ, ਸਾਡੇ ਲਈ ਚੰਗਾ ਹੈ ਕਿ ਨਹੀਂ। ਆਉ ਦੇਖੀਏ :-



(ੳ) ਕਿਸੇ ਨੇ ਮਿੰਨਤਾਂ ਕਰ ਕੇ ਬੰਬਈ ਬਦਲੀ ਕਰਾਈ, ਜਾਂਦਿਆਂ ਸਾਰ ਬਿਮਾਰ ਹੋ ਗਿਆ।

(ਅ) ਕਿਸੇ ਨੇ ਵੱਡੀ ਨੌਕਰੀ ਵਾਸਤੇ ਲਿਲ੍ਹਕਾਂ ਲਈਆਂ, ਉੱਥੇ ਪਹੁੰਚਦਿਆਂ ਹੀ **Parliament** ਵਿੱਚ ਰੌਲਾ ਪੈਣ ਨਾਲ ਉਹ **dismiss** ਹੋ ਗਿਆ।

(ੲ) ਕਿਸੇ ਨੇ ਹਾੜੇ ਕੱਢੇ, ਮੇਰੇ ਘਰ ਮੁੰਡਾ ਜੰਮੇ। ਅਜੇ ਉਹਦੀ ਜਵਾਨੀ ਦੇ ਦਿਨ ਹੀ ਆਏ ਸਨ ਤਾਂ ਮਾਲਕ ਨੇ ਵਾਪਸ ਲੈ ਲਿਆ।

(ਸ) ਕਿਸੇ ਨੇ ਵੱਡਾ ਮਕਾਨ, ਕਿਸੇ ਨੇ ਕਾਰ, ਤੇ ਕਿਸੇ ਨੇ ਹੋਰ ਦੁਨਿਆਵੀ ਸੁਖ ਮੰਗੇ ਪਰ ਉਨ੍ਹਾਂ ਐਸਾ ਦੁੱਖ ਦਿੱਤਾ ਕਿ ਮਨੁੱਖ ਪਾਗਲ ਹੋ ਗਿਆ।

ਸਾਡੇ ਗੁਰੂ ਸਾਹਿਬਾਂ ਨੇ ਸਾਡੇ ਨਾਲ ਇਹ ਵਾਇਦਾ ਕੀਤਾ ਹੈ ਕਿ ਵਾਹਿਗੁਰੂ ਦੇ ਚਰਨਾਂ ਨਾਲ ਪ੍ਰੀਤ ਕਰਨ ਨਾਲ ਸਗਲੇ ਕਾਰਜ ਰਾਸ ਹੋਣਗੇ। ਅਸੀਂ ਇਹ ਸਮਝ ਬੈਠਦੇ ਹਾਂ ਕਿ ਇਸ ਦਾ ਮਤਲਬ ਹੈ, ਨਾ ਸਾਡਾ ਕੋਈ ਮਰੇਗਾ ਨਾ ਬਿਮਾਰ ਹੋਏਗਾ। ਸਾਡੇ ਸਾਰਿਆਂ ਬੱਚਿਆਂ ਦੀਆਂ ਕੁੜਮਾਈਆਂ, ਵਿਆਹ ਵੇਲੇ ਸਿਰ ਹੋਣਗੇ, ਸਾਡੇ ਘਰ ਮੁੰਡੇ ਜ਼ਰੂਰ ਜੰਮਣਗੇ, ਸਾਡੇ ਘਰ ਦੌਲਤ ਵਧੇਗੀ, ਸੋਹਣੇ ਮਕਾਨ ਤੇ ਕਾਰਾਂ ਸਾਡੇ ਕੋਲ ਹੋਣਗੀਆਂ, ਇਤਿਆਦਿਕ। ਕਿੰਨਾ ਮੂਰਖ ਹੈ ਇਨਸਾਨ। ਇਨ੍ਹਾਂ ਸਾਰਿਆਂ ਬੰਧਨਾਂ ਤੋਂ ਛੁੱਟਣ ਲਈ ਮਾਲਕ ਦਾ ਨਾਂ ਲੈ ਕੇ ਫੇਰ ਇਹ ਬੰਧਨ ਹੀ ਮੰਗਣ ਲੱਗ ਪਿਆ।

ਸਗਲੇ ਕਾਰਜ ਰਾਸ ਦਾ ਮਤਲਬ ਹੈ ਬੰਧਨਾਂ ਦਾ ਕੱਟਿਆ ਜਾਣਾ। ਉਹ ਕਦੋਂ ਕੱਟੇ ਜਾਣਗੇ ? ਜਦੋਂ ਅਸੀਂ ਸੱਚੇ ਮਨੋਂ ਵਾਹਿਗੁਰੂ ਦੀ ਸ਼ਰਨ ਆਵਾਂਗੇ। ਸੱਚੇ ਮਨ ਦਾ ਮਤਲਬ ਮੇਰੀ ਤੁੱਛ ਅਕਲ ਦੇ ਮੁਤਾਬਕ ਇਹ ਹੈ।

(੧) ਅੱਠੇ ਪਹਿਰ ਮਾਲਕ ਨੂੰ ਯਾਦ ਰੱਖਾਂਗੇ।

(੨) ਆਸਰਾ ਕੇਵਲ ਗੁਰਬਾਣੀ ਦੇ ਆਧਾਰ 'ਤੇ ਵਾਹਿਗੁਰੂ ਦਾ ਲਵਾਂਗੇ (ਭਰਮਾਂ, ਵਹਿਮਾਂ, ਟੂਣਿਆਂ 'ਚੋਂ ਨਿਕਲ ਕੇ)।

(੩) ਹਰ ਇਕ ਦਾ ਭਲਾ ਮੰਗਾਂਗੇ ਤੇ ਹਰ ਇਕ ਵਿੱਚ ਵਾਹਿਗੁਰੂ ਦੇਖਾਂਗੇ।

(੪) ਆਪਣੇ ਆਪ ਨੂੰ ਹਮੇਸ਼ਾਂ ਲਈ ਸਭ ਤੋਂ ਮੰਦਾ ਸਮਝਾਂਗੇ ਤੇ ਲੋਕਾਂ ਦੀ ਨਿੰਦਾ ਕਰਾਂ ਤੇ ਸੁਣਾਂਗੇ ਨਹੀਂ।

(੫) ਹਮੇਸ਼ਾਂ ਪਿਆਰ ਨਾਲ ਬੋਲਾਂਗੇ ਸਭ ਨਾਲ।

(੬) ਦੂਜਿਆਂ ਦੇ ਧਨ ਤੇ ਪਰਾਈਆਂ ਇਸਤ੍ਰੀਆਂ ਵੱਲ ਬੁਰੀ ਨਜ਼ਰ ਨਾਲ ਨਹੀਂ ਤੱਕਾਂਗੇ।

(੭) ਸੇਵਾ ਕਰਾਂਗੇ ਤਾਂ ਗੁਰੂ ਨਾਨਕ ਦੀ, ਲੋਕਾਂ ਸਿਰ ਅਹਿਸਾਨ ਨਹੀਂ ਜਤਾਵਾਂਗੇ ।
(੮) ਆਪਣੀਆਂ ਵਡਿਆਈਆਂ ਸੁਣ-ਸੁਣ ਕੇ ਨਹੀਂ ਫੈਲਾਂਗੇ ।
(੯) ਦੁਸ਼ਮਣ ਦੋਸਤ ਨੂੰ ਇਕੋ ਜਿਹਾ ਸਮਝਾਂਗੇ ।
(੧੦) ਮਾਲਕ ਨੂੰ ਹਰ ਵੇਲੇ ਕੋਲ ਸਮਝਾਂਗੇ ।
(੧੧) ਕਦੇ ਵੀ ਨਹੀਂ ਡੋਲਾਂਗੇ । ਮਾਲਕ ਦੀ ਰਜ਼ਾ ਮੰਨਾਂਗੇ ।
(੧੨) ਭੁੱਖੇ ਰਹਾਂਗੇ ਤਾਂ ਕਹਾਂਗੇ, ਮਾਲਕ ਤੂੰ ਆਪਣੀ ਰਹਿਮਤ ਨਾਲ ਆਪਣੇ ਚਰਨ ਨਾ ਛੁਡਾਵੀਂ ।

ਇਹ ਸਭ ਕੁਝ ਅਸੀਂ ਨਹੀਂ ਕਰ ਸਕਦੇ, ਇਸ ਲਈ ਇਹਨਾਂ ਨੂੰ ਹੀ ਮੰਗਣਾ ਹੈ, ਪਰ ਇਹ ਯਾਦ ਰੱਖੀਏ ਕਿ ਮੰਗਤਾ ਆਕੜ ਨਹੀਂ ਕਰਦਾ, ਮੰਗਤਾ ਅਰਜ਼ ਕਰਦਾ ਹੈ । ਮੈਂ ਆਪ ਤਾਂ ਇਤਨਾ ਨੀਚ ਹਾਂ ਕਿ ਦੁਨਿਆਵੀ ਚੀਜ਼ਾਂ ਵਿੱਚ ਲੀਨ ਰਹਿੰਦਾ ਹਾਂ ਪਰ ਇਹ ਇਸ ਲਈ ਲਿਖਦਾ ਹਾਂ ਕਿ ਸ਼ਾਇਦ ਕਿਸੇ ਲਈ ਲਿਖਦਿਆਂ-ਲਿਖਦਿਆਂ ਮੈਨੂੰ ਵੀ ਸ਼ਰਮ ਆ ਜਾਏ ਤੇ ਮੈਂ ਸਿੱਧੇ ਰਸਤੇ ਪੈ ਜਾਵਾਂ । ਮੇਰੇ ਵਾਸਤੇ ਵੀ ਅਰਦਾਸ ਕਰੋ । ਸਭ ਕੁਝ ਹੋਵੇ ਤੇ ਸੁਖ ਨਾ ਹੋਵੇ, ਤਾਂ ਨਰਕ ਹੈ । ਕੁਝ ਨਾ ਹੋਵੇ ਤੇ ਸੁਖ ਹੋਵੇ, ਤਾਂ ਸਵਰਗ ਹੈ ।



# ANATOMY OF A GURSIKH (ਖ਼ਾਲਸਾ)

# (ਖ਼ਾਲਸਾ) ਗੁਰਸਿੱਖ ਦੀ ਬਣਤਰ ਦਾ ਵਿਸਥਾਰ

### ਇਕ ਸੁਨੇਹਾ ਪਿਆਰ ਦਾ

ਸਾਰੀ ਉਮਰ ਵਿਕਾਰਾਂ ਵਿੱਚ ਗਵਾ ਕੇ ਜਦੋਂ ਕਿਸੇ ਨੇ ਮਾਹੀ ਦੇ ਸੱਦੇ ਦੀ ਦੱਸ ਪਾਈ ਤਾਂ ਮੈਂ ਕਾਹਲੀ-ਕਾਹਲੀ ਆਪਣੇ ਗੁਨਾਹਾਂ ਦੇ ਭਾਰ ਨੂੰ ਛੁਪਾਉਂਦਾ-ਛੁਪਾਉਂਦਾ ਐਸੇ ਦਰ 'ਤੇ ਪੁੱਜਾ ਜਿੱਥੇ ਕੇਵਲ "ਰਹਿਮਤ" ਬਰਸਦੀ ਸੀ । ਹੈਰਾਨ ਹੋਇਆ ਕਿ ਸਦ ਹਮੇਸ਼ਾਂ ਆਉਂਦੀ ਸੀ, ਸੜਕ ਹਮੇਸ਼ਾਂ ਚੱਲਦੀ ਸੀ, ਰਾਹੀ ਹਮੇਸ਼ਾਂ ਸੈਨਤਾਂ ਕਰਦੇ ਸਨ; ਪਰ ਇਤਨੇ ਸਾਲ ਕਿਉਂ ਲੱਗ ਗਏ ਸਦ ਸੁਣਨ ਵਿੱਚ ? ਇਸ ਦਾ ਉੱਤਰ ਦੇਣਾ ਤਾਂ ਔਖਾ ਹੈ ਹੀ, ਪਰ ਨਾਲ ਡਰ ਇਸ ਦਾ ਲੱਗਦਾ ਹੈ ਕਿ ਕਿਤਨੇ ਹੋਰ ਸਾਲ ਜਾਂ ਕਿਤਨੇ ਹੋਰ ਜਨਮ ਲੱਗ ਜਾਣਗੇ ਉਸ ਸਦ ਨੂੰ ਸਮਝਣ ਵਿੱਚ, ਉਸ ਸਦ ਨੂੰ ਅਪਨਾਉਣ ਵਿੱਚ ਤੇ ਫੇਰ ਉਸ ਸਦ ਵਿੱਚ ਲੀਨ ਹੋਣ ਵਿੱਚ, ਜੇ ਕੇਵਲ ਸੁਣਨ ਨੂੰ ਤਕਰੀਬਨ ਸਾਰੀ ਉਮਰ ਲੱਗ ਗਈ ਹੈ ।

ਪਰ ਇਹ ਸਦ ਕਲਗੀਆਂ ਵਾਲੇ ਦੀ ਹੈ, ਗੁਰੂ ਨਾਨਕ ਦੇ ਘਰ ਦੀ ਹੈ ਜਿਹੜੀ ਸਾਂਝੀ ਹੈ, ਸਾਫ਼ ਹੈ ਤੇ ਨਿਰਮਾਣਤਾ ਦਿਖਾ ਕੇ ਨਿਮਾਣੇ ਬਣਨ ਲਈ ਪ੍ਰੇਰਦੀ ਹੈ । ਨਾਲ ਗਰੰਟੀ ਹੈ ਕਿ ਇਸ ਸਦ ਨੂੰ ਸੁਣ ਕੇ ਆਪਣਾ ਆਪ ਹਵਾਲੇ ਕਰਨ ਵਾਲੇ ਮਨੁੱਖ ਨੂੰ ਸਮਝਣ ਦਾ ਜ਼ਿੰਮਾ **"ਪਰਗਟ ਗੁਰਾਂ ਕੀ ਦੇਹ"** ਗੁਰੂ ਗ੍ਰੰਥ ਸਾਹਿਬ ਦਾ ਹੈ । ਇਹ ਪਰਤੱਖ ਹੈ, ਸਾਫ਼ ਹੈ, ਨਿਰਸੰਦੇਹ ਹੈ, ਫੇਰ ਪੂਰਨਤਾ ਦੀ ਆਵਾਜ਼ ਹੈ, ਜ਼ਿੰਦਗੀ ਦਾ ਅੰਮ੍ਰਿਤ ਹੈ ਤੇ ਮੌਤ ਦੇ ਡਰ ਵਿਰੁੱਧ **Insurance** (ਬੀਮਾ) ਹੈ । ਫੇਰ ਹਵਾਲੇ ਕਰਨ ਵਿੱਚ ਡਰ ਕਿਉਂ ? ਮਿਟਣ ਵਿੱਚ ਦੇਰ ਕਿਉਂ ? ਅਭਿਮਾਨ ਮਿਟਾਉਣ ਦੀ ਖ਼ਾਹਿਸ਼ ਦਾ ਅਭਿਮਾਨ ਕਿਉਂ ? ਪਿਆਰੇ ਨਾਲ ਪਿਆਰ ਕਰਨ ਦਾ ਅਹਿਸਾਨ ਕਿਉਂ ? ਉਸ ਅਹਿਸਾਨ 'ਚੋਂ ਨਿਕਲੀ ਪ੍ਰਭੁੱਤਾ ਦਾ ਅਹਿਸਾਨ ਕਿਉਂ ? ਕਿਉਂਕਿ ਸਾਡੇ ਅੰਗ-ਅੰਗ ਵਿੱਚ ਝੂਠ ਦੀ ਮਸਤੀ ਹੈ, ਝੂਠੀ ਮਾਇਆ ਦਾ ਜ਼ੋਰ ਹੈ ਜਿਸ ਨੂੰ ਆਪਣੇ "ਛੈਣੇ ਵਜਾਉਣ ਵਾਲੇ" ਦਿਖਾਵੇ ਨਾਲ ਗੁਰਸਿੱਖੀ ਦਾ ਭੁਲੇਖਾ ਪਾ ਕੇ ਸਮਝਦੇ ਹਾਂ, ਅਸਾਂ ਮਾਇਆ ਨੂੰ ਦਬਾ ਲਿਆ ਹੈ । ਉਹ ਕਈ ਤਰੀਕਿਆਂ ਨਾਲ ਫਿਰ ਸਿਰ ਚੁੱਕ ਕੇ ਸਾਨੂੰ ਨਾਪਾਕ ਕਰਦੀ ਹੈ ਅਤੇ ਸਾਡਾ ਰਾਹ ਬਦਲ ਦਿੰਦੀ ਹੈ; ਜਿਵੇਂ ਮਹਿਤਾ ਕਾਲੂ ਨੂੰ ਕਈ ਝਲਕਾਰੇ ਵੱਜੇ, ਪਰ ਮਾਇਆ ਦੀ

ਛਾਂ ਨੇ ਉਨ੍ਹਾਂ ਨੂੰ ਇਨ੍ਹਾਂ ਝਲਕਾਰਿਆਂ ਨੂੰ ਮਾਇਆ ਦਾ ਰੂਪ ਹੀ ਸਮਝਣ 'ਤੇ ਮਜਬੂਰ ਕੀਤਾ ਤੇ ਮਾਇਆ ਨੂੰ ਸੱਚ ਜਾਣ ਕੇ ਆਪਣੀ ਗੋਦ ਵਿੱਚ ਖੇਡਦੇ ਰੱਬ ਨੂੰ ਨਾ ਦੇਖ ਸਕੇ । ਰਾਏ ਬੁਲਾਰ ਦੇ ਸਮਝਾਉਣ 'ਤੇ ਵੀ ਰੱਬ ਦੀਆਂ ਗੱਲ੍ਹਾਂ ੨੦ ਰੁਪਇਆਂ ਪਿੱਛੇ ਲਾਲ ਕਰ ਸੁਟੀਆਂ । ਸੋ ਮਾਇਆ ਪਰਬਲ ਹੈ, ਪਰ ਗੱਲ੍ਹਾਂ ਚਪੇੜਾਂ ਨਾਲ ਲਾਲ ਕਰਵਾਉਣ ਵਾਲਾ, ਬਾਬਰ ਦੀਆਂ ਜੇਲ੍ਹਾਂ ਕੱਟਣ ਵਾਲਾ, ਐਸੇ ਪੂਰਨੇ ਪਾ ਗਿਆ ਜੋ ਉਹਦੀਆਂ ਦਸੇ ਜੋਤਾਂ ਨੇ ਗੁਰਸਿੱਖੀ ਦਾ ਇਕ ਢਾਂਚਾ ਤਿਆਰ ਕੀਤਾ ਜਿਸ ਦੀ ਬਣਤਰ ਲਾਡ ਨਾਲ (ਖੋਲ੍ਹ ਕੇ ਦੱਸਣ) ਦੀ ਕੋਸ਼ਿਸ਼ ਕਰਦਾ ਹਾਂ ।

## I

ਗੁਰਮਤਿ—ਅੱਗੇ ਕਹਿ ਚੁੱਕਾ ਹਾਂ ਰਹਿਮਤ ਦਾ ਦਰਵਾਜ਼ਾ ਹੈ; ਹਰ ਵਕਤ ਖੁੱਲ੍ਹਾ ਹੈ, ਹਰ ਇਕ ਲਈ ਖੁੱਲ੍ਹਾ ਹੈ । ਲਿਹਾਜ ਨਹੀਂ, ਸਿਫ਼ਾਰਸ਼ ਨਹੀਂ, ਪਰ ਬਖ਼ਸ਼ਿਸ਼ ਹੈ ਜਿਸ 'ਤੇ ਹੋ ਜਾਵੇ; ਜਿਵੇਂ ਨੌਕਰ ਚੰਗਾ ਹੋਵੇ ਤਾਂ ਮਾਲਕ ਮਿਹਰ ਕਰਦਾ ਹੈ ਜਾਂ ਮਾਲਕ ਚੰਗਾ ਹੋਵੇ ਤਾਂ ਨੌਕਰ ਪਿਆਰ ਨਾਲ ਸੇਵਾ ਕਰਦਾ ਹੈ, ਇਹ **Mutual** (ਆਪਸ ਵਿੱਚ) ਪਿਆਰ ਹੈ, ਜਿਸ ਦੀ ਨੀਂਹ ਤਾਂ ਹੈ ਪਰ ਪਿਆਰ ਵਾਲੇ ਉਸ ਨੂੰ ਕੇਵਲ ਆਪ ਹੀ ਸਮਝਦੇ ਹਨ, ਕਹਿਣਾ ਗੂੰਗੇ ਦੀ ਮਿਠਿਆਈ ਵਾਂਙੂੰ ਹੈ ।

ਗੁਰਸਿੱਖ ਬਣਨ ਦਾ ਚਾਅ ਚੜ੍ਹਿਆ ਤਾਂ ਸਾਹਿਬ ਨੇ ਭਾਈ ਭਿਖਾਰੀ ਕੋਲ ਭੇਜ ਦਿੱਤਾ । ਜੋ ਭਾਈ ਭਿਖਾਰੀ ਨੇ ਦੁੱਖ, ਸੁਖ, ਗ਼ਮੀ-ਖ਼ੁਸ਼ੀ, ਨੂੰ ਰਜ਼ਾ ਦੇ ਰੰਗ ਵਿੱਚ ਨਿਭਾਅ ਲਿਆ ਤੇ ਸਾਹਿਬ ਨੇ ਘਨੱਈਏ ਦੀ ਮਿਸਾਲ ਰੱਖ ਦਿੱਤੀ । ਕਿਸੇ ਸ਼ੰਕੇ ਵਾਲੇ ਨੂੰ ਜੇ ਲੋੜ ਪਈ ਕਿ ਹੋਰ ਸਮਝੇ ਤਾਂ ਸਾਹਿਬਾਂ ਆਪ ਮਲ੍ਹਮ ਕੱਢ ਦਿੱਤੀ, ਇਹ ਦੱਸਣ ਲਈ ਕਿ "**ਗੁਰਸਿੱਖ ਇਕ ਅਨੋਖੀ ਇਨਸਾਨੀਅਤ ਹੈ ।**"

ਚਾਵ੍ਹਾਂ ਵਿੱਚ ਇਹ ਝਲਕਾਰੇ ਤੱਕਦਾ ਗੁਰਸਿੱਖ ਬਣਨ ਦੀ ਰੀਝ ਵਿੱਚ ਜਦ ਜਗਿਆਸੂ ਅੱਗੇ ਵਧਿਆ ਤਾਂ ਸਾਹਿਬਾਂ ਨੇ ਕਿਹਾ—'ਸੁਣ, ਪਹਿਲਾਂ ਮਰਨਾ ਕਬੂਲ ਕਰ, ਜੀਵਨ ਦੀ ਆਸਾ ਛੱਡ ਦੇ ।' ਜਗਿਆਸੂ ਅਜੇ ਸੋਚ ਹੀ ਰਿਹਾ ਸੀ ਕਿ ਇਹਦਾ ਮਤਲਬ ਕੀ ਹੋਇਆ ? ਤਾਂ ਸਾਹਿਬ ਨੇ 'ਸਭ ਦੀ ਚਰਨਧੂੜ' ਬਣਨ ਦੇ ਹੁਕਮ ਦੇ ਕੇ ਵਾਪਸ ਕਰ ਦਿੱਤਾ ਤੇ ਕਿਹਾ— ਜਦੋਂ ਇਹ ਕਰ ਲਵੇਂਗਾ ਫੇਰ ਮੇਰੇ ਕੋਲ ਆਵੀਂ ।

ਪਿੱਛੇ ਮੁੜਿਆ, ਕੁਝ **Shock** (ਦੁੱਖ) ਹੋਇਆ ਕਿ ਇਹ ਕੀ



ਪੜ੍ਹਾਈ ਹੈ ? ਪਰ ਮਨ ਵਿੱਚ ਚਾਅ ਹੈ ਦੋ ਗੱਲਾਂ ਦਾ—ਇਕ ਕਿ **Message** (ਸੰਦੇਸ਼) ਤਾਂ **Clear** (ਸਾਫ਼) ਹੈ, ਦੂਜੀ ਜੇ **Message** (ਸੰਦੇਸ਼) ਮੰਨ ਲਵਾਂ, ਤਾਂ ਆਪ ਸੱਦ ਰਿਹਾ ਹੈ ਸਾਹਿਬ । ਪਰ ਘੇਰਿਆ ਮਾਂ ਨੇ, ਪਿਉ ਨੇ ਭੈਣ ਨੇ, ਭਰਾਵਾਂ ਨੇ, ਪਤੀ ਨੇ, ਦੋਸਤਾਂ ਨੇ, ਮੁਹੱਲੇ ਵਾਲਿਆਂ ਨੇ । ਕਿਸੇ ਕਿਹਾ—ਤੇਰੀ ਮੱਤ ਮਾਰੀ ਗਈ ਹੈ, ਕਿਸੇ ਕਿਹਾ—ਤੂੰ ਕੰਗਾਲ ਬਣਨਾ ਹੈ, ਕਿਸੇ ਕਿਹਾ—ਮਾਂ-ਪਿਉ ਦੇ ਆਖੇ ਨਹੀਂ ਲੱਗਦਾ, ਕਿਸੇ ਕਿਹਾ—ਘਰ ਨਹੀਂ ਚਲਾਉਣਾ, ਕਿਸੇ ਕਿਹਾ ਪਤੀਬ੍ਰਤਾ ਹੈ, ਪਤੀ ਦੀ ਗੱਲ ਪਹਿਲਾਂ ਹੈ ਕਿ ਸਾਹਿਬ ਦੀ । ਜਗਿਆਸੂ ਚਕਰਾਇਆ, ਹਿੰਮਤ ਬੰਨ੍ਹੀ, ਫੇਰ ਸਾਹਿਬ ਦੇ ਦਰ ਪਹੁੰਚਿਆ । ਸਾਹਿਬ ਦਾ ਹੁਕਮ ਅਟੱਲ—

—ਪਹਿਲਾਂ ਮਰਨਾ ਕਬੂਲ ਕਰ ਗੁਰੂ ਅੱਗੇ

—ਬਿਨ ਗੁਰਮਤਿ ਜੀਣਾ ਛੱਡ

—ਸਭ ਦੀ ਚਰਨਧੂੜ ਬਣ

—ਫੇਰ ਮੇਰੇ ਕੋਲ ਆ ।

## II

ਜਗਿਆਸੂ ਹੁਣ ਪਿੱਛੇ ਨਹੀਂ ਮੁੜਦਾ, ਕੇਵਲ ਵਿਚਾਰਦਾ ਹੈ ਕਿ ਸਾਹਿਬ ਤਾਂ ਗੁਰਮਤਿ ਵਿੱਚ ਸਭ ਸੁਖ ਦੱਸਦੇ ਹਨ । ਇੱਥੇ ਹਰ ਦੁੱਖ ਹੈ, ਕਲੇਸ਼ ਹੈ, ਸ਼ਿਕਾਇਤ ਹੈ, ਪੀੜ ਹੈ, ਬੇਚੈਨੀ ਹੈ । ਸੋਚਦਾ ਹੈ, ਪਿਛਲੇ ਤਜਰਬੇ ਵਿਚਾਰ ਕੇ—

(ੳ) ਜਦੋਂ ਮੈਂ ਗੁਰੂ ਦੀ ਗੱਲ ਮੋੜੀ, ਹਮੇਸ਼ਾਂ ਦੁਖੀ ਹੋਇਆ ।

(ਅ) ਜਦੋਂ ਮੈਂ ਗੁਰਮਤਿ ਤੋਂ ਉਲਟ, ਮਾਂ-ਪਿਉ, ਭੈਣ-ਭਰਾਵਾਂ, ਪਤੀ-ਪਤਨੀ ਦੀ ਲੋਕ-ਲਾਜ ਲਈ ਕੋਈ ਕੰਮ ਕੀਤਾ—ਚਾਰ ਦਿਨ ਦੀ ਵਾਹ-ਵਾਹ ਬਾਅਦ ਹਮੇਸ਼ਾਂ ਕਲੇਸ਼ ਪਾਇਆ ।

(ੲ) ਜਿਤਨੇ ਲੋਕੀਂ ਗੁਰਮਤਿ ਤੋਂ ਹੋੜਦੇ ਹਨ, ਇਹ ਆਪ ਗੁਰਮਤਿ ਨਾਲ ਬਾਹਰੋਂ ਪਿਆਰ ਹੀ ਨਹੀਂ ਕਰਦੇ ਸਗੋਂ ਮੈਨੂੰ ਹਮੇਸ਼ਾਂ ਗੁਰਮਤਿ ਵੱਲ ਪ੍ਰੇਰਦੇ ਸਨ ।

(ਸ) ਗੁਰਮਤਿ ਦੀਆਂ ਸਾਰੀਆਂ ਗਰੰਟੀਆਂ ਫੇਲ੍ਹ ਹੁੰਦੀਆਂ ਹਨ ਜਦੋਂ ਮੈਂ ਆਪਣੀ ਜਾਂ ਆਪਣੇ ਝੂਠੇ ਮਿੱਤਰਾਂ ਜਾਂ ਰਿਸ਼ਤੇਦਾਰਾਂ ਨੂੰ ਗੁਰਮਤਿ ਨਾਲੋਂ ਵੱਧ ਸਤਿਕਾਰਦਾ ਹਾਂ ।

(ਹ) ਪਰ ਇਹ ਸਭ ਲੋਕ ਵੀ ਤਾਂ ਰੱਬ ਦੇ ਹੁਕਮ ਵਿੱਚ ਹਨ, ਇਸ ਲਈ ਮੇਰਾ ਕੰਮ ਤਾਂ ਇਨ੍ਹਾਂ ਦੇ ਚਰਨਾਂ 'ਤੇ ਢਹਿਣਾ ਤੇ ਢਹਿ ਕੇ ਪ੍ਰੇਮ ਨਾਲ ਹੱਥ ਜੋੜ ਕੇ ਕਹਿਣਾ ਹੈ—ਪਿਆਰਿਓ, ਇਤਨੀ ਉਮਰ ਬਾਅਦ ਤਾਂ ਸਦ ਸੁਣਾਈ ਦਿੱਤੀ ਤੇ ਹੁਣ ਕਿਉਂ ਰੋਕਦੇ ਹੋ ?

ਫੇਰ ਸਾਹਿਬਾਂ ਨੇ ਹੌਂਸਲਾ ਦਿੱਤਾ। ਪੁੱਛਿਆ—ਲੋਕ ਲਾਜ ਦਾ ਸਿਆਪਾ ਮੁੱਕਾ? ਪੁੱਛਿਆ—ਗੁਰਮਤਿ ਸਭ ਤੋਂ ਉੱਚੀ ਹੋਣ ਦਾ ਯਕੀਨ ਬਿਠਾ ? ਪੁੱਛਿਆ—ਸਭ ਦੀ ਰੈਣ ਬਣਨ ਲਈ ਦਿਲ ਮੰਨਿਆ ? ਪੁੱਛਿਆ—ਦੁਨੀਆਂ ਦੇ ਰੰਗ ਤਮਾਸ਼ੇ ਤੋਂ ਵੱਧ ਮਰ ਮਿਟਣ ਵੱਲ ਧਿਆਨ ਗਿਆ ? ਜਗਿਆਸੂ ਹੱਥ ਬੰਨ੍ਹ ਕੇ ਖੜ੍ਹਾ ਹੋ ਗਿਆ—ਪਾਤਿਸ਼ਾਹ ! ਇਹ ਸਾਰੇ ਸਵਾਲ ਕੀੜੇ ਨੂੰ ਕਰਦੇ ਹੋ ? ਮੈਨੂੰ ਕੀ ਪਤਾ ਆਪ ਦੇ ਚੋਜ ਕੀ ਹਨ, ਆਪ ਕੀ ਕਰਦੇ ਹੋ ? ਮੈਨੂੰ ਇਕੋ ਗੱਲ ਦਾ ਪਤਾ ਹੈ—ਤੇ ਉਹ ਹੈ ਕਿ ਜੋ ਕੁਝ ਕਰਨਾ ਹੈ ਤੂੰ ਕਰਨਾ ਹੈ, ਮੈਂ ਕੁਝ ਨਹੀਂ ਕਰ ਸਕਦਾ। ਨਾਲੇ, ਜੋ ਤੂੰ ਕਰਦਾ ਹੈਂ ਉਹ ਮੇਰੇ ਲਈ ਹਮੇਸ਼ਾਂ ਠੀਕ ਹੈ। ਸਾਹਿਬ ਨੇ ਮੁਸਕਰਾ ਕੇ ਥਾਪੜਾ ਦਿੱਤਾ ਤੇ ਪੜ੍ਹਨੇ ਪਾ ਲਿਆ।

## III

ਜਗਿਆਸੂ ਸ਼ਾਂਤ ਹੈ ਕਿ ਸਾਹਿਬ ਦੇ ਚਰਨਾਂ 'ਤੇ ਖਲੋਣ ਦਾ ਮੌਕਾ ਮਿਲਿਆ ਹੈ; ਪਰ ਨਿੰਦਾ ਤੇ ਨਫ਼ਰਤ 'ਤੇ ਈਰਖਾ ਤੇ ਚੋਭਾਂ, ਸਭ ਤੋਂ ਪਿਆਰੇ ਮਿੱਤਰਾਂ ਤੇ ਸੰਬੰਧੀਆਂ ਵੱਲੋਂ। ਫਿਰ ਸਮਝ ਰੁਕਣ ਲੱਗੀ, ਕਿਉਂਕਿ ਸਾਰੇ ਪੜ੍ਹੇ ਲਿਖੇ ਸਾਰੇ ਵਿਦਵਾਨ, ਸਾਰੇ ਸੰਤ ਮਹਾਤਮਾ, ਸਾਰੇ ਦੁਨੀਆਂ ਦੀ ਮਮਤਾ ਤੇ ਇਸ਼ਕ ਪਿਆਰ ਦੇ ਬੱਧੇ ਆਪਣੇ ਗਿਆਨ ਨਾਲ, ਆਪਣੇ ਰੋਹਬ ਨਾਲ, ਆਪਣੇ ਪ੍ਰਭਾਵ ਨਾਲ, ਆਪਣੀਆਂ ਰਿਧੀਆਂ-ਸਿਧੀਆਂ ਦੀਆਂ ਕਰਾਮਾਤਾਂ ਨਾਲ, ਆਪਣੇ ਲੋਕ-ਪਚਾਰੇ ਦੀ ਮਤਿ ਨਾਲ ਸਮਝਾਉਣ ਲੱਗੇ; ਜਿਵੇਂ ਗ੍ਰਹਿਸਥੀ ਨੂੰ ਹਰ ਵੇਲੇ ਪ੍ਰਮਾਰਥ ਨਾਲ ਕੇਵਲ ਦਿਖਾਵੇ ਦਾ ਪ੍ਰੇਮ ਹੁੰਦਾ ਹੈ, ਤਿਵੇਂ ਪਰਮਾਰਥੀ ਨੂੰ ਗ੍ਰਹਿਸਥ ਨਾਲ ਦਿਖਾਵੇ ਦਾ ਪ੍ਰੇਮ ਹੁੰਦਾ ਹੈ। ਇਹ ਟਾਕਰਾ ਹੋਣ ਲੱਗਾ। ਜਗਿਆਸੂ ਦੌੜਦਿਆਂ-ਦੌੜਦਿਆਂ ਪਹੁੰਚਾ; ਸਾਹਿਬਾਂ ਕਿਹਾ, "ਘੜੀ-ਘੜੀ ਪੁੱਛਣ ਦੀ ਲੋੜ ਨਹੀਂ, ਕਿਉਂਕਿ ਇਹ ਤਾਂ **Normal** ਹੈ ਕਿ ਸੰਸਾਰਵੀਆਂ ਦਾ ਤੇ ਭਗਤੀ ਨਾਲ ਜੁੜਨ ਵਾਲੇ ਗੁਰਸਿੱਖਾਂ ਦਾ ਜੋੜ ਨਹੀਂ ਹੋ ਸਕਦਾ।" ਜਗਿਆਸੂ ਨੇ ਪੁੱਛਿਆ ਤਾਂ ਇਹ ਲੋਕ ਠੀਕ ਨਹੀਂ। ਸਾਹਿਬ ਨੇ ਕਿਹਾ, "ਇਉਂ ਬਿਲਕੁਲ ਨਹੀਂ ਕਹਿਣਾ। ਭੈੜਾ ਕਿਸੇ ਨੂੰ ਨਹੀਂ ਕਹਿਣਾ, ਇਹ ਸਭ ਵਾਹਿਗੁਰੂ ਦੀ ਰਜ਼ਾ ਹੈ। ਸਭ ਲਈ ਭਲਾ ਮੰਗਣਾ ਹੈ,



ਅਰਦਾਸ ਕਰਨੀ ਹੈ। ਨਿੰਦਾ ਕਰਨ ਵਾਲਿਆਂ ਦੇ ਚਰਨ ਪਕੜਨੇ ਹਨ, ਸਭ ਨਾਲ ਪਿਆਰ ਕਰਨਾ ਹੈ, ਨਫ਼ਰਤ ਕਰਨ ਵਾਲਿਆਂ ਨਾਲ ਵੀ।"

## IV

ਜਗਿਆਸੂ ਸੋਚਦਾ ਹੈ ਕਿ ਇਹ ਕਠਨ ਪੜ੍ਹਾਈ ਹੈ, ਪਰ ਹੈ ਮਜ਼ੇਦਾਰ। ਇਸ ਮਾਰਗ 'ਤੇ ਕਦੇ-ਕਦੇ ਕੋਈ ਹਮ-ਖ਼ਿਆਲ ਆਣ ਮਿਲਿਆ, ਸਾਹਿਬਾਂ ਦੀਆਂ ਕਥਾ ਕਹਾਣੀਆਂ ਚੱਲੀਆਂ, ਜਗਿਆਸੂ ਰੀਝਿਆ, ਪਿਆਰ ਵਿੱਚ ਰੱਜ-ਰੱਜ ਕੇ ਗੁਣ ਗਾਏ ਤਾਂ ਸਾਥੀ ਨੇ ਬੜੀਆਂ ਤਾਰੀਫ਼ਾਂ ਕੀਤੀਆਂ। ਜਗਿਆਸੂ ਠਾਠਾਂ ਮਾਰਦਾ ਸਾਹਿਬਾਂ ਕੋਲ ਪੁੱਜਾ, ਸਾਹਿਬ ਨੇ ਕੰਨ ਖਿੱਚੇ, ਇਤਨਾ ਖ਼ੁਸ਼ ਕਿਉਂ ਹੈ ? ਅੱਜ ਤਾਰੀਫ਼ਾਂ ਕਰਨ ਵਾਲੇ ਕੱਲ੍ਹ ਗਾਲ੍ਹਾਂ ਵੀ ਕੱਢਣਗੇ। ਜੇ ਤਾਰੀਫ਼ਾਂ 'ਤੇ ਖ਼ੁਸ਼ ਹੋਵੇਂਗਾ ਤਾਂ ਕੱਲ੍ਹ ਗਾਲ੍ਹਾਂ 'ਤੇ ਸੜ੍ਹੇਂਗਾ, ਫੇਰ ਫਿੱਕਾ ਬੋਲੇਂਗਾ, ਨਿੰਦਿਆ ਕਰੇਂਗਾ। ਪੁੱਛਿਆ ਕੀ ਕਰਾਂ, ਸਾਹਿਬਾਂ ਨੇ ਦੱਸਿਆ ਜੇ ਲੋਕ ਉਸਤਤ ਕਰਨ ਤਾਂ ਉਸਤਤ ਵਾਹਿਗੁਰੂ ਦੀ ਜਾਣਨੀ, ਫੈਲਣਾ ਨਹੀਂ—ਤੇ ਜੇ ਨਿੰਦਾ ਹੋਵੇ ਤਾਂ ਦਰ ਨਹੀਂ ਛੱਡਣਾ।

ਗੁਰਸਿੱਖ ਬਣਨ ਦੀ ਤਾਂਘ ਵਿੱਚ ਸਾਹਿਬਾਂ ਦੀ ਹਰ ਕਿਸਮ ਦੀ ਮਦਦ, ਹਰ ਕਿਸਮ ਦੀ ਮਤਿ ਲੈ ਕੇ ਜਗਿਆਸੂ ਅਤਿ ਪਸੀਜਿਆ, ਉਸ ਦਾ ਜੀਅ ਕੀਤਾ ਕਿ ਇਹ ਸਾਹਿਬ ਤਾਂ "ਤਨ, ਮਨ, ਧਨ" ਦੇ ਮਾਲਕ ਹਨ। ਮੈਂ ਛੇਤੀ ਕਰਾਂ ਹਾਜ਼ਰ ਕਰ ਦੇਵਾਂ। ਸਾਹਿਬ ਨੇ ਕਿਹਾ ਅਜੇ ਨਹੀਂ—ਪਹਿਲਾਂ ਅਭਿਆਸ ਕਰੋ, ਨਾਮ ਜੱਪੋ, ਸੇਵਾ ਕਰੋ, ਪਰਾਏ ਧਨ ਤੇ ਪਰਾਈ ਇਸਤਰੀ-ਮਰਦ ਤੋਂ ਮੁੱਖ ਮੋੜੋ, ਹਰ ਇਨਸਾਨ ਵਿੱਚ ਰੱਬ ਤੱਕੋ, ਕਿਸੇ ਕਿਸਮ ਦੀ ਉਚ-ਨੀਚ, ਗ਼ਰੀਬੀ-ਅਮੀਰੀ, ਛੂਤ-ਛਾਤ ਦੇ ਨੇੜੇ ਨਾ ਜਾਓ, ਫੇਰ ਜਦ ਭਾਂਡਾ ਕੁਝ ਸਾਫ਼ ਹੋਵੇ ਤਾਂ ਹਾਜ਼ਰ ਹੋਵੋ।

## V

ਕਮਾਲ ਹੈ, ਸਾਹਿਬ ਦੀ ਰਹਿਮਤ 'ਤੇ, ਉਧਰ ਕਮਾਲ ਹੈ ਦੁਨੀਆਂ ਦਾ ਰੋਣਾ। ਲੋਕੀਂ ਹੁਣ ਉਸ ਨੂੰ ਪਾਗਲ, ਕਮਲਾ ਜਾਂ ਹੰਕਾਰਿਆ ਹੋਇਆ ਆਖਦੇ ਹਨ, ਕਦੇ-ਕਦੇ ਸੋਚੀਂ ਪੈ ਜਾਂਦਾ ਹੈ ਪਰ ਹੁਣ ਸੋਚਾਂ ਕਾਫ਼ੀ ਹਟ ਚੁੱਕੀਆਂ ਹਨ। ਕੇਵਲ ਆਪਣੇ ਮਨ ਦੀ ਤਸੱਲੀ ਲਈ ਵਿਚਾਰਦਾ ਹਾਂ ਕਿ ਕਿਤੇ ਸ਼ਾਇਦ ਸਾਹਿਬ ਦਾ ਆਪਣਾ ਹੁਕਮ ਮੇਰੀ ਸਮਝ ਨਾ ਆਇਆ ਹੋਵੇ। ਉਡੀਕਦਾ ਹੈ ਤਾਂ ਕਬੀਰ ਸਾਹਿਬ ਨੂੰ ਪੁੱਛਦਾ ਹੈ। ਉਹ ਕਹਿੰਦੇ ਹਨ, ਚਿੰਤਾ ਨਾ ਕਰ, ਇਹ ਤਾਂ **Normal** (ਆਮ) ਹੈ। ਮੈਨੂੰ ਮੇਰੀ ਸਕੀ ਮਾਂ ਕਹਿੰਦੀ

ਸੀ ਜਦੋਂ ਦੀ ਮੈਂ ਔਂਤਰੇ ਨੇ ਮਾਲਾ ਪਕੜੀ, ਸਾਡੇ ਘਰ ਸੁਖ ਨਹੀਂ ਹੋਇਆ । ਲੋਕੀਂ ਕਹਿੰਦੇ ਸਨ ਮੈਂ ਪਾਗਲ ਹਾਂ ਤੇ ਮੈਂ ਮੰਨ ਲਿਆ ਸੀ ।

ਜਗਿਆਸੂ ਬੇਖ਼ੌਫ਼ ਚੱਲਦਾ ਰਿਹਾ, ਕਿਸੇ ਕਹਿ ਦਿੱਤਾ ਉਹ ਇਹ ਰੀਤ ਠੀਕ ਨਹੀਂ, ਤੂੰ ਗ਼ੈਰ-ਸਿੱਖਾਂ ਨਾਲ ਸਤਿਸੰਗ ਕਰਦਾ ਹੈਂ ਜਿਹੜੇ ਵਾਹਿਗੁਰੂ ਨਹੀਂ ਕਹਿੰਦੇ; ਜਾਂ ਤੂੰ ਮੁਸਲਮਾਨ ਸੰਤਾਂ ਨੂੰ ਵੀ ਪਿਆਰ ਕਰਦਾ ਹੈਂ, ਇਹ ਕੀ ਹੋਇਆ ? ਉਸ ਕਿਹਾ ਇਹ ਸਾਰਾ ਕੁਝ ਸਾਹਿਬ ਨੇ ਆਪ ਹੀ ਤਾਂ ਦੱਸਿਆ ਹੈ । ਗੁਰੂ ਗ੍ਰੰਥ ਸਾਹਿਬ ਵਿੱਚ ਆਪ ਹੀ ਤਾਂ ਕਿਹਾ ਕਿ ਜਿਵੇਂ ਦਰੋਪਦੀ ਦੀ ਕ੍ਰਿਸ਼ਨ ਮਹਾਰਾਜ ਨੇ ਲਾਜ ਰੱਖੀ, ਪ੍ਰਹਿਲਾਦ ਦੀ ਭਗਵਾਨ ਨੇ ਪੀੜਾ ਕੱਟੀ, ਤਿਵੇਂ ਮੇਰੀ ਵੀ ਰੱਖਿਆ ਕਰੋ । ਭੀਲਣੀ ਨੂੰ ਰਾਮਚੰਦਰ ਜੀ ਦਾ ਪਿਆਰ ਕਰਨਾ, ਬਿਦਰ ਨੂੰ ਕ੍ਰਿਸ਼ਨ ਮਹਾਰਾਜ ਦਾ ਪਿਆਰ ਕਰਨਾ, ਗੁਰੂ ਨਾਨਕ ਜੀ ਦਾ ਭਾਈ ਲਾਲੋ ਨੂੰ ਪਿਆਰ ਕਰਨਾ, ਉਸੇ ਰੱਬੀ ਜੋਤ ਦੇ ਝਲਕਾਰੇ ਨਹੀਂ ਜਿਹੜੀ ਸਾਹਿਬਾਂ ਨੇ ਸਿਖਾਈ? ਜਦ ਓਹਦੀ ਕਿਸੇ ਨਾ ਮੰਨੀ ਤਾਂ ਉਹ ਨਾਮਦੇਵ ਕੋਲੋਂ ਪੁੱਛਣ ਲੱਗਾ । ਉਨ੍ਹਾਂ ਕਿਹਾ—**'ਪਿਆਰਿਆ ਜੇ ਗੁਰਸਿੱਖ ਬਣਨਾ ਈ ਤਾਂ ਉਹਨੂੰ ਯਾਦ ਕਰਿਆ ਕਰ ਜਿਸ ਦਾ ਨਾ ਤਾਂ ਮੰਦਰ ਹੈ ਤੇ ਨਾ ਮਸੀਤ ਹੈ । ਪਿਆਰ ਨਾਲ ਯਾਦ ਕਰ, ਮੰਦਰ ਤੇਰੇ ਸਾਹਮਣੇ ਆਣ ਖਲੋਏਗਾ ।'** ਕਬੀਰ ਸਾਹਿਬ ਨੇ ਉੱਚੀ ਆਵਾਜ਼ ਵਿੱਚ "ਅੱਲ੍ਹਾ" ਦੇ ਨੂਰ ਦਾ ਢੰਡੋਰਾ ਦਿੱਤਾ ਤੇ ਜਗਿਆਸੂ ਦੀ ਤਾਂਘ ਹੋਰ ਵਧ ਗਈ ।

## VI

ਹਾਜ਼ਰ ਹੋਇਆ ਗੁਰੂ ਗੋਬਿੰਦ ਸਿੰਘ ਸਾਹਿਬ ਮਹਾਰਾਜ ਕੋਲ ਅੰਮ੍ਰਿਤ ਛਕਣ । ਉਨ੍ਹਾਂ ਕਿਹਾ ਸਿਰ ਹਾਜ਼ਰ ਹੈ ? ਫੇਰ ਪੁੱਛਿਆ ਤਨ, ਮਨ, ਧਨ ਹਾਜ਼ਰ ਹੈ? ਜਗਿਆਸੂ ਨੂੰ ਯਾਦ ਸੀ ਕਿ ਗੁਰੂ ਦੇ ਸਾਹਮਣੇ ਸਿੱਖ ਦੀ ਗਰਦਨ ਉੱਚੀ ਨਹੀਂ ਹੋ ਸਕਦੀ; ਸਗੋਂ ਸਿਰ ਦੇ ਕੇ ਹੀ ਉੱਚੀ ਰੱਖੀ ਜਾ ਸਕਦੀ ਹੈ । ਕਹਿਣ ਲੱਗਾ—'ਰਹਿਮਤਾਂ ਵਾਲਿਆ, ਜੇ ਹੁਣ ਸੱਦਿਆ ਈ ਤਾਂ ਮੇਰੇ ਕੋਲੋਂ ਕੀ ਪੁੱਛਦਾ ਹੈਂ ? ਜੇ ਮਿਹਰਾਂ ਵਿੱਚ ਆਇਆ ਹੈਂ ਤਾਂ ਜੋ ਘਾਟ ਹੈ ਪੂਰੀ ਕਰ ਦੇ, ਜੋ ਨਹੀਂ ਹੈ, ਦੇ ਦੇ, ਮੈਂ ਕੀ ਜਾਣਾ ਤੇਰੀਆਂ ਖੇਡਾਂ ।' ਸਾਹਿਬ ਨੇ ਕਕਾਰ ਸਜਾਏ, ਮਤਿ ਦਿੱਤੀ ਤੇ ਚਿਤਾਵਨੀ ਦਿੱਤੀ ਕਿ ਗੁਰਸਿੱਖ—

(੧) ਸੰਤ ਹੈ, ਜਿਹੜਾ ਮਾਲਾ ਫੇਰੇ ਸਵਾਸ-ਸਵਾਸ, ਪਰ ਜ਼ੁਲਮ ਨੂੰ ਆਕੜ ਰਹਿਤ ਨਾਸ਼ ਕਰ ਸਕੇ ਅਤੇ ਫੇਰ ਨਿਮਰਤਾ ਵਿੱਚ ਲੀਨ ਹੋ ਕੇ ਸਾਹਿਬ ਦੇ ਗੁਣ ਗਾਏ ।



(੨) ਸਿਪਾਹੀ ਹੈ ਜਿਹੜਾ ਸਵਾਸ-ਸਵਾਸ ਨਾਮ ਜਪਦਿਆਂ, ਜ਼ੁਲਮ ਨੂੰ ਆਪਣੀਆਂ ਨਿੱਜੀ ਖ਼ਾਹਿਸ਼ਾਂ ਨੂੰ **Control** (ਜ਼ਬਤ) ਕਰਕੇ, ਪੂਰੇ ਪਿਆਰ ਨਾਲ ਮੇਟ ਕੇ ਆਪਣੇ ਸਾਈਂ ਦੇ ਚਰਨਾਂ ਵਿੱਚ ਲੱਗਾ ਰਹੇ ।

(੩) ਬਗੈਰ **Discrimination** (ਵਿਤਕਰੇ) ਦੇ ਹਿੰਦੂ, ਮੁਸਮਲਾਨ, ਸਿੱਖ ਇਸਾਈ ਨਾਲ ਪਿਆਰ ਕਰੇ, ਉਨ੍ਹਾਂ ਦੀ ਸੇਵਾ ਕਰੇ ਤੇ ਆਪਣੇ ਆਪ ਨੂੰ ਸਭ ਤੋਂ ਨੀਵਾਂ ਸਮਝੇ ।

## VII

ਜਗਿਆਸੂ ਹੁਣ ਲਾਡ ਵਿੱਚ ਆਇਆ, ਪੁੱਛਣ ਲੱਗਾ ਕਿ ਕੇਸ, ਕੜਾ, ਕਛਹਿਰਾ, ਕੰਘਾ ਤੇ ਕਿਰਪਾਨ ਮੇਰੀਆਂ ਰਹਿਤਾਂ ਹਨ ਤੇ ਜੇ ਮੈਂ ਕਦੇ ਨਾ ਲਾਹਵਾਂ ਤਾਂ ਤੇਰੀ ਮੇਰੀ ਯਾਰੀ ਪੱਕੀ ਹੈ ਨਾ ? ਸਾਹਿਬ ਹੱਸ ਪਏ—ਸਮਝਾਇਆ ਕਿ ਇਹ ਰਹਿਤਾਂ ਜ਼ਰੂਰੀ ਹਨ; ਪਰ ਜੇ ਤੂੰ ਇਹ ਸਮਝ ਬੈਠਾ ਹੈਂ ਕਿ ਕੇਸ ਰੱਖੇ ਤਾਂ ਸਿੱਖ ਹੋ ਗਿਆ, ਇਹ ਗ਼ਲਤ ਹੈ, ਕਿਉਂਕਿ ਜੋ ਕੁਝ ਭਾਂਡਾ ਸਾਫ਼ ਕਰਨ ਲਈ ਜਾਂ ਅੰਮ੍ਰਿਤ ਦੀ ਰਹਿਮਤ ਪਾਉਣ ਲਈ ਗੁਰਸਿੱਖ ਦੀ ਬਣਤਰ ਵਿੱਚ ਸਮੱਗਰੀ ਲੱਗੀ ਸੀ ਉਸ ਸਮੱਗਰੀ ਦੀ ਲੋੜ ਹਮੇਸ਼ਾਂ ਰਹੇਗੀ । ਸਾਡਾ ਵਿਰਸਾ ਸਾਂਝਾ ਹੈ ਤੇ ਉਸ ਸਾਂਝ ਦੇ ਸਦਕੇ ਸਾਡੀ ਤਵਾਰੀਖ਼ ਵਿੱਚ ਸਈਅਦ ਮੀਆਂ-ਮੀਰ ਤੇ ਪੀਰ ਬੁੱਧੂ-ਸ਼ਾਹ ਵਰਗੇ ਵੀ ਮਹਾਂਪੁਰਸ਼ ਹਨ ।

ਜਗਿਆਸੂ ਨੇ ਕਿਹਾ—'ਪਾਤਿਸ਼ਾਹ ਲੋਕੀਂ ਤਾਂ ਸਾਰੇ ਹੁਣ ਕਹਿੰਦੇ ਨੇ ਕਿ ਬੱਸ ਅੰਮ੍ਰਿਤ ਛਕ ਲਿਆ, ਵਾਲ ਰੱਖ ਲਏ, ਸਿੱਖੀ ਦਾ ਭੇਖ ਹੋ ਗਿਆ ਤਾਂ ਗੁਰਸਿੱਖ ਹੋ ਗਿਆ ਤੇ ਜੇ ਕਿਤੇ ਮੈਂ ਕਹਿ ਦਿਆਂ, ਇਹ ਨਹੀਂ ਤਾਂ ਮੈਨੂੰ ਦੁਰਕਾਰਦੇ ਹਨ ।' ਸਾਹਿਬ ਨੇ ਆਪਣੇ ਸੇਵਕ ਨੂੰ ਪਿਆਰ ਤੇ ਲਾਡ ਨਾਲ ਇਹ ਵਾਕ ਸੁਣਾਇਆ—

**"ਵੇਸੀ ਸਹੁ ਨਾ ਪਾਈਐ**
**ਕਰਿ ਕਰਿ ਵੇਸ ਰਹੀ ॥**
**ਨਾਨਕ ਤਿਨੀ ਸਹੁ ਪਾਇਆ**
**ਜਿਨੀ ਗੁਰ ਕੀ ਸਿੱਖ ਸੁਣੀ ॥"**

(ਗੁਰੂ ਗ੍ਰੰਥ ਸਾਹਿਬ) (ਅੰਗ ੭੮੫)

ਜਗਿਆਸੂ ਨੇ ਸ਼ੁਕਰ ਕੀਤਾ, ਅਰਦਾਸ ਕੀਤੀ ਤੇ ਡਾਢੇ ਲਿਲ੍ਹਕਾਂ ਭਰੇ

ਗਲੇ ਵਿੱਚ ਕਿਹਾ, 'ਪਾਤਿਸ਼ਾਹ ਜੋ ਦੱਸਿਆ ਸੀ ਹੁਣ ਅੱਗੇ ਇਹ ਕਿਰਪਾ ਕਰ—ਤੇਰੇ ਹੁਕਮਾਂ 'ਤੇ ਚੱਲ ਸਕਾਂ—ਸੀਸ ਜਾਏ ਪਰ ਸਿੱਦਕ ਨਾ ਜਾਏ ।' ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ ਤੇ ਫ਼ਰਮਾਇਆ ਕਿ ਗੁਰਸਿੱਖ ਦੀ **Anatomy** (ਸਰੀਰ ਰਚਨਾ) ਤਾਂ ਬਣ ਗਈ ਪਰ ਪੜ੍ਹਾਈ ਸਾਰੀ ਉਮਰ ਦੀ ਹੈ, ਹਰ ਘੜੀ ਦੀ ਹੈ, ਹਰ ਪਲ ਜੇ ਸਾਹਿਬ ਦੇ ਚਰਨਾਂ ਵਿੱਚ ਮਨ ਰਹੇਗਾ ਤਾਂ ਮੈਂ ਆਪ ਉਹਦੀ ਰਖਵਾਲੀ ਕਰਾਂਗਾ ।

ਕੋਈ ਮੇਰੇ ਗ਼ਰੀਬ ਦੇ ਗੁਨਾਹ ਬਖ਼ਸ਼ਵਾ ਕੇ ਵੀ ਸਾਹਿਬ ਕੋਲੋਂ ਗੁਰਸਿੱਖੀ ਦਾ ਦਾਨ ਲੈ ਦੇਵੇ ।

### ਗੁਰੁ ਗ੍ਰੰਥ ਸਾਹਿਬ ਜੀ ਦੇ ਹੁਕਮ

**(੧) ਮੈਂ ਕੁਝ ਨਹੀਂ, (੨) ਮੇਰਾ ਕੁਝ ਨਹੀਂ, (੩) ਮੈਂ ਕੁਝ ਨਹੀਂ ਬਣਨਾ, (੪) ਕੇਵਲ ਤੂੰ ਹੈਂ ।**



## ਗੁਰਸਿੱਖੀ ਬਾਰੀਕ ਹੈ—I

ਹਉਮੈਂ ਦਾ ਨਾਮ ਨਾਲ ਪੱਕਾ ਵਿਰੋਧ ਹੈ । ਜਦੋਂ ਇਹ ਦ੍ਰਿੜ੍ਹਤਾ ਹੋ ਜਾਏ ਤਾਂ ਮੇਰੇ ਵਰਗਾ ਨੀਚ ਆਪਣੀ ਹਉਮੈਂ ਨੂੰ **Rationalise** (ਵਿਗਿਆਨਕੀ) ਕਰਨ ਲੱਗ ਪੈਂਦਾ ਹੈ । ਇਸ ਕਰਮ ਵਿੱਚ ਆਕੜ ਤਾਂ ਹੱਦੋਂ ਬਾਹਰ ਨਿਕਲ ਜਾਂਦੀ ਹੈ, ਪਰ ਆਪਣੇ ਧਰਮੀ ਬਣੇ ਰਹਿਣ ਦਾ ਨਿਸ਼ਚਾ ਬਣਿਆ ਰਹਿੰਦਾ ਹੈ । ਇਸ ਲਈ ਕਿਸੇ ਮਹਾਂਪੁਰਸ਼ ਨੇ ਕਿਹਾ ਸੀ ਕਿ ਲਿਖਣਾ ਵੀ ਤਾਂ ਆਕੜ ਹੈ । ਲਿਖ ਕੇ ਵਡਿਆਈ ਕਰਵਾਉਣੀ ਵੀ ਤਾਂ ਆਕੜ ਹੈ । "ਮੈਂ" ਨੇ **Rationalise** ਕੀਤਾ ਕਿ ਜੇ ਗਿਆਨੀ ਸੱਜਣ ਲਿਖਣ ਨਾ, ਤਾਂ ਗਿਆਨ ਕਿਵੇਂ ਫੈਲੇ ? ਬੱਸ ਫਿਰ ਮੈਂ ਗਿਆਨੀ ਬਣ ਗਿਆ, ਲੋਕਾਂ ਨੂੰ ਸਿਖਾਉਣ ਵਾਲਾ । ਮਗਰੋਂ ਮੈਨੂੰ ਡਰ ਪੈਣ ਲੱਗਾ ਕਿ ਮੇਰਾ ਗਿਆਨ ਕੋਈ ਚੋਰੀ ਨਾ ਕਰ ਲਵੇ । ਮੈਂ **ALL RIGHTS RESERVED** (ਸਭ ਹੱਕ ਰਾਖਵੇਂ ਹਨ) ਨਾਲ ਲਿਖ ਦਿੱਤਾ । ਕਿਤਾਬਾਂ ਛਪ ਗਈਆਂ । ਹੁਣ ਤਾਂ ਮੈਂ ਮਹਾਂ-ਗਿਆਨੀ ਹੋ ਗਿਆ । ਲੱਗਾ ਗਿਆਨ ਦੀ ਅੱਗ ਵਿੱਚ ਸੜਨ । ਜਦੋਂ ਬਹੁਤੇ ਲੋਕੀਂ "ਮਹਾਂਪੁਰਸ਼" ਆਖਣ ਲੱਗੇ ਤਾਂ ਮੈਂ "ਸੰਤ" ਅਖਵਾਉਣਾ ਵੀ ਪ੍ਰਵਾਨ ਕਰ ਲਿਆ । ਫੇਰ ਇਕ ਆਸ਼ਰਮ ਖੋਲ੍ਹਿਆ ਜਿੱਥੇ ਨਾਮ ਦੀ ਪੜ੍ਹਾਈ ਦੇ ਨਾਲ ਆਪਣੇ **Personal** (ਨਿੱਜੀ) ਸੇਵਕ ਨੂੰ ਇਹ ਹੁਕਮ ਦਿੱਤਾ ਕਿ ਜੇ ਕੋਈ ਦਰਸ਼ਨਾਂ ਨੂੰ ਆਵੇ ਤਾਂ ਇਕ ਕਾਪੀ ਵਿੱਚ ਉਹਦਾ ਨਾਂ ਦਰਜ ਕਰੋ ਤੇ ਪੁੱਛੋ ਕਿ ਤੈਨੂੰ (੧) ਮੁੰਡਾ ਚਾਹੀਦਾ ਹੈ, (੨) ਨੌਕਰੀ ਚਾਹੀਦੀ ਹੈ, (੩) ਤਰੱਕੀ ਚਾਹੀਦੀ ਹੈ, (੪) ਕੁੜੀ ਦੇ ਵਿਆਹ ਦੀ ਦਾਤ ਚਾਹੀਦੀ ਹੈ ਜਾਂ ਕਿਤੇ ਨਾਮ ਚਾਹੀਦਾ ਹੈ ।

ਧੁੰਮਾਂ ਪੈ ਗਈਆਂ, ਲੋਕੀਂ ਦੂਰੋਂ-ਦੂਰੋਂ ਦਾਤਾਂ ਲੈਣ ਆ ਗਏ, ਮੈਂ ਦਰਸ਼ਨ ਦੇਣੇ ਹੋਰ ਮੁਸ਼ਕਲ ਕਰ ਦਿੱਤੇ । ਬਹੁਤੇ ਪੈਸੇ ਹੋਏ ਤਾਂ ਵੱਡੀਆਂ ਕਾਰਾਂ ਵਿੱਚ ਬਹਿਣ ਨਾਲ ਮੇਰੇ ਚੇਲੇ **Deputy Commissioner** (ਡਿਪਟੀ-ਕਮਿਸ਼ਨਰ), **Businessman** (ਵਿਉਪਾਰੀ) **Black Market** (ਚੋਰ-ਬਜ਼ਾਰੀ) ਕਰਨ ਵਾਲੇ ਵੀ ਬਣ ਗਏ । ਜੇ ਕਿਤੇ ਕਿਸੇ ਥੋੜ੍ਹਾ ਜਿਹਾ ਮੇਰੇ ਨਾਲ ਫਿੱਕਾ ਬੋਲਿਆ ਤਾਂ ਮੈਂ ਬੰਦੂਕਾਂ ਵਾਲੇ ਪਹਿਰੇਦਾਰ ਰੱਖ ਲਏ । ਇਕ **Publicity Expert** (ਪ੍ਰਚਾਰਕ) ਰੱਖ ਲਿਆ । ਹੁਣ, ਕਿਉਂਕਿ ਮੈਂ ਵੱਡਾ ਸੰਤ ਹਾਂ, ਹਰ ਇਕ ਨਾਲ ਔਖਾ ਬੋਲਦਾ ਹਾਂ, ਹੱਥਾਂ ਨਾਲ ਕੰਮ ਨਹੀਂ ਕਰਦਾ,

ਇਕ-ਇਕ ਤੁਕ ਦੇ ਵੀਹ-ਵੀਹ ਮਹਿਣੇ ਕੱਢ ਲੈਂਦਾ ਹਾਂ, ਬਹਿਸ ਵਿੱਚ ਬਹੁਤ **Expert** (ਹੁਸ਼ਿਆਰ) ਹਾਂ ਤੇ ਹੁਣ ਕਿਸੇ ਦੀ ਮੈਨੂੰ ਪ੍ਰਵਾਹ ਨਹੀਂ ।

ਇਕ ਮਹਾਂਪੁਰਸ਼ ਮੇਰੇ ਪਿੱਛੇ ਖੜ੍ਹੇ ਸਭ ਕੁਝ ਦੇਖ ਰਹੇ ਹਨ । ਮੇਰੇ ਮੋਢੇ 'ਤੇ ਹੱਥ ਰੱਖ ਕੇ ਕਹਿ ਰਹੇ ਹਨ, 'ਬੱਸ ਆਪਣਾ ਮੂੰਹ ਹੋਰ ਕਾਲਾ ਨਾ ਕਰ, ਆਪਣੇ ਗੁਰੂ ਤੇ ਗੁਰੂ ਦੇ ਸਿੱਖਾਂ ਦੀਆਂ ਗੱਲਾਂ ਕਰ । ਗੁਰੂ ਅਰਜਨ ਦੇਵ ਜੀ ਕੁੱਲੀ ਬਣੇ ਤੇ ਸੰਗਤਾਂ ਦੇ ਪੈਰ ਘੁੱਟੇ, ਤੱਤੀਆਂ ਤਵੀਆਂ 'ਤੇ ਬੈਠੇ, ਪਰ **1430** ਪੰਨਿਆਂ ਵਿੱਚ ਕਿਤੇ ਆਪਣਾ ਆਪ ਨਹੀਂ ਜਤਾਇਆ । ਸਿਵਾਇ **ਦਾਸਨ ਦਾਸ** ਦੇ ਖ਼ਿਤਾਬ ਦੇ ਸਿੱਖ ਲਈ ਹੋਰ ਕੁਝ ਵੀ ਬਣਨਾ ਹਰਾਮ ਸਮਝਣਾ ।' ਥੋੜ੍ਹੀ ਦੇਰ ਲਈ ਹੋਸ਼ ਆਈ । ਠਹਿਰ ਗਿਆ, ਫਿਰ ਸੋਚ ਕੇ ਦੂਜਿਆਂ ਦੇ ਨੁਕਸ ਕੱਢਣੇ ਸ਼ੁਰੂ ਕਰ ਦਿੱਤੇ । ਮੈਂ ਤਾਂ ਸੇਵਾ ਕਰਦਾ ਹਾਂ, ਸੇਵਾ ਵਿੱਚ ਹੀ ਲਿਖਦਾ ਹਾਂ, ਸੇਵਾ ਵਿੱਚ ਹੀ ਮੇਰੀ ਜਾਨ ਹੈ; ਪਰ ਲੋਕੀਂ ਸਾਹ ਨਹੀਂ ਲੈਣ ਦੇਂਦੇ ।

ਕਿਤਨਾ ਕੁਝ ਆਪਣੀ ਆਕੜ ਵਿੱਚ ਲਿਖ ਗਿਆ ਹਾਂ । ਫਿਰ ਸੋਚ ਆਈ ਕਿ ਇਹ ਤਾਂ ਮੈਂ ਲਿਖਿਆ ਹੀ ਨਹੀਂ ਕਿ ਮੈਂ ਕਿਤਨੀਆਂ **Degrees** (ਡਿਗਰੀਆਂ) ਦਾ ਮਾਲਕ ਹਾਂ, ਕਿਤਨਾ ਵੱਡਾ ਅਫ਼ਸਰ ਜਾਂ ਭਾਰਾ **Businessman** (ਵਿਉਪਾਰੀ) ਹਾਂ ਜਾਂ ਕਿਤਨੇ ਪੈਸੇ ਦਾ ਮਾਲਕ ਹਾਂ ਜਾਂ ਕਿਤਨਿਆਂ ਗੁਰਦੁਆਰਿਆਂ ਦਾ **President** (ਪ੍ਰਧਾਨ) ਹਾਂ ਜਾਂ ਕਿਤਨੀਆਂ **Magazines** (ਮੈਗਜ਼ੀਨ) ਦਾ **Chairman** (ਪ੍ਰਧਾਨ) ਹਾਂ । ਮੇਰੇ ਸਿਰ ਵਿੱਚ ਸਵਾਹ ਪੈ ਰਹੀ ਹੈ । ਮੇਰੇ ਕੋਲੋਂ ਬਦਬੂ ਆ ਰਹੀ ਹੈ । ਇਕ ਆਵਾਜ਼ ਅੰਦਰੋਂ ਆਈ ਹੈ, ਕਹਿੰਦੀ ਹੈ, 'ਓਏ, ਕੁੱਤੇ ਨੌਕਰੀ ਕਰਨੀ ਗੁਰੂ ਨਾਨਕ ਦੀ ਤੇ ਜਤਾਉਣਾ ਆਪਣਾ ਆਪ, ਆਪਣੀਆਂ ਡਿਗਰੀਆਂ ਤੇ ਵਡਿਆਈਆਂ, ਜਾਹ ਪਿਛਾਂਹ ਮੁੜ ਤੇ ਲੰਘ ਕੇ ਆ ਉਸ ਬਾਗ਼ ਵਿੱਚੋਂ ਜਿੱਥੇ ਨਵਾਬ ਲਿੱਦਾਂ ਹੂੰਝਦੇ ਸਨ, ਗੁਰੂ ਦੇ ਗੁਰਸਿੱਖਾਂ ਦੀ ਚਰਨਧੂੜ ਮੰਗਦੇ ਸਨ । ਭਾਈ ਮੰਝ ਕੋਲੋਂ, ਭਾਈ ਭਿਖਾਰੀ ਕੋਲੋਂ, ਭਾਈ ਮਤੀ ਦਾਸ ਤੇ ਹੋਰ ਅਣਗਿਣਤ ਸ਼ਹੀਦਾਂ ਤੋਂ ਆਪਣੀ ਆਕੜ ਦਾ ਮੁੱਲ ਪਵਾ—ਪਤਾ ਤੇਰਾ ਕੀ ਮੁੱਲ ਹੈ ?'

## ਧ੍ਰਿਗ ਜੀਵਨਤ

ਆਉ ਸੋਚੀਏ, ਕਿ ਜੇ ਗੁਰੂ ਨਾਨਕ ਸਾਹਿਬ ਕਿਤੇ ਆਪਣੀ ਬਾਣੀ ਨੂੰ **All Rights Reserved** (ਸਭ ਹੱਕ ਰਾਖਵੇਂ ਹਨ) ਕਹਿ ਜਾਂਦੇ ਜਾਂ ਜੇ ਕਦੇ ਕਿਸੇ ਸਿੱਖ ਨੂੰ ਪਿਆਰ ਕਰਦੇ ਤਾਂ ਉਹ ਆਕੜਿਆ ਰਹਿੰਦਾ ਤਾਂ ਸਾਡਾ ਕੀ ਹਾਲ ਹੁੰਦਾ । ਪਿਆਰਿਓ, ਸਾਡਾ ਕੰਮ ਹੈ ਆਪ ਨਾਮ ਜੱਪਣਾ, ਅਵਰਾਂ



ਨੂੰ ਜਪਾਉਣਾ । ਸਾਡਾ ਤਾਂ ਸੁਭਾਗ ਹੈ ਕਿ ਸਾਡੀਆਂ ਲਿਖਤਾਂ ਜਿਹੜੀਆਂ ਸਾਹਿਬਾਂ ਦੇ ਨਾਂ ਵੱਲ ਲੈ ਜਾਣ ਰੱਜ-ਰੱਜ ਕੇ ਚੋਰੀ ਹੋਣ, ਰੱਜ-ਰੱਜ ਕੇ **Reproduce** (ਮੁੜ ਪੇਸ਼ ਹੋਣ), ਸਾਨੂੰ ਕੋਈ ਨਾ ਪੁੱਛੇ, ਕਦੇ ਨਾ ਪੁੱਛੇ, ਕਦੇ ਨਾ ਜਾਣੇ, ਪਰ ਸਾਡੇ ਸਾਹਿਬ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਵਿੱਚ ਦਿੱਤੀ ਭੇਟ ਲੱਖਾਂ ਕਰੋੜਾਂ ਥਾਵਾਂ 'ਤੇ ਘੋਖੀ ਜਾਵੇ, ਸਾਡੇ ਸਿਰ ਕੱਟੇ ਜਾਣ, ਸਾਨੂੰ ਗਾਲਾਂ ਪੈਣ ਪਰ ਸਾਹਿਬਾਂ ਦਾ ਨਾਂ ਚਮਕੇ । **Truth** (ਸੱਚਾਈ) ਚਮਕੇ ਤੇ ਸਤਿਗੁਰੂ ਦੀ ਵਡਿਆਈ ਚਮਕੇ ।

ਕਿਉਂ ਲੋੜਦੇ ਹਾਂ ਗੁਰੂ ਦੀ ਵਡਿਆਈ ਸਾਡੇ **Through** (ਰਾਹੀਂ) ਹੀ ਚਮਕੇ ? ਇਸੇ **Personal** (ਨਿੱਜੀ) ਆਕੜ ਦੀ ਵਜ੍ਹਾ ਕਰਕੇ ਆਪਣੇ ਗੁਰੂ ਨੂੰ ਸ਼ਰਧਾਂਜਲੀਆਂ ਭੇਟ ਕਰਦਿਆਂ-ਕਰਦਿਆਂ ਆਪ ਹੀ ਬੇਮੁੱਖ ਹੋ ਜਾਂਦੇ ਹਾਂ ਆਪਣਾ ਆਪ ਜਤਾ ਕੇ, ਆਪਣੀ ਪੜ੍ਹਾਈ ਜਤਾ ਕੇ । ਅਸੀਂ ਹੈ ਹੀ ਕੀ ਹਾਂ ? ਖੋਖਲੇ, ਮੁਰਦੇ, ਅਤਿ ਨਾਲਾਇਕ, ਮੂਰਖ ਤੇ ਮਤਿਹੀਣ । ਜੋ ਗੁਰੂ ਨੇ ਲਿਖਾਇਆ ਲਿਖ ਦਿੱਤਾ । ਆਪਣਾ ਹੈ ਹੀ ਕੀ ਹੈ ? ਫਿਰ ਇਹ ਕਿਉਂ ਜ਼ਰੂਰੀ ਹੈ ਕਿ ਸਾਨੂੰ ਲਿਖਾਰੀ ਸਮਝਿਆ ਜਾਏ, ਸਾਨੂੰ ਸੱਚ ਦਾ ਠੇਕਾ ਮਿਲ ਜਾਏ, ਸਾਨੂੰ ਗਿਆਨੀ ਤੇ ਸੰਤ ਆਖਿਆ ਜਾਏ । ਡਰਦੇ ਕਿਉਂ ਹਾਂ "ਕੁਝ ਨਹੀਂ" ਬਣਨ ਤੋਂ ? "ਕੁਝ ਨਹੀਂ" ਰਹਿਣ ਤੋਂ ? ਕਿਉਂਕਿ ਆਕੜ ਕੁੱਟ-ਕੁੱਟ ਕੇ ਭਰੀ ਹੋਈ ਹੈ ਸਾਡੇ ਵਿੱਚ । ਵਿਖਾਵੇ ਤੇ ਪਖੰਡ ਨਹੀਂ ਤਾਂ ਮਾਣ ਨਾਲ ਪਿਆਰ ਹੈ । ਜੇ ਮਾਣ ਤੋਂ ਵੀ ਬਚ ਗਏ ਹਾਂ ਤਾਂ ਲੋਕਾਂ ਨਾਲ ਮੇਚੇ ਜਾਣ ਕਰਕੇ ਮਾਣ ਮਿਟਾਉਣ ਦਾ ਅਭਿਮਾਨ ਹੈ । ਗੁਰਸਿੱਖੋ, ਸਿੱਖ ਬਣਨਾ ਬੜਾ ਔਖਾ ਹੈ । ਸਾਹਿਬ ਦੀ ਆਪਣੀ ਕਿਰਪਾ ਬਗੈਰ ਕੋਈ ਨਹੀਂ ਬਣ ਸਕਦਾ । ਨਾਲੇ ਜਿਹੜਾ "ਸਿੱਖ" ਮੈਂ ਕਹਿੰਦਾ ਹਾਂ ਉਹ ਕੇਵਲ ਭੇਖ ਦਾ ਨਾਂ ਨਹੀਂ, ਮੇਰੀ **Conception** (ਸਮਝ) ਸਿੱਖ ਤਾਂ ਸ਼ੇਖ ਫ਼ਰੀਦ ਵਰਗਾ ਹੈ, ਕਬੀਰ ਹੈ, ਰਵਿਦਾਸ ਹੈ, ਘਨੱਈਆ ਹੈ ਜਾਂ ਮਤੀ ਦਾਸ ਹੈ ।

ਜਿਹੜੇ ਧਾਰਮਿਕ ਰਸਾਲੇ ਦੇਖਦਾ ਹਾਂ, ਮਨ ਸੋਚੀਂ ਪੈ ਜਾਂਦਾ ਹੈ ਕਿ ਕੀ ਅਸੀਂ ਪਰਮਾਰਥ ਵਿੱਚ ਵੀ ਦੁਨਿਆਵੀ ਚੀਜ਼ਾਂ ਲਿਆਏ ਬਗੈਰ ਨਹੀਂ ਰਹਿ ਸਕਦੇ । ਜੇ ਸਾਡਾ ਗੁਰੂ ਪੂਰਨ ਪਰਮੇਸ਼ਰ ਰੂਪ ਗੁਰੂ ਗ੍ਰੰਥ ਸਾਹਿਬ ਹੈ ਤਾਂ "ਸੋਗਮਈ ਸਮਾਚਾਰ" ਕਾਹਦੇ । ਮੌਤ ਤਾਂ ਸਾਹਿਬ ਦੀ ਰਹਿਮਤ ਹੈ । ਨਾਲੇ ਰਜ਼ਾ ਹੈ । ਗੁਰਸਿੱਖੀ ਪਰਮਾਰਥ ਢੰਗ ਕਿਤਨਾ ਵੱਖਰਾ ਹੈ ਮੇਰੀਆਂ ਰੋਜ਼ਾਨਾ ਗੱਲਾਂ ਤੋਂ ।

ਅਸੀਂ ਚਾਹੁੰਦੇ ਹਾਂ ਦੁਨੀਆਂ ਵਿੱਚ ਵੀ ਪੂਰੇ ਉੱਤਰੀਏ ਤੇ ਪਰਮਾਰਥ ਵਿੱਚ ਵੀ ਉੱਘੇ ਹੋਈਏ । ਇਹ ਕਦੇ ਨਹੀਂ ਹੋ ਸਕਦਾ । ਜੇ ਅਸੀਂ ਚਾਹੁੰਦੇ ਹਾਂ ਕਿ ਗੁਰੂ ਦੀ ਬਾਣੀ ਅਨੁਸਾਰ ਅੰਦਰੋਂ ਬਾਹਰੋਂ ਇਕ ਹੋਣਾ ਜ਼ਰੂਰੀ ਹੈ ਜਾਂ ਕਿਉਂ ਝੂਠੇ ਅਡੰਬਰ ਰਚਦੇ ਹਾਂ ਆਪਣੀ ਆਕੜ ਵਧਾਉਣ ਵਾਸਤੇ ? ਸਗੋਂ ਗੁਰੂ ਸਾਹਿਬ ਨੂੰ ਮਾਇਆ ਦਾ ਪਸਾਰਾ ਬਣਾ ਕੇ ਆਪਣੀ ਆਕੜ ਲਈ ਵਰਤਦੇ ਹਾਂ । ਜੇ **President** (ਪ੍ਰਧਾਨ) ਬਣ ਜਾਈਏ ਗੁਰਦੁਆਰੇ ਦੇ ਤਾਂ ਪੱਥਰਾਂ 'ਤੇ ਲਿਖਵਾ ਦਿੰਦੇ ਹਾਂ ਕਿ ਮਿਲਣੀ ਵੇਲੇ ਅਸਾਂ ੫੦੦ ਰੁਪਿਆ ਭੇਟਾ ਕੀਤਾ, ਵਿਆਹ ਵੇਲੇ ੧੦੦੦ ਰੁਪਿਆ ਤੇ ਮੁੰਡੇ ਦੇ ਕੇਸ ਗੁੰਦਣ ਵੇਲੇ ਇਕ ਕਮਰਾ ਬਣਵਾਇਆ, ਜੇ ਠੇਕੇਦਾਰ ਹਾਂ ਤਾਂ ਗੁਰੂ ਸਾਹਿਬ ਦੇ ਸੋਹਣੇ ਪੋਸ਼ਾਕੇ ਬਣਾ ਕੇ ਆਕੜ ਵਿੱਚ ਸ਼ਰਾਬਾਂ ਦਾ ਦੌਰ ਵੀ ਚਲਾਉਂਦੇ ਹਾਂ । ਅਫ਼ਸੋਸ ਇਹ ਹੈ ਕਿ ਵੱਡੇ-ਵੱਡੇ ਆਗੂ ਜਿਨ੍ਹਾਂ ਦੇ **Public** (ਲੋਕਾਚਾਰੀ) ਖ਼ਿਆਲ ਹੋਰ ਹਨ, ਸਟੇਜਾਂ ਤੋਂ ਗੁਰਸਿੱਖੀ ਪ੍ਰਚਾਰਦੇ ਹਨ ਉਹ ਵੀ ਆਕੜ ਦੇ ਢੇਰ ਵਿੱਚ ਹਿੱਸਾ ਲੈ ਕੇ ਢੇਰੀ ਹੋ ਜਾਂਦੇ ਹਨ ।

ਹਰ ਮੈਗਜ਼ੀਨ, ਹਰ ਲੇਖ ਵਿੱਚ ਕਿਉਂ ਲੋੜ ਪੈਂਦੀ ਹੈ ਲਿਖਣ ਦੀ ਕਿ ਹਿੰਦੂ ਕੌਮ ਗ਼ੁਲਾਮ ਹੈ, ਜਾਹਿਲ ਹੈ, ਅਸੀਂ ਇਹ ਹਾਂ, ਇਹ ਨਹੀਂ । ਪਿਆਰਿਓ, ਮੈਂ ਤਾਂ ਨਿੱਕਾ ਜਿਹਾ ਕੁੱਤਾ ਹਾਂ, ਮੂਰਖ ਨੀਚ ਹਾਂ, ਪਰ ਗੁਰੂ ਕਹਿੰਦਾ ਹੈ ।

੧. ਕਿਸੇ ਨੂੰ ਮੰਦਾ ਨਾ ਕਹੋ ।

੨. ਸਭ ਦੀ ਚਰਨਧੂੜ ਬਣੋ ।

੩. ਸਭ ਨੂੰ ਆਪਣੇ ਤੋਂ ਉੱਪਰ ਜਾਣੋ ।

੪. ਸਭ ਨਾਲ ਪਿਆਰ ਕਰੋ ।

੫. ਵਾਹਿਗੁਰੂ ਸਭ ਦਾ ਸਾਂਝਾ ਹੈ ।

ਆਪ ਨੂੰ ਹਿੰਦੂਆਂ ਦਾ ਅੱਖੀਂ ਦੇਖਿਆ ਹਾਲ ਲਿਖਦਾ ਹਾਂ । ਬਤੌਰ ਸਿੱਖ ਮੈਂ ਸ਼ਰਮ ਨਾਲ ਡੁੱਬ ਕੇ ਮਰ ਜਾਣਾ ਚਾਹੁੰਦਾ ਹਾਂ ਜੇ ਮੈਨੂੰ ਆਪਣੇ ਗੁਰੂ ਦੀ ਵਡਿਆਈ ਕਰਨ ਲਈ ਸਾਰੀ ਦੁਨੀਆਂ 'ਚੋਂ ਇਕ ਬੰਦੇ ਨੂੰ ਵੀ ਮਾੜਾ ਕਹਿਣਾ ਪਵੇ ।

**ਨਾ ਕੋ ਬੈਰੀ ਨਹੀ ਬਿਗਾਨਾ**
**ਸਗਲ ਸੰਗਿ ਹਮ ਕਉ ਬਨਿ ਆਈ ॥** (ਅੰਗ ੧੨੯੯)



ਇਕ ਮੇਰਾ ਵੀਰ ਵਲਾਇਤ ਰਹਿੰਦਾ ਹੈ । ਉਨ੍ਹਾਂ ਨੇ ਚਿੱਠੀ ਲਿਖੀ ਹੈ ਕਿ ਰੱਖੜੀ ਵਾਲੇ ਦਿਨ ਉਹ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਹਜ਼ੂਰ ਬੈਠ ਕੇ ਜਦੋਂ ਆਪਣੇ ਗੁਰੂ ਚਰਨਾਂ ਨਾਲ ਪਿਆਰ ਕਰਨ ਵਾਲੀਆਂ ਭੈਣਾਂ ਦੀਆਂ ਰੱਖੜੀਆਂ ਬੰਨ੍ਹਣ ਲੱਗੇ ਤਾਂ ਉਨ੍ਹਾਂ ਨੂੰ ਵਿਚਾਰ ਆਇਆ ਕਿ 'ਸਾਹਿਬਾ ਤੂੰ ਮੇਰਾ ਗੁਰੂ ਹੈਂ" ਨਾ ਹਿੰਦੂ, ਨਾ ਮੁਸਲਮਾਨ, ਨਾ ਸਿੱਖ, ਇਸੇ ਤਰ੍ਹਾਂ ਮੇਰੀਆਂ ਤਿੰਨ ਭੈਣਾਂ ਦੀਆਂ ਰੱਖੜੀਆਂ ਤੇਰੀ ਮਿਹਰ ਨਾਲ ਮੇਰੀ ਬਾਂਹ 'ਤੇ । ਇਕ ਭੈਣ ਸਿੱਖ ਸਰਕਾਰੀ ਨੌਕਰ, ਇਕ ਭੈਣ ਹਿੰਦੂ ਤੇ ਇਕ ਮੁਸਲਮਾਨ **Invalid Home** (ਅਪਾਹਿਜ ਘਰ ਵਿੱਚ), **BACK BONE** (ਰੀੜ੍ਹ ਦੀ ਹੱਡੀ) ਟੁੱਟ ਜਾਣ ਕਰਕੇ ਮੰਜੇ 'ਤੇ ਰਹਿੰਦੀਆਂ ਹਨ । ਤਿੰਨਾਂ ਦਾ **Message** (ਸੁਨੇਹਾ) ।—

**ਸਿੱਖ ਦਾ** : (ਰੱਖੜੀ ਤੇ ਕੱਢਿਆ ਹੋਇਆ)—

**ਸੋ ਸਾਜਨ ਸੋ ਮੀਤ ਪਿਆਰੇ**
**ਜੋ ਹਮ ਕੋ ਹਰਿ ਨਾਮ ਚਿਤਾਰੇ**

**ਹਿੰਦੂ ਦਾ :** (ਹਿੰਦੀ ਵਿੱਚ) "ਮੈਂ ਤੋ ਵੀਰ ਜੀ ਪਾਪਨ ਹੂੰ, ਕੁਝ ਨਹੀਂ ਜਾਨਤੀ, ਮਗਰ ਇਤਨਾ ਜਾਨਤੀ ਹੂੰ ਕਿ ਮਾਲਕ ਕੇ ਨਾਮ ਕੇ ਬਰਾਬਰ ਦੁਨੀਆਂ ਦੀ ਕੋਈ ਚੀਜ਼ ਨਹੀਂ ਹੈ । ਸੱਚੇ ਪਿਤਾ ਸੇ ਪ੍ਰਾਰਥਨਾ ਕਰਤੀ ਹੂੰ ਕਿ ਵੀਰ ਜੀ ਕੋ ਅਪਨੇ ਨਾਮ ਕੀ ਬਖ਼ਸ਼ਿਸ਼ ਕਰੇ ।"

**ਮੁਸਲਮਾਨ ਦਾ:** "ਵੀਰ ਜੀ ਆਪ **ਮੂਰਖ** ਹੈਂ । ਅਬ ਤੋਂ ਖ਼ੁਸ਼ ਹੋ ਕਿਉਂਕਿ ਆਪ ਅੱਲ੍ਹਾ ਕੋ ਪਿਆਰ ਕਰਨੇ ਕੇ ਲੀਏ ਅਪਨੇ ਆਪ ਕੋ ਮੂਰਖ ਕਹਿਲਵਾਨਾ ਚਾਹਤੇ ਹੈਂ ।"

ਉਨ੍ਹਾਂ ਲਿਖਿਆ ਕਿ ਸਾਹਿਬਾਂ ਨੂੰ ਮੈਂ ਕਿਹਾ, ਮੈਨੂੰ ਤਾਂ ਇਨ੍ਹਾਂ ਭੈਣਾਂ ਵਿੱਚੋਂ ਦੀ ਤੂੰ ਆਪ ਕਬੀਰ, ਰਵਿਦਾਸ ਤੇ ਗੁਰੂ ਨਾਨਕ ਜੀ ਦੀ ਸ਼ਕਲ ਵਿੱਚ ਦਿੱਸਦਾ ਹੈਂ । ਕਮਾਲ ਹੈ । ਨਾਲ ਉਹ ਕਹਿੰਦੇ ਹਨ ਕਿ ਰੱਖੜੀ ਤਾਂ ਐਵੇਂ ਬਹਾਨਾ ਹੈ ਗੁਰੂ ਪਿਆਰਿਆਂ ਨਾਲ ਸਤਿਸੰਗ ਕਰਨ ਦਾ । ਸਗੋਂ ਹੁਣ ਇਸ ਰੀਤ ਨੂੰ ਵੀ ਉਹ ਕੇਵਲ ਗੁਰੂ ਪਿਆਰ ਵਿੱਚ ਭਾਈਚਾਰੇ ਦੇ ਦੇਣ ਲੈਣ ਤੋਂ ਬਗੈਰ ਨਿਭਾਉਣਾ ਚਾਹੁੰਦੇ ਹਨ ।

ਕਦੇ ਕਦੇ ਤਾਂ ਹੋਰ ਕਾਹਲਾ ਪੈਂਦਾ ਹਾਂ ਜਦੋਂ ਕੋਈ ਵਾਹਿਗੁਰੂ ਦੇ ਇਲਾਵਾ ਰੱਬ ਦੇ ਸਾਰੇ ਨਾਂ ਈ "ਐਵੇਂ" ਕਹਿ ਦਿੰਦੇ ਹਨ । ਨਾਲੇ ਕਦੇ-ਕਦੇ

ਤਾਂ ਕਬੀਰ ਤੇ ਨਾਮਦੇਵ ਨੂੰ **Unimportant** (ਮਾਮੂਲੀ) ਦੱਸ ਕੇ ਗੁਰੂ ਨਾਨਕ ਨੂੰ ਖ਼ਾਸ ਕਹਿੰਦੇ ਹਨ । ਸਾਹਿਬ ਵੀ ਹੱਸਦੇ ਹੋਣਗੇ; ਪਰ ਮੈਂ ਵੀ ਤਾਂ ਉਨ੍ਹਾਂ ਸਾਰੇ ਲੋਕਾਂ ਦੇ ਚਰਨਾਂ ਵਿੱਚ ਆਪਣਾ ਸੀਸ ਰੱਖ ਕੇ ਤੇ ਕੋਠੇ 'ਤੇ ਚੜ੍ਹ ਕੇ ਉੱਚੀ-ਉੱਚੀ ਰੌਲਾ ਪਾ ਕੇ ਕਹਿੰਦਾ ਹਾਂ ਕਿ ਗੁਰੂ ਗ੍ਰੰਥ ਸਾਹਿਬ ਮੇਰਾ ਗੁਰੂ ਹੈ ਤੇ ਇਸ ਦੀ ਹਰ ਇਕ ਤੁਕ ਭਾਵੇਂ ਕਬੀਰ ਸਾਹਿਬ ਦੀ, ਭਾਵੇਂ ਗੁਰੂ ਨਾਨਕ ਜੀ ਦੀ, ਭਾਵੇਂ ਰਵਿਦਾਸ ਦੀ ਤੇ ਭਾਵੇਂ ਧੰਨੇ ਦੀ, ਮੇਰੇ ਲਈ ਪੂਰਨ ਗੁਰੂ ਦੀ ਆਵਾਜ਼ ਹੈ, ਗੁਰੂ ਦਾ ਹੁਕਮ ਪੱਥਰ 'ਤੇ ਲਕੀਰ ਹੈ । ਕੋਈ ਠੁੱਡੇ ਮਾਰੇ, ਗਾਲ੍ਹਾਂ ਕੱਢੇ ਜਾਂ ਗੋਲੀ ਮਾਰੇ, ਵਾਹਿਗੁਰੂ ਕਿਰਪਾ ਕਰੀਂ ਇਹ ਖ਼ਿਆਲ ਕਦੇ ਨਾ ਬਦਲੇ ।

ਆਓ ! ਝੱਖਾਂ ਮਾਰਨੀਆਂ ਛੱਡ ਦੇਈਏ ! ਸਿੰਘ ਸਭਾ ਕਮੇਟੀਆਂ, ਸ਼ਤਾਬਦੀਆਂ ਕਾਨਫ਼ਰੰਸਾਂ, **Publicity Journals** (ਪ੍ਰਚਾਰ ਦੇ ਮੈਗਜ਼ੀਨ) ਸਭ ਬੇ-ਮਹਿਨੇ ਹਨ ਜੇ ਅਸਾਂ ਆਪਣੇ ਗੁਰੂ ਦੇ ਹੁਕਮਾਂ ਨੂੰ ਮਨ ਦੇ ਅੰਦਰ ਵਸਾ ਕੇ ਆਪਣਾ ਆਪ ਨਹੀਂ ਤਿਆਗਿਆ, ਜੋ ਕਹਿੰਦੇ ਹਾਂ ਕਰਦੇ ਨਹੀਂ ਤਾਂ ਸਿੱਖ ਕਾਹਦੇ ਹੋਏ । ਹਰ ਵੇਲੇ ਗਿਣਤੀ ਦਾ ਸਿਆਪਾ ਪਿਆ ਰਹਿੰਦਾ ਹੈ । ਕਾਹਲੇ ਕਿਉਂ ਨਹੀਂ ਪੈਂਦੇ ਜਦੋਂ :-

੧. ਸਿੱਖ ਗੁੱਸਾ ਜ਼ਿਆਦਾ ਕਰਦੇ ਹਨ ।

੨. ਸਿੱਖ ਕੁੜੀਆਂ ਨੂੰ ਛੇੜਦੇ ਹਨ ।

੩. ਸਿੱਖ ਟੈਕਸੀਆਂ ਵਿੱਚ ਲੋਕਾਂ ਨੂੰ ਤੰਗ ਕਰਦੇ ਹਨ ।

੪. ਸਿੱਖ ਦਾਜ ਵਿੱਚ ਮੋਟਰਾਂ, ਸਕੂਟਰ ਮੰਗਦੇ ਹਨ ਤੇ ਨੂੰਹਾਂ ਨੂੰ ਤੰਗ ਕਰਦੇ ਹਨ ।

੫. ਸਿੱਖ ਗ਼ਰੀਬਾਂ ਨੂੰ ਤੰਗ ਕਰਦੇ ਹਨ ਤੇ ਨਾਮ ਨਹੀਂ ਜੱਪਦੇ ।

ਕਿਉਂਕਿ ਅਸੀਂ ਖੋਖਲੇ ਹਾਂ, ਝੂਠੇ ਹਾਂ ਫ਼ਰੇਬੀ ਹਾਂ, ਗੱਲਾਂ ਕਰਨ ਵਾਲੇ ਹਾਂ, ਕੇਵਲ ਭੇਖ ਵਿੱਚ **Believe** (ਭਰੋਸਾ ਰੱਖਦੇ ਹਾਂ) ਕਰਦੇ ਹਾਂ । ਸਮਝਦੇ ਹਾਂ ਬਸ, ਪਗੜੀ ਦਾੜ੍ਹੀ ਰੱਖੀ ਰਹੇ ਤਾਂ ਸਿੱਖੀ ਕਾਇਮ ਹੈ ।

ਆਓ, ਸਿੱਖੀ ਦੀ ਸੇਵਾ ਕਰਨ ਦਾ ਤਰੀਕਾ ਇਤਿਹਾਸ ਵਿੱਚੋਂ ਲੱਭੀਏ ਤੇ ਗੁਰੂ ਸਾਹਿਬਾਂ ਤੇ ਭਗਤਾਂ ਦੇ ਜੀਵਨ ਵਿੱਚੋਂ ਲੋੜੀਏ ।

੫੦੦ ਕਿਤਾਬਾਂ ਜਾਂ **Magazines** ਦੀ ਥਾਂ ਇਕ ਸਿੱਖ ਦਾ ਪੂਰਨ ਸਿੱਖ ਜੀਵਨ, ਲੋਕਾਂ ਦਾ ਜੀਵਨ ਬਦਲ ਸਕਦਾ ਹੈ । ਪਿੱਛੇ ਜਿਹੇ ਸੁਣਿਆ ਸੀ ਕਿ ਪੰਜਾਬੀ ਹਿੰਦੂ ਸੱਜਣ ਨੇ ਕੁਝ ਮਹੀਨੇ ਇਕ ਮਾਮੂਲੀ ਸਿੱਖ ਦਾ ਸੰਗ ਅਮਰੀਕਾ ਵਿੱਚ ਕੀਤਾ ਤਾਂ ਕਹਿਣ ਲੱਗਾ ਇਹ ਤੇਰਾ **Personal**



**Religion** ਹੈ ਕਿ ਇਹ ਸਿੱਖੀ ਹੈ । ਸਿੱਖ ਨੇ ਅੱਥਰੂਆਂ ਭਰੀਆਂ ਅੱਖਾਂ ਨਾਲ ਕਿਹਾ ਪਿਆਰਿਆ ਮੇਰਾ ਤਾਂ ਇਕ ਲਫ਼ਜ਼ ਵੀ ਨਹੀਂ, ਇਹ ਸਾਰਾ ਕੁਝ ਗੁਰੂ ਗ੍ਰੰਥ ਸਾਹਿਬ ਦੀ ਮਤਿ ਹੈ ।

ਧਾਰਮਿਕ ਵਿਚਾਰਾਂ ਜੋ ਵੀ ਲਿਖੀਆਂ ਜਾਣ ਉਹ **Totally** (ਸਭ ਦੀਆਂ ਸਭ) ਸਾਰੀ ਇਨਸਾਨੀਅਤ ਦੀ ਜਾਇਦਾਦ ਬਣਾ ਦਿੱਤੀ ਜਾਏ । ਸੱਚਾਈ ਦਾ ਮੁੱਲ ਕੋਈ ਨਹੀਂ । ਜਿਹੜਾ ਇਸ ਨੂੰ **Exclusively** (ਅਨਿੰਨ) ਅਪਣਾਉਂਦਾ ਹੈ ਉਹ ਆਕੜ ਦੀ ਕੋਠੜੀ ਵਿੱਚ ਕੈਦ ਹੋ ਜਾਂਦਾ ਹੈ ਤੇ ਦੂਜਿਆਂ ਨੂੰ ਕੈਦ ਦੇ ਅੰਧੇਰੇ ਵਿੱਚ ਧਕੇਲਦਾ ਹੈ ।

**ਸਾਰੇ ਧਰਮ** ਉਹੋ ਕੁਝ ਕਹਿੰਦੇ ਹਨ ਜੋ **Sikhism** ਕਹਿੰਦਾ ਹੈ । ਸਾਡੀਆਂ ਮੌਜਾਂ ਹਨ ਕਿ ਸਾਡਾ ਧਰਮ ਤੇ ਸਾਡਾ ਇਸ਼ਟ ਮੁਸਲਮਾਨ ਨੂੰ ਚੰਗਾ ਮੁਸਲਮਾਨ ਬਣਨਾ, ਹਿੰਦੂ ਨੂੰ ਚੰਗਾ ਹਿੰਦੂ ਬਣਨਾ ਸਿਖਾਉਂਦਾ ਹੈ । ਅਸਲ ਵਿੱਚ ਸਾਡੀ ਸਿੱਖਿਆ ਹੈ ਕਿ—

ਮੰਦਰ ਜਾਉ, ਮਸੀਤੇ ਜਾਉ, ਗੁਰਦੁਆਰੇ ਜਾਉ, ਗਿਰਜੇ ਜਾਉ, ਮਨ ਨਾਲ ਹਉਮੈਂ ਮਾਰ ਕੇ ਵਾਹਿਗੁਰੂ ਨੂੰ ਯਾਦ ਕਰੋ ਤੇ ਬੰਦਿਆਂ ਦੀ ਸੇਵਾ ਕਰੋ । ਸੇਵਾ ਸਿੱਖਾਂ ਦੀ ਜੱਦੀ ਜਾਇਦਾਦ ਹੈ ।

ਇਸ ਲਈ ਆਓ ਪਖੰਡ ਛੱਡੀਏ, ਲੋਕਾਂ ਦੀ ਨੁਕਤਾਚੀਨੀ ਛੱਡੀਏ, ਦੂਜਿਆਂ ਨੂੰ ਸਿਖਾਉਣਾ ਛੱਡੀਏ, ਅਸੀਂ ਇਸ ਆਕੜ 'ਚੋਂ ਨਿਕਲੀਏ ਕਿ ਸਾਡੇ ਗੁਰੂ ਮਹਾਨ ਸਨ । ਇਸ ਲਈ, ਅਸੀਂ ਦੂਜੇ ਮਹਾਂਪੁਰਖਾਂ ਨੂੰ ਬੁਰਾ ਭਲਾ ਕਹਿ ਸਕਦੇ ਹਾਂ ? ਸਭ ਦੀ ਚਰਨਧੂੜ ਬਣ ਕੇ ਦੱਸੀਏ ਕਿ "ਸਿੱਖ" ਕੀ ਹੁੰਦਾ ਹੈ । ਗੁਰਸਿੱਕੀ ਬਰੀਕ ਹੈ । ਆਉ ! ਗੁਰੂ ਗੋਬਿੰਦ ਸਿੰਘ ਦੇ ਚਰਨਾਂ ਵਿੱਚ ਅਰਦਾਸ ਕਰੀਏ, ਪਾਤਿਸ਼ਾਹ ਛੱਜੂ ਝੀਵਰ ਸਾਂ, ਤੂੰ ਸ੍ਰੀ ਹਰਿ ਕ੍ਰਿਸ਼ਨ ਨੇ ਛੜੀ ਰੱਖੀ ਤੇ ਕੁਝ ਸਿਖਾ ਲਿਆ, ਹੁਣ ਅਜੀਤ ਜੁਝਾਰ ਬਣਨ ਦੀ ਤਾਂਘ ਹੈ ਤਾਂ ਆਪ ਤਿਆਰ ਕਰਕੇ ਮੈਦਾਨੇ ਜੰਗ ਵਿੱਚ ਭੇਜੋ, ਜਿੱਥੇ ਨਿੰਦਾ, ਨਫ਼ਰਤ, ਹਉਮੈਂ ਤੋਂ ਰਹਿਤ ਸੱਚਾਈ ਦੇ **Defence** (ਸੁਰੱਖਿਅਤ) ਵਿੱਚ ਦੁਸ਼ਮਣ ਨਾਲ ਵੀ ਪਿਆਰ ਕਰਦੇ ਹੋਏ, ਜ਼ੁਲਮ ਨੂੰ ਕੱਟਦਿਆਂ ਵੀ ਤੇਰੇ ਨਾਂ ਤੋਂ ਇਕ ਪਲ ਨਾ ਵਿੱਛੜੀਏ । ਗੁਰਸਿੱਖੀ ਬਾਰੀਕ ਹੈ ਪਰ ਤੂੰ ਆਪ ਚਲਾ ਸਕਦਾ ਹੈਂ । ਸਾਡੀ ਜੋਦੜੀ ਹੈ ਕਬੂਲ ਕਰ । ਕਰੇਂਗਾ ਨਾ ?

**PS**—ਜੋ ਲਿਖਿਆ ਹੈ, ਮੈਂ ਨਹੀਂ ਲਿਖਿਆ, ਮੈਂ ਕੌਣ ਹਾਂ ? ਇਤਨਾ ਗੁਰੂ ਦੇ ਦੱਸੇ 'ਤੇ ਕਹਿੰਦਾ ਹਾਂ ਕਿ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤਾਂ ਵੱਡੇ ਚੋਰ ਮੰਨੇ ਗਏ ਹਨ; ਪਰ ਗੁਰੂ ਗ੍ਰੰਥ ਸਾਹਿਬ ਮਹਾਰਾਜ ਅਪਾਰ ਕਿਰਪਾ ਕਰਕੇ

ਇਕ ਵੱਡਾ ਡਾਕੂ ਦੱਸਦੇ ਹਨ । ਉਹ ਹੈ ਲੋਕ-ਪਚਾਰਾ ਜਿਹੜਾ ਹਉਮੈਂ ਤੋਂ ਵੀ ਵੱਡਾ ਖ਼ੂੰਖ਼ਾਰ ਹੈ, ਕਦੇ ਮਨ ਨੀਵਾਂ ਹੋਣ ਨੂੰ ਮੰਨ ਵੀ ਜਾਏ ਤਾਂ "ਲੋਕੀਂ ਕੀ ਕਹਿਣਗੇ" ਦਾ ਸਿਆਪਾ ਨਹੀਂ ਮੁੱਕਦਾ ਹੈ । ਅਸਲ ਵਿੱਚ ਇਹ ਵੀ ਆਕੜ ਹੈ, ਕਿਉਂਕਿ ਸਾਹਿਬਾਂ ਨੇ ਸਾਨੂੰ ਨਿਆਰਾ ਬਣਾਇਆ । ਗੁਰੂ ਦੇ ਹੁਕਮਾਂ 'ਤੇ ਚੱਲਣ ਲਈ ਅਸੀਂ ਨਿਆਰੇ ਬਣੇ ਕੇਵਲ ਇਹ ਢੰਡੋਰਾ ਦੇਣ ਲਈ ਕਿ ਸਿੱਖਾਂ ਵਰਗਾ ਹੋਰ ਕੋਈ ਨਹੀਂ । ਕਰਤੂਤਾਂ ਗੱਲਾਂ ਤੋਂ ਜ਼ਿਆਦਾ ਉੱਚੀਆਂ ਬੋਲੀਆਂ ਤੇ ਝੂਠੇ ਸਾਬਤ ਹੋਣ ਕਰਕੇ ਤੇ **Hypocrisy** (ਪਖੰਡ) ਦੇ ਪੈਰੋਕਾਰ ਹੋਣ ਕਰਕੇ ਸਾਡੇ ਬੱਚੇ ਬੱਚੀਆਂ ਵੀ ਸਾਡਾ ਮੂੰਹ ਕਾਲਾ ਕਰ ਰਹੇ ਹਨ; ਪਰ ਅਸੀਂ ਸਮਝਦੇ ਨਹੀਂ । ਅਸੀਂ ਅਮਲਾਂ ਤੋਂ ਦੂਰ ਗੱਲਾਂ ਨਾਲ "ਗੁਰਸਿੱਖ" ਬਣੀ ਬੈਠੇ ਹਾਂ ।

### ਪਵਿੱਤਰ ਮਹਾਂਵਾਕਾਂ ਅਨੁਸਾਰ ਗੁਰਸਿੱਖੀ

**ਕੇਵਲ ਪਗੜੀ ਦਾੜ੍ਹੀ ਗੁਰਸਿੱਖੀ** ਨਹੀਂ ਭਾਵੇਂ ਗੁਰਸਿੱਖੀ ਨਿਸ਼ਾਨਾ ਜੇ ਗੁਰੂ ਹੁਕਮ ਮੰਨਣ ਦੇ ਪ੍ਰਤੀਕ ਹੋਣ ਤਾਂ ਸਦਕੇ ਜਾਈਏ—ਕਿਉਂਕਿ ਫੇਰ ਅੰਦਰੋਂ ਬਾਹਰੋਂ ਇਕੋ ਜਿਹੇ ਹਾਂ ।

**੧. ਜੇ ਲੋੜਹਿ ਚੰਗਾ ਆਪਨਾ ਕਰਿ ਪੁੰਨਹੁ ਨੀਚੁ ਸਦਾਈਐ ॥**
**(ਅੰਗ ੪੬੫)**

(ਅਸੀਂ ਤਾਂ ਪਾਪ ਕਰਕੇ ਵੀ ਉੱਚੇ ਸਦਾਉਣਾ ਇਸ ਲਈ ਚਾਹੁੰਦੇ ਹਾਂ ਕਿਉਂਕਿ ਗੁਰਮੁੱਖ ਅਖਵਾ ਕੇ ਸਟੇਜਾਂ ਤੋਂ ਲੈਕਚਰ ਕਰਦੇ ਹਾਂ ।)

**੨. ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ ॥**
**ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ ॥** (ਅੰ: ੪੬੬)

(ਗੁਰੂ ਨਾਨਕ ਜੀ ਨੇ ਤਾਂ ਇਹ ਹਾਲ ਉਸ ਵੇਲੇ ਦੇ ਲੋਕਾਂ ਦਾ ਦੱਸਿਆ ਸੀ ਪਰ ਸਾਡਾ ਹਾਲ ਵੀ ਹੁਣ ਇਹੋ ਜਿਹਾ ਹੀ ਹੈ ।

**੩. ਸਤਿਗੁਰ ਜੇਵਡੁ ਦਾਤਾ ਕੋ ਨਹੀ**
**ਸਭਿ ਸੁਣਿਅਹੁ ਲੋਕ ਸਬਾਇਆ ॥ (ਅੰਗ ੪੬੫)**

(ਨਾਮਧਰੀਕ ਸਿੱਖਾਂ ਵਾਂਙ ਕਹਿੰਦੇ ਗੁਰਸਿੱਖ ਹਾਂ ਆਪਣੇ ਆਪ ਨੂੰ, ਪਰ ਗੁਰੂ ਇਕ ਪੰਡਤ ਜਾਂ ਭਾਈ ਸਮਝ ਕੇ ਉਸ ਕੋਲੋਂ ਕੰਮ ਲੈਂਦੇ ਹਾਂ ਕੇਵਲ ਵਿਆਹ, ਸ਼ਗਨਾਂ ਤੇ ਮਰਨ 'ਤੇ ਰਸਮਾਚਾਰੀ ਦਾ । ਆਖੇ ਲੱਗਦੇ ਹਾਂ ਲੋਕਾਚਾਰੀ ਦੇ, ਪਖੰਡ ਕਰਦੇ ਹਾਂ ਗੁਰਸਿੱਖੀ ਦਾ, ਵਡਿਆਈ ਚਾਹੁੰਦੇ ਹਾਂ ਆਪਣੀ, ਧੋਖਾ ਦੇਂਦੇ ਹਾਂ ਲੋਕਾਂ ਨੂੰ । ਗੁਰਮਤਿ ਨੂੰ ਹਮੇਸ਼ਾਂ ਦੁਨੀਆਂ ਦੀ ਮਤਿ ਤੋਂ ਨੀਵਾਂ ਸਮਝਦੇ ਹਾਂ ਕਿਉਂਕਿ ਲੋਕ ਪਚਾਰੇ ਵਿੱਚ ਮਾਣ ਚਾਹੁੰਦੇ ਹਾਂ ।



## ਗੁਰਸਿੱਖੀ ਬਾਰੀਕ ਹੈ—II

ਮੈਂ ਹੁਣ ਜਾਣ ਗਿਆ ਹਾਂ, ਕਿ ਆਪਣੀ ਕੌਮ ਦੀ ਗਿਰਾਵਟ ਦਾ ਮੈਂ ਆਪੇ ਜ਼ਿੰਮੇਵਾਰ ਹਾਂ, ਕਿਉਂਕਿ ਮੇਰੇ ਲੇਖ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਬਖ਼ਸ਼ੀ ਹੋਈ ਸਿੱਖੀ ਤੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਅਗਵਾਈ ਨੂੰ **Represent** (ਪੇਸ਼) ਤਾਂ ਕਰਦੇ ਹਨ ਪਰ ਮੈਂ ਆਪ ਉਹ ਸਿੱਖ ਨਹੀਂ । ਅਸਾਂ "ਸਿੱਖੀ" ਨੂੰ ਇਕ ਖੇਡ ਜਾਣ ਲਿਆ ਹੈ । ਰੋ ਰੋ ਕੇ ਬੇਹਾਲ ਹੋ ਜਾਂਦਾ ਹਾਂ ਜਦੋਂ ਖ਼ਿਆਲ ਆਉਂਦਾ ਹੈ ਕਿ **ਸਿੱਖੀ ਜੁੱਗੋ-ਜੁੱਗ ਅਟੱਲ ਹੈ** ਤੇ ਵਾਹਿਗੁਰੂ ਦੀ ਇਨਸਾਨ 'ਤੇ ਅਦੁੱਤੀ ਰਹਿਮਤ ਹੈ । **ਪਰ ਮੈਂ ਸਿੱਖੀ ਦਾ ਭੈੜਾ** ਨਮੂਨਾ ਦੇ ਕੇ ਲੋਕਾਂ ਦੀਆਂ ਨਜ਼ਰਾਂ ਵਿੱਚ ਸਿੱਖੀ ਨੂੰ ਘ੍ਰਿਣਾ ਯੋਗ ਬਣਾ ਦਿੱਤਾ ਹੈ । ਆਪ ਹੈਰਾਨ ਹੋਵੋਗੇ ਕਿ ਕਰੋੜਾਂ ਲੋਕ ਗ਼ੈਰ-ਸਿੱਖ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਸਾਹਿਬ ਤੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਕਮਾਲ ਵੇਖ ਕੇ, ਘੋਖ ਕੇ, ਪਰਖ ਕੇ, **Study** ਕਰਕੇ, 'ਵਾਹ-ਵਾਹ' ਕਰਨੋਂ ਰੁਕਦੇ ਨਹੀਂ; ਪਰ ਮੈਂ 'ਗੁਰਸਿੱਖ' ਅਖਵਾਉਣ ਵਾਲਾ ਆਪਣੇ ਗੁਰੂ ਸਾਹਿਬਾਨਾਂ ਦੀ ਫੋਕੀ ਸਿਫ਼ਤ ਸਲਾਹ ਵਿੱਚ ਉਹ ਝੂਠ ਤੇ ਕੁਫ਼ਰ ਬੋਲ ਜਾਂਦਾ ਕਿ ਆਪਣੇ ਗੁਰੂ ਸਾਹਿਬਾਨ ਦੀ ਕਦਰ ਘਟਾਉਣ ਵਿੱਚ ਭਾਰੀ ਜ਼ਿੰਮੇਵਾਰ ਹਾਂ, ਕਿਉਂਕਿ ਮੈਨੂੰ ਕੁਝ ਬਾਣੀ ਪੜ੍ਹਨੀ ਆ ਗਈ ਹੈ, ਕਿਉਂਕਿ ਹੁਣ ਅੰਮ੍ਰਿਤ ਵੇਲੇ ਉੱਠ ਪੈਂਦਾ ਹਾਂ, ਕਿਉਂਕਿ ਮੇਰੇ ਕੱਕਾਰ ਪੂਰੇ ਹਨ, ਕਿਉਂਕਿ ਮੈਨੂੰ ਕਥਾ ਕਰਨੀ ਆਉਂਦੀ ਹੈ, ਕਿਉਂਕਿ ਮੈਨੂੰ ਸੰਗਤਾਂ ਦਾ ਮਾਣ ਪ੍ਰਾਪਤ ਹੈ, ਕਿਉਂਕਿ ਮੈਂ ਦੁਨੀਆਂ ਦੀ ਪ੍ਰਭੁਤਾ ਵਿੱਚ ਮਸਤ ਹੋਣ ਨੂੰ ਵੀ ਗੁਰਸਿੱਖੀ ਸੇਵਾ ਬਣਾ ਬੈਠਾ ਹਾਂ । ਮੈਂ ਫ਼ੈਸਲਾ ਕਰ ਲੈਂਦਾ ਹਾਂ ਕਿ ਜਿਤਨਾ ਸਿੱਖੀ ਨੂੰ **Exclusive** (ਅਨਿੰਨ) ਬਣਾ ਲਵਾਂ ਉਤਨਾ ਹੀ ਉੱਚਾ ਹੋ ਜਾਵਾਂਗਾ । ਕਦੇ ਮੇਰੀ ਪੜ੍ਹਾਈ ਦੀ ਪ੍ਰਭੁਤਾ, ਕਦੇ ਕੇਵਲ 'ਸਿੱਖ ਧਰਮ ਹੀ ਚੰਗਾ ਹੈ' ਦਾ ਝੂਠਾ ਪ੍ਰਭਾਵ ਮੈਨੂੰ ਆਪਣੇ ਗੁਰੂ ਤੋਂ ਹੀ ਬੇਮੁੱਖ ਕਰ ਦਿੰਦਾ ਹੈ । ਮੈਂ ਲਿਖਣਾ ਸ਼ੁਰੂ ਕਰ ਦਿੰਦਾ ਹਾਂ ਕਿ ਬਾਬਾ ਫਰੀਦ ਅਸਲ ਵਿੱਚ ਗੁਰਮਤਿ ਦੀ ਆਸ਼ਾ ਪ੍ਰਗਟ ਹੀ ਨਹੀਂ ਕਰਦਾ, ਉਹ ਕੱਟੜ ਮੁਸਲਮਾਨ ਸੀ, ਉਹਦੀ ਬਾਣੀ ਬਾਦਸ਼ਾਹ ਦੇ ਡਰ ਕਰਕੇ ਨਹੀਂ ਗੁਰੂ ਗ੍ਰੰਥ ਸਾਹਿਬ ਮਹਾਰਾਜ ਵਿੱਚ ਆਈ । ਜਦੋਂ ਮੈਂ ਇਹ ਪੜ੍ਹਿਆ ਸੀ ਤੇ ਮੇਰੇ ਮਨ ਨੇ ਕਿਹਾ ਸੀ—ਮੇਰੀਆਂ ਅੱਖਾਂ ਬੰਦ ਕਿਉਂ ਨਹੀਂ ਹੋ ਜਾਂਦੀਆਂ ਇਹ ਪੜ੍ਹਨ ਦੀ ਥਾਂ, ਮੈਂ ਗੁਰੂ ਅਰਜਨ ਜੀ ਤੋਂ ਵੀ ਵੱਧ ਸਿਆਣਾ ਬਣਨ ਦੀ ਕੋਸ਼ਿਸ਼ ਕਰਦਾ ਹਾਂ ।

ਪਾਠਕੋ, ਚੰਗੀ ਤਰ੍ਹਾਂ ਠੋਕ ਵਜਾ ਕੇ ਦੇਖੋ—ਤੇ ਜੇ ਮੇਰੇ ਸਿਰ 'ਤੇ ਤਲਵਾਰ ਰੱਖ ਕੇ ਵੀ ਪੁੱਛੋ ਤਾਂ **Repeatedly** (ਬਾਰ-ਬਾਰ) ਇਹ ਆਖਦਾ ਹਾਂ—

**ਮੈਂ ਤਾਂ ਬਾਬਾ ਫ਼ਰੀਦ ਵਰਗਾ ਹੀ ਸਿੱਖ ਬਣਨਾ ਹੈ ਤੇ ਹੋਰ ਕੱਟੜ ਸਿੱਖ ਬਣਨਾ ਹੈ । 'ਕੱਟੜ' ਮੁਸਲਮਾਨ ਬਣਨ ਲਈ ਇਹ ਨਿਸ਼ਾਨੀ ਹੈ ਕਿ—**

੧. ਪੰਜੇ ਵਕਤ ਨਮਾਜ਼ ਪੜ੍ਹੇ ।

੨. ਰੋਜ਼ੇ ਰੱਖੇ ਜਾਣ ।

੩. ਇਕ ਵਾਹਿਗੁਰੂ ਦੀ ਭਗਤੀ ਕੀਤੀ ਜਾਏ ।

੪. ਸਾਰੀ ਇਨਸਾਨੀਅਤ ਨੂੰ ਇਕੋ ਜਿਹਾ ਸਮਝਿਆ ਜਾਏ ।

੫. ਮੁਸਲਮਾਨੀ ਸਾਰੇ ਅਸੂਲ ਨਿਭਾਏ ਜਾਣ, ਪਰ ਕਿਸੇ ਨਾਲ ਜ਼ਬਰ ਜ਼ੁਲਮ ਨਾ ਕੀਤਾ ਜਾਏ **ਤਾਂ ਸਦਕੇ ਕੱਟੜ-ਪੁਣੇ ਤੋਂ ।** ਜੇ ਸਿੱਖ 'ਕੱਟੜ' ਹੈ ਤਾਂ ਮੈਨੂੰ ਚੰਗਾ ਲੱਗਦਾ ਹੈ, ਭਾਵੇਂ ਆਪਣੇ ਪਿਓ-ਦਾਦੇ ਦੇ ਖ਼ਜ਼ਾਨੇ ਨੂੰ ਘੋਖਦਿਆਂ ਪਿਓ-ਦਾਦੇ ਦੀ ਅਕਲ ਨੂੰ ਵੀ ਪਰਖਣ ਲੱਗ ਪਵੇ (ਕੇਵਲ ਮੋਟਾ ਕੜਾ ਤੇ ਖੁੱਲ੍ਹਾ ਦਾੜ੍ਹਾ ਸਿੱਖੀ ਦੇ ਨਿਸ਼ਾਨ ਦੱਸੇ), ਪਰ ਜੋ ਮੁਸਲਮਾਨ ਆਪਣੇ ਧਰਮ ਵਿੱਚ ਪੂਰਾ (ਮੇਰੇ ਗੁਰੂ ਦਾ ਕਬੂਲਿਆ ਹੋਇਆ ਹੋਣ ਦੇ ਬਾਵਜੂਦ ਅਤੇ ਮੇਰੇ ਗੁਰੂ ਦੇ ਨਾਲ ਬੈਠਾ ਹੋਣ ਦੇ ਬਾਵਜੂਦ) ਹੋਵੇ ਤਾਂ ਉਹ ਕੱਟੜ ਹੈ । ਮੈਂ ਸੋਚਦਾ ਹਾਂ ਇਹ ਅਕਲ ਮੇਰੀ ਸੜ ਕਿਉਂ ਨਹੀਂ ਜਾਂਦੀ । ਇਸੇ ਅਕਲ ਨੇ ਮੇਰੇ ਕੋਲੋਂ ਅਸਿੱਖੀ ਕੰਮ ਕਰਵਾਏ ਹਨ । ਇਸ ਅਕਲ ਨੇ ਮੈਨੂੰ ਗੁਰੂ ਦੀ ਗਾਲ੍ਹ ਬਣਾਇਆ ਹੈ । ਮੇਰੇ ਵੀਰੋ, ਬਜ਼ੁਰਗੋ, ਬੱਚਿਓ, ਭੈਣੋ, ਮਾਤਾਓ, ਬੱਚੀਓ, ਇਕ ਗੱਲ ਆਪ ਦੇ ਚਰਨਾਂ ਤਕ ਪਹੁੰਚਾਉਣਾ ਚਾਹੁੰਦਾ ਹਾਂ—

**ਸਿੱਖ ਧਰਮ ਸਭ ਦਾ ਸਾਂਝਾ ਹੈ, ਜਿਹੜਾ ਹਿੰਦੂ, ਮੁਸਲਮਾਨ, ਈਸਾਈ ਆਪਣੇ ਧਰਮ ਦੀ ਸੁੱਚਤਾ ਵਿੱਚ ਮਨ ਦੇ ਪ੍ਰੇਮ ਨਾਲ ਪ੍ਰਭੂ ਭਗਤੀ ਕਰਦਾ ਹੈ ਉਹ ਗੁਰੂ ਗ੍ਰੰਥ ਸਾਹਿਬ ਦੇ ਆਸ਼ੇ ਨਾਲ ਸੁੱਚਾ ਸਿੱਖ ਹੈ ।**

ਪਿਆਰਿਓ, ਜ਼ਰਾ ਸੋਚੋ ਅਸੀਂ ਕੀ ਅੰਧੇਰ-ਗਰਦੀ ਕਰਦੇ ਹਾਂ ਅਤੇ ਕਰ ਵੀ ਰਹੇ ਹਾਂ (ਆਪਣੇ ਖ਼ਿਆਲ ਵਿੱਚ) ਗੁਰੂ ਦੀ ਵਡਿਆਈ ਲਈ । ਇਕ ਸੱਚਾ-ਸੁੱਚਾ ਸਿੱਖ ਭਾਈ ਘਨੱਈਆ ਜ਼ਖ਼ਮੀ ਮੁਸਲਮਾਨਾਂ ਵਿੱਚ ਤੇ ਲੜਾਈ ਦੇ ਮੈਦਾਨ ਵਿੱਚ ਵੀ ਆਪਣੇ ਗੁਰੂ ਨੂੰ ਤੱਕਦਾ ਹੈ; ਕਿਉਂਕਿ ਉਸ ਨੇ ਆਪਣੀ ਸਾਰੀ ਚਤੁਰਾਈ ਸਿਆਣਪ ਛੱਡ ਕੇ ਗੁਰੂ ਦੇ ਚਰਨ ਪਕੜੇ ਹਨ; ਪਰ ਅਸੀਂ 'ਪੜ੍ਹੇ ਲਿਖੇ ਵਿਦਵਾਨ' ਗੁਰੂ ਸਾਹਿਬ ਦੇ ਆਪ ਚੁਣੇ ਹੋਏ, ਬਾਬਾ



ਫਰੀਦ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਸੁਸ਼ੋਭਿਤ ਹੋਇਆ ਦੇਖ ਕੇ ਹੁੱਜਤਾਂ ਕਰਦੇ ਹਾਂ । ਮੈਂ ਐਸੇ ਵਿਦਵਾਨਾਂ ਦੇ ਚਰਨਾਂ 'ਤੇ ਸੀਸ ਰੱਖ ਕੇ ਆਖਦਾ ਹਾਂ—**ਮੇਰੇ ਟੁਕੜੇ-ਟੁਕੜੇ ਕਰ ਦਿਓ, ਪਰ ਮੈਂ ਕਦੇ ਵੀ ਬਾਬਾ ਫਰੀਦ ਜੀ ਦੀ ਬਾਣੀ ਜਦ ਗੁਰੂ ਗ੍ਰੰਥ ਸਾਹਿਬ ਵਿੱਚੋਂ ਬੋਲੇਗੀ ਆਪਣੇ ਗੁਰੂ ਨਾਨਕ ਸਾਹਿਬ ਦੀ ਬਾਣੀ ਤੋਂ ਘੱਟ ਮਹੱਤਤਾ ਨਹੀਂ ਦੇਵਾਂਗਾ । ਮੈਂ ਮੂਰਖ ਹਾਂ ਤੇ ਮੂਰਖ ਹੀ ਰਹਿਣਾ ਚਾਹੁੰਦਾ ਹਾਂ, ਵਿਦਵਾਨ ਨਹੀਂ ਬਣਨਾ ਚਾਹੁੰਦਾ ।**

ਪਿਆਰੇ ਪਾਠਕੋ, ਵੀਰੋ ਤੇ ਭੈਣੋ, ਆਪ ਤਕ ਇਕ ਹੋਰ ਬਚਨ ਪਹੁੰਚਾਉਣਾ ਚਾਹੁੰਦਾ ਹਾਂ । ਅਸੀਂ ਇਤਨੀਆਂ ਬਹਿਸਾਂ ਕਿਉਂ ਕਰਦੇ ਹਾਂ ? ਬਹਿਸਾਂ ਨਾਲ ਕਦੇ ਵੀ ਸੁੱਚਤਾ ਨਹੀਂ ਨਿਕਲਦੀ; ਕੇਵਲ ਬਖੇੜੇ ਹੀ ਨਿਕਲਦੇ ਹਨ । ਹਰ ਵੇਲੇ ਸਾਨੂੰ ਇਹ ਹੀ ਕਲਪਣਾ ਲੱਗੀ ਰਹਿੰਦੀ ਹੈ ਅਤੇ ਆਪਣੀ 'ਮਹਾਂਪੁਰਸ਼ੀ' ਤੇ ਗਿਆਨ, ਹੇਠਲੀਆਂ ਗੱਲਾਂ 'ਤੇ ਲਾ ਦਿੰਦੇ ਹਾਂ; ਜਿਵੇਂ :-

੧. ਪੰਜਵਾਂ ਕੱਕਾਰ ਕੇਸਕੀ ਹੈ ਜਾਂ ਕੇਸ ।

੨. ਮਾਸ ਖਾਣਾ ਚੰਗਾ ਹੈ ਜਾਂ ਨਹੀਂ, ਜਾਂ ਮਨ੍ਹਾ ਹੈ ਜਾਂ ਨਹੀਂ ।

੩. ਤਸਵੀਰਾਂ ਚੰਗੀਆਂ ਹਨ ਜਾਂ ਨਹੀਂ ।

੪. ਦਾੜ੍ਹੀ ਖੁੱਲ੍ਹੀ ਚੰਗੀ ਹੈ ਜਾਂ ਬੱਧੀ ਹੋਈ ।

੫. ਸਹਿਜਧਾਰੀ ਠੀਕ ਹੈ ਜਾਂ ਨਹੀਂ ।

ਮੈਂ ਸ਼ਰੇ ਬਜ਼ਾਰ ਖਲ੍ਹੋ ਕੇ ਜੁੱਤੀਆਂ ਖਾਣ ਨੂੰ ਜਾਂ ਗੋਲੀ ਖਾਣ ਨੂੰ ਤਿਆਰ ਹਾਂ; ਇਸ ਯਕੀਨ ਲਈ ਕਿ **ਸਿੱਖ ਧਰਮ** ਵਿੱਚ ਇਨ੍ਹਾਂ ਬਹਿਸਾਂ ਦੀ ਕੋਈ ਥਾਂ ਨਹੀਂ । ਇਹ ਬਹਿਸਾਂ ਕੇਵਲ ਆਪਣੀ **ਪਵਿੱਤਰਤਾ ਜਤਾਉਣ ਲਈ, ਆਪਣਾ ਧਰਮੀ ਅੱਖੜਪੁਣਾ ਦਿਖਾਉਣ ਲਈ,** ਆਪਣਾ ਵਾਧੂ ਹੰਕਾਰੀ ਗਿਆਨ ਭੜਕਾਉਣ ਲਈ, ਆਪਣਾ ਧਰਮੀ ਭੇਖ ਛੁਪਾਉਣ ਲਈ ਹਨ । ਸੁੱਚੀ ਤੇ ਸੱਚੀ ਸਿੱਖੀ ਕਮਾਉਣ ਵਾਲੇ ਕੌਣ, ਇਨ੍ਹਾਂ ਬਹਿਸਾਂ ਲਈ ਵਕਤ ਹੀ ਕਿੱਥੇ ਹੈ ? ਮੇਰਾ ਜੀਅ ਕਰਦਾ ਹੈ ਕਿ ਸਭ ਪਿਆਰਿਆਂ ਦੇ ਚਰਨ ਪਕੜ ਕੇ ਆਖਾਂ—ਛੱਡ ਦਿਓ ਬਹਿਸਾਂ, ਛੱਡ ਦਿਓ ਬਾਹਰਲੇ ਭੇਖ ਤੇ ਛੱਡ ਦਿਓ ਵਡਿਆਈਆਂ ਕਮਾਉਣ ਦੇ ਢੰਗ । ਆਓ, ਸਿੱਖੀ ਦੇ ਦੋ ਪਹਿਲੂਆਂ ਨੂੰ ਕਮਾਈਏ ਨਾ ਕਿ ਦਿਖਾਈਏ । ਉਹ ਪਹਿਲੂ ਹਨ :

੧. ਸਵਾਸ-ਸਵਾਸ ਨਾਮ ਹਜ਼ੂਰੀ ਵਿੱਚ ਜਪਣਾ ਤੇ ਸਾਹਿਬਾਂ ਵਿੱਚ ਲੀਨ ਹੋਣਾ ।

੨. ਸ੍ਰੇਸ਼ਟ ਕਰਮ ਕਰਨੇ, ਹਮੇਸ਼ਾਂ ਸਭ ਦੇ ਭਲੇ ਵਿੱਚ ਵਰਤਣਾ ।

ਜੇ ਸਿੱਖ ਇਨ੍ਹਾਂ ਪਹਿਲੂਆਂ ਵੱਲ ਪੂਰੀ ਤਰ੍ਹਾਂ ਧਿਆਨ ਦਿੰਦਾ ਹੈ ਅਤੇ ਨਿਮਾਣਾ ਬਣ ਕੇ ਸਿੱਖੀ ਕਮਾਉਂਦਾ ਹੈ ਤਾਂ ਉਸ ਨੂੰ ਤੂੰ ਹੀ, ਤੂੰ ਹੀ, ਤੂੰ ਹੀ, ਤੂੰ ਹੀ, ਤੂੰ ਹੀ, ਤੂੰ ਹੀ, ਦਿੱਸਦਾ ਹੈ । **ਉਸ ਦੇ ਕੱਕਾਰ ਗੁਰੂ ਦੇ ਹੁਕਮ ਕਰਕੇ ਹਮੇਸ਼ਾਂ ਸੱਜੇ ਰਹਿੰਦੇ ਹਨ, ਉਸ ਨੂੰ ਤਸਵੀਰਾਂ ਵਿੱਚੋਂ ਵੀ ਵਾਹਿਗੁਰੂ ਨਜ਼ਰ ਆਉਂਦਾ ਹੈ, ਉਸ ਨੂੰ ਵਾਹਿਗੁਰੂ ਦੇ ਹਰ ਨਾਂ ਵਿੱਚੋਂ ਆਪਣੇ ਮਾਲਕ ਦੀ ਝਲਕ ਵੱਜਦੀ ਹੈ । ਉਸ ਨੂੰ 'ਵਾਹਿਗੁਰੂ' ਠੀਕ ਹੈ ਜਾਂ 'ਅੱਲ੍ਹਾ'**, ਉਸ ਨੂੰ 'ਸੱਚੀ' ਬਾਣੀ ਤੇ 'ਕੱਚੀ' ਬਾਣੀ ਦਾ ਬਹਿਸ-ਜੰਜਾਲ ਕੁਝ ਨਹੀਂ ਕਹਿੰਦਾ ।

ਮੈਂ ਤਾਂ ਸਿੱਖ ਬਣਨਾ ਹੀ ਇਹੋ ਜਿਹਾ ਚਾਹੁੰਦਾ ਹਾਂ ਕਿ ਮੇਰੇ ਸਾਰੇ ਕੱਕਾਰ ਢੰਡੋਰਾ ਦੇਣ ਕਿ ਮੈਂ ਗੁਰੂ ਗੋਬਿੰਦ ਸਿੰਘ ਮਹਾਰਾਜ ਦਾ ਪੁੱਤਰ ਹਾਂ—ਤੇ **ਇਸ ਕਰਕੇ ਸਾਰੇ ਧਰਮਾਂ ਨੂੰ ਦਿਲੋਂ ਪਿਆਰ ਕਰਦਾ ਹਾਂ ।**

ਮੈਨੂੰ ਸ਼ਰਮ ਨਾਲ ਮਰ ਜਾਣਾ ਚਾਹੀਦਾ ਹੈ ਜੇ ਆਪਣੇ ਗੁਰੂ ਦੀ ਵਡਿਆਈ ਕਰਨ ਲਈ ਜ਼ਰੂਰੀ ਦੂਜੇ ਮਹਾਂਪੁਰਸ਼ਾਂ ਨਾਲ ਮੁਕਾਬਲੇ ਕਰਕੇ ਸਾਬਤ ਕਰਨਾ ਪਵੇ ਕਿ ਬਾਕੀ ਸਭ ਹੇਠਾਂ ਹਨ । ਆਸ਼ਾ ਤਾਂ ਹੋਏਗਾ **ਮੇਰਾ ਗੁਰੂ ਤਾਂ ਮਹਾਨ ਗੁਰੂ ਹੈ, ਪਰ ਉਸੇ ਗੁਰੂ ਨੇ ਮੈਨੂੰ ਸਿਖਾਇਆ ਹੈ ਕਿ ਸਭ ਮਹਾਂਪੁਰਸ਼ ਉਸੇ ਸਤਿਕਾਰ ਦੇ ਪਾਤਰ ਹਨ ।**

ਕਦੇ ਸੋਚਿਆ ਹੈ ਅਸਾਂ ਸਿੱਖਾਂ ਨੇ ਕਿ ਜਿਤਨੀਆਂ ਭੈੜੀਆਂ ਗੱਲਾਂ ਦੂਜੇ ਧਰਮਾਂ ਲਈ ਅਸੀਂ ਆਖਦੇ ਹਾਂ ਜੇ ਉਹ ਸਾਡੇ ਧਰਮ ਲਈ ਆਖੀਆਂ ਜਾਣ, ਤਾਂ ਕੀ ਇਹ ਸਾਨੂੰ ਚੰਗਾ ਲੱਗੇਗਾ ? ਕੋਈ ਕਹੇਗਾ ਕਿ ਸਾਡੇ ਧਰਮ ਨੂੰ ਮਾੜਾ ਕਿਹਾ ਤਾਂ ਜਾਂਦਾ ਹੈ, ਤਾਂ ਤੇ ਸਾਨੂੰ ਆਪਣੇ ਗੁਰੂ ਦੇ ਹੁਕਮ ਵਿੱਚ ਪ੍ਰੇਮ ਤੇ ਨਿਮਰਤਾ ਨਾਲ **Personal Actions** (ਨਿੱਜੀ ਅਮਲੀ ਜੀਵਨ) ਨਾਲ ਸਾਬਤ ਕਰਨਾ ਚਾਹੀਦਾ ਹੈ ਕਿ ਸਿੱਖ ਮਤਿ ਕਮਾਲ ਹੈ ! ਜੇ ਅਸੀਂ ਵੀ ਮੁੜ ਗਾਲ੍ਹਾਂ ਕੱਢਣੀਆਂ ਹੀ ਸਿੱਖਦੇ ਹਾਂ ਤਾਂ ਬਣਿਆ ਕੀ ?

ਜੇ ਕਦੇ ਕਿਸੇ ਨੂੰ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ **Conception** (ਧਾਰਨਾ) ਵਾਲਾ ਖ਼ਾਲਸਾ ਬਣਨ ਦੀ ਚਾਹ ਆਈ ਹੈ ਤਾਂ ਜ਼ਰੂਰੀ ਹੈ ਕਿ ਉਸ ਦਾ ਹਰ ਕੰਮ, ਹਰ ਬੋਲ, ਹਰ ਲਹਿਜਾ, ਅੰਮ੍ਰਿਤ ਤੇ ਪ੍ਰੇਮ ਰਸ ਵਿੱਚੋਂ ਨਿਕਲਿਆ ਹੋਇਆ ਇਹ ਦੱਸੇਗਾ ਕਿ ਇਸ ਫੁੱਲ ਵਿੱਚ ਖ਼ੁਸ਼ਬੂ ਸਾਹਿਬਾਂ ਨੇ ਆਪ ਭਰੀ ਹੈ । ਉਸ ਦੀ ਸਿੱਖੀ ਦੱਸੇਗੀ ਨਹੀਂ ਤਾਂ ਉਹ ਰੌਲਾ ਪਾਏਗਾ; ਪਰ ਉਹ ਦੀ ਸਿੱਖੀ ਖ਼ੁਸ਼ਬੋ ਦੀ ਤਰ੍ਹਾਂ ਅਣਦਿੱਸਦੀ **Ever Present** (ਸਥਿਰ) ਹੋਏਗੀ ।



ਅਸੀਂ ਐਸੇ ਨਿਮਕ ਹਰਾਮ ਹਾਂ ਕਿ ਜਿਹੜੀ ਸਭ ਤੋਂ ਵੱਡੀ ਸ਼ਾਨ ਹੈ ਸਾਡੀ—ਗੁਰੂ ਗ੍ਰੰਥ ਸਾਹਿਬ ਮਹਾਰਾਜ ਵਿੱਚ—ਹਿੰਦੂ-ਮੁਸਲਮਾਨ, ਉਚ-ਨੀਚ ਸੰਤ, ਕ੍ਰਿਸ਼ਨ ਰਾਮ ਦੇ ਪੁਜਾਰੀ ਸੰਤ—ਉਸ ਨੂੰ ਜਾਣ ਬੁੱਝ ਕੇ ਐਸੀ ਵਿਗਾੜਦੇ ਹਾਂ ਕਿ ਵਾਧੂ ਪਵਿੱਤਰ ਹੋਣ ਦੀ ਥਾਂ ਅਪਵਿੱਤਰ ਹੋ ਜਾਂਦੇ ਹਾਂ । ਗੁਰੂ ਗੋਬਿੰਦ ਸਿੰਘ ਮਹਾਰਾਜ ਖ਼ਾਲਸਾ ਸਾਜ ਕੇ ਵੀ ਹਿੰਦੂਆਂ ਤੇ ਮੁਸਲਮਾਨਾਂ ਨਾਲ ਆਪਣੇ ਸਿੱਖਾਂ ਵਰਗਾ ਪਿਆਰ ਕਰਦਾ ਹੈ; ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਮਹਾਰਾਜ ਤਕ ਸਾਰੇ ਗੁਰੂ ਸਾਰੇ ਖ਼ੁਦਾ ਦੇ ਘਰਾਂ ਦਾ ਸਤਿਕਾਰ ਕਰਦੇ ਹਨ । ਕ੍ਰਿਸ਼ਨ ਮਹਾਰਾਜ ਤੇ ਰਾਮਚੰਦਰ ਜੀ ਨੂੰ ਪਿਆਰ ਕਰਨ ਵਾਲੇ, ਸੀਤਾ ਨੂੰ ਆਪਣੇ ਸਾਜੇ ਗ੍ਰੰਥ ਸਾਹਿਬ ਵਿੱਚ ਪੂਰੀ ਤਰ੍ਹਾਂ, ਹਾਂ ਪੂਰੀ ਤਰ੍ਹਾਂ, ਪ੍ਰਚਾਰਨ ਦੀ ਖੁੱਲ੍ਹ ਦਿੰਦੇ ਹਨ **ਕੇਵਲ ਤੇ ਕੇਵਲ ਇਸ ਲਈ ਕਿ ਉਨ੍ਹਾਂ ਦੀ ਭਗਤੀ ਹਿਰਦੇ ਦੀ ਸੁੱਚਤਾ ਪਰਗਟ ਕਰਦੀ ਹੈ । ਤਾਂ ਮੈਂ ਕੀੜਾ ਕੌਣ ਹਾਂ ਇਤਰਾਜ਼ ਉਠਾਉਣ ਵਾਲਾ ਕਿ ਭਗਤ ਘੱਟ ਪਵਿੱਤਰ ਹਨ ਤੇ ਸਿੱਖ ਨਾਮ ਜਪ ਕੇ ਭਗਤਾਂ ਤੋਂ ਵੀ ਉੱਤੇ ਚੜ੍ਹ ਸਕਦਾ ਹੈ । ਗੁਰੂ ਗੋਬਿੰਦ ਸਿੰਘ ਮਹਾਰਾਜ ਬਾਰੇ ਸਵਾਮੀ ਰਾਮ ਤੀਰਥ** ਜੀ ਨੇ ਕਿਹਾ ਸੀ ਕਿ ਮਹਾਂਪੁਰਸ਼ ਲਈ ਜ਼ਰੂਰੀ ਹੈ ਕਿ ਆਪਣਾ ਆਪ ਭੁੱਲ ਕੇ ਸਾਰੀ ਦੁਨੀਆਂ ਦਾ ਬਣੇ ਤੇ ਆਪਣਾ ਸਭ ਕੁਝ ਕੁਰਬਾਨ ਕਰ ਦੇਵੇ ਲੋਕਾਂ ਦੇ ਭਲੇ ਲਈ—ਤੇ ਇਸ ਦੀ **ਮਹਾਨ ਉੱਚੀ ਮਿਸਾਲ ਉਨ੍ਹਾਂ ਕਿਹਾ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਹਨ ।**

ਲੱਖਾਂ ਕਰੋੜਾਂ ਲੋਕ ਸਾਰੇ ਗੁਰੂ ਸਾਹਿਬਾਨ ਨੂੰ ਮਹਾਨ ਸਮਝਦੇ ਹਨ, ਕੇਵਲ ਉਨ੍ਹਾਂ ਅਮਲਾਂ ਕਰਕੇ ਜਿਨ੍ਹਾਂ ਨੂੰ "ਅਸੀਂ ਸਭ ਤੋਂ ਚੰਗੇ ਹਾਂ" ਦੇ ਵਹਿਮ ਵਿੱਚ ਅਸੀਂ ਜਾਣ ਬੁੱਝ ਕੇ ਵਿਗਾੜ ਰਹੇ ਹਾਂ ।

"ਆਸਾ ਦੀ ਵਾਰ" ਵਿੱਚ ਜੋ ਕੁਝ ਪਖੰਡ ਬਾਰੇ ਲਿਖਿਆ ਹੈ ਅੱਜਕੱਲ੍ਹ ਸਾਨੂੰ ਸਿੱਖਾਂ ਨੂੰ ਢੁੱਕਦਾ ਹੈ । ਅਸੀਂ ਕਰਮ-ਕਾਂਡ ਦੇ ਸ਼ਿਕਾਰ ਹੋ ਗਏ ਹਾਂ । ਗੁਰੂ ਤੇਗ ਬਹਾਦਰ ਸਾਹਿਬ ਸ਼ਹੀਦ ਹੋ ਗਏ ਪਰ ਮੁਸਲਮਾਨਾਂ ਨਾਲ ਵੈਰ ਨਾ ਕੀਤਾ, ਮਸਜਿਦਾਂ ਨੂੰ ਖ਼ੁਦਾ ਦਾ ਘਰ ਜਾਣ ਕੇ ਪਿਆਰ ਕੀਤਾ । ਪਰ ਅਸੀਂ ਆਪਣੀ ਵਜ਼ਾਰਤ ਲਈ, ਪਾਰਲੀਮੈਂਟ ਮੈਂਬਰਸ਼ਿਪ ਲਈ, ਮੁਹੱਲੇ ਦੀ ਸਰਦਾਰੀ ਲਈ, ਲੋਕਾਂ ਨੂੰ ਖ਼ੁਸ਼ ਕਰਨ ਲਈ, ਆਪਣੀ ਦੁਕਾਨ ਤੇ ਬਿਜ਼ਨੈਸ ਵਧਾਉਣ ਲਈ **Cheap Popularity** (ਸਸਤੀ ਲੋਕ ਪ੍ਰਸਿੱਧੀ) ਲਈ "ਸਿੱਖ ਸਭ ਤੋਂ ਉੱਚੇ ਹਨ" ਦਾ ਢੰਡੋਰਾ ਦਿੰਦੇ ਹਾਂ; ਹਾਲਾਂ ਕਿ ਜਾਣਦੇ ਹਾਂ ਕਿ ਸਾਡੀਆਂ ਕਰਤੂਤਾਂ ਦੁਰਮਤਿ ਵਿੱਚ ਹੋ ਰਹੀਆਂ ਹਨ ।

ਆਓ, ਵੇਲਾ ਸੰਭਾਲੀਏ ! ਸੱਚ ਹੀ ਸਭ ਤੋਂ ਵੱਡਾ ਧਰਮ ਹੈ ਤੇ ਸਿੱਖਾਂ 'ਤੇ ਅਪਾਰ ਕਿਰਪਾ ਕਰ ਕੇ ਗੁਰੂ ਗ੍ਰੰਥ ਸਾਹਿਬ ਨੇ ਸਭ ਦਾ ਸਾਂਝਾ ਸੱਚ ਪ੍ਰਤੱਖ ਦਿਖਾਇਆ ਹੈ ।

ਹੁਣ ਬੇਸ਼ੱਕ ਮੈਨੂੰ ਫਾਂਸੀ ਚੜ੍ਹਾ ਦਿਓ, ਕਤਲ ਕਰਵਾ ਦਿਉ, ਮੈਂ ਜਿੱਥੇ ਆਪਣੇ ਗੁਰੂ ਦੇ ਦਿੱਤੇ ਹੋਏ ਕਕਾਰਾਂ ਦੇ ਪਿਆਰ ਵਿੱਚ ਰੁਲ ਜਾਵਾਂਗਾ, ਉੱਥੇ ਕਦੇ ਵੀ ਕਿਸੇ ਗ਼ੈਰ-ਸਿੱਖ ਨਾਲ ਇਹ ਬਹਿਸ ਨਹੀਂ ਕਰਾਂਗਾ ਕਿ 'ਸਿੱਖ' ਹੀ ਸਭ ਤੋਂ ਚੰਗਾ ਹੈ । ਉੱਥੇ ਚੰਗੇ ਅਮਲ ਹਨ, ਕੋਈ ਵੀ ਕਰ ਲਵੇ ।

ਹੁਣ ਮੇਰਾ ਇਕੋ ਤੇ ਇਹੋ ਹੀ **Message** (ਸੰਦੇਸ਼) ਹੈ, ਇਕ ਵਾਰ ਕਵ੍ਹਾਂ, ੧੦੦ ਵਾਰ ਕਵ੍ਹਾਂ, ਹਜ਼ਾਰ ਵਾਰ ਕਵ੍ਹਾਂ, ਲੱਖ ਕਰੋੜ ਵਾਰ ਕਵ੍ਹਾਂ, ਆਪ ਨੇ ਅਸ਼ੀਰਵਾਦ ਦੇਣੀ ਹੈ, ਤਾਂ ਜੋ ਮੈਨੂੰ ਚਾਹੀਦਾ ਹੈ, ਬਖ਼ਸ਼ੋ ।

(੧) ਭਾਈ ਮਤੀ ਦਾਸ ਵਾਂਙੂ ਹਮੇਸ਼ਾਂ ਆਰੇ ਨਾਲ ਚੀਰਿਆ ਹੋਇਆ ਰਹਿ ਕੇ ਜੀਵਾਂ ।

(੨) ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਸਾਹਿਬ ਤੇ ਗੁਰੂ ਗ੍ਰੰਥ ਸਾਹਿਬ ਨੂੰ ਖਿਡੌਣਾ ਨਾ ਸਮਝਾਂ ਸਗੋਂ ਪੂਰਨ ਪ੍ਰਤੱਖ ਮਾਤਾ-ਪਿਤਾ ਸਮਝਾਂ ।

(੩) ਇਨ੍ਹਾਂ ਦੋਨਾਂ ਅਸ਼ੀਰਵਾਦਾਂ ਵਿੱਚ ਤੀਜਾ ਅਸ਼ੀਰਵਾਦ ਇਹ ਨਿਕਲੇ ਕਿ ਸਾਰੀ ਇਨਸਾਨੀਅਤ ਨੂੰ ਆਪਣੇ ਭੈਣ-ਭਰਾ ਸਮਝਾਂ ।

## ਗੁਰਸਿੱਖੀ ਦਾ ਨਿਸ਼ਾਨਾ

### ਸਲੋਕ ਮ: ੯

**ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥ ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ਰਹਾਉ॥ ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥ ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥੧॥ ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥ ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ॥੨॥ ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥ ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥੩॥੧੧॥**

**(ਅੰਗ ੬੩੩)**



ਪਰ ਅਸੀਂ ਗੁਰਸਿੱਖੀ ਦਾ ਨਿਸ਼ਾਨਾ ਬਣਾ ਬੈਠੇ ਹਾਂ ਕਿ ਮੋਟੇ-ਮੋਟੇ ਬਾਹਰਲੇ ਕਕਾਰ ਪਾ ਕੇ ਨਾ ਸਿਰਫ਼ ਦੂਜੇ ਧਰਮਾਂ ਦੀ ਨਿੰਦਾ ਕਰਦੇ ਰਹੀਏ ਸਗੋਂ ਸਿੱਖਾਂ ਵਿੱਚ ਵੀ ਵੱਖਰੀਆਂ-ਵੱਖਰੀਆਂ ਸਪੈਸ਼ਲ ਰੀਤਾਂ ਕੱਢ ਕੇ ਇਕ ਦੂਜੇ ਕੋਲੋਂ ਵਾਧੂ 'ਪਵਿੱਤਰ' ਬਣ ਕੇ ਆਕੜ ਪਿੱਟੀਏ । ਸੁਖਮਨੀ ਸਾਹਿਬ ਵਿੱਚ ਸਾਹਿਬ ਪੂਰੀ ਤਰ੍ਹਾਂ ਕਹਿੰਦੇ ਹਨ ਕਿ ਉਹ ਵੈਸ਼ਨੋ, ਉਹ ਪੰਡਤ, ਉਹ ਅਪਰਸ, ਉਹ ਭਗਉਤੀ, ਜਿਹੜਾ ਮਨ ਦੀ ਸੱਚਾਈ ਨਾਲ ਦੈਵੀ ਗੁਣ ਧਾਰਨ ਕਰੇ ਤੇ ਨਾਮ ਜਪੇ ਉਸ ਤੋਂ ਮੈਂ ਸਦਕੇ । ਪਰ 'ਮੈਂ ਸਿੱਖ' ਕਹਿੰਦਾ ਹਾਂ ਕਿ ਮੈਂ ਭਾਵੇਂ ਅੰਦਰਲੀ ਸੱਚਾਈ ਤੋਂ ਰਹਿਤ ਹਾਂ ਤੇ ਮੇਰੀਆਂ ਕਰਤੂਤਾਂ ਗੁਰੂ ਦੇ ਹੁਕਮਾਂ ਵਿਰੁੱਧ ਹਨ, ਮੇਰੇ ਬਾਹਰਲੇ ਕਕਾਰ ਮੈਨੂੰ ਇਹ ਹੱਕ ਦਿੰਦੇ ਹਨ ਕਿ ਸਭ ਦੀ ਨਿੰਦਾ ਕਰਾਂ ?

ਪਿਆਰਿਓ ਸਿੱਖ ਤਾਂ-ਮਨ ਦੀ ਖੋਜ ਹੈ ਜਿਹੜਾ ਕਰ ਲਵੇ । ਸਿੱਖ—

(੧) ਲੋਕਾਂ ਦੇ ਨੁਕਸ ਨਹੀਂ ਵੇਖਦਾ ਰਹਿੰਦਾ ।

(੨) ਬਹਿਸਾਂ ਵਿੱਚੋਂ ਇਹ ਕਹਿ ਕੇ ਨਿਕਲ ਜਾਂਦਾ ਹੈ—

**'ਸਭ ਖਲਕ ਸਿਆਣੀ ਮੈਂ ਬਉਰਾ'**

(੩) ਆਪਣੇ ਮਨ ਦੀ ਖੋਜ ਕਰਦਾ ਹੈ ਤੇ ਸਾਹਿਬਾਂ ਨਾਲ ਜੁੜਦਾ ਹੈ ਪ੍ਰੇਮਾ ਭਗਤੀ ਵਿੱਚ ।

(੪) ਨਫ਼ਰਤ ਜਾਂ ਓਪਰਾਪਨ ਫੁਰਦਾ ਨਹੀਂ ਕਿਉਂਕਿ ਉਹ ਸਾਰੀ ਸ੍ਰਿਸ਼ਟੀ ਇਕੋ ਸਿਰਜਣਹਾਰ ਦੀ ਸਮਝਦਾ ਹੈ ।

(੫) ਸਾਰੀ ਦੁਨੀਆਂ ਦੇ ਬੰਦੇ ਉਸ ਦੇ ਸਕੇ ਭੈਣ-ਭਰਾ ਹਨ ਕਿਉਂਕਿ ਉਸਦਾ ਗੁਰੂ ਸੱਚ ਹੈ ਨਾ ਕਿ ਹਿੰਦੂ ਜਾਂ ਮੁਸਲਮਾਨ । ਇਸ ਤੋਂ ਉੱਤੇ ਹੋਰ ਉਸ ਦਾ ਗੁਰੂ ਸੱਚ ਆਚਾਰ ਹੈ । ਜੇ ਸਿੱਖ ਆਪਣੀਆਂ ਮੌਕੇ ਤਾੜਨ ਵਾਲੀਆਂ ਕਰਤੂਤਾਂ ਛੱਡ ਕੇ ਸੱਚੇ ਮਨ ਨਾਲ ਸਭ ਦੀ ਸੇਵਾ ਕਰੇ ਤੇ ਨਾਮ ਜਪੇ, ਭੈੜਾ ਕਿਸੇ ਨੂੰ ਨਾ ਆਖੇ ਤੇ ਨਿਰਵੈਰ ਰਹੇ, ਮੈਨੂੰ ਪੂਰਾ ਵਿਸ਼ਵਾਸ ਹੈ ਕਿ ਸਾਰਾ ਭਾਰਤ ਸਿੱਖ ਦੀ ਲੋੜ ਮਹਿਸੂਸ ਕਰੇਗਾ—ਤੇ ਜੇ ਹਰ ਵੇਲੇ ਝੂਠੇ ਪਸਾਰੇ ਤੇ **Controversy** (ਬਰਖ਼ਿਲਾਫ਼ੀ) ਵਿੱਚ ਆਪਣੀ ਚਤੁਰਾਈ ਦੱਸਦਾ ਰਹੇਗਾ ਤਾਂ ਗੁਰੂ ਤੋਂ ਵੀ ਫਿਟਕਾਰਿਆ ਜਾਏਗਾ । ਗੁਰੂ ਨੂੰ ਅਮਲੀ ਜੀਵਨ ਪ੍ਰਵਾਨ ਹੈ, ਸਿੱਖੀ ਭੇਖ ਨਹੀਂ ।

## WARNING

ਮੇਰੇ ਪਰਮ ਸਤਿਕਾਰ ਯੋਗ ਪਿਆਰਿਓ, ਆਪ ਦੇ ਚਰਨਾਂ 'ਤੇ ਸੀਸ ਨਿਵਾ ਕੇ ਆਖਦਾ ਹਾਂ ਕਿ **Controvesy** (ਬਰਖ਼ਿਲਾਫ਼ੀ) ਦੇ ਅਖੌਤੀ ਧਾਰਮਿਕ ਰਸਾਲੇ ਪੜ੍ਹ ਕੇ ਕਦੇ ਤਾਂ ਜੀ ਚਾਹੁੰਦਾ ਹੈ, ਸਭ ਪੜ੍ਹਨਾ ਲਿਖਣਾ ਹਮੇਸ਼ਾਂ ਲਈ ਛੱਡ ਦੇਵਾਂ ! ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਆਪਣੇ ਕਸੂਰ ਦੂਜਿਆਂ ਦੇ ਮੱਥੇ ਮੜ੍ਹਨ ਨਾਲ ਡਰਾਉਂਦਾ ਨਹੀਂ ਸਗੋਂ ਤਰੁੱਟੀ ਹੋ ਰਹੀ ਹੈ ।

**ਸਿੱਖੀ ਨੂੰ ਸਿਵਾਏ ਸਿੱਖਾਂ ਦੇ ਕੋਈ ਵੀ ਢਾਹੁਣ ਦੀ ਕੋਸ਼ਿਸ਼ ਨਹੀਂ ਕਰ ਰਿਹਾ ਹੈ, ਨਾ ਕਰ ਸਕਦਾ ਹੈ ।** ਸੁਣਦਾ ਹਾਂ ਲਾਲਚ ਦੇ ਕੇ ਸਾਨੂੰ ਭੁਲਾਇਆ ਜਾਂਦਾ ਹੈ, ਭਾਈ ਦਇਆਲੇ ਨੂੰ, ਭਾਈ ਮਤੀ ਦਾਸ ਨੂੰ, ਮੇਰੇ ਵੀਰਾਂ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਨੂੰ ਤੇ ਹੋਰ ਅਨੇਕਾਂ ਸਿੱਖਾਂ ਨੂੰ ਲਾਲਚ ਨਹੀਂ ਸੀ ਦਿੱਤੇ ਜਾਂਦੇ ? ਪਰ ਉਹ ਗੁਰੂ ਚਰਨਾਂ ਵਿੱਚ ਲੀਨ ਸਨ ਤੇ ਉਨ੍ਹਾਂ ਦੇ ਵਿਰੋਧੀ ਭਾਵੇਂ 'ਸਗ' (ਕੁੱਤੇ) ਕਹਿੰਦੇ ਸਨ ਪਰ ਤਾਰੀਫ਼ ਕਰਨੋਂ ਨਹੀਂ ਸਨ ਰਹਿ ਸਕਦੇ ।

ਹੁਣ ਸਾਨੂੰ ਮਾਣ, ਦੌਲਤ, ਵਿਕਾਰਾਂ ਦੇ ਭੋਗ, ਕੁਰਸੀਆਂ ਦਾ ਪਿਆਰ (ਤੇ ਇਹ ਸਭ ਕੁਝ ਧਰਮ ਦੀ ਆੜ) ਖਾ ਰਿਹਾ ਹੈ । ਪਿਆਰਿਓ ਜਦੋਂ ਕੰਮ ਵਿੱਚ ਗਿਰਾਵਟ ਬਹੁਤ ਵਧ ਜਾਂਦੀ ਹੈ ਤੇ ਰੁਕਦੀ ਨਹੀਂ, ਤਾਂ ਸਵਾਰਥੀ ਲੋਕ ਤੇ ਅਭਿਮਾਨੀ ਲੋਕ ਮੱਥੇ ਲਾਉਂਦੇ ਹਨ ਦੂਜਿਆਂ ਦੇ । ਇਹ ਪੱਕਾ ਤਰੀਕਾ ਹੈ ਹੋਰ ਥੱਲੇ ਜਾਣ ਦਾ । ਆਪਣੇ ਮਨ ਦੀ ਖੋਜ ਕਰਕੇ ਕੁਰਬਾਨੀ ਤੇ ਸੱਚਾਈ, ਨਿਰਵੈਰਤਾ ਨਾਲ ਨਿਭਾਉਣ ਨਾਲ ਹੀ ਅਸੀਂ ਗਿਰਨ ਤੋਂ ਬਚ ਸਕਦੇ ਹਾਂ ।

ਗ਼ਲਤੀਆਂ ਦੀ ਕੂਕਰ ਖਿਮਾ ਮੰਗਦਾ ਹੈ ।



# ਗੁਰਸਿੱਖ ਦਾ ਵਿਉਹਾਰ

ਕੁਝ ਦੇਰ ਹੋਈ ਮੇਰੇ ਜਿਹੇ ਨਿਮਾਣੇ ਨੂੰ ਇਕ ਐਸੇ ਮਹਾਂਪੁਰਸ਼ ਦਾ ਲੈਕਚਰ ਸੁਣਨ ਦਾ ਮੌਕਾ ਮਿਲਿਆ ਜੋ ਮਹਾਂਪੁਰਸ਼ ਅਖਵਾਉਣਾ ਤਾਂ ਇਕ ਪਾਸੇ, ਕਿਸੇ ਧਰਮੀ **Achievement** (ਸਫਲਤਾ) ਦਾ ਵਿਚਾਰ ਵੀ ਨਹੀਂ ਰੱਖਦੇ । ਪਰ ਉਨ੍ਹਾਂ

**ਸਰਬ ਧਰਮ ਮਹਿ ਸ੍ਰੇਸਟ ਧਰਮੁ ॥**

**ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥** (ਅੰਗ ੨੬੬)

ਨੂੰ ਇਕ **Ideal** (ਆਦਰਸ਼) ਜਿਹਾ ਬਣਾਇਆ ਜਾਪਦਾ ਹੈ । ਲੈਕਚਰ ਦੇ ਦੌਰਾਨ ਉਨ੍ਹਾਂ ਮਿੱਠੀ ਜ਼ੁਬਾਨ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਮਹਾਨਤਾ, ਸਰਲਤਾ ਤੇ ਪੂਰਣਤਾ 'ਤੇ ਇਤਨੇ ਸੋਹਣੇ ਢੰਗ ਨਾਲ ਰੌਸ਼ਨੀ ਪਾਈ ਕਿ ਮੈਨੂੰ ਇਵੇਂ ਜਾਪਿਆ ਕਿ ਲੈਕਚਰ ਗੁਰੂ ਦੀ ਬਾਣੀ, ਗੁਰੂ ਦੀ ਸਿੱਖਿਆ ਤੇ ਗੁਰ ਸ਼ਬਦ ਦੀ ਕਮਾਈ ਇਕ ਸਰਲ **Manifestation** (ਨੀਤੀ) ਹੈ । ਪ੍ਰਮੁੱਖ ਗੱਲ ਸੀ, 'ਜਿਸ ਦਾ ਵਿਉਹਾਰ ਦਰੁਸਤ ਨਹੀਂ ਉਸ ਦਾ ਪਰਮਾਰਥ ਦਰੁਸਤ ਨਹੀਂ ਹੋ ਸਕਦਾ ।'

ਮੈਂ ਸ਼ਰਮ ਨਾਲ ਇਉਂ ਮੂੰਹ ਨੀਵਾਂ ਪਾਇਆ ਕਿ ਮੁੜ ਉਨ੍ਹਾਂ ਦੇ ਚਿਹਰੇ ਵੱਲ ਨਾ ਦੇਖ ਸਕਾਂ । ਉਹ ਪੰਜਾਬ ਵਿੱਚ ਬਾਗ਼ਾਂ ਦੇ ਅਫ਼ਸਰ ਹਨ ਅਤੇ ਗੁਰਮਤਿ ਉੱਤੇ ਆਪਣੇ ਵਿਚਾਰ, ਆਪਣਾ ਪ੍ਰੇਮ, ਜਤਾਉਂਦਿਆਂ ਹੀ ਕਹਿੰਦੇ ਹਨ ।

ਕਹਿਣ ਲੱਗੇ, "ਓਏ, ਸਿੱਖ ਦਾ ਘਰ ਤਾਂ ਰੋਸ਼ਨ ਮੁਨਾਰਾ ਹੋਣਾ ਚਾਹੀਦਾ ਹੈ । ਜਿਸ ਨੂੰ ਕੋਈ ਨਾ ਝੱਲੇ, ਉਹਨੂੰ ਸਿੱਖ ਝੱਲੇ । ਜਿਸ ਨੂੰ ਕੋਈ ਨਾ ਰੋਟੀ ਦੇਵੇ, ਉਸ ਨੂੰ ਸਿੱਖ ਦੇਵੇ । ਸਿੱਖ ਦਾ ਘਰ ਤਾਂ 'ਰੇਗਿਸਤਾਨ ਵਿੱਚ ਨਖਲਿਸਤਾਨ' **(Oasis in a desert)** ਵਾਂਗ ਹੋਣਾ ਚਾਹੀਦਾ ਹੈ । **ਲੋਕੀਂ ਦੂਰੋਂ ਕਹਿਣ, 'ਓ, ਤੂੰ ਉੱਥੇ ਜਾ ਤੇਰਾ ਕੰਮ ਹੋ ਜਾਏਗਾ ।'** ਆਉ, ਮੇਰੇ ਪੂਜਨੀਕ ਭੈਣੋ ਤੇ ਵੀਰੋ, ਅਸੀਂ ਆਪਣੇ ਗੁਰੂ ਦੇ ਚਰਨਾਂ ਦਾ ਧਿਆਨ ਧਰ ਕੇ ਤੇ ਉਸ ਦੀ ਮਿਹਰ ਨੂੰ ਅਨੁਭਵ ਕਰਕੇ ਆਪਣਾ ਇਮਤਿਹਾਨ ਆਪ ਲਈਏ । ਕੀ ਸਾਡਾ ਵਿਉਹਾਰ ਗੁਰਮਤਿ ਅਨੁਸਾਰ ਹੈ ?

ਮੈਂ ਅਤਿ ਸ਼ਰਮ ਨਾਲ, ਅਣਗਿਣਤ (ਫਿਟਕਾਰਾਂ ਨਾਲ, ਤੇ

ਬੇਹਿਸਾਬੀ ਨੀਚਤਾ ਨਾਲ, ਇਹ **Affirm** (ਪੱਕਾ) ਕਰਦਾ ਹਾਂ ਕਿ ਮੇਰੀਆਂ ਹੇਠਲੀਆਂ ਕਰਤੂਤਾਂ ਮੇਰੀ ਦੁਰਮਤਿ ਤੇ ਮਨੁੱਖਤਾ ਦੀਆਂ ਪ੍ਰਤੀਕ ਹਨ; ਭਾਵੇਂ ਮੈਂ ਸਿੱਖ ਅਖਵਾਉਂਦਾ ਹਾਂ ।

(੧) ਜਿਸ ਵੇਲੇ ਸਟੇਜ ਤੋਂ ਗੁਰੂ ਅਮਰਦਾਸ ਸਾਹਿਬ ਮਹਾਰਾਜ ਦੀ ਅਤਿ ਨਿਮਰਤਾ ਦੇ ਬਾਰੇ, ਉਨ੍ਹਾਂ ਦਾ ਭਾਈ ਦਾਤੂ ਜੀ ਦੇ ਲੱਤ ਮਾਰਨ ਦੇ ਬਾਅਦ ਉਨ੍ਹਾਂ ਨੂੰ ਸਤਿਕਾਰਨ ਦੀ ਸਾਖੀ ਸੁਣਾਈ ਜਾਂਦੀ ਹੈ ਤਾਂ ਮੈਂ ਅਸ਼-ਅਸ਼ ਕਰ ਉੱਠਦਾ ਹਾਂ, ਕਦੇ-ਕਦੇ ਅੱਥਰੂਆਂ ਨਾਲ ਤੇ ਕਦੇ-ਕਦੇ "ਵਾਹਿ...ਗੁਰੂ" ਉੱਚੀ-ਉੱਚੀ ਕਹਿ ਕੇ ਨਿਹਾਲ ਹੁੰਦਾ ਹਾਂ; ਪਰ ਝੱਟ ਹੀ ਗੁਰਬਾਣੀ ਦੀ ਇਸ ਪਵਿੱਤਰ ਤੁਕ ਦਾ ਪ੍ਰਤੱਖ ਰੂਪ ਬਣ ਜਾਂਦਾ ਹੈ :

**ਜਿਨਾ ਅੰਤਰਿ ਕਪਟੁ ਵਿਕਾਰੁ ਹੈ**
**ਤਿਨਾ ਰੋਇ ਕਿਆ ਕੀਜੈ ॥ (ਅੰਗ ੪੫੦)**

ਕਿਉਂਕਿ ਮੈਂ **Secretary** (ਸੈਕਟਰੀ) ਜਾਂ **President** (ਪ੍ਰੈਜ਼ੀਡੈਂਟ) ਹਾਂ, ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਹਜ਼ੂਰੀ ਵਿੱਚ ਕਿਸੇ ਨੂੰ ਗੰਦੀਆਂ ਗਾਲ੍ਹਾਂ ਕੱਢਣ ਤੋਂ ਵੀ ਗੁਰੇਜ਼ ਨਾ ਕਰਦਾ ਜੇ ਕਿਤੇ ਉਹ ਮੈਨੂੰ ਮੇਰੀ ਮਰਜ਼ੀ ਵਿਰੁੱਧ ਨਿੱਕਾ ਜਿਹਾ **Unpatatable suggestion** (ਸੁਝਾਵ) ਦੇ ਦੇਵੇ । ਹੋਰ ਸੁਣੋ ਮੇਰਾ ਹਾਲ !

(੨) ਇਕ ਵਾਰ ਸਰਕਾਰੀ **Dispensary** (ਦਵਾਖ਼ਾਨਾ) ਗਿਆ । ਬਾਹਰ ਵੱਡੀ ਲਾਈਨ ਸੀ ਤੇ ਲੋਕਾਂ ਦੇ ਮੱਥੇ 'ਤੇ ਤਿਊੜੀਆਂ ਸਨ । ਜਦੋਂ ਗੁਰਦੁਆਰੇ ਵਿੱਚ ਪੜ੍ਹਿਆ ਜਾਂਦਾ ਹੈ—

**"ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥" (ਅੰ:੪੭੩)**

ਤਾਂ ਮੈਂ ਮਸਤੀ ਵਿੱਚ ਆ ਕੇ ਝੂਮਦਾ ਹਾਂ । ਜੀਵਨ ਵਿੱਚ ਜ਼ੁਬਾਨ ਬੰਦ ਰੱਖਣ ਦੀ ਕੋਸ਼ਿਸ਼ ਕਰਦਾ ਹਾਂ, ਪਰ ਮੇਰਾ ਹੰਕਾਰ ਕੜਕ ਉੱਠਦਾ ਹੈ । "ਕਿਉਂ, ਤੂੰ ਵੀ ਤਾਂ ਕੁਝ ਹੈ ।" ਬਹੁਤ ਦੇਰ ਬਾਅਦ ਅੰਦਰ ਕੋਈ ਪਰਚੀਆਂ ਕੱਟਣ ਵਾਲਾ ਆਇਆ ਤਾਂ ਇਕ ਬੰਦਾ ਉਹਦੇ ਨਾਲ ਸੀ । ਉਸ ਨੇ ਜਦ ਪਹਿਲਾਂ ਉਹਦੀ ਪਰਚੀ ਲਈ ਤਾਂ ਮੈਂ ਭੌਂਕ ਪਿਆ "ਇਹ ਕਿਉਂ ?" ਮੇਰਾ ਬੋਲ ਕੇਵਲ ਫਿੱਕਾ ਨਹੀਂ ਸੀ ਸਗੋਂ ਇਵੇਂ ਸੀ ਜਿਵੇਂ ਕੋਈ ਕੋਹੜ ਦਾ ਮਾਰਿਆ ਹੋਇਆ ਗ਼ੰਦਗੀ ਚੁੱਕਣ ਵਾਲਾ ਜਾਨਵਰ ਬੋਲ ਰਿਹਾ ਹੈ । ਜਵਾਬ ਮਿਲਿਆ, "ਇਹ **staff** (ਸਟਾਫ਼) ਦਾ ਬੰਦਾ ਹੈ ।" ਮੈਂ ਲਾਲ ਬਗੋਲਾ ਹੋ ਗਿਆ, ਮੈਨੂੰ ਯਾਦ ਹੀ ਨਾ



ਰਿਹਾ ਕਿ ਮੈਂ ਸਵੇਰੇ ਜੋਦੜੀਆਂ ਕਰ ਰਿਹਾ ਸੀ ।

**ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ ॥**
**ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ ॥**
(ਅੰਗ ੨੦੬)

ਕ੍ਰੋਧ ਤੇ ਹਉਮੈਂ ਨੇ ਮੈਨੂੰ ਅੰਨ੍ਹਾ ਕਰ ਦਿੱਤਾ, ਗੁਰੂ ਦੇ ਚਰਨਾਂ ਨੂੰ ਛੱਡ ਦਿੱਤਾ ਤੇ ਕੜਕ ਕੇ ਬੋਲਿਆ :

"ਜਿਹੜਾ ਇੱਥੇ ਚੂਹੜਾ ਬੁਹਾਰੀ ਦਿੰਦਾ ਹੈ, ਉਹ ਵੀ **Staff** (ਸਟਾਫ਼) ਹੈ, ਬਾਹਰ ਆ ਤੈਨੂੰ ਦੱਸਾਂ । ਅਸੀਂ ਇੱਥੇ ਘੰਟੇ ਦੇ ਸੜ ਰਹੇ ਹਾਂ ।" ਮੇਰੇ ਗੁਰੂ ਨੇ ਫ਼ੌਰਨ ਮੈਨੂੰ ਇਸ਼ਾਰਾ ਕੀਤਾ; ਇਸ ਤੁਕ ਦਾ ਚੇਤਾ ਕਰਾਇਆ, ਜਿਸ ਨੂੰ ਮੈਂ ਸੁਣ ਕੇ ਕਿਹਾ ਸੀ, 'ਧੰਨ ਗੁਰੂ ਅਰਜਨ ਸਾਹਿਬ ਸੱਚੇ ਪਾਤਿਸ਼ਾਹ, ਜਿਨ੍ਹਾਂ ਨੇ ਸਾਡੀ ਮੂਰਖਤਾ ਨੂੰ ਹਮੇਸ਼ਾਂ ਲਈ ਥੰਮ੍ਹਣ ਵਾਸਤੇ ਭਗਤ ਰਵਿਦਾਸ ਚਮਾਰ ਤੇ ਭਗਤ ਕਬੀਰ ਜੁਲਾਹੇ ਨੂੰ ਹਰ ਘੜੀ ਮੱਥਾ ਟੇਕਣ ਦੀ ਆਦਤ ਪਾਉਣ ਲਈ ਗੁਰੂ ਗ੍ਰੰਥ ਸਾਹਿਬ ਦੇ ਵਿੱਚ ਬਿਠਾ ਦਿੱਤਾ' ।

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥**
**(ਅੰਗ ੧੩੪੯)**

ਪਰ ਮੇਰੀ ਜ਼ਬਾਨ-ਦਰਾਜ਼ੀ ਕਾਇਮ ਰਹੀ । ਮੈਨੂੰ ਇਹ ਵੀ ਸ਼ਰਮ ਨਾ ਆਈ ਕਿ ਲੋਕੀਂ ਕੀ ਕਹਿਣਗੇ ਮੈਨੂੰ ਭੇਖੀ ਸਿੱਖ ਨੂੰ ਦੇਖ ਕੇ ।

(੩) ਜਦੋਂ ਗੁਰਦੁਆਰੇ ਜਾਂਦਾ ਹਾਂ ਤਾਂ ਇਸ ਆਕੜ ਵਿੱਚ ਜਾਂਦਾ ਹਾਂ ਕਿ ਕੋਈ ਵਿਰਲਾ ਹੀ ਮੇਰੇ ਵਰਗਾ ਪ੍ਰੇਮ ਰੱਖਦਾ ਹੈ । ਜੋੜੇ ਝਾੜਦਾ ਹਾਂ ਤਾਂ ਸੋਚਦਾ ਹਾਂ ਕਿ ਅੱਜ ਕਈਆਂ ਨੇ ਦੇਖ ਲਿਆ ਹੈ, ਹੁਣ ਖ਼ੂਬ ਇੱਜ਼ਤ ਕਰਨਗੇ । ਜੋੜਿਆਂ ਵਿੱਚ ਖਲੋਤਾ ਹੋਇਆ ਵੀ ਸਾਰੀ **Management** (ਇੰਤਜ਼ਾਮ) ਦੀ, ਕੀਰਤਨੀਆਂ ਦੀ, ਤੇ ਕਈ ਹੋਰਾਂ ਦੀ ਨਿੰਦਾ ਕਰਦਾ ਹਾਂ । ਸਿਰ ਝੁਕਾਉਂਦਾ ਹਾਂ ਤਾਂ ਬਹੁਤ ਦੇਰ ਮੱਥਾ ਨਹੀਂ ਚੁੱਕਦਾ, ਮਨ ਕਹਿੰਦਾ ਹੈ ਲੋਕੀਂ ਵਾਹ-ਵਾਹ ਤਾਂ ਹੀ ਕਰਨਗੇ ਜੇ **Notice** (ਵੇਖਿਆ) ਹੋਵੇਗਾ । ਖ਼ਾਲੀ **Stage** (ਸਟੇਜ) ਦੇਖ ਕੇ ਵਾਜੇ 'ਤੇ ਬਹਿ ਜਾਂਦਾ ਹਾਂ ਤਾਂ ਜੋ ਹੋਰ ਰੋਹਬ ਪੈ ਜਾਵੇ; ਕਿਤਨਾ ਗੁਰਸਿੱਖ ਹਾਂ ਭਾਵੇਂ ਗੁਰੂ ਸਮਝਾ ਚੁੱਕਾ ਹੈ ਕਿ :

**ਸੀਸਿ ਨਿਵਾਇਐ ਕਿਆ ਥੀਐ**
**ਜਾ ਰਿਦੈ ਕੁਸੁਧੇ ਜਾਹਿ ॥੧॥ (ਅੰਗ ੪੭੦)**

**ਨਿੰਦਾ ਭਲੀ ਕਿਸੈ ਕੀ ਨਾਹੀ**
**ਮਨਮੁਖ ਮੁਗਧ ਕਰੰਨਿ ॥** (ਅੰਗ ੭੫੫)
**ਹਮ ਨਹੀ ਚੰਗੇ ਬੁਰਾ ਨਹੀ ਕੋਇ ॥**
**ਪ੍ਰਣਵਤਿ ਨਾਨਕੁ ਤਾਰੇ ਸੋਇ ॥** (ਅੰਗ ੭੨੮)

ਅਤੇ ਮੈਂ ਸੁਣ-ਸੁਣ ਕੇ, ਜਾਂ ਲਮਕਾ-ਲਮਕਾ ਕੇ ਪੜ੍ਹਕੇ ਦੱਸਦਾ ਹਾਂ ਕਿ ਮੈਂ ਗੁਰੂ ਦਾ ਹਾਂ । ਬੱਸ ਵਿੱਚ, **Lift** (ਲਿਫ਼ਟ) ਵਿੱਚ, ਬੱਸ ਸਟੈਂਡ 'ਤੇ, ਬੈਂਕ ਵਿੱਚ, **Post Office** (ਡਾਕਖ਼ਾਨੇ) ਵਿੱਚ, ਜਾਂ ਬਜ਼ਾਰ ਵਿੱਚ ਇਵੇਂ ਤੁਰਦਾ ਹਾਂ ਜਾਂ ਇਵੇਂ ਵਰਤਦਾ ਹਾਂ ਕਿ ਮੇਰੇ ਵਰਗਾ ਕੋਈ ਨਹੀਂ । "ਅੰਮ੍ਰਿਤ ਵੇਲੇ" ਦੀ ਝੂਠ-ਮੂਠ ਮਸ਼ਹੂਰੀ ਕਰਕੇ, ਅੱਖਾਂ ਨੂਟ ਕੇ ਪਾਠ ਕਰਦਾ ਹਾਂ, ਰੁਮਾਲੇ ਚਾੜ੍ਹਦਾ ਹਾਂ, ਪਰ ਕਿਸੇ ਦੀ ਗੱਲ ਵੀ ਨਹੀਂ ਬਖ਼ਸ਼ਦਾ । ਮੇਰੀ ਆਦਤ ਇੰਵ ਹੈ ਕਿ ਗੁਰਦੁਆਰੇ ਵਿੱਚ ਕਹਿੰਦਾ ਹਾਂ, "ਸੱਚੇ ਪਾਤਿਸ਼ਾਹ ਮੇਰੇ ਗੁਣ ਔਗੁਣ ਨਾ ਚਿਤਾਰੋ" (ਪਰ ਸਭ ਦੇ ਗੁਣ ਔਗੁਣ ਮੈਂ ਜ਼ਰੂਰ ਚਿਤਾਰਾਂਗਾ) ਕਿਉਂਕਿ ਮੇਰੇ ਵਰਗਾ ਗੁਰਸਿੱਖ, ਗੁਰਬਾਣੀ ਦਾ ਰਸੀਆ, ਗੁਰੂ ਘਰ ਦਾ ਲਾਡਲਾ ਕੋਈ ਨਹੀਂ, ਕਿਉਂਕਿ ਮੁਹੱਲੇ ਦੇ ਸਾਰੇ ਲੋਕ ਮੇਰੀ ਕਾਰ ਤੇ ਮੇਰੀ ਕੋਠੀ ਦੇਖ ਕੇ ਹਮੇਸ਼ਾਂ ਕਹਿੰਦੇ ਹਨ 'ਧੰਨ ਸਿੱਖੀ, ਇਤਨੀ ਵੱਡੀ **Position** (ਹਾਲਤ) ਇਤਨੀ ਅਮੀਰੀ, ਫੇਰ ਵੀ ਇਤਨੀ ਗੁਰਦੁਆਰੇ ਦੀ ਸੇਵਾ **President** (ਪ੍ਰਧਾਨ) ਜਾਂ **Secratary** (ਸਕੱਤਰ) ਦੀ ਜ਼ਿੰਮੇਵਾਰੀ, ਵਾਕਈ ਮੈਂ ਇਤਨਾ ਮਹਾਨ ਹਾਂ ।

ਪਰ ਕਦੇ-ਕਦੇ ਮੈਂ ਵੀ ਸ਼ਰਮ ਕਰਨ ਲੱਗ ਜਾਂਦਾ ਹਾਂ । ਕੁਝ ਦਿਨ ਹੋਏ ਤਾਂ ਮੈਂ ਸਾਰਿਆਂ ਦੇ ਸਾਹਮਣੇ ਹੀ ਅੱਖਾਂ ਵਿੱਚ ਅੱਥਰੂ ਭਰਕੇ **Nehru Museum** (ਨਹਿਰੂ ਅਜਾਇਬ ਘਰ) ਵਿੱਚ ਇਕ ਬੋਰਡ ਦੇ ਸਾਹਮਣੇ ਖਲੋ ਕੇ ਆਪਣੇ ਗੁਰੂ ਨੂੰ ਯਾਦ ਕਰਨ ਲੱਗ ਪਿਆ । **Board** (ਬੋਰਡ) 'ਤੇ ਲਿਖਿਆ ਸੀ :

**"People Call me the Prime Minister of India but I would like to be called the first servant of India."** **NEHRU**

(ਲੋਕੀਂ ਮੈਨੂੰ ਭਾਰਤ ਦਾ ਪ੍ਰਧਾਨ ਮੰਤਰੀ ਆਖਦੇ ਹਨ ਪਰ ਮੈਂ ਭਾਰਤ ਦਾ ਇਕ ਨੰਬਰ ਦਾ ਨੌਕਰ ਅਖਵਾਣਾ ਚਾਹੁੰਦਾ ਹਾਂ ।—ਨਹਿਰੂ)

ਮੇਰੇ ਮਨ ਵਿੱਚ ਗੁਰੂ ਨਾਨਕ ਤੋਂ ਗੁਰੂ ਗ੍ਰੰਥ ਸਾਹਿਬ ਮਹਾਰਾਜ ਤਕ



ਸਾਰੇ ਗੁਰੂ ਸਾਹਿਬਾਨ, ਸਾਰੇ ਮਹਾਂਪੁਰਸ਼ ਗੁਜ਼ਰ ਗਏ, ਖ਼ਿਆਲ ਆਇਆ ਮੇਰੇ ਗੁਰੂ ਨੇ ਤਾਂ ਗੱਲ ਹੀ ਮੁਕਾ ਦਿੱਤੀ ਸੀ ।

**੧. ਆਪੁ ਤਿਆਗਿ ਹੋਈਐ ਸਭ ਰੇਣਾ ਜੀਵਤਿਆ ਇਉ ਮਰੀਐ॥੨॥**
**(ਅੰਗ ੭੫੦)**

**੨. ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥੧॥**
**(ਅੰਗ ੧੧੦੨)**

ਪਰ ਮੇਰੇ ਵਰਗੇ ਅਕ੍ਰਿਤਘਣ ਨੀਚ ਨੇ ਕੁਝ ਨਾ ਸਿੱਖਿਆ, ਕਿਉਂਕਿ ਗੁਰਮਤਿ ਨੂੰ ਆਪਣੀ ਮਤਿ ਤੇ ਆਪਣੀ ਆਕੜ ਦੀ ਕਸੌਟੀ 'ਤੇ ਲਾ ਕੇ ਇਹੋ ਜਾਣਿਆ ਕਿ ਮੇਰੀ ਮੱਤ ਜ਼ਿਆਦਾ **Dependable** (ਭਰੋਸੇਯੋਗ) ਹੈ । ਇਸੇ ਲਈ ਦੁੱਖਾਂ ਵਿੱਚ ਫਿਰਦਾ ਹਾਂ; ਪਰ ਪਿਆਰਿਓ, ਗੁਰਸਿੱਖੋ, ਪ੍ਰੇਮੀਓ ਅਤੇ ਗੁਰੂ ਸਵਾਰਿਓ, ਮੇਰੇ ਲਈ ਅਰਦਾਸ ਕਰਕੇ ਮੈਨੂੰ ਵੀ ਸਵਾਰ ਸਕਦੇ ਹੋ; ਕਿਉਂਕਿ ਮੈਂ ਤੱਕਿਆ ਹੈ ਕਿ ਗੁਰੂ ਦੀ ਮਿਹਰ, ਸਾਧ ਸੰਗਤ ਦੀ ਚਰਨਧੂੜ ਅਤੇ ਗੁਰਸਿੱਖਾਂ ਦੀ ਸੰਗਤ "ਅਸਲੀ ਗੁਰਸਿੱਖ" ਪੈਦਾ ਕਰ ਸਕਦੀ ਹੈ । ਮੇਰੀਆਂ ਕਰਤੂਤਾਂ ਸੁਣ ਕੇ ਨਿਰਾਸ਼ ਨਾ ਹੋਣਾ । ਹੁਣ ਮੈਂ ਤੁਹਾਨੂੰ ਗੁਰਸਿੱਖੀ ਜੀਵਨ ਦੀਆਂ ਕੁਝ ਝਲਕਾਂ ਦੇਣ ਲੱਗਾ ਹਾਂ । ਇਹ ਝਲਕਾਂ ਬਿਲਕੁਲ ਅੱਖੀ ਦੇਖੀਆਂ ਜਾਂ **First hand dependable** (ਪੂਰਣ ਭਰੋਸੇ ਯੋਗ) ਲੋਕਾਂ ਤੋਂ ਸੁਣੀਆਂ ਗਈਆਂ ਹਨ । ਗੁਰਸਿੱਖ ਹਨ ਪਰ ਵਿਰਲੇ, ਸਿੱਖੀ ਹੈ ਪਰ ਅਸੀਂ ਕਦਰ ਨਹੀਂ ਪਾਉਂਦੇ, ਗੁਰਮਤਿ ਸੁਖਦਾਈ ਹੈ ਪਰ ਅਸੀਂ ਦੁੱਖ ਨੂੰ ਸੁਖ ਸਮਝਦੇ ਹਾਂ, ਗੁਰੂ ਦੇ ਚਰਨ ਮਿੱਠੇ ਹਨ ਪਰ ਸਾਨੂੰ ਜੰਜਾਲ ਚੰਗੇ ਲੱਗਦੇ ਹਨ, ਕਿਉਂਕਿ "ਵਿਹਲਾ" ਬਣਨ ਤੋਂ "ਲੋਕਲਾਜ" ਇਤਨਾ ਡਰਾ ਦਿੰਦੀ ਹੈ ਕਿ ਗੁਰੂ ਦੇ ਚਰਨਾਂ ਤੋਂ ਨਿਸ਼ਚਾ ਹਟ ਜਾਂਦਾ ਹੈ । ਲਓ ਸੁਣੋ, ਉਨ੍ਹਾਂ ਦਾ ਹਾਲ ਜਿਨ੍ਹਾਂ ਦੇ ਮਨ ਵਿੱਚ ਗੁਰਸਿੱਖੀ ਨੇ ਘਰ ਕਰ ਲਿਆ ਹੈ ਅਤੇ ਜਿਨ੍ਹਾਂ ਨੇ "**ਗੁਰ ਕੀ ਸਰਣਿ ਰਹਉ ਕਰ ਜੋਰਿ ॥**" (ਅੰਗ ੮੬੪) ਨੂੰ ਮਾਣ ਲਿਆ ਹੈ ।

(੧) ਕਈ ਗੁਰਦੁਆਰਿਆਂ ਵਿੱਚ ਗੁਰੂ ਕੇ ਲਾਲ ਪਾਲਸ਼ ਕਰਨ ਲਈ ਜੋੜਿਆਂ ਦੀ ਥਾਂ 'ਤੇ ਇੰਵ ਡੇਰੇ ਲਾ ਲੈਂਦੇ ਹਨ ਜਿਵੇਂ ਆਪਣਾ ਆਪ ਮਾਰ ਦਿੱਤਾ ਹੋਵੇ ਅਤੇ ਕਦੇ-ਕਦੇ ਉਨ੍ਹਾਂ ਨੂੰ ਬਾਣੀ ਦੀ ਤੁਕ ਪੜ੍ਹਦਿਆਂ, ਸਿਮਰਨ ਕਰਦਿਆਂ ਅਤੇ ਕੰਨਾਂ ਨਾਲ ਕੀਰਤਨ ਸੁਣਦਿਆਂ ਇਕ-ਇਕ ਜੁੱਤੀ ਨੂੰ ਪਾਲਸ਼ ਕਰਕੇ ਆਪਣੇ ਮੱਥੇ ਨਾਲ ਲਾਉਂਦਿਆਂ ਤੱਕ ਕੇ ਆਪਣਾ ਮਨ ਖ਼ੁਸ਼ ਵੀ ਹੁੰਦਾ ਹੈ ਤੇ ਨਿਰਾਸ਼ ਵੀ । ਖ਼ੁਸ਼ ਇਸ ਲਈ ਕਿ ਉਹ ਗੁਰੂ ਕਿਤਨਾ ਮਹਾਨ

ਹੋਵੇਗਾ ਜਿਸ ਦੇ ਇਹ ਲਾਲ ਹਨ ਅਤੇ ਨਿਰਾਸ਼ ਇਸ ਲਈ ਕਿ ਇਹ ਤੱਕ ਕੇ ਵੀ ਮੈਂ ਉੱਥੇ ਦਾ ਉੱਥੇ । ਇਕ ਦਿਨ ਦੇਖਣ ਚਲਾ ਗਿਆ ਤਾਂ ਉਸੇ ਵਾਰ ਇਕ ਬੰਗਾਲੀ ਸੱਜਣ ਪੁੱਛਣ ਲੱਗਾ ਕਿ ਕੀ "ਸਰਕਾਰੀ ਇੰਤਜ਼ਾਮ" ਹੈ ? ਮੈਂ ਹੱਸ ਪਿਆ, ਆਪਣੇ ਗੁਰੂ ਸਾਹਿਬਾਂ ਬਾਰੇ ਦੱਸਿਆ; ਪਰ ਫਿਰ ਖ਼ਿਆਲ ਆਇਆ—'ਹੈ ਤਾਂ ਸਰਕਾਰੀ ਇੰਤਜ਼ਾਮ ਹੀ ਪਰ ਇਹ ਸਭ ਤੋਂ ਵੱਡੀ ਸਰਕਾਰ ਦਾ ।'

(੨) ਜਦੋਂ ਪਾਕਿਸਤਾਨ ਨਾਲ ਲੜਾਈ ਹੋ ਰਹੀ ਸੀ ਤਾਂ ਇਕ ਨਰਸ **(Nurse)** ਨੇ ਮੈਨੂੰ ਦੱਸਿਆ ਕਿ ਇਕ ਵਾਰ ਇਕ ਸਿੰਘ ਖ਼ੂਨ ਦੇਣ ਲਈ ਆਏ । ਉਹਦਾ ਹਮੇਸ਼ਾਂ ਦਾ ਹੀ ਖ਼ੂਨ ਕੱਢਣ ਲਈ **Volunteer** (ਵਲੰਟੀਅਰ) ਨੂੰ **Prepare** (ਤਿਆਰ) ਕਰਨ ਦਾ ਕੰਮ ਸੀ; ਪਰ ਉਸ ਸਿੰਘ ਦੇ ਚਿਹਰੇ 'ਤੇ ਖ਼ੁਸ਼ੀ ਤੇ ਲਾਲੀ ਉਸ ਨੂੰ ਕੁਝ-ਕੁਝ ਹੈਰਾਨ ਕਰ ਰਹੀ ਸੀ । ਜਦੋਂ ਸਿੰਘ ਲੇਟ ਗਿਆ ਤਾਂ ਉਹ ਪੜ੍ਹਨ ਲੱਗਾ ।

**"ਦੇਹ ਸਿਵਾ ਬਰੁ ਮੋਹਿ ਇਹੈ.....।"**

ਨਰਸ ਨੇ ਕਿਹਾ ਇਹ ਸਵੱਯਾ ਤਾਂ ਰੋਜ਼ ਰੇਡੀਓ 'ਤੇ ਪੜ੍ਹਿਆ ਜਾਂਦਾ ਹੈ । ਸਿੰਘ ਨੇ ਕਿਹਾ ਇਹ ਉਹਦੇ ਗੁਰੂ ਦੀ ਰਹਿਮਤ ਹੈ । ਉਹ ਖ਼ੂਨ ਉਸੇ ਗੁਰੂ ਲਈ ਦੇ ਰਿਹਾ ਸੀ । ਉਸ ਨੂੰ **Card** (ਕਾਰਡ) ਨਹੀਂ ਸੀ ਚਾਹੀਦਾ, ਉਹ ਆਪਣਾ ਨਾਂ ਨਹੀਂ ਸੀ ਦੱਸਣਾ ਚਾਹੁੰਦਾ—ਉਹ ਕੋਈ **Concession** (ਰਿਆਇਤ) ਨਹੀਂ ਸੀ ਮੰਗਦਾ । ਜਦ ਉਸ ਨੂੰ ਦੱਸਿਆ ਗਿਆ ਕਿ ਕਾਰਡ ਦਾ ਮਤਲਬ ਹੈ ਕਿ ਉਹਨੂੰ ਜਾਂ ਉਹਦੀ **Family** (ਪਰਿਵਾਰ) ਨੂੰ ਖ਼ੂਨ ਦੀ ਲੋੜ ਹੋਵੇ ਤਾਂ ਮੁਫ਼ਤ ਮਿਲ ਸਕਦਾ ਹੈ, ਉਸ ਉੱਤਰ ਦਿੱਤਾ ਉਸ ਦਾ ਗੁਰੂ ਇਸ ਗੱਲ ਦੀ ਚਿੰਤਾ ਕਰੇਗਾ ।

(੩) ਇਕ **Taxi** (ਟੈਕਸੀ) ਵਾਲੇ ਸਿੰਘ ਦੀ ਗੱਲ ਸੁਣੋ । ਇਕ ਦਿਨ ਉਹ ਤਿਆਰ ਹੋ ਰਿਹਾ ਸੀ ਆਪਣੇ ਘਰ ਜਾਣ ਨੂੰ ਕਿ ਇਕ ਨੌਕਰ ਆਦਮੀ ਆਇਆ ਕਿ **Taxi** (ਟੈਕਸੀ) ਚਾਹੀਦੀ ਹੈ । ਉਸ ਨੇ ਕਹਿ ਦਿੱਤਾ ਕਿ ਕੋਈ ਬਿਮਾਰ ਹੈ ਉਸ ਨੂੰ ਦੇਖਣ ਲਈ ਉਸ ਦੇ ਮਾਲਕ ਨੇ **Taxi** (ਟੈਕਸੀ) ਮੰਗਾਈ ਹੈ । ਅਸਲ ਵਿੱਚ ਉਸ ਦੇ ਮਾਲਕ ਨੇ ਖ਼ਾਸ ਕਿਹਾ ਸੀ ਕਿ ਕਿਸੇ ਸਰਦਾਰ ਜੀ ਦੀ **Taxi** (ਟੈਕਸੀ) ਨਹੀਂ ਲਿਆਉਣੀ ਕਿਉਂਕਿ ੬੦-੭੦ ਮੀਲ ਦਾ ਸਫ਼ਰ ਹੈ ਅਤੇ ਇਹ ਲੋਕ ਠੀਕ ਨਹੀਂ ਹੁੰਦੇ । ਪਰ ਕੋਈ ਹੋਰ



**Taxi** (ਟੈਕਸੀ) ਨਾ ਲੱਭਣ ਕਰਕੇ ਨੌਕਰ ਨੇ ਸਰਦਾਰ ਜੀ ਦੀ ਹੀ **Taxi** ਲੈ ਆਂਦੀ ਕਿਉਂਕਿ ਉਹ ਸਿੰਘ ਮਜਬੂਰ ਕਰਨ 'ਤੇ ਮੰਨ ਗਏ ।

ਨੌਕਰ ਨੂੰ ਗੁੱਸੇ ਹੋਣ ਦੇ ਬਾਅਦ, ਮਾਲਕ, ਉਹਦੀ ਪਤਨੀ ਅਤੇ ਨੌਕਰ **Taxi** ਵਿੱਚ ਬਹਿ ਗਏ ਤੇ **Taxi** ਚੱਲ ਪਈ ਤੇ ਮਾਲਕ ਨੇ ਪਿਸਤੌਲ ਲੋਡ ਕਰ ਲਿਆ ਅਤੇ **Watch** (ਦੇਖਭਾਲ) ਕਰਨ ਲੱਗਾ ਕਿ ਜ਼ਰਾ ਕਿਤੇ ਸਿੰਘ ਜੀ ਕੋਈ ਐਸੀ-ਵੈਸੀ ਗੱਲ ਕਰਨ ਤਾਂ ਗੋਲੀ ਮਾਰ ਦੇਵੇ । **Taxi** ਜਾ ਰਹੀ ਸੀ ਤਾਂ ਸਿੰਘ ਨੇ ਹਰ ਦਸ ਪੰਦਰਾਂ ਮਿੰਟ ਬਾਅਦ ਕੁਝ ਅਰਾਮ ਕਰਨ ਲਈ ਕਿਹਾ ਅਤੇ ਹੌਲੀ-ਹੌਲੀ ਖ਼ੈਰ ਖ਼ੈਰੀਅਤ ਨਾਲ ਪਹੁੰਚ ਗਏ ।

ਜਿਸ ਬਿਮਾਰ ਨੂੰ ਦੇਖਣ ਆਏ ਸਨ ਉਹ ਮਰ ਚੁੱਕਾ ਸੀ । ਉਨ੍ਹਾਂ ਫ਼ੈਸਲਾ ਕੀਤਾ ਇਸੇ **Taxi** 'ਤੇ ਵਾਪਸ ਚਲੇ ਜਾਵਾਂਗੇ । ਸਿੰਘ ਨਾਲ ਪਿਆਰ ਹੋ ਚੁੱਕਾ ਸੀ । ਜਦੋਂ ਸਸਕਾਰ ਹੋਇਆ ਤਾਂ ਸਿੰਘ ਨੇ ਵੀ ਕੁਝ ਫੁੱਲ ਅਰਥੀ 'ਤੇ ਪਾ ਦਿੱਤੇ । ਘਰ ਵਾਲੇ ਹੈਰਾਨ ਸਨ ਪਰ ਕੁਝ ਨਾ ਜਾਣ ਸਕੇ ।

ਜਦੋਂ **Taxi** 'ਤੇ ਵਾਪਸ ਘਰ ਆ ਗਏ ਤਾਂ ਸਿੰਘ ਨੂੰ ੬੦ ਰੁਪਏ ਜੋ ਚੁਕਾਏ ਗਏ ਸਨ ਲੈਣ ਦੀ ਥਾਂ ਕੇਵਲ ੫੦ ਰੁਪਏ ਲਏ । ਆਖਿਰ ਉਹ ਰਹਿ ਨਾ ਸਕੇ ਤੇ ਕਹਿਣ ਲੱਗੇ ਕਿ ਉਸ ਦਾ "ਗੁਰਸਿੱਖੀ" ਵਿਉਹਾਰ ਕਮਾਲ ਹੈ । ਸਿੰਘ ਨੂੰ ਵੀ ਇਹ ਅਨੁਭਵ ਹੋ ਚੁੱਕਾ ਹੋਵੇਗਾ ਕਿ ਗੁਰੂ ਉਸ 'ਤੇ ਖ਼ਾਸ ਤ੍ਰੁੱਠਾ ਹੈ ਅਤੇ ਸਿਖਾ ਚੁੱਕਾ ਹੈ ।

**"ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥**

**ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥ (ਅੰ: ੧੪੨੮)**

ਉਸ ਆਪਣੀ ਜੇਬ੍ਹ ਵਿੱਚੋਂ ਇਕ ਕਾਗ਼ਜ਼ ਕੱਢਿਆ—ਇਹ ਇਕ ਤਾਰ ਸੀ, ਲਿਖਿਆ ਸੀ—ਪਿਤਾ ਜੀ ਪੂਰੇ ਹੋ ਗਏ ਹਨ ਛੇਤੀ ਪਹੁੰਚੋ । ਉਹ ਉੱਥੇ ਜਾਣ ਹੀ ਲੱਗਾ ਸੀ ਕਿ ਕਿਸੇ ਬਿਮਾਰ ਕੋਲ ਪਹੁੰਚਣ ਦੀ ਮੰਗ ਨੇ ਉਸ ਦੇ ਇਸ ਇਰਾਦੇ ਨੂੰ ਇਸ ਖ਼ਿਆਲ ਨਾਲ ਬਦਲ ਦਿੱਤਾ, ਪਿਤਾ ਜੀ ਨੂੰ ਤਾਂ ਮੈਂ ਨਹੀਂ ਮਿਲ ਸਕਦਾ ਪਰ ਹੋ ਸਕਦਾ ਹੈ ਇਹ ਲੋਕ ਬਿਮਾਰ ਨੂੰ ਮਿਲ ਸਕਣ । ਕਹਿਣ ਲੱਗਾ, ਇਸ ਲਈ ਇਹ ੧੦ ਰੁਪਏ ਜਿਹੜੇ ਵੱਧ ਮੰਗੇ ਸਨ ਨਹੀਂ ਲੈ ਸਕਦਾ ਕਿਉਂ ਕਿ ਤੁਸੀਂ ਮਿਲ ਨਹੀਂ ਸਕੇ ।

ਇਹ ਜੇ ਗੁਰਸਿੱਖੀ, ਪਰ ਮੈਂ ਆਪਣੀਆਂ ਕਰਤੂਤਾਂ ਤਾਂ ਦੱਸ ਚੁੱਕਾ ਹਾਂ ।

(੪) ਇਕ ਦਿਨ ਬੱਸ-ਸਟਾਪ 'ਤੇ ਇਕ ਸਿੰਘ ਜੀ

**Two-wheeler** ਸਕੂਟਰ 'ਤੇ ਆਏ ਤੇ ਉੱਚੀ-ਉੱਚੀ ਕਹਿਣ ਲੱਗੇ ਮੈਂ ਫਲਾਣੀ ਜਗ੍ਹਾ 'ਤੇ ਜਾਣਾ ਹੈ, ਕਿਸੇ ਮੇਰੇ ਨਾਲ ਜਾਣਾ ਹੋਵੇ ਤਾਂ ਆ ਜਾਓ । ਗੁਰੂ ਅਰਜਨ ਸਾਹਿਬ ਦਾ ਸ਼ਹੀਦੀ ਦਿਨ ਸੀ । ਜਾਪਦਾ ਸੀ ਉਹ ਗੁਰਦੁਆਰੇ ਤੋਂ ਵਾਪਸ ਘਰ ਵੱਲ ਜਾ ਰਹੇ ਹੋਣ, ਉਨ੍ਹਾਂ ਦਾ ਚਿਹਰਾ ਗੁਰੂ ਅਰਜਨ ਸਾਹਿਬ ਦੀਆਂ ਰਹਿਮਤਾਂ ਨਾਲ ਲਾਲ ਸੀ । ਇਕ ਮੌਲਵੀ ਜੀ ਅੱਡੇ ਤੋਂ ਅੱਗੇ ਹੋ ਕੇ ਕਹਿਣ ਲੱਗੇ—ਮੈਂ ਤਾਂ ਇੱਥੇ ਜਾਣਾ ਹੈ—ਇਕ ਨਿੱਕਾ ਜਿਹਾ ਚੱਕਰ ਸੀ ਪਰ ਸਿੰਘ ਜੀ ਪਿਆਰ ਨਾਲ ਕਹਿਣ ਲੱਗੇ "ਚੱਲੀਏ ਮੈਂ ਤੋ ਆਪ ਕਾ ਖ਼ਾਦਮ ਹੂੰ—ਆਪ ਕੋ ਛੋੜ ਦੂੰਗਾ ॥" **Bus Supervisor** (ਬੱਸ-ਸੁਪਰਵਾਈਜ਼ਰ) ਨੇ ਉੱਚੀ ਕਿਹਾ "ਅੱਜ ਮਜ਼ਾ ਆ ਗਿਆ, ਕਮਾਲ ਹੈ" "ਵਾਹਿਗੁਰੂ ਤੂੰ ਕਮਾਲ ਹੈਂ", **"ਜੇ ਲੋਕੁ ਸਲਾਹੇ ਤਾ ਤੇਰੀ ਉਪਮਾ ਜੇ ਨਿੰਦੈ ਤ ਛੋਡਿ ਨ ਜਾਈ ॥" (ਅੰਗ ੭੫੭)**; ਪਰ ਮੈਂ ਆਪਣੇ ਮਨਮੁੱਖੀ ਜੀਵਨ ਵੱਲ ਪਿਆਰ ਕਰਕੇ ਸ਼ਰਮਸਾਰ ਹੋਈ ਜਾ ਰਿਹਾ ਸਾਂ ।

ਸ਼ਾਮ ਨੂੰ ਉਹ ਮੌਲਵੀ ਜੀ ਮਿਲ ਗਏ, ਉਨ੍ਹਾਂ ਦੱਸਿਆ ਕਿ ਸਿੰਘ ਨੇ ਉਨ੍ਹਾਂ ਨਾਲ ਅਤਿ ਸਤਿਕਾਰ ਤੇ ਮਿਠਾਸ ਵਾਲਾ ਵਿਉਹਾਰ ਕਰਕੇ ਗੁਰੂ ਅਰਜਨ ਸਾਹਿਬ, ਹਜ਼ਰਤ ਮੀਆਂ ਮੀਰ ਤੇ ਹਰਿਮੰਦਰ ਸਾਹਿਬ ਦੀਆਂ ਗੱਲਾਂ ਕੀਤੀਆਂ, ਖ਼ੁਦਾ ਦੇ ਪਿਆਰ ਬਾਰੇ ਪੁੱਛਿਆ ਅਤੇ ਜਦ ਉਹ ਮਸਜਿਦ ਕੋਲ ਪਹੁੰਚੇ (ਉਹ ਇਕ ਮਸਜਿਦ ਦੇ ਇਮਾਮ (**Imam**) ਸਨ) ਉਨ੍ਹਾਂ ਸਿੰਘ ਜੀ ਨੂੰ ਖਿਦਮਤ ਪੁੱਛੀ । ਸਿੰਘ ਨੇ ਮਸਜਿਦ ਨੂੰ ਨਮਸਕਾਰ ਕੀਤਾ ਤੇ ਉੱਤਰ ਦਿੱਤਾ, "ਹਜ਼ੂਰ ਆਪ ਨਮਾਜ਼ ਪੜ੍ਹਵਾਏਂਗੇ ਨਾ-ਆਪ ਨਿਵਾਜਸ਼ ਕਰਨਾ—ਮੇਰੇ ਲੀਏ ਭੀ ਨਮਾਜ਼ ਪੜ੍ਹਨਾ ਔਰ ਅਰਜ ਕਰਨਾ ਕਿ ਮੁਝੇ ਖ਼ੁਦਾ ਕਾ ਮੁਕੱਦਸ ਨਾਮ ਏਕ ਪਲ ਭੀ ਨਾ ਵਿੱਸਰੇ" ਮੇਰੀਆਂ ਅੱਖਾਂ ਭਰ ਆਈਆਂ । ਮੈਂ ਸਦਕੇ ਗਿਆ ਉਸ ਸਿੰਘ ਤੋਂ ਤੇ ਸਾਨੂੰ ਸਿਖਾਉਣ ਵਾਲਿਆਂ ਤੋਂ । ਮੌਲਵੀ ਜੀ ਨੇ ਹੋਰ ਦੱਸਿਆ ਕਿ ਸਿੰਘ ਜੀ ਨੇ ਨਾ ਆਪਣਾ ਪਤਾ ਦੱਸਿਆ ਅਤੇ ਨਾ ਹੀ ਇਸ ਵਿੱਚ **Interest** (ਦਿਲਚਸਪੀ) ਜ਼ਾਹਰ ਕੀਤੀ ਕਿ ਮੌਲਵੀ ਕਦੇ ਉਨ੍ਹਾਂ ਦੇ ਕੰਮ ਆ ਸਕਦੇ ਹਨ ।

(੫) ਇਕ ਹੋਰ ਸਿੰਘ **Police Officer** (ਪੋਲੀਸ ਅਫ਼ਸਰ) ਅੰਮ੍ਰਿਤ ਵੇਲੇ ਅਤੇ ਸ਼ਾਮ ਨੂੰ ਕਈ ਚਿਰਾਂ ਤੋਂ **Regularly** (ਬਿਨਾਂ-ਨਾਗਾ) ਕੀਰਤਨ ਕਰਕੇ ਵਿਆਖਿਆ ਕਰਕੇ ਅਤੇ ਸ਼ਬਦ ਦੀ ਕਮਾਈ ਕਰਕੇ ਆਪਣੇ ਜੀਵਨ ਨੂੰ ਤਾਂ ਸੁਧਾਰ ਹੀ ਰਹੇ ਸਨ ਪਰ ਕਈਆਂ ਮੇਰੇ ਵਰਗੇ ਪਾਪੀਆਂ ਨੂੰ



ਭੀ ਤਾਰਦੇ ਹਨ । ਨਿਮਰਤਾ ਨਾਲ ਕਹਿੰਦੇ ਹਨ "ਤੂੰ ਨਹੀਂ ਜਾਣਦਾ ਪੁਲਿਸ ਵਾਲੇ ਕਿਤਨੇ ਚਲਾਕ ਹੁੰਦੇ ਹਨ । ਸਾਡਾ ਕੰਮ ਤਾਂ ਮਾਰ ਕੁਟਾਈ ਕਰਨਾ ਹੀ ਹੈ" ਅਤੇ ਮੈਂ ਉੱਤਰ ਦਿੰਦਾ ਹਾਂ ਮਹਾਰਾਜ ਤੁਸੀਂ ਆਪਣਾ ਕੰਮ ਛੱਡਿਆ ਤਾਂ ਕੋਈ ਨਹੀਂ, ਗੁਰਬਾਣੀ ਦੀ ਕਰੜੀ **Warning** (ਖ਼ਬਰਦਾਰੀ) ਨਾਲ ਡੰਡੇ ਮਾਰਦੇ ਹੋ ਅਤੇ ਮੌਤ ਚੇਤੇ ਕਰਵਾ ਕੇ, ਜਮਕਾਲ ਦਾ ਡਰਾਵਾ ਦੇ ਕੇ ਅਤੇ "ਚੁਣ ਵਖ ਕਢੈ ਜਜਮਾਲਿਆ" ਕਹਿਕੇ ਸਾਡੇ ਪ੍ਰਾਣ ਖ਼ੁਸ਼ਕ ਕਰ ਦਿੰਦੇ ਹੋ । ਉਨ੍ਹਾਂ ਦੇ ਵਿਉਹਾਰ ਦੀ ਮਿਸਾਲ ਦਿੰਦਾ ਹਾਂ । ਉਨ੍ਹਾਂ ਨੂੰ ਇਕ ਸਰਕਾਰੀ ਕਾਰ ਤੇ ਡਰਾਈਵਰ ਮਿਲੇ ਹੋਏ ਹਨ ਅਤੇ ਜਿੱਥੇ ਕਿਤੇ ਜਾਂਦੇ ਹਨ ਉੱਥੋਂ ਉੱਠਦਿਆਂ ਸਾਰ ਡਰਾਈਵਰ ਨੂੰ ਕਹਿੰਦੇ ਹਨ—

"ਚੱਲ ਭਾਈ ਗੁਰਮੁਖਾ, ਹੁਣ ਫ਼ਲਾਣੀ ਥਾਂ ਚੱਲੀਏ।" ਮੈਂ ਕੁਝ ਵੀ ਨਹੀਂ ਤਾਂ ਵੀ ਕਿਤੇ ਸਰਕਾਰੀ ਕੰਮ 'ਤੇ ਕਾਰ ਮਿਲ ਜਾਏ ਤਾਂ ਇਉਂ ਬੋਲਦਾ ਹਾਂ "ਏ ਡਰਾਈਵਰ, ਅਬ ਵਹਾਂ ਲੈ ਚਲੋ" ਅਤੇ ਉਡੀਕਦਾ ਰਹਿੰਦਾ ਹਾਂ ਉਹ ਬੂਹਾ ਖੋਲ੍ਹੇ ਤਾਂ ਬਾਹਰ ਨਿਕਲਾਂ !

(੬) ਦੋ ਆਪਸ ਵਿੱਚ ਨਾ ਜਾਣਨ ਵਾਲੇ ਗੁਰਸਿੱਖਾਂ ਦੀ ਕਥਾ ਸੁਣੋ । ਇਕ ਕਾਰ ਸ਼ਾਮ ਵੇਲੇ ਆ ਕੇ ਬੱਸ-ਸਟਾਪ 'ਤੇ ਰੁਕੀ ਅਤੇ ਇਕ ਸਿੰਘ ਨੇ ਕਿਹਾ, "ਕਿਸੇ ਉਸ ਪਾਸੇ ਜਾਣਾ ਹੈ ?" ਇਕ ਜਵਾਨ ਗੁਰਸਿੱਖ ਇਸਤਰੀ ਗੁਰੂ ਦਾ ਨਾਂ ਲੈ ਰਹੀ ਬੱਸ ਦੀ ਇੰਤਜ਼ਾਰ ਕਰ ਰਹੀ ਸੀ । ਇਕ **Second** ਦੀ **Hesitation** ਦੇ ਬਾਅਦ ਬੈਠ ਗਈ—ਹਨੇਰਾ ਪੈ ਰਿਹਾ ਸੀ—ਉਹਦੇ ਬੁੱਲ੍ਹ ਹਿਲਦੇ ਦੇਖ ਸਿੰਘ ਨੇ ਕਿਹਾ—ਪਾਠ ਕਰ ਰਹੇ ਤਾਂ ਉੱਚਾ ਕਰੋ । ਰਹਿਰਾਸ ਸਾਹਿਬ ਦਾ ਪਾਠ ਬੜੇ ਪ੍ਰੇਮ ਨਾਲ ਕੀਤਾ ਗਿਆ ਅਤੇ ਸਿੰਘ ਜੀ ਕਹਿਣ ਲੱਗੇ,ਚੱਲਦੇ ਹੋਣ ਦੀ ਹਾਲਤ ਵਿੱਚ ਬਹਿ ਕੇ ਹੀ ਅਰਦਾਸ ਕਰ ਲਵੋ । ਅਰਦਾਸ ਕੀਤੀ ਗਈ । ਘਰ ਆ ਗਿਆ । ਸਿੰਘ ਜੀ ਕਹਿਣ ਲੱਗੇ, ਮੁਆਫ਼ ਕਰਨਾ ਮੈਂ ਤੁਹਾਨੂੰ ਤੋੜ ਘਰ ਛੱਡ ਆਉਂਦਾ, ਪਰ ਮੈਂ **Family** ਨੂੰ ਕੀਰਤਨ 'ਤੇ ਲੈ ਕੇ ਜਾਣਾ ਹੈ ਲੇਟ ਹੋ ਚੁੱਕਾ ਹਾਂ ।

ਗੱਲ ਸੁਣਾਉਣ ਵਾਲੀ ਮੇਰੀ ਆਪਣੀ ਭੈਣ ਹੈ ਜਿਸ ਨੇ ਕਿਸੇ ਖ਼ਤਰੇ 'ਤੇ ਨਾ ਧਿਆਨ ਕਰਦਿਆਂ ਹੋਇਆਂ ਇਹ ਨਿਸ਼ਚਾ ਕਰ ਲਿਆ ਹੋਇਆ ਹੈ ਕਿ:

**ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥ (ਅੰਗ ੩੯੪)**

ਅਤੇ ਸਿੰਘ ਜੀ ਨੇ ਇਹ ਫ਼ੈਸਲਾ ਕਰ ਲਿਆ ਹੋਇਆ ਜਾਪਦਾ ਹੈ ।

**ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ ॥ (ਅੰਗ ੪੭੨)**

(੭) ਇਕ ਗੁਰਸਿੱਖ ਬੱਚੀ ਦੀ ਗੱਲ ਸੁਣੋ । ਕੋਈ ੨੦-੨੧ ਵਰ੍ਹਿਆਂ ਦੀ ਹੋਵੇਗੀ ਅਤੇ ਹੁਣੇ ਹੀ **M.A. Economics** (ਐਮ.ਏ. ਇਕਨਾਮਿਕਸ) ਕਰਕੇ ਹਟੀ ਹੈ । ਕੁਝ ਦਿਨ ਹੋਏ ਸਾਡੇ ਘਰ ਆਈ ਤਾਂ ਮੈਂ ਤੱਕਿਆ ਕਿ **"ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥" (ਅੰ: ੯੧੮)।** ਉਸ ਦੇ ਹਿਰਦੇ ਵਿੱਚ ਘਰ ਕਰ ਚੁੱਕਾ ਸੀ ਅਤੇ ਉਹ **"ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥ ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥"** (ਅੰ: ੭੬੨) । ਆਪਣਾ ਕਰਤੱਵ ਬਣਾ ਬੈਠੀ । ਜਦ ਉਸ ਮੇਰੇ ਨਾਲ, ਮੇਰੀਆਂ ਕਮੀਆਂ ਨੂੰ ਨਾ ਚਿਤਾਰਦਿਆਂ ਹੋਇਆਂ ਗੁਰਮਤਿ ਬਾਰੇ ਵਿਚਾਰ ਕਰਨੀ ਮੰਨ ਲਈ ਤਾਂ ਮੈਂ ਇਕ ਸਵਾਲ ਪੁੱਛਿਆ "ਬੇਟਾ ਜੀ, ਇਹ ਦੱਸੋ, ਅੱਜਕੱਲ੍ਹ ਦੇ ਜ਼ਮਾਨੇ ਵਿੱਚ ਜਦੋਂ ਸਾਡੇ ਕਾਲਜਾਂ ਵਿੱਚ **So called modernity** (ਨਵੇਂ ਜ਼ਮਾਨੇ ਦੀ ਹਵਾ) ਅਤੇ **Hippism** (ਹਿਪੀਪਨ) ਇਤਨਾ ਪ੍ਰਚੱਲਿਤ ਲੱਗਦਾ ਹੈ, ਕੀ ਤੁਹਾਨੂੰ ਆਪਣੇ ਰਾਹ ਵਿੱਚ **Embarrassment** ਜਾਂ **Harrassment** (ਤਕਲੀਫ਼ ਜਾਂ ਰੁਕਾਵਟ) ਨਹੀਂ ਹੁੰਦੀ ?" ਬੇਟੇ ਨੇ ਜਵਾਬ ਦਿੱਤਾ; ਜਿਵੇਂ ਮੇਰੇ ਵਰਗੇ ਮੂਰਖ ਨੂੰ ਰਾਹੇ ਪਾਉਣ ਦਾ ਯਤਨ ਕੀਤਾ ਹੋਵੇ, "ਮੈਂ ਕਦੇ ਪਰਵਾਹ ਹੀ ਨਹੀਂ ਕੀਤੀ ਕੋਈ ਜੋ ਮਰਜ਼ੀ ਕਹੇ ।" **College** (ਕਾਲਜ) ਵਿੱਚ **Co-education** (ਕੋ-ਐਜੂਕੇਸ਼ਨ) ਵੀ ਸੀ ਉਸ ਨੇ ਮੰਨ ਲਿਆ ਸੀ ।

**"ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥" (ਅੰਗ ੪੭੩)**

(੮) ਇਕ ਹੋਰ ਗੁਰਸਿੱਖ ਭੈਣ ਦੀ ਗੱਲ ਸੁਣਾ ਕੇ ਖ਼ਤਮ ਕਰਦਾ ਹਾਂ । ਆਪਣੇ ਘਰ ਸਾਹਮਣੇ ਇਕ ਬਜ਼ੁਰਗ ਦੇ ਡਿੱਗਣ ਨਾਲ ਉਸ ਨੂੰ ਖੜਾਕ ਸੁਣਿਆ ਤਾਂ ਬਾਹਰ ਆ ਕੇ ਉਸ ਨੂੰ ਚੁੱਕਿਆ, ਲੋਕਲਾਜ ਦੀ ਪਰਵਾਹ ਨਾ ਕਰਦਿਆਂ ਥੋੜ੍ਹੀ ਦੂਰ ਉਹਦਾ ਹੱਥ ਪਕੜ ਕੇ ਡਾਕਟਰ ਕੋਲ ਲੈ ਗਈ, ਡਾਕਟਰ ਕੋਲੋਂ ਦਵਾਈਆਂ ਦਵਾ ਕੇ ਆਪਣੇ ਘਰ ਆ ਕੇ ਅਰਾਮ ਕਰਵਾਇਆ ਤੇ ਸੇਵਾ ਕੀਤੀ । ਜਦ ਉਹ ਠੀਕ ਹੋ ਗਏ ਤਾਂ ਆ ਕੇ ਭੈਣ ਨੂੰ ਕਹਿਣ ਲੱਗੇ, ਇਕ ਗੱਲ ਸੁਣੋ, ਮੇਰੇ ਬੱਚੇ ਕਿਸੇ ਕੰਮ ਦੇ ਨਹੀਂ ਹਨ ਮੈਂ ਤੁਹਾਡੇ ਨਾਂ ਕੁਝ ਜ਼ਮੀਨ ਲਗਾਉਣਾ ਚਾਹੁੰਦਾ ਹਾਂ । **ਭੈਣ ਜੀ ਉੱਤਰ ਦਿੱਤਾ— "ਗੁਰੂ ਦਾ ਦਿੱਤਾ ਸਭ ਕੁਝ ਹੈ, ਕੇਵਲ ਇਹ ਅਰਦਾਸ ਕਰੋ ਕਿ ਮਨ-ਤਨ ਲਾ ਕੇ ਨਾਮ ਜਪ ਸਕਾਂ ।"**

ਇਨ੍ਹਾਂ ਮਿਸਾਲਾਂ ਤੋਂ ਸਿੱਧ ਹੁੰਦਾ ਹੈ ਕਿ ਜਿੱਥੇ ਮੇਰੇ ਗੁਰੂ ਨੇ ਵਰਖ਼ਾ ਕੀਤੀ ਹੈ ਉੱਥੇ ਹਰਿਆਵਲ ਜ਼ਰੂਰ ਹੋਈ ਹੈ । ਉੱਪਰਲੇ ਸਾਰੇ ਲੋਕ, ਮੇਰੀ ਸਮਝ ਮੁਤਾਬਕ, **"ਭਾਉ ਭਗਤਿ ਕਰਿ ਨੀਚੁ ਸਦਾਏ ॥"** (ਅੰ: ੪੭੦) ਵਿੱਚ ਤੇ **"ਜੇ ਦੇਹਿ ਵਡਿਆਈ ਤਾ ਤੇਰੀ ਵਡਿਆਈ ਇਤ ਉਤ ਤੁਝਹਿ ਧਿਆਉ ॥ (ਅੰਗ ੩੮੨)"** ਵਿੱਚ ਨਿਸ਼ਚਾ ਰੱਖ ਕੇ ਆਪਣੇ ਮਨ ਨੂੰ ਹਉਮੈਂ ਦਾ ਸ਼ਿਕਾਰ ਨਹੀਂ ਹੋਣ ਦਿੰਦੇ ।



ਗੁਰਸਿੱਖ ਕਹਿਲਾਉਣਾ ਬਹੁਤ ਔਖਾ ਹੈ; ਜਿਵੇਂ ਨਾਮ ਜਪਣਾ ਔਖਾ ਹੈ । ਪਰ ਸਾਡੇ ਗੁਰੂ ਨੇ ਕਿਤੇ ਵੀ "ਨਾਮੁਮਕਿਨ" ਨਹੀਂ ਕਿਹਾ । ਔਖਾ, ਬਿਖੜਾ, ਤੇਜ਼ ਧਾਰ ਵਰਗਾ, ਬਿਖਮ ਮਾਰਗ ਇਤਿਆਦਿਕ ਲਫ਼ਜ਼ ਲਿਖੇ ਹਨ । ਇਹ ਵੀ ਕਿਹਾ ਹੈ **"ਕੋਟਨ ਮੈ ਨਾਨਕ ਕੋਊ"** ਜਾਂ **"ਵਿਰਲੇ ਕੇਈ ਕੇਇ"** ਪਰ ਗੁਰਸਿੱਖੀ ਦਾ ਰਾਹ ਚੱਲਣ ਯੋਗ ਹੈ । ਕੇਵਲ ਸਾਡੇ ਨਿਮਾਣੇ ਤੇ ਢੀਠ ਬਣ ਕੇ ਅਰਜ਼ ਕਰਨ ਦੀ ਲੋੜ ਹੈ ਅਤੇ ਮਾਲਕ ਦੀ ਨਜ਼ਰ-ਅਨਾਇਤ ਦੀ ਲੋੜ ਹੈ ।

ਆਓ, ਹੰਭਲਾ ਮਾਰੀਏ, ਆਪਣਾ ਵਿਉਹਾਰ ਗੁਰਸਿੱਖਾਂ ਵਰਗਾ ਰੱਖੀਏ । ਸਾਡੇ ਗੁਰੂ ਨੇ ਸਾਨੂੰ "ਨਿਰਾਲਾ" ਚੰਗੇ ਕੰਮਾਂ ਵਾਸਤੇ ਬਣਾਇਆ ਸੀ; ਇਸ ਵਾਸਤੇ ਨਹੀਂ ਕਿ ਦੂਰੋਂ ਪਛਾਣ ਕੇ ਲੋਕੀਂ ਕਹਿ ਸਕਣ "ਉਹ ਸਿੱਖ ਸ਼ਰਾਬੀ, ਉਹ ਸਿੱਖ ਨਿੰਦਕ, ਉਹ ਸਿੱਖ ਚਾਲਬਾਜ਼ ।" ਗੁਰੂ ਦੀ ਸਿੱਖਿਆ ਲੈ ਕੇ ਆਓ ਹਲਤ ਪਲਤ ਸਵਾਰੀਏ । ਜਿਸ ਮਹਾਂਪੁਰਸ਼ ਦਾ ਸ਼ੁਰੂ ਵਿੱਚ ਮੈਂ ਜ਼ਿਕਰ ਕੀਤਾ ਹੈ ਉਹ ਕਹਿੰਦੇ ਸਨ ਕਿ ਉਹ ਪਾਠ ਕਾਹਦਾ ਹੋਇਆ ਜਿਹੜਾ ਸ਼ੀਤਲਤਾ ਨਾ ਦੇਵੇ । ਇਸ ਲਈ ਵਿਉਹਾਰ ਵਿੱਚ ਗੁਰ-ਸ਼ਬਦ ਦੀ ਕਮਾਈ ਜ਼ਰੂਰੀ ਹੈ । ਮੈਨੂੰ ਵੀ ਕੋਈ ਰਾਹ ਦੱਸੇ ਕਿਵੇਂ ਕਰੀਦੀ ਹੈ ?

# ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਧਾਰ 'ਤੇ ਜੀਵਨ-ਜਾਚ

ਕਿਤਨੇ ਖੁਸ਼ਕਿਸਮਤ ਹਾਂ ਅਸੀਂ, ਬਾਬਾ ਫਰੀਦ ਜਾਂ ਨਾਮਦੇਵ ਹੋਵੇ, ਕਬੀਰ ਜਾਂ ਰਵਿਦਾਸ, ਗੁਰੂ ਨਾਨਕ ਹੋਵੇ ਜਾਂ ਗੁਰੂ ਅਰਜਨ, ਜਦ ਅਸਮਾਨ ਦੇ ਤਾਰਿਆਂ ਦੀ ਕਹਿਕਸ਼ਾਂ ਬਣ ਕੇ ਇਕ ਅਦੁੱਤੀ ਧਰਮ ਸਾਂਝੀਵਾਲਤਾ ਦੇ ਪ੍ਰਕਾਸ਼ਮਾਨ ਗਗਨ, ਗੁਰੂ ਗ੍ਰੰਥ ਸਾਹਿਬ ਮਹਾਰਾਜ ਵਿੱਚੋਂ ਬੋਲਦੇ ਹਨ ਤਾਂ ਇਨਸਾਨੀਅਤ ਨੂੰ ਟੁੰਬ ਲੈਂਦੇ ਹਨ । ਪਰ ਕਿਤਨੇ ਬਦਕਿਸਮਤ ਹਾਂ ਅਸੀਂ ਕਿ ਉਸ ਮਹਾਨ ਜਾਗਦੀ ਜੋਤ ਤੇ ਜ਼ਾਹਰਾ-ਜ਼ਹੂਰ ਗੁਰੂ ਦੀ ਹਰ ਮੈਦਾਨ ਵਿੱਚ ਅਗਵਾਈ ਹੁੰਦਿਆਂ ਤੇ ਉਸ ਦੀ **'ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥'** (ਅੰਗ ੪੮੮) ਦੀ ਸਪੱਸ਼ਟ ਚੇਤਾਵਨੀ ਹੁੰਦਿਆਂ ਹੋਇਆਂ ਵੀ ਅਸੀਂ ਆਪਣਾ ਵਿਰਸਾ ਕੇਵਲ ਬਾਹਰਲੀਆਂ ਫੋਕੀਆਂ ਰੀਤਾਂ ਵਿੱਚ ਗਵਾ ਦਿੱਤਾ ਹੈ । ਇਸੇ ਲਈ ਬਹੁਮੁੱਲੀ ਜਾਇਦਾਦ ਦੇ ਹਿੱਸੇਦਾਰ ਹੁੰਦਿਆਂ ਤੇ ਪਿਉ-ਦਾਦੇ ਦੇ ਬੇਅੰਤ ਖ਼ਜ਼ਾਨਿਆਂ ਦੇ ਵਾਰਸ ਹੁੰਦਿਆਂ ਹੋਇਆਂ ਵੀ ਕੌਡੀ-ਕੌਡੀ ਮੰਗਣ ਵਾਲੇ ਭਿਖਾਰੀ ਬਣ ਗਏ ਹਾਂ । ਆਉ ਵਿਚਾਰ ਕਰੀਏ ਕਿ ਇੰਞ ਕਿਉਂ ਹੋਇਆ ?

੧. ਕਿਉਂਕਿ ਅਸਾਂ ਗੁਰੂ ਗ੍ਰੰਥ ਸਾਹਿਬ ਮਹਾਰਾਜ ਨੂੰ 'ਸ਼ਬਦ ਗੁਰੂ' ਸਮਝ ਕੇ, ਗੁਰੂ ਦਾ ਹੁਕਮ ਘੋਖ ਕੇ ਅਮਲ ਕਰਨ ਦੀ ਬਜਾਏ 'ਮੂਰਤੀ' ਸਮਝ ਕੇ ਕੇਵਲ ਮੱਥਾ ਟੇਕਣਾ ਜਾਂ ਆਪਣੇ ਦੁਨਿਆਵੀ ਧੰਦਿਆਂ ਦੀ ਪੂਰਤੀ ਲਈ ਬਾਹਰਲੇ ਸਤਿਕਾਰ ਦੀ ਖੇਡ ਸਮਝ ਲਿਆ । ਅੱਜ ਬੇਸ਼ੱਕ ਗਿਣਤੀ ਕਰ ਲਵੋ, ਬਹੁਤ ਘੱਟ ਲੋਕ ਹੋਣਗੇ ਜੋ ਗੁਰੂ ਦੀ ਗੱਲ ਕਰਦੇ ਹੋਣਗੇ; ਹੋਰ ਘੱਟ ਜੋ ਸਮਝਦੇ ਹੋਣਗੇ ਤੇ ਨਾਂਹ ਦੇ ਬਰਾਬਰ ਜਿਹੜੇ ਕਿ ਅਮਲ ਕਰਦੇ ਹੋਣਗੇ ।

੨. ਗੁਰੂ ਦੇ ਆਸ਼ਿਆਂ ਨੂੰ ਕੇਵਲ ਦੁਨਿਆਵੀ ਮੋਹ ਮਾਇਆ ਵਿੱਚ ਪੈ ਕੇ ਇਹ ਸਮਝਿਆ ਕਿ ਅਧਿਆਤਮਿਕ ਉੱਚਤਾ ਨਾਲੋਂ ਵੱਧ ਜ਼ਰੂਰੀ ਹੈ ਦੁਨਿਆਵੀ ਵਡਿਆਈ ।

੩. ਪਦਾਰਥਾਂ ਦੀ ਭੁੱਖ ਨੇ ਇਤਨਾ ਪਾਗਲ ਕਰ ਦਿੱਤਾ ਕਿ ਗੁਰੂ ਸ਼ਬਦ ਰਾਹੀਂ ਪ੍ਰਭੂ ਦੀ ਭਾਲ ਕਰਨ ਦੀ ਥਾਂ ਗੁਰੂ ਸ਼ਬਦ ਦਾ ਪ੍ਰਚਾਰ ਕਰਨ ਵਾਲੇ ਵੀ ਪੈਸੇ ਗਿਣਨ ਜੋਗੇ ਹੀ ਰਹਿ ਗਏ—ਤੇ ਜਦ ਜਗਿਆਸੂ ਨੇ ਤੱਕਿਆ ਕਿ ਪ੍ਰਚਾਰਕ ਪੈਸਿਆਂ ਨਾਲ ਖ਼ੁਸ਼ ਹੁੰਦੇ ਹਨ ਤਾਂ ਉਹਨਾਂ ਨੂੰ ਬਹੁਤੇ ਪੈਸੇ ਦੇ ਕੇ,



ਬਹੁਤੇ ਅਖੰਡ ਪਾਠ ਰਖਾ ਕੇ, ਗੁਰੂ ਦੀ ਮਿਹਰ ਨੂੰ ਵੀ ਵਪਾਰ ਬਣਾ ਲਿਆ । ਜਿਸ ਕੋਲ ਬਹੁਤੇ ਪੈਸੇ, ਉਹ 'ਮਹਾਨ ਗੁਰਸਿੱਖ' ਭਾਵੇਂ ਉਸ ਨੂੰ ਗੁਰੂ ਦੀ ਗੱਲ ਤਾਂ ਕਿਤੇ ਰਹੀ, ਪੰਜਾਬੀ ਪੜ੍ਹਨੀ ਵੀ ਨਾ ਆਉਂਦੀ ਹੋਵੇ ।

੪. ਜਦ ਗੁਰੂ ਦੀ ਗੱਲ ਪਤਾ ਹੀ ਨਾ ਲੱਗੇ ਤੇ ਸਾਰੀ ਦੁਨੀਆਂ ਪੈਸੇ ਦੇ ਲੋਭ ਵਿੱਚ ਰੁੜ੍ਹਨ ਲੱਗੀ, ਤਾਂ ਅਸਾਂ ਸਿੱਖਾਂ ਨੇ ਵੀ ਪੈਸੇ ਇਕੱਠੇ ਕਰਨ ਲਈ ਬੇਈਮਾਨੀ ਕਰਦਿਆਂ ਵੀ ਆਪਣੇ ਆਪ ਨੂੰ ਕੇਵਲ ਧਾਰਮਿਕ ਹੀ ਨਾ ਸਮਝਿਆ ਸਗੋਂ ਗੁਰਦੁਆਰੇ ਜਾਣ ਦੇ ਸ਼ੌਕ ਨੂੰ ਅਮਲ-ਰਹਿਤ ਹੁੰਦਿਆਂ ਵੀ ਆਪਣੀ ਕਮਾਈ ਸਮਝ ਲਿਆ ।

੫. ਜਿਉਂ-ਜਿਉਂ ਖੋਖਲੇ ਹੁੰਦੇ ਗਏ ਤੇ ਰਾਜਸੀ ਤਾਕਤ ਨੇ ਘੇਰ ਲਿਆ ਤੇ ਸੁੱਚਤਾ ਦੂਰ ਹੋ ਗਈ, ਤਾਂ ਸਿੱਖੀ ਕੇਵਲ 'ਕੁਰਸੀ ਤੇ ਸੱਤਾ' ਦੀ ਹੋਂਦ ਜਾਂ ਅਣਹੋਂਦ ਨਾਲ ਜੋੜੀ ਗਈ । ਜਿਹੜਾ ਸੱਤਾ ਵਿੱਚ ਵੱਡਾ, ਉਹੀ ਸਿੱਖ। ਦੂਜੇ ਪਾਸੇ ਇਕ ਦੂਜੇ ਨੂੰ ਨੀਵਾਂ ਦੱਸਣ ਲਈ ਆਕੜ, ਰੋਹਬ ਤੇ ਝੂਠ ਦਾ ਵਰਤਾਰਾ ਚੱਲ ਪਿਆ । ਨਤੀਜਾ ਇਹ ਹੋਇਆ ਕਿ ਖ਼ੁਸ਼ਕਿਸਮਤ ਹੁੰਦਿਆਂ ਹੋਇਆਂ ਵੀ ਬਦਕਿਸਮਤ ਬਣ ਗਏ ।

ਜਿਵੇਂ 'ਨਾਚ ਨਾ ਜਾਣੇ ਆਂਗਣ ਟੇਢਾ' ਮਸ਼ਹੂਰ ਹੈ, ਇਸੇ ਤਰ੍ਹਾਂ ਜਿਨ੍ਹਾਂ ਨੇ ਨਾਮ ਸਿਮਰਨ, ਕਮਾਈ ਸੇਵਾ, ਸੱਚ ਤੇ ਸੰਤੋਖ ਆਦਿ ਛੱਡ ਕੇ ਆਪਣਾ ਆਪ ਮੋਹ ਮਾਇਆ ਦੀ ਚੱਕੀ ਵਿੱਚ ਪੀਸਣਾ ਸ਼ੁਰੂ ਕੀਤਾ ਤੇ ਪਰਾਇਆ ਧਨ ਤੇ ਪਰਾਈ ਇਸਤਰੀ ਵਿੱਚ ਗਿਰ ਗਏ—ਤੇ ਸਿੱਖੀ ਦੀਆਂ ਕਦਰਾਂ-ਕੀਮਤਾਂ ਵੀ ਬਾਹਰਲੇ ਦਿਖਾਵੇ ਦੀਆਂ ਰਹਿ ਗਈਆਂ, ਜਿਨ੍ਹਾਂ ਵਿਰੁੱਧ ਪੰਡਤਾਂ, ਜੋਗੀਆਂ ਤੇ ਹੋਰ ਕਈ ਧਾਰਮਿਕ ਅਖਵਾਉਣ ਵਾਲੇ ਬੰਦਿਆਂ ਨੂੰ ਵੇਖ ਕੇ ਗੁਰੂ ਨਾਨਕ ਨੇ ਆਵਾਜ਼ ਉਠਾਈ ਸੀ ਤੇ ਬੰਦੇ ਨੂੰ ਬੰਦੇ ਦੀ ਗ਼ੁਲਾਮੀ ਤੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਸਾਡਾ ਹਮੇਸ਼ਾਂ ਲਈ ਗੁਰੂ ਬਣਾ ਕੇ ਕੱਢ ਲਿਆ ਸੀ ।

ਜਦ ਕੁਰਸੀਆਂ ਹਿੱਲੀਆਂ, ਦਰਦ ਹੋਇਆ ਤਾਂ ਲੋਕਾਂ ਨੂੰ ਬਾਹਰਲੇ ਧਰਮ ਵੱਲ ਪ੍ਰੇਰਨ ਲਈ ਅਧਰਮੀ ਹਥਿਆਰ ਵੀ ਵਰਤਣ ਲੱਗੇ । ਨਾਲੇ ਆਪਣੀ ਗਿਰਾਵਟ ਨੂੰ ਦੂਜਿਆਂ ਦੇ ਮੱਥੇ ਮੜ੍ਹਨ ਲੱਗੇ; ਲਓ ਸੁਣੋ ਤੇ ਆਪ ਫ਼ੈਸਲੇ ਕਰੋ ।

ਜੇ ਸਿੱਖ ਅੰਮ੍ਰਿਤ ਵੇਲੇ ਨਹੀਂ ਉੱਠਦਾ ਤੇ ਅੰਮ੍ਰਿਤ ਛਕ ਕੇ ਗੁਰੂ ਦੀ ਸਿੱਖਿਆ ਨੂੰ ਗ੍ਰਹਿਣ ਨਹੀਂ ਕਰਦਾ, ਇਸ ਵਿੱਚ ਹੋਰ ਸਿੱਖਾਂ ਦਾ ਕੀ ਕਸੂਰ ?

ਅਸਲ ਵਿੱਚ ਇਹ ਬਜ਼ੁਰਗ ਸਿੱਖਾਂ ਦੀ ਅਣਗਹਿਲੀ ਹੈ, ਜੋ ਇਸ ਦੀ ਜ਼ਿੰਮੇਵਾਰ ਹੈ । ਜੇ ਅੰਮ੍ਰਿਤ ਵੇਲੇ ਉੱਠ ਕੇ ਵੀ ਉਹਨਾਂ ਨੇ ਬੇਈਮਾਨੀ ਹੀ ਕੀਤੀ ਹੈ, ਨਾਲੇ ਗੰਦਾ ਧਨ ਹੀ ਕਮਾਇਆ ਹੈ ਤਾਂ ਜਵਾਨ ਬੱਚੇ ਕਿਸ ਤਰ੍ਹਾਂ ਪ੍ਰੇਰੇ ਜਾ ਸਕਦੇ ਹਨ ?

ਹਰਿਮੰਦਰ ਸਾਹਿਬ ਤੋਂ ਕੀਰਤਨ ਪ੍ਰਸਾਰਤ ਹੁੰਦਾ ਹੈ ਤਾਂ ਕੀ ? ਜਦ ੨੪ ਘੰਟੇ 'ਸਿਮਰਨ' ਦਾ ਦਿਖਾਵਾ ਕਰ ਕੇ ਵੀ ਝੂਠ ਤੇ ਲੋਭ ਦੇ ਸ਼ਿਕਾਰ ਹਾਂ ਤੇ ਟੇਪਾਂ ਦੇ ਟੇਪ, ਕੈਸਟਾਂ ਦੇ ਕੈਸਟ ਸੁਣ ਕੇ ਵੀ ਜ਼ਿੰਦਗੀ ਵਿੱਚ ਝੂਠ ਹੀ ਝੂਠ ਹੈ ਤਾਂ ਹੋਰ ਕੀਰਤਨ ਸੁਣ ਕੇ ਕੀ ਹੋਵੇਗਾ ।

ਜੇ 'ਸਰਬ ਹਿੰਦ ਗੁਰਦੁਆਰਾ ਕਾਨੂੰਨ' ਬਣ ਵੀ ਗਿਆ ਤਾਂ ਕੀ ਹੋਵੇਗਾ ? ਜੇ ਕੁਰੀਤੀਆਂ ਹੁਣ ਸਾਡੇ ਗੁਰਦੁਆਰਿਆਂ ਵਿੱਚ ਧਰਮ ਦੇ ਨਾਂ ਹੇਠ ਪੂਜਾ ਧਨ ਦੀ ਗ਼ਲਤ ਵਰਤੋਂ ਵਿੱਚ ਹੋ ਰਹੀਆਂ ਹਨ ਉਹ ਤਾਂ ਨਹੀਂ ਬਦਲਣਗੀਆਂ—ਸਰਬਰਾਹ ਜ਼ਰੂਰ ਬਦਲ ਜਾਣਗੇ ।

ਸੰਤ ਬਾਬਾ ਅਤਰ ਸਿੰਘ ਜੀ ਕਹਿੰਦੇ ਸਨ ਕਿ ਗੁਰਦੁਆਰੇ ਆਜ਼ਾਦ ਕਰਾਏ ਸਨ ਸੇਵਾਦਾਰਾਂ ਲਈ ਨਿਰਬਾਹ ਮਾਤਰ ਗੁਜ਼ਾਰਾ ਕਰ ਕੇ ਜੀਵਨ ਪੈਦਾ ਕਰਨ ਲਈ, ਪਰ ਇਹ ਤਾਂ ਕੇਵਲ ਸ਼ਕਲਾਂ ਬਦਲਦੀਆਂ ਹਨ । ਇਕੇਰਾਂ ਗੁਰਦੁਆਰੇ ਬਾਰੇ ਸੁਣਿਆ ਸੀ ਕਿ ਇਕ ਹਿੰਦੂ ਪੰਜਾਬੀ ਨੇ ਕਾਫ਼ੀ ਰੁਪਏ ਲੰਗਰ ਲਈ ਦਿੱਤੇ, ਜਦ ਲੰਗਰ ਹੋਇਆ ਤਾਂ ਅਮੀਰ ਸੰਗਤਾਂ ਆਪ ਖਾਣ ਲਈ ਤੇ ਰਾਤ ਲਈ ਡੱਬੇ ਭਰ ਕੇ ਘਰ ਲੈ ਜਾਣ ਲਈ ਉਤਾਵਲੀਆਂ ਸਨ ਤੇ ਬਾਹਰ ਗ਼ਰੀਬ ਭੁੱਖੇ ਵਿਲਕ ਰਹੇ ਸਨ ਤੇ ਉਹਨਾਂ ਨੂੰ ਗਾਲ੍ਹਾਂ ਕੱਢ ਕੇ ਪਰ੍ਹੇ ਕੀਤਾ ਜਾ ਰਿਹਾ ਸੀ । ਇਹ ਮੈਂ ਨਹੀਂ ਦੇਖਿਆ, ਪਰ ਇਕ ਵਾਰ ਇਹੋ ਕੁਝ ਪਟਨਾ ਸਾਹਿਬ ਵਿੱਚ ਗ਼ਰੀਬਾਂ ਨੂੰ ਅੰਦਰ ਆਉਣੋਂ ਮਨ੍ਹਾ ਕਰਦਿਆਂ ਕਰੜੇ ਲਫ਼ਜ਼ਾਂ ਵਿੱਚ ਮੈਂ ਆਪ ਤੱਕਿਆ ਸੀ ।

ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਭੈੜੇ ਹਾਂ ਤੇ ਬਾਕੀ ਬਹੁਤ ਚੰਗੇ ਹਨ । ਮਤਲਬ ਇਹ ਹੈ ਕਿ ਜਿਵੇਂ ਫ਼ਰੀਦ ਜੀ ਨੇ ਕਿਹਾ ਸੀ—ਆਪਣੇ ਅੰਦਰ ਝਾਤੀ ਮਾਰ ਕੇ ਵੇਖ ਤੇ ਕਾਲੇ ਲੇਖ ਨਾ ਲਿਖ, ਇਹ ਕੰਮ ਅਸੀਂ ਕਰਦੇ ਹੀ ਨਹੀਂ ਤੇ ਲੋਕਾਂ ਦੇ ਮੱਥੇ ਲਾਈ ਜਾਂਦੀ ਹੈ ਸਾਡੀ ਗਿਰਾਵਟ । ਅਸੀਂ ਜਦ ਆਪਣੀ ਗ਼ੰਦਗੀ ਪਛਾਣ ਹੀ ਨਹੀਂ ਸਕਦੇ ਤਾਂ ਠੀਕ ਕਿਵੇਂ ਕਰਾਂਗੇ ?

ਲਓ, ਹੁਣ ਇਕ ਅਨੋਖੀ ਗੱਲ ਦੱਸਦਾ ਹਾਂ ਜਿਸ ਨਾਲ ਸਾਨੂੰ ਹੌਂਸਲਾ ਹੋਵੇਗਾ । ਅਜੇ ਵੀ ਗੁਰੂ ਦੇ ਲਾਲ ਹਨ ਜੋ ਆਪਣਾ ਆਪ ਗਵਾ ਕੇ ਗੁਰੂ ਦੇ



ਚਰਨਾਂ ਦੀ ਛਾਂ ਹੇਠ ਆਪਣਾ ਜੀਵਨ ਬਿਤਾਉਣਾ ਚਾਹੁੰਦੇ ਹਨ; ਪਰ ਜਦ ਤਕ ਅਸੀਂ ਗੁਰੂ ਦੇ ਚਰਨਾਂ ਦੀ ਓਟ ਲੈ ਕੇ ਸਮਝਾਂਗੇ ਨਹੀਂ ਕਿ ਸਾਡੇ ਗੁਰੂ ਦੀ ਸਿੱਖਿਆ ਕੀ ਹੈ ਤਾਂ ਫ਼ਾਇਦਾ ਕਿਵੇਂ ਉਠਾਵਾਂਗੇ ?

(ੳ) ਅਸੀਂ ਸੱਚ ਨਹੀਂ ਬੋਲਦੇ, ਕੀ ਇਹ ਦੂਜਿਆਂ ਦਾ ਕਸੂਰ ਹੈ ?

(ਅ) ਅਸੀਂ ਸ਼ਰਾਬਾਂ ਪੀਂਦੇ ਤੇ ਪਰਾਈ ਇਸਤਰੀ ਨੂੰ ਮਾਂ, ਭੈਣ, ਧੀ ਨਹੀਂ ਸਮਝਦੇ, ਇਸ ਵਿੱਚ ਲੋਕੀਂ ਕੀ ਕਰਨ ?

(ੲ) ਅਸੀਂ ਦਾੜ੍ਹੀਆਂ ਕੱਟਦੇ ਹਾਂ, ਸਿਗਰਟਾਂ ਪੀਂਦੇ ਹਾਂ, ਸਰਕਾਰ ਕੀ ਕਰੇ ?

(ਸ) ਜਦ ਸਾਡੇ ਹਿਰਦੇ ਸ਼ੁੱਧ ਨਹੀਂ ਤੇ ਸੀਸ ਨਿਵਾਉਂਦੇ ਹਾਂ, ਲੋਕਾਂ ਦਾ ਕੀ ਕਸੂਰ ਹੈ ਜੇ ਸ਼ਾਂਤੀ ਨਹੀਂ ਮਿਲਦੀ ?

(ਹ) ਅੰਦਰੋਂ ਹੋਰ ਤੇ ਬਾਹਰੋਂ ਹੋਰ ਹਾਂ, ਇਸ ਵਿੱਚ ਗਿਰਨਾ ਹੀ ਗਿਰਨਾ ਹੈ, ਲੋਕੀਂ ਕੀ ਕਰਨ ?

ਕਿਉਂਕਿ ਅਸੀਂ ਦਇਆ, ਧਰਮ, ਸੰਤੋਖ, ਖਿਮਾ, ਸ਼ਾਂਤੀ ਭੁੱਲ ਗਏ ਹਾਂ ਜਿਹੜੀ ੨੪ ਘੰਟੇ ਪ੍ਰਭੂ ਦੇ ਸਿਮਰਨ ਵਿੱਚ ਹੈ ਤੇ ਜਿਹੜਾ ਗੁਰੂ ਸਾਹਿਬਾਨ ਨੇ ਬਾਰ-ਬਾਰ ਦ੍ਰਿੜ੍ਹ ਕਰਾਇਆ ਸੀ, ਅਸੀਂ ਸਿਰ ਉੱਚਾ ਨਹੀਂ ਕਰ ਸਕਦੇ ਭਾਵੇਂ ਕੋਠੀਆਂ ਵੱਡੀਆਂ-ਵੱਡੀਆਂ ਤੇ ਮੋਟਰਾਂ ਬਹੁਤੀਆਂ ਹਨ, ਭਾਵੇਂ ਅਹੁਦੇ ਤੇ ਫ਼ੈਕਟਰੀਆਂ ਵੱਡੀਆਂ ਹਨ ।

ਇਕ ਹੋਰ ਗਿਰਾਵਟ ਜਿਹੜੀ ਸਾਨੂੰ ਕਦੇ ਉੱਠਣ ਨਹੀਂ ਦਿੰਦੀ ਉਹ ਹੈ ਦੂਜੇ ਧਰਮਾਂ, ਫ਼ਿਰਕਿਆਂ ਜਾਂ ਸੰਗਠਨਾਵਾਂ ਦੀ ਨਿੰਦਿਆ ਤੇ ਬੁਰਾਈ । ਕਦੇ ਕੋਈ ਚੰਗਾ ਸਾਮਾਨ ਵੇਚਣ ਵਾਲਾ ਇਹੀ ਕਹਿੰਦਾ ਰਹੇ ਕਿ ਨਾਲ ਵਾਲੀ ਦੁਕਾਨ ਦਾ ਮਾਲ ਬਹੁਤ ਭੈੜਾ ਹੈ ਤੇ ਆਪਣੀ ਦੁਕਾਨ ਦੇ ਮਾਲ ਦੀ ਕੁਆਲਟੀ ਨਾ ਚਮਕਾਵੇ ਜਾਂ ਦੂਜੀਆਂ ਦੁਕਾਨਾਂ ਨੂੰ ਹੀ ਨਿੰਦਦਾ ਰਹੇ ਤੇ ਆਪਣੀ ਦੁਕਾਨ ਦਾ ਮਿਆਰ ਨਾ ਵਧਾਏ, ਤਾਂ ਕਦੇ ਹੋ ਸਕਦਾ ਹੈ ਕਿ ਉਹਦੀ ਗਾਹਕੀ ਵਧੇ ? ਲੋਕਾਂ ਨੂੰ ਤੇ ਮਾਲ ਚਾਹੀਦਾ ਹੈ ਤੇ ਜਿੱਥੋਂ ਵਧੀਆ ਮਾਲ ਮਿਲੇ ਉਹ ਲੈਣਗੇ । ਸਗੋਂ ਨਿੰਦਾ ਕਰਨ ਵਾਲੇ ਸਿਰ ਸੁਆਹ ਪਾ ਕੇ ਵੀ ਜੇ ਦੂਜੀ ਦੁਕਾਨ ਤੋਂ ਪਸੰਦ ਦਾ ਮਾਲ ਮਿਲੇਗਾ ਤਾਂ ਲੈਣਗੇ ।

ਇਹ ਕਹਿਣ ਨਾਲ ਕਿ ਰਾਧਾ ਸੁਆਮੀ ਨਹੀਂ ਚੰਗੇ, ਨਿਰੰਕਾਰੀ ਨਹੀਂ ਚੰਗੇ, ਦੂਜੇ ਧਰਮ ਨਹੀਂ ਚੰਗੇ, ਕੀ ਅਸੀਂ ਆਪ ਚੰਗੇ ਬਣ ਜਾਂਦੇ ਹਾਂ ?

ਦੂਜਿਆਂ ਨੂੰ ਨਿੰਦਣ ਦੀ ਬਜਾਏ ਕਿਉਂ ਨਾ ਆਪਣੇ ਧਰਮ ਦੀਆਂ ਹੇਠ ਲਿਖੀਆਂ ਚੰਗਿਆਈਆਂ ਉੱਤੇ ਜ਼ੋਰ ਦੇਈਏ

(ੳ) ਗੁਰੂ ਸਾਹਿਬਾਂ ਦੀ ਆਪਾ ਵਾਰੂ ਨਿਮਰਤਾ ।

(ਅ) ਗੁਰਸਿੱਖਾਂ ਦੀਆਂ ਸ਼ਹੀਦੀਆਂ ।

(ੲ) ਗੁਰਸਿੱਖਾਂ ਦਾ ਪਿਆਰ ਤੇ ਨਿਸ਼ਕਾਮ ਸੇਵਾ ।

(ਸ) ਗੁਰਸਿੱਖਾਂ ਵਿੱਚ ਨਿੱਜੀ ਪੂਜਾ ਨਹੀਂ ਸਗੋਂ ਸ਼ਬਦ ਦੀ ਪੂਜਾ ਹੈ ।

(ਹ) ਆਤਮਿਕ ਉੱਚਤਾ ਨਾ ਕਿ ਪਦਾਰਥਾਂ ਦਾ ਸਵਾਦ ।

ਆਓ, ਇਕ ਗੱਲ ਸਪੱਸ਼ਟ ਕਰ ਦੇਵਾਂ । ਆਪਣੇ ਗੁਰੁ ਦੇ ਆਖੇ ਲੱਗਣ ਵਾਲੇ ਸਿੱਖ ਕੋਲ ਵਕਤ ਹੀ ਨਹੀਂ ਕਿ ਦੁਨੀਆਂ ਦੇ ਨੁਕਸ ਕੱਢੇ ਤੇ ਉਹਨਾਂ ਨੂੰ ਭੈੜਾ ਕਹਿੰਦਾ ਫਿਰੇ । ਉਹ ਸਾਰਾ ਸਮਾਂ ਆਪਣੇ ਆਪ ਨੂੰ ਰਾਮ ਕਸਵੱਟੀ 'ਤੇ ਵੇਖਣ ਵਿੱਚ ਲਾਉਂਦਾ ਹੈ । ਨਾਲੇ ਦੂਜਿਆਂ ਦੀਆਂ ਸਾਡੇ ਧਰਮ ਬਾਰੇ ਵਿਰੋਧੀ ਕਾਰਵਾਈਆਂ ਖ਼ਿਲਾਫ਼ ਪ੍ਰੋਟੈਸਟ ਕਰਨ ਦਾ ਹੱਕ ਉਸ ਨੂੰ ਹੈ ਜਿਹੜਾ ਆਪ ਗੁਰੂ ਦੇ ਆਖੇ ਲੱਗਣ ਵਿੱਚ ਸਿਰ ਧੜ ਦੀ ਬਾਜ਼ੀ ਲਗਾਉਂਦਾ ਹੈ ।

ਆਪ ਵੇਖੋਗੇ ਕਿ ਉਹ ਕਦੇ ਵੀ ਨਿੰਦਾ ਨਹੀਂ ਕਰੇਗਾ । ਉਹ ਤਾਂ ਆਪਣੇ ਗੁਰੂ ਦੀ ਚਮਕ ਦੱਸੇਗਾ । ਅਸ਼ੋਕਾ ਵੇਲੇ ਇਕ ਪੱਥਰ 'ਤੇ ਲਿਖਿਆ ਅਸੂਲ ਮਿਲਿਆ ਹੈ ਕਿ ਜੋ ਦੂਜੇ ਧਰਮਾਂ ਦਾ ਸਤਿਕਾਰ ਨਹੀਂ ਕਰਦੇ ਉਹ ਆਪਣੇ ਧਰਮ ਦਾ ਵੀ ਸਤਿਕਾਰ ਨਹੀਂ ਕਰਦੇ । ਇਹ ਗੱਲ ਗੁਰੂ ਸਾਹਿਬ ਨੇ ਸਪੱਸ਼ਟ ਕੀਤੀ ਹੈ, ਮੁਸਲਮਾਨਾਂ ਨਾਲ ਪਿਆਰ ਕਰ ਕੇ, ਮਸਜਿਦਾਂ ਸਜਾ ਕੇ, ਅੰਮ੍ਰਿਤਸਰ ਹਰਿਮੰਦਰ ਦੀ ਨੀਂਹ ਸਾਈਂ ਮੀਆਂ ਮੀਰ ਕੋਲੋਂ ਰਖਵਾ ਕੇ ਤੇ ਗੁਰੂ ਗ੍ਰੰਥ ਸਾਹਿਬ ਵਿੱਚ ਹਿੰਦੂ ਮੁਸਲਮਾਨ ਸੰਤ ਬਿਠਾ ਕੇ । ਅਸੀਂ ਤਾਂ ਹਾਂ ਹੀ ਵੱਖਰੇ, ਨਿਰਾਲੇ, ਹਰ ਪਾਸਿਓਂ ਨਿਰਾਲੇ ।

(ੳ) ਕਿਹੜੀ ਧਰਮ ਪੁਸਤਕ ਹੈ ਜਿਸ ਵਿੱਚ ਉਸ ਧਰਮ ਦੇ ਆਗੂਆਂ ਦੇ ਇਲਾਵਾ ਦੂਜੇ ਧਰਮਾਂ ਦੇ ਆਗੂ ਜਾਂ ਜਗਿਆਸੂ ਜਾਂ ਸੰਤ ਖੁੱਲ੍ਹੇ ਤੌਰ 'ਤੇ ਆਪਣੇ ਧਰਮ ਦੀਆਂ ਗੱਲਾਂ, ਪਿਆਰ ਨਾਲ, ਸੁੱਚਤਾ ਤੇ ਪ੍ਰੇਮ ਦਾ ਉਪਦੇਸ਼ ਦਿੰਦੇ ਹਨ, ਸਿਵਾਏ ਗੁਰੂ ਗ੍ਰੰਥ ਸਾਹਿਬ ਦੇ ?

(ਅ) ਕਿਹੜਾ ਧਰਮ ਹੈ ਜਿਸ ਵਿੱਚ ਗੁਰੂ ਸਾਹਿਬਾਂ ਨੇ ਹਮੇਸ਼ਾਂ ਲਈ ਸੁੱਚਤਾ ਤੇ ਪ੍ਰੇਮ ਨੂੰ ਪਹਿਲ ਦੇ ਕੇ ਰੀਤਾਂ ਨੂੰ ਫ਼ਜ਼ੂਲ ਦਿਖਾ ਕੇ ਹਿੰਦੂ ਮੁਸਲਮਾਨ ਦੋਹਾਂ ਨੂੰ ਤੇ ਚੌਹਾਂ ਵਰਣਾਂ ਨੂੰ ਸਾਂਝਾ ਉਪਦੇਸ਼ ਦਿੱਤਾ ਹੋਵੇ, ਸਿਵਾਏ ਸਿੱਖ ਧਰਮ ਦੇ ?

(ੲ) ਕਿਹੜਾ ਧਰਮ ਹੈ ਜਿਹੜਾ ਮਾਲਾ ਤੇ ਕਿਰਪਾਨ—ਸੰਤ ਸਿਪਾਹੀ



ਦਾ ਪਹਿਰਾਵਾ ਪੂਰਨ ਤੌਰ 'ਤੇ ਪ੍ਰਚਾਰਦਾ ਹੈ ਤੇ ਜ਼ੁਲਮ ਵਿਰੁੱਧ ਲੜਨਾ ਤੇ ਅਧਿਆਤਮਿਕ ਉੱਚਤਾ ਨੂੰ **"ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ"** ਦੇ ਨਾਲ ਨਿਰਜੀਵ ਨਹੀਂ ਹੋਣ ਦਿੰਦਾ, ਸਿਵਾਏ ਸਿੱਖ ਧਰਮ ਦੇ ।

ਮੈਂ ਯਕੀਨ ਨਾਲ ਕਹਿੰਦਾ ਹਾਂ ਕਿ ਗੁਰੂ ਦੇ ਬਚਨ ਜੇਕਰ ਪੱਲੇ ਬੰਨ੍ਹ ਲਈਏ ਤਾਂ ਅਜੇ ਵੀ ਕੁਝ ਨਹੀਂ ਵਿਗੜਿਆ । ਦੂਜਿਆਂ ਨੂੰ ਭੈੜਾ ਕਹਿਣ ਦੀ ਬਜਾਏ ਜੇਕਰ ਆਪਣੇ ਧਰਮ ਦੀਆਂ ਇਹਨਾਂ ਗੱਲਾਂ ਉੱਤੇ ਵਿਚਾਰ ਕਰਦਿਆਂ ਆਪਣਾ ਜੀਵਨ ਸਵਾਰੀਏ, ਫਿਰ ਸਾਨੂੰ ਕਦੇ ਵੀ ਕੋਈ ਨੀਵਾਂ ਨਹੀਂ ਵਿਖਾ ਸਕੇਗਾ, ਜੇਕਰ ਮਾਇਆ ਛੱਡ ਗੁਰੂ ਨੂੰ ਅੰਦਰ ਵਸਾਈਏ, ਮੰਦਾ ਕਿਸੇ ਨਾ ਆਖੀਏ ਅਤੇ **"ਹਮ ਨਹੀ ਚੰਗੇ ਬੁਰਾ ਨਹੀ ਕੋਇ"** ਦੇ ਗੁਰਵਾਕ ਨੂੰ ਹਮੇਸ਼ਾਂ ਯਾਦ ਰੱਖਿਏ । ਆਉ, ਆਪਣੇ ਅੰਦਰ ਝਾਤੀ ਮਾਰੀਏ, ਅੰਦਰ ਝਾਤੀ ਮਾਰਨ ਵਾਲਾ ਹੀ ਆਪਣਾ ਆਪ ਸਵਾਰ ਸਕਦਾ ਹੈ ਅਤੇ ਧਰਮ ਦਾ ਤਾਂ ਮਤਲਬ ਹੀ ਇਹੋ ਹੈ ਕਿ ਆਪਣਾ ਆਪ ਸਵਾਰਨਾ ਤੇ ਗੁਰੂ ਦੇ ਆਖੇ ਲੱਗਣਾ ।ਇਸੇ ਰਸਤੇ ਚੱਲਿਆਂ ਸਾਡਾ ਲੋਕ ਸੁਖੀ ਹੈ ਅਤੇ ਪਰਲੋਕ ਸੁਹੇਲਾ ।

# ਖ਼ਾਲਸਾਈ ਜੀਵਨ

## (ਮੂਲ ਅੰਗਰੇਜ਼ੀ ਲੇਖ ਦਾ ਪੰਜਾਬੀ ਰੂਪਾਂਤਰ)

ਖ਼ਾਲਸਾਈ ਜੀਵਨ ਸਿੱਖ ਗੁਰੂ ਸਾਹਿਬਾਨ ਦੁਆਰਾ ੨੦੦ ਸਾਲਾਂ ਤੋਂ ਵੱਧ ਦਰਸਾਈ ਤੇ ਆਪਣੀ ਜ਼ਿੰਦਗੀ ਵਿੱਚ ਢਲੀ ਜੀਵਨ ਜਾਚ ਦੀ ਉਪਜ ਹੈ ਜੋ ਸਾਰੀ ਮਨੁੱਖਤਾ ਦੇ ਭਲੇ ਲਈ ਹੈ, ਕੇਵਲ ਸਿੱਖਾਂ ਲਈ ਨਹੀਂ। ਮੇਰੀ ਸਨਿਮ੍ਰ ਰਾਏ ਵਿੱਚ, ਇਸ ਨਾਮ ਆਧਾਰਿਤ ਮਨੁੱਖੀ ਜੀਵਨ ਜਾਚ ਦੇ ਜਨਮਦਾਤਾ—ਗੁਰੂ ਨਾਨਕ ਜੀ ਨੇ ਸਾਰੀ ਮਨੁੱਖਤਾ ਲਈ ਇਕ ਸਾਂਝਾ ਰਾਹ ਬਣਾਉਣ ਦਾ ਫ਼ੈਸਲਾ ਕੀਤਾ ਜਿਸ 'ਤੇ ਹਰ ਕੋਈ ਖ਼ੁਸ਼ੀ ਨਾਲ ਚੱਲ ਸਕਦਾ ਹੈ, ਆਪਣੇ ਭਲੇ ਲਈ ਤੇ ਸਾਰਿਆਂ ਦੇ ਭਲੇ ਲਈ। ਮਨੁੱਖੀ ਵਿਕਾਸ ਲਈ ਮਾਰਗ, ਸਮਾਜ ਦੀ ਭਲਾਈ ਦੇ ਔਜ਼ਾਰ ਤੇ ਦ੍ਰਿੜ੍ਹਤਾ, ਮਨੁੱਖੀ ਬਰਾਬਰੀ ਲਈ ਜਦੋ-ਜਹਿਦ ਕਰਨ ਦੀ ਤਾਕਤ, ਇਹ ਸਾਰਾ ਕੁਝ ਪੱਕਾ ਤੇ ਪੂਰਨ ਤਿਆਰ ਕੀਤਾ ਸੀ ਪਹਿਲੇ ਨੌਂ ਗੁਰੂ ਸਾਹਿਬਾਨਾਂ ਨੇ; ਪਰ ਇਹ ਗੁਰੂ ਗੋਬਿੰਦ ਸਿੰਘ ਦੇ ਜ਼ਿੰਮੇ ਆਇਆ ਕਿ ਉਹ ਇਕ ਆਦਰਸ਼ ਮਨੁੱਖ ਦਾ ਆਦਰਸ਼ ਨਮੂਨਾ ਬਣ ਕੇ, ਪਵਿੱਤਰ ਇਰਾਦਾ, ਸਮਾਜ ਭਲਾਈ ਦਾ ਵਾਇਦਾ, ਅਸੂਲਾਂ ਦੀ ਰੱਖਿਆ ਲਈ ਨਿਡਰਤਾ, ਜ਼ੁਲਮ ਦਾ ਟਾਕਰਾ ਤੇ ਮੌਤ ਰਹਿਤ ਜੀਵਨ, ਆਪਣੇ ਨਿੱਜੀ ਜੀਵਨ ਦੁਆਰਾ ਦਰਸਾਉਣ।

ਸਾਰੇ ਜਾਣਦੇ ਹਨ ਕਿ ਖ਼ਾਲਸਾ ਦਾ ਅਰਥ ਹੈ ਸ਼ੁੱਧ, ਪਰ ਅਫ਼ਸੋਸ ਇਹ ਹੈ ਕਿ ਜਿਨ੍ਹਾਂ ਦੀ ਇਹ ਜ਼ਿੰਮੇਵਾਰੀ ਸੀ ਕਿ ਉਹ ਆਪਣੇ ਜੀਵਨ ਰਾਹੀਂ ਐਸੇ ਖ਼ਾਲਸੇ ਦੇ ਗੁਣ ਪ੍ਰਗਟ ਕਰਦੇ, ਉਹ ਇਸ ਟੀਚੇ 'ਤੇ ਪੂਰਾ ਨਹੀਂ ਉੱਤਰ ਸਕੇ। ਖ਼ਾਲਸੇ ਦੇ ਗੁਣ ਪ੍ਰਗਟ ਕਰਦੇ, ਉਹ ਇਸ ਟੀਚੇ 'ਤੇ ਪੂਰਾ ਨਹੀਂ ਉੱਤਰ ਸਕੇ। ਖ਼ਾਲਸੇ ਦੀ ਸਿਰਜਣਾ ਦੀ ੩੦੦ ਸਾਲਾ ਵਰ੍ਹੇ-ਗੰਢ 'ਤੇ ਅਸੀਂ ਬਿਲਕੁਲ ਪੁਰਾਣੀਆਂ, ਸੁਆਰਥੀ ਰੁਚੀਆਂ ਮਗਰ ਲੱਗੇ ਹੋਏ ਹਾਂ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਬਚਨਾਂ, ਕਰਮਾਂ ਤੇ ਬਲੀਦਾਨਾਂ ਦੁਆਰਾ, ਖ਼ਾਲਸੇ ਦਾ ਜੋ ਚਿੱਤਰ ਚਿਤਰਿਆ ਸੀ, ਉਹ ਸੀ ਪੂਰਨ ਸਮਰਪਣ ਤੇ ਗੁਰੂ ਦੇ ਹੁਕਮ ਤੇ ਸੱਚ ਲਈ ਸ਼ਹੀਦ ਹੋਣ ਦਾ ਵਾਇਦਾ—ਜੋ ਪਹਿਲੇ ਪੰਜਾਂ ਪਿਆਰਿਆਂ ਨੇ ਨਿਭਾਇਆ ਸੀ।

ਇਹ ਸਭ ਨੂੰ ਪਤਾ ਹੈ ਕਿ ਪੰਜ ਪਿਆਰੇ ਉਸ ਠੋਸ ਪੰਥ ਦਾ ਧੁਰਾ ਸਨ, ਜੋ ਸੇਵਾ, ਸਿਮਰਨ, ਸਰਬੱਤ ਦਾ ਭਲਾ ਤੇ ਸੇਵਾ-ਕਾਰਜਾਂ ਲਈ ਸਮਰਪਿਤ ਨਿਸ਼ਕਾਮ ਜੀਵਨ ਜਾਚ ਸੀ। ਮੈਂ ਕੇਵਲ ਰਹਿਤਨਾਮਿਆਂ ਦੀ



ਗੱਲ ਕਰਨ ਦੀ ਥਾਂ, ਆਪਣੇ ਗੁਰੂ ਸਾਹਿਬਾਨ, ਆਪਣੇ ਬਜ਼ੁਰਗਾਂ ਤੇ ਆਪਣੇ ਸਿਦਕੀ ਵੀਰਾਂ-ਭੈਣਾਂ ਦੀ ਕਥਨੀ, ਸੋਚਣੀ ਤੇ ਕਰਨੀ 'ਤੇ ਜ਼ੋਰ ਦੇਣਾ ਚਾਹੁੰਦਾ ਹਾਂ, ਤਾਂ ਜੋ ਖ਼ਾਲਸੇ ਲਈ ਦਰਸਾਈ ਧਾਰਮਿਕਤਾ ਸਪੱਸ਼ਟ ਹੋ ਸਕੇ। ਸਭ ਤੋਂ ਪਹਿਲਾਂ ਮੇਰੇ ਅੰਦਰ ਨੌਂ ਸਾਲ ਦੇ ਉਸ ਬੱਚੇ ਦੀ ਤਸਵੀਰ ਉੱਭਰਦੀ ਹੈ, ਜੋ ਆਪਣੇ ਪਿਤਾ ਨੇੜੇ ਖੜ੍ਹਾ ਸੀ, ਜਦੋਂ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਆਪਣੇ ਧਰਮ ਦੀ ਰੱਖਿਆ ਦੀ ਫ਼ਰਿਆਦ ਲੈ ਕੇ ਕਸ਼ਮੀਰੀ ਬ੍ਰਾਹਮਣ ਉਸਦੇ ਪਿਤਾ ਦੇ ਦਰਬਾਰ ਵਿੱਚ ਆਏ ਸਨ। ਜਦੋਂ ਗੁਰੂ ਤੇਗ ਬਹਾਦਰ ਸਾਹਿਬ ਨੇ ਇਹ ਕਿਹਾ ਕਿ ਇਨ੍ਹਾਂ ਦੇ ਧਰਮ ਦੀ ਰੱਖਿਆ ਤਾਂ ਹੀ ਹੋ ਸਕਦੀ ਹੈ ਜੇਕਰ ਕੋਈ ਮਹਾਂਪੁਰਸ਼ ਆਪਣਾ ਬਲੀਦਾਨ ਦੇ ਸਕੇ। ਉਸ ਵੇਲੇ ੯ ਸਾਲ ਦੇ ਗੋਬਿੰਦ (ਬਾਅਦ ਵਿੱਚ ਗੁਰੂ ਗੋਬਿੰਦ ਸਿੰਘ) ਨੇ ਖ਼ਾਲਸਾਈ ਸ਼ਾਨ ਨਾਲ ਭਰਪੂਰ ਇਕ ਸਵਾਲ ਉਛਾਲਿਆ—"ਪਿਤਾ ਜੀ, ਆਪ ਤੋਂ ਵੱਡਾ ਮਹਾਤਮਾ ਕੌਣ ਹੈ ਜੋ ਆਪਣੇ ਤੋਂ ਪਹਿਲਾਂ ਸੇਵਾ ਦੇ ਅਸੂਲ ਅਨੁਸਾਰ—ਇਨ੍ਹਾਂ ਦਾ ਧਰਮ ਬਚਾ ਸਕੇ ?" ਬੱਸ, ਸਾਂਚਾ ਤਿਆਰ ਹੋ ਗਿਆ ਜ਼ੁਲਮ ਨੂੰ ਠੱਲ੍ਹ ਪਾਉਣ ਲਈ, ਪੁੱਤਰ ਨੇ ਖ਼ੁਸ਼ੀ ਨਾਲ ਪਿਤਾ ਨੂੰ ਸ਼ਹੀਦ ਕਰਵਾ ਲਿਆ, ਤਾਂ ਜੋ ਹੋਰ ਕੋਈ ਬੱਚਾ ਅਨਾਥ ਨਾ ਹੋ ਸਕੇ। ਉਸ ਨੂੰ ਆਪਣੀ ਜਾਂ ਆਪਣੇ ਭਵਿੱਖ ਦੀ ਕੋਈ ਚਿੰਤਾ ਨਹੀਂ ਸੀ। ਇਹ ਸੀ ਖ਼ਾਲਸਾਈ ਜੀਵਨ, ਜੋ ਖ਼ਾਲਸੇ ਦੇ ਸਿਰਜਣਹਾਰ ਨੇ ਆਪਣੇ ਨਿੱਜੀ ਜੀਵਨ 'ਚੋਂ ਪ੍ਰਗਟਾਇਆ ਤੇ ਇਨ੍ਹਾਂ ੩੦੦ ਸਾਲਾਂ ਅੰਦਰ ਇਹੀ ਖ਼ਾਲਸਾ ਜੀਵਨ ਦਾ ਉੱਚਾ ਨਿਸ਼ਾਨ ਰਿਹਾ ਹੈ।

ਅਖੌਤੀ ਧਰਮ ਨਾਲ ਧੁੰਦਲਾਏ, ਨਿੱਜੀ ਸੁਆਰਥਾਂ ਲਈ ਅੰਨ੍ਹੇ ਹੋਏ ਤੇ ਰਾਜ ਕਰਨ ਵਾਲਿਆਂ ਦੁਆਰਾ ਸਤਾਏ ਇਸ ਦੇਸ਼ ਦੇ ਲੋਕ, ਜ਼ੁਲਮ ਦਾ ਟਾਕਰਾ ਕਰਨ ਵਿੱਚ ਅਸਮਰਥ ਹਨ ਤੇ ਨਾ ਹੀ ਉਨ੍ਹਾਂ ਅੰਦਰ ਇਹ ਤਾਕਤ ਹੈ ਕਿ ਉਹ ਗਲੇ ਦੇ ਇਸ ਭਾਰ ਨੂੰ ਲਾਹ ਸੁੱਟਣ। ਝੂਠੀ ਧਾਰਮਿਕਤਾ ਨਾਲ ਤਾਕਤ ਨਹੀਂ ਆ ਸਕਦੀ ਤੇ ਸੁਆਰਥ ਪੂਰਨ ਨਿੱਜੀ ਲਾਭ ਦੇ ਮਨਸੂਬਿਆਂ ਨਾਲ ਲੋਕਾਂ ਨੂੰ ਰਾਹ ਨਹੀਂ ਦਿਖਾਇਆ ਜਾ ਸਕਦਾ। ਸਮੇਂ ਦੀ ਲੋੜ ਅਨੁਸਾਰ, ਗੁਰੂ ਸਾਹਿਬਾਨ ਨੇ ਲੋਕਾਂ ਅੰਦਰ, ਆਜ਼ਾਦੀ ਦਾ ਮਾਦਾ ਭਰਿਆ ਤਾਂ ਜੋ ਉਹ ਸੱਚ ਨੂੰ ਸੱਚ ਕਹਿ ਸਕਣ ਤੇ ਮੁਸ਼ਕਲਾਂ ਦੇ ਬਾਵਜੂਦ ਜ਼ੁਲਮ ਦਾ ਟਾਕਰਾ ਕਰ ਸਕਣ। ਗੁਰੂ ਅਰਜਨ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਹਾਦਤਾਂ ਦੇ ਦਿੱਤੀਆਂ, ਪਰ ਕਦੇ ਵੀ ਆਪਣੇ ਅਸੂਲਾਂ—ਸਾਰੇ ਮਨੁੱਖ ਇਕ ਹਨ, ਸੱਚ ਇਕ ਹੈ, ਸਾਰੇ ਧਰਮ ਸਮਾਨ ਹਨ, ਸਾਰੇ ਪੂਜਾ ਅਸਥਾਨ ਇਕ ਹਨ—ਨਾਲ ਕਦੇ ਸਮਝੌਤਾ ਨਹੀਂ ਕੀਤਾ। ਬਾਹਰਲੇ ਕਰਮਕਾਂਡਾਂ ਤੇ ਝੂਠੀ ਧਾਰਮਿਕਤਾ

ਤੋਂ ਪਰ੍ਹੇ, ਕੇਵਲ ਅੰਦਰਲੀ ਸੁੱਚਤਾ 'ਤੇ ਪੂਰਾ ਜ਼ੋਰ ਦਿੱਤਾ ।

ਇਸ ਸੱਚ ਨੂੰ ਵਾਰ-ਵਾਰ ਦ੍ਰਿੜ੍ਹ ਕਰਾਇਆ ਕਿ ਉਨ੍ਹਾਂ ਦਾ ਸੰਦੇਸ਼ ਸਾਰੀ ਮਨੁੱਖਤਾ ਲਈ ਸੀ, ਕੇਵਲ ਸਿੱਖਾਂ ਲਈ ਨਹੀਂ, ਸਿੱਖਾਂ ਤੇ ਗ਼ੈਰ-ਸਿੱਖਾਂ ਅੰਦਰ ਕੋਈ ਭੇਦ ਨਹੀਂ ਕੀਤਾ—ਭਾਵੇਂ ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਦਾ ਵੇਲਾ ਸੀ, ਜਾਂ ਆਦਿ ਗ੍ਰੰਥ ਦੀ ਸੰਪਾਦਨਾ, ਉਨ੍ਹਾਂ ਸਰਬ ਸਾਂਝੀਵਾਲਤਾ ਦਾ ਅਸੂਲ ਸਰਵੋਤਮ ਰੱਖਿਆ ਤੇ ਕਿਸੇ ਧਾਰਮਿਕ ਲੇਬਲ (ਹਿੰਦੂ ਜਾਂ ਮੁਸਲਮਾਨ) ਨੂੰ ਤਰਜੀਹ ਨਹੀਂ ਦਿੱਤੀ । ਹਰਿਮੰਦਰ ਸਾਹਿਬ ਦੀ ਨੀਂਹ ਮੁਸਲਮਾਨ ਸੰਤ, ਹਜ਼ਰਤ ਮੀਆਂ ਮੀਰ ਤੋਂ ਰਖਵਾਈ ਤੇ ਆਦਿ ਗ੍ਰੰਥ ਵਿੱਚ, ਹਿੰਦੂ-ਮੁਸਲਿਮ, ਅਖੌਤੀ ਅਛੂਤ ਤੇ ਛੋਟੀ ਜਾਤ ਦੇ, ਭਗਤਾਂ-ਸੰਤਾਂ ਦੀ ਬਾਣੀ ਵੀ ਦਰਜ ਕੀਤੀ ਤੇ ਉਸ ਬਾਣੀ ਨੂੰ ਉਹੀ ਦਰਜਾ ਪ੍ਰਾਪਤ ਹੋਇਆ ਜੋ ਗੁਰੂਆਂ ਦੀ ਬਾਣੀ ਨੂੰ ਹੈ । ਗੁਰੂ ਸਾਹਿਬਾਨ ਨੇ ਇਹ ਦਰਸਾਇਆ ਕਿ ਜਨਮ-ਜ਼ਾਤ ਦੇ ਆਧਾਰ 'ਤੇ ਕੋਈ ਮਨੁੱਖ ਉੱਚਾ ਜਾਂ ਨੀਵਾਂ ਨਹੀਂ ਹੋ ਸਕਦਾ, ਉਸਦੇ ਕਰਮ ਹੀ ਉਸਨੂੰ ਉੱਚਾ ਜਾਂ ਨੀਵਾਂ ਬਣਾਉਂਦੇ ਹਨ । ਇਸ ਪ੍ਰਕਾਰ ੧੬੯੯ ਨੂੰ ਵਿਸਾਖੀ ਵਾਲੇ ਦਿਨ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਸਿਰਜਣਾ ਕੀਤੀ, ਤਾਂ ਖ਼ਾਲਸਾਈ ਜੀਵਨ ਦੀ ਸਥਾਪਨਾ ਹੋ ਚੁੱਕੀ ਸੀ ਤੇ ਜੋ ਪੰਜ ਪਿਆਰੇ ਸਾਹਮਣੇ ਆਏ ਉਨ੍ਹਾਂ ਅੰਦਰ ਅਖੌਤੀ ਨੀਚ ਜਾਤ ਵਾਲੇ ਵੀ ਸਨ । ਇਹ ਅਫ਼ਸੋਸ ਦੀ ਗੱਲ ਹੈ ਕਿ ਰਾਜ-ਪਾਟ ਦੇ ਲਾਲਚ ਤੇ ਹੁਕਮਰਾਨਾਂ ਦੇ ਡਰ ਨੇ, ਪਹਾੜੀ ਰਾਜਿਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸਾਰੀ ਮਨੁੱਖਤਾ ਦੀ ਬਰਾਬਰੀ ਦੇ ਸਿਧਾਂਤ ਨੂੰ ਮੰਨਣੋਂ ਰੋਕਿਆ ਤੇ ਉਨ੍ਹਾਂ ਅੱਤਿਆਚਾਰੀ ਮੁਗ਼ਲ ਰਾਜਿਆਂ ਨਾਲ ਮਿਲ ਕੇ ਗੁਰੂ ਸਾਹਿਬ ਨਾਲ ਜੰਗਾਂ ਕੀਤੀਆਂ । ਗੁਰੂ ਜੀ ਨੇ ਖ਼ਾਲਸੇ ਅੰਦਰ ਵੱਖਰੇ-ਵੱਖਰੇ ਵਰਗ ਬਣਾਉਣ ਤੋਂ ਸਾਫ਼ ਨਾਂਹ ਕਰ ਦਿੱਤੀ ਤੇ ਇਸ ਤਰ੍ਹਾਂ ਪਹਾੜੀ ਰਾਜੇ ਖ਼ਾਲਸਾ ਅੰਦਰ ਸ਼ਾਮਲ ਨਾ ਹੋਏ ।

ਕਿਸੇ ਵੀ ਪੜਾਅ 'ਤੇ ਕਿਸੇ ਵੀ ਹਾਲਤ ਅੰਦਰ, ਗੁਰੂ ਸਾਹਿਬ ਨੇ ਪੱਖ-ਪਾਤੀ ਰਵੱਈਆ ਨਹੀਂ ਅਪਣਾਇਆ—ਨਿੱਜੀ ਸੁਆਰਥ ਜਾਂ ਰਾਜ ਬਣਾਉਣ ਦੀ ਮੰਸ਼ਾ ਤਾਂ ਕਦੇ ਕੀਤੀ ਹੀ ਨਹੀਂ ਸੀ । ਗੁਰੂ ਜੀ ਨੇ ਨਿਮਾਣੇ ਤੇ ਲਿਤਾੜੇ ਜਾ ਰਹੇ ਲੋਕਾਂ ਦੀ ਬਾਂਹ ਪਕੜੀ ਤੇ ਰਾਜਸੀ ਜ਼ੁਲਮ ਵਿਰੁੱਧ ਸੰਘਰਸ਼ ਕੀਤਾ । ਇਸ ਸੱਚਾਈ ਤੋਂ ਸਾਰੇ ਵਾਕਫ਼ ਹਨ ਕਿ ਸਿੱਖਾਂ ਨੂੰ ਕੁੱਤੇ ਆਖਣ ਵਾਲੇ ਮੁਸਲਿਮ ਇਤਿਹਾਸਕਾਰਾਂ ਨੇ ਵੀ ਸਿੱਖੀ ਕਿਰਦਾਰ, ਸੱਚ ਲਈ ਨਿਸ਼ਚਾ ਤੇ ਉਨ੍ਹਾਂ ਦੇ ਮਨੁੱਖੀ ਗੁਣਾਂ ਦੀ ਵਡਿਆਈ ਕੀਤੀ ਹੈ ਆਪਣੀਆਂ ਲਿਖਤਾਂ ਅੰਦਰ ।



੧੬੯੯ ਦੀ ਵਿਸਾਖੀ 'ਤੇ, ਪੰਜਾਂ ਪਿਆਰਿਆਂ ਨੇ ਇਕੋ ਬਾਟੇ 'ਚੋਂ ਅੰਮ੍ਰਿਤ ਛਕ ਕੇ ਜ਼ਾਤ-ਪਾਤ ਦੇ ਵਿਤਕਰੇ ਦੇ ਖ਼ਾਤਮੇ 'ਤੇ ਮੋਹਰ ਲਗਾ ਦਿੱਤੀ, ਜਿਸਦੀ ਸ਼ੁਰੂਆਤ ਪਹਿਲੇ ਗੁਰੂ ਸਾਹਿਬਾਨ, ਸੰਗਤ ਤੇ ਪੰਗਤ ਰਾਹੀਂ ਕਰ ਚੁੱਕੇ ਸਨ । ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ, ਗੁਰਦੁਆਰਿਆਂ ਅੰਦਰ ਸੰਗਤ ਦਾ ਜੁੜਨਾ ਤੇ ਲੰਗਰ ਵਿੱਚ ਇਕੋ ਪੰਗਤ ਵਿੱਚ ਸਾਰਿਆਂ ਦਾ ਬੈਠਣਾ, ਇਹ ਪ੍ਰਤੀਕ ਹਨ ਕਿ ਸਿੱਖੀ ਵਿੱਚ ਜ਼ਾਤ-ਪਾਤ ਦੇ ਵਿਤਕਰੇ ਦੀ ਕੋਈ ਥਾਂ ਨਹੀਂ । ਰਾਜਾ ਤੇ ਭਿਖਾਰੀ, ਦੋਵੇਂ ਸੰਗਤ ਤੇ ਪੰਗਤ ਅੰਦਰ ਨਾਲ-ਨਾਲ ਬੈਠ ਕੇ ਕੀਰਤਨ ਦਾ ਆਨੰਦ ਮਾਣਦੇ ਜਾਂ ਭੋਜਨ ਛਕਦੇ ਹਨ ।

ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਤੁਕਾਂ ਅੰਦਰ ਬੜੇ ਸੁੰਦਰ ਤਰੀਕੇ ਨਾਲ ਖ਼ਾਲਸਾਈ ਜੀਵਨ ਦਾ ਚਿਤ੍ਰਣ ਕੀਤਾ ਹੈ :

**"ਪੂਰਨ ਜੋਤ ਜਗੇ ਘਟ ਮੈ, ਤਬ ਖ਼ਾਲਸੇ ਤਾਹਿ ਨਖਾਲਸ ਜਾਨੈ ।"**

ਦੂਜੇ ਸ਼ਬਦਾਂ ਵਿੱਚ, ਖ਼ਾਲਸੇ ਦੀ ਇਹ ਵਿਲੱਖਣਤਾ ਹੈ ਕਿ ਉਹ ਨਿਰੰਤਰ ਪ੍ਰਭੂ ਦੀ ਯਾਦ ਵਿੱਚ ਜੁੜਿਆ ਰਹਿੰਦਾ ਹੈ । ਐਸੇ ਖ਼ਾਲਸੇ ਨੂੰ, ਖ਼ਾਲਸੇ ਦੇ ਸਿਰਜਣਹਾਰ ਗੁਰੂ ਗੋਬਿੰਦ ਸਿੰਘ ਜੀ ਨੇ ਨਾ ਕੇਵਲ ਆਪਣਾ ਗੁਰੂ ਕਿਹਾ ਹੈ, ਨਾਲ ਹੀ ਉਸ ਪਰ ਬੇਅੰਤ ਬਖ਼ਸ਼ਿਸ਼ਾਂ ਕੀਤੀਆਂ ।

**"ਖ਼ਾਲਸਾ ਮੇਰੋ ਰੂਪ ਹੈ ਖਾਸ । ਖ਼ਾਲਸਾ ਮਹਿ ਹੌ ਕਰੌ ਨਿਵਾਸ ।"**

**"ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥"**

ਗੁਰੂ ਸਾਹਿਬ ਨੇ ਖ਼ਾਲਸੇ ਨੂੰ ਜੋ ਵਡਿਆਈ ਬਖ਼ਸ਼ੀ ਉਸ ਨੂੰ ਸਮਝਣ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਖ਼ਾਲਸੇ ਨੇ ਨਾ ਕੇਵਲ ਅਨੇਕਾਂ ਸ਼ਹੀਦੀਆਂ ਪ੍ਰਾਪਤ ਕੀਤੀਆਂ, ਮੌਤ ਨੂੰ ਡਰਾਉਣ ਵਾਲੇ ਜੌਹਰ ਵਿਖਾਏ, ਆਪਾ ਤਿਆਗ ਕੀਤਾ, ਵਰਨਾ ਨਾਲ ਹੀ ਹਰ ਮੁਸੀਬਤ ਦੇ ਬਾਵਜੂਦ, ਚੜ੍ਹਦੀ ਕਲਾ ਵਿੱਚ ਰਹਿ ਕੇ ਲੋਕ-ਭਲਾਈ ਦੇ ਕੰਮ ਕੀਤੇ । ਅਸੀਂ ਬੜੇ ਪਿਆਰ ਤੇ ਸ਼ਰਧਾ ਨਾਲ ਉਨ੍ਹਾਂ ਬਜ਼ੁਰਗਾਂ ਨੂੰ ਯਾਦ ਕਰਦੇ ਹਾਂ ਜੋ ਆਰਿਆਂ ਨਾਲ ਚੀਰੇ ਗਏ, ਨੀਹਾਂ ਵਿੱਚ ਚਿਣੇ ਗਏ, ਜ਼ਿੰਦਾ ਜਲਾ ਦਿੱਤੇ ਗਏ, ਉਨ੍ਹਾਂ ਭੈਣਾਂ ਨੂੰ ਯਾਦ ਕਰਦੇ ਹਾਂ ਜਿਨ੍ਹਾਂ ਨੇ ਬੱਚਿਆਂ ਦੇ ਟੋਟੇ-ਟੋਟੇ ਕਰਵਾ ਕੇ ਝੋਲੀਆਂ ਵਿੱਚ ਪੁਆਏ, ਸ਼ਹੀਦੀਆਂ ਪ੍ਰਾਪਤ ਕੀਤੀਆਂ, ਪਰ ਧਰਮ ਨਹੀਂ ਹਾਰਿਆ । ਖ਼ਾਲਸਾਈ ਜੀਵਨ ਦੀ ਮਿਸਾਲ ਹੈ ਉਹ ਬੱਚਾ ਜੋ ਬੰਦਾ ਬਹਾਦਰ ਦੀ ਸਿੱਖ ਫ਼ੌਜ ਨਾਲ ਪਕੜਿਆ ਗਿਆ ਸੀ । ਜਦੋਂ ਇਹ ਕਹਿ ਕੇ, ਉਸਨੂੰ ਛੱਡਣ ਲੱਗੇ ਕਿ ਤੇਰੀ ਮਾਂ ਨੇ ਤੇਰੀ ਰਿਹਾਈ ਦੀ ਅਰਜ਼ੀ ਪਾ ਕੇ ਬਾਦਸ਼ਾਹ ਤੋਂ ਮੁਆਫ਼ੀ ਮਨਜ਼ੂਰ

ਕਰਾ ਲਈ ਹੈ, ਉਸ ਗਰਜਵੀਂ ਆਵਾਜ਼ ਵਿੱਚ ਕਿਹਾ, "ਮੇਰੀ ਮਾਂ ਝੂਠੀ ਹੈ, ਜੋ ਇਹ ਕਹਿੰਦੀ ਹੈ ਕਿ ਮੈਂ ਸਿੱਖ ਨਹੀਂ । ਮੈਂ ਸਿੱਖ ਹਾਂ ਤੇ ਆਪਣੇ ਦੂਜੇ ਭਰਾਵਾਂ ਵਾਂਙ ਹੀ ਸ਼ਹੀਦ ਹੋਵਾਂਗਾ ।"

ਕਮਾਲ ਦੀ ਗੱਲ ਇਹ ਹੈ ਕਿ ਸਾਨੂੰ ਨਿਆਰਾ ਸਰੂਪ ਦੇ ਕੇ ਤੇ ਪੰਜਾਂ ਕਕਾਰਾਂ ਦੀ ਵਰਦੀ ਪੁਆ ਕੇ ਵੀ, ਪੰਜਾਂ ਚੋਰਾਂ—ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ—ਤੇ ਨਿੰਦਾ, ਚੁਗ਼ਲੀ ਆਦਿ ਨਾਲ ਲੜਾਈ ਕਰ ਕੇ ਛੁਟਕਾਰਾ ਪਾਉਣ ਦਾ ਪਾਠ ਪੜ੍ਹਾਇਆ ਗਿਆ । ਸਾਡੇ ਧਾਰਮਿਕ ਤੇ ਰਾਜਨੀਤਿਕ ਆਗੂਆਂ ਦਾ ਕੁਰਸੀ ਤੇ ਨਿੱਜੀ ਸੁਆਰਥ ਲਈ ਜੂਝਣਾ ਤੇ ਜਥੇਦਾਰ ਸਾਹਿਬਾਨਾਂ ਦਾ ਆਪਣੇ-ਆਪ ਨੂੰ ਠੀਕ ਸਾਬਤ ਕਰਨ ਲਈ ਇਕ ਦੂਜੇ ਨਾਲ ਘੋਲ ਕਰਨਾ ਤਾਂ ਖ਼ਾਲਸਾਈ ਜੀਵਨ ਤੋਂ ਪੂਰੀ ਤਰ੍ਹਾਂ ਉਲਟ ਹੈ ।

ਕੁਝ ਚੋਣਵੀਆਂ ਗੱਲਾਂ—ਖ਼ਾਲਸੇ ਨੇ ਕੀ ਕਰਨਾ ਹੈ ਤੇ ਕੀ ਨਹੀਂ ਕਰਨਾ ਤੋਂ ਪਤਾ ਚੱਲੇਗਾ ਕਿ ਖ਼ਾਲਸਾ ਦੇ ਆਦਰਸ਼ ਕੀ ਹਨ; ਪਰ ਖ਼ਾਲਸੇ ਦੀ ਅਸਲੀਅਤ ਤਾਂ ਇਸ ਵਿੱਚ ਸੀ ਕਿ ਉਹ ਆਮ ਲੋਕਾਂ ਲਈ ਆਪਣਾ ਹੱਕ ਛੱਡੇਗਾ ਤੇ ਸੱਚ ਲਈ ਸ਼ਹੀਦ ਹੋ ਜਾਏਗਾ । ਸਾਨੂੰ ਇਹ ਸਿਖਾਇਆ ਗਿਆ ਕਿ ਫੋਕੀਆਂ ਗੱਲਾਂ ਨਹੀਂ ਕਰਨੀਆਂ, ਸਾਡੇ ਰੋਜ਼ਾਨਾ ਜੀਵਨ ਅੰਦਰੋਂ ਸਾਡੇ ਆਦਰਸ਼ ਪ੍ਰਗਟ ਹੋਣੇ ਚਾਹੀਦੇ ਹਨ । ਇਸੇ ਲਈ ਰਹਿਤਨਾਮਿਆਂ ਅੰਦਰ ਇਹ ਦ੍ਰਿੜ੍ਹ ਕਰਾਇਆ ਗਿਆ :

—ਖ਼ਾਲਸਾ ਕਦੇ ਕਿਸੇ ਭਰਮ-ਭੁਲੇਖੇ ਵਿੱਚ ਨਹੀਂ ਪੈਂਦਾ ।

—ਖ਼ਾਲਸਾ ਬਾਹਰਲੇ ਭੇਖ ਤੇ ਕੂੜ ਤੋਂ ਮੁਕਤ ਹੁੰਦਾ ਹੈ ।

—ਖ਼ਾਲਸਾ ਨਿੰਦਾ ਨਹੀਂ ਕਰਦਾ ।

—ਖ਼ਾਲਸਾ ਸਦੈਵ ਸੱਚ ਲਈ ਜੂਝਣ ਨੂੰ ਤਿਆਰ ਹੈ ।

—ਖ਼ਾਲਸਾ, ਪਰਾਈ ਇਸਤਰੀ ਵੱਲ ਬੁਰੀ ਨਜ਼ਰ ਨਾਲ ਨਹੀਂ ਦੇਖਦਾ ।

—ਖ਼ਾਲਸਾ, ਨਾਮ ਸਿਮਰਨ ਵਿੱਚ ਲੀਨ ਰਹਿੰਦਾ ਹੈ ।

—ਖ਼ਾਲਸਾ, ਗੁਰੂ ਨਾਲ ਪਿਆਰ ਕਰਦਾ ਤੇ ਸੱਚ ਲਈ ਦਲੇਰੀ ਨਾਲ ਜੂਝਦਾ ਹੈ ।

—ਖ਼ਾਲਸਾ, ਗ਼ਰੀਬ ਦੀ ਰੱਖਿਆ ਕਰਦਾ ਹੈ ।

—ਖ਼ਾਲਸਾ, ਦੁਸ਼ਟ ਨੂੰ ਖ਼ਤਮ ਕਰਦਾ ਹੈ ।



—ਖ਼ਾਲਸਾ, ਅੰਮ੍ਰਿਤਪਾਨ ਕਰਦਾ ਤੇ ਬੜੇ ਪਿਆਰ ਨਾਲ ਪੰਜ ਕਕਾਰ ਧਾਰਨ ਕਰਦਾ ਹੈ ।

—ਖ਼ਾਲਸਾ, ਅੰਮ੍ਰਿਤ ਵੇਲੇ ਪ੍ਰਭੂ ਦੀ ਯਾਦ ਵਿੱਚ ਜੁੜਦਾ ਹੈ ।

—ਖ਼ਾਲਸਾ, ਊਚ-ਨੀਚ, ਗ਼ਰੀਬ-ਅਮੀਰ ਵਿੱਚ ਕੋਈ ਵਿਤਕਰਾ ਨਹੀਂ ਕਰਦਾ ।

—ਖ਼ਾਲਸਾ, ਵਿਆਹ ਤੋਂ ਬਗ਼ੈਰ ਸੰਭੋਗ ਨਹੀਂ ਕਰਦਾ ।

—ਖ਼ਾਲਸਾ, ਕਦੇ ਲੋਕਾਂ ਨੂੰ ਨਹੀਂ ਸਤਾਉਂਦਾ ।

—ਖ਼ਾਲਸਾ ਬਚਨ ਦਾ ਪੂਰਾ ਹੈ ।

—ਖ਼ਾਲਸਾ, ਬੁਰੀ ਸੰਗਤ ਤੋਂ ਬਚ ਕੇ ਰਹਿੰਦਾ ਹੈ ।

—ਖ਼ਾਲਸਾ, ਝੂਠ ਨਹੀਂ ਬੋਲਦਾ ।

ਜ਼ਾਹਿਰ ਹੈ, ਇਹ ਲਿਸਟ ਅਜੇ ਪੂਰੀ ਨਹੀਂ, ਫਿਰ ਵੀ ਗੁਰੂ ਦਾ ਫ਼ਰਮਾਨ ਯਾਦ ਰੱਖੀਏ :

**ਰਹਿਤ ਬਿਨਾਂ ਨਹਿ ਸਿਖ ਕਹਾਵੈ ॥ ਰਹਿਤ ਬਿਨਾਂ ਦਰ ਚੋਟਾ ਖਾਵੈ ॥**

**ਰਹਿਣੀ ਰਹੈ ਸੋਈ ਸਿਖ ਮੇਰਾ ॥ ਓਹੁ ਠਾਕੁਰੁ ਮੈ ਉਸਕਾ ਚੇਰਾ ॥**

ਖ਼ਾਲਸਾਈ ਜੀਵਨ ਦੀ ਸਿਖਰ ਵੇਖੋ, ਗੁਰੂ ਤੇ ਸਿੱਖ ਇਕ ਹੋ ਗਏ ਹਨ :

**"ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ...॥"**

(ਅੰਗ ੪੪੪)

ਗੁਰੂ ਨੇ ਇਕ ਨਿਆਰਾ ਪਰ ਮਾਡਰਨ ਤਰੀਕਾ ਪੇਸ਼ ਕੀਤਾ ਮਨੁੱਖ ਅੱਗੇ ਆਪਣੀ ਜਾਂਚ-ਪੜਤਾਲ ਕਰਨ ਦਾ । ਅੱਜ ਲੋਕ ਛੂਆ-ਛੂਤ ਦੂਰ ਕਰਨ ਦੀ ਗੱਲ ਕਰਦੇ ਹਨ ਤੇ ਦੇਸ਼ ਵਿੱਚ ਲੋਕ ਆਯੁਕਤ—ਜੋ ਪ੍ਰਧਾਨ ਮੰਤਰੀ ਤਕ 'ਤੇ ਕੁੰਡਾ ਰੱਖ ਸਕੇ—ਦੀ ਬਹਾਲੀ ਦੀ ਚਰਚਾ ਹੋ ਰਹੀ ਹੈ; ਪਰ ਗੁਰੂ ਦਾ ਕਮਾਲ ਵੇਖੋ, ਆਪਣੀ ਬਣਾਈ ਰਚਨਾ—ਖ਼ਾਲਸਾ ਅੱਗੇ ਆਪਣੀ ਮਰਜ਼ੀ ਨਾਲ ਖ਼ੁਦ ਹੀ ਪੇਸ਼ ਹੋ ਗਏ ਤੇ ਖ਼ਾਲਸੇ ਦੀ ਸਿਰਜਣਾ ਦੁਆਰਾ ਜ਼ਾਤ-ਪਾਤ ਦੀਆਂ ਸਾਰੀਆਂ ਵੰਡੀਆਂ ਦਾ ਨਾਸ਼ ਕਰ ਦਿੱਤਾ । ਬੜੇ ਦੁੱਖ ਦੀ ਗੱਲ ਹੈ ਕਿ ਅਸੀਂ ਆਪਣੀ ਮੂਰਖਤਾ ਕਰਕੇ, ਆਪਣੇ ਹੰਕਾਰ ਦੇ ਗ਼ੁਲਾਮ ਬਣਕੇ ਗੁਰੂ ਦੇ ਪਾਕ ਨਾਂ ਨੂੰ ਦਾਗ਼ ਲਾਇਆ ਹੈ—ਅੱਜ ਵੀ ਅਸੀਂ ਜ਼ਾਤ-ਪਾਤ ਦੇ ਸ਼ਿਕਾਰ ਹਾਂ

ਤੇ ਸਰਬੱਤ ਦੇ ਭਲੇ ਦੀ ਥਾਂ ਨਿੱਜੀ ਵਡਿਆਈ ਤੇ ਕੁਰਸੀ ਦੀ ਹਵਸ ਵਿੱਚ ਗਲਤਾਨ ਹਾਂ ।

ਇਹ ਯਾਦ ਰੱਖਣ ਦੀ ਲੋੜ ਹੈ ਕਿ ਜੇਕਰ ਇਕ ਪਾਸੇ ਗੁਰੂ ਸਾਹਿਬ ਨੇ ਖ਼ਾਲਸੇ ਨੂੰ ਬੇਅੰਤ ਵਡਿਆਈ ਬਖ਼ਸ਼ੀ ਉੱਥੇ ਨਾਲ ਹੀ ਇਹ ਇਸ਼ਾਰਾ ਵੀ ਕੀਤਾ ਕਿ ਮੇਰੀ ਰਹੁ-ਰੀਤ ਨੂੰ ਭੁਲਾਉਣ 'ਤੇ ਖ਼ਾਲਸਾ ਭਟਕ ਵੀ ਸਕਦਾ ਹੈ । ਇਹ ਕਿਤਨੇ ਦੁੱਖ ਦੀ ਗੱਲ ਹੈ ਕਿ, ਗੁਰੂ ਸਾਹਿਬ ਨੇ ਪਟਨਾ ਵਿਖੇ ਅਵਤਾਰ ਧਾਰਿਆ ਤੇ ਨਾਂਦੇੜ ਵਿੱਖੇ ਜੋਤੀ ਜੋਤ ਸਮਾਏ, ਪਰ ਇਨ੍ਹਾਂ ਦੋਹਾਂ ਤਖ਼ਤਾਂ ਦੀ ਮਰਯਾਦਾ ਪੰਜਾਬ ਅੰਦਰਲੇ ਬਾਕੀ ਤਿੰਨ ਤਖ਼ਤਾਂ ਤੋਂ ਵੱਖਰੀ ਹੈ ਅਤੇ ਇਹ ਸ਼ਰਮਨਾਕ ਨਹੀਂ ਕਿ ਸਾਡੇ ਅੰਦਰ ਅਜੇ ਵੀ ਜ਼ਾਤ-ਪਾਤ ਮੌਜੂਦ ਹੈ ! ਇਤਨਾ ਹੀ ਕਾਫ਼ੀ ਨਹੀਂ, ਸਾਡੇ ਅੱਜਕੱਲ੍ਹ ਦੇ ਸਿੱਖ ਲੀਡਰਾਂ ਦੀਆਂ ਕਰਤੂਤਾਂ ਵੇਖੋ ਤੇ ਜਥੇਦਾਰਾਂ ਦੀਆਂ ਲੜਾਈਆਂ, ਜਿਨ੍ਹਾਂ ਨੂੰ ਇਸ ਗੱਲ ਦਾ ਉੱਕਾ ਹੀ ਅਫ਼ਸੋਸ ਨਹੀਂ ਕਿ ਉਹ ਕੌਮ ਦਾ ਕਿਤਨਾ ਨੁਕਸਾਨ ਕਰ ਰਹੇ ਹਨ ਤੇ ਇਹ ਸਾਰਾ ਤਮਾਸ਼ਾ ਖ਼ਾਲਸੇ ਦੀ ਸਿਰਜਣਾ ਦੀ ੩੦੦ਵੀਂ ਵਰ੍ਹੇਗੰਢ—ਅਰਥਾਤ, ਸਾਡੀ ਤਵਾਰੀਖ਼ ਦੇ ਸਭ ਤੋਂ ਚਮਕਦੇ ਅਧਿਆਇ ਤੇ ਹਿੰਦੁਸਤਾਨ ਦੇ ਸਭ ਤੋਂ ਮਹਾਨ ਸਪੂਤ ਗੁਰੂ ਗੋਬਿੰਦ ਸਿੰਘ, ਜਿਨ੍ਹਾਂ ਸਾਡੇ ਲਈ ਸਰਬੰਸ ਵਾਰਿਆ ਸੀ, ਦੀ ਯਾਦ ਵਿੱਚ ਹੋ ਰਿਹਾ ਹੈ । ਇਸੇ ਲਈ ਗੁਰੂ ਸਾਹਿਬ ਨੇ ਚਿਤਾਵਨੀ ਦੇਂਦਿਆਂ ਕਿਹਾ ਸੀ :

**ਜਬ ਲਗ ਖ਼ਾਲਸਾ ਰਹੇ ਨਿਆਰਾ । ਤਬ ਲਗ ਤੇਜ ਦੀਉ ਮੈ ਸਾਰਾ ।**
**ਜਬ ਇਹ ਗਹੈ ਬਿਪਰਨ ਕੀ ਰੀਤ । ਮੈ ਨਾ ਕਰੋਂ ਇਨ ਕੀ ਪ੍ਰਤੀਤ ।**

ਪਰ ਜੇ ਉਹ ਵਾਕਈ ਨਿਆਰਾ ਰਹੇ, ਤਾਂ ਮੇਰਾ ਦਿਲ ਖ਼ਾਲਸੇ ਦੀ ਉਪਮਾ ਵਿੱਚ ਇਹ ਕਹਿੰਦਾ ਰਹੇਗਾ :

**ਖ਼ਾਲਸਾ ਮੇਰੋ ਮਿੱਤਰ ਸਖਾਈ । ਖ਼ਾਲਸਾ ਮਾਤ ਪਿਤਾ ਸੁਖਦਾਈ ।**
**ਖ਼ਾਲਸਾ ਮੇਰੀ ਜਾਤ ਅਰ ਪਤ । ਖ਼ਾਲਸਾ ਸੋ ਜਾ ਕੋ ਉਤਪਤ ।**
**ਖ਼ਾਲਸਾ ਮੇਰੋ ਭਵਨ ਭੰਡਾਰਾ । ਖ਼ਾਲਸੇ ਕਰ ਮੇਰੋ ਸਤਿਕਾਰਾ ।**
**ਖ਼ਾਲਸਾ ਅਕਾਲ ਪੁਰਖ ਕੀ ਫੌਜ । ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ ।**

ਖ਼ਾਲਸੇ ਪ੍ਰਤੀ ਆਪਣੇ ਪਿਆਰ ਦੀ ਡੂੰਘਾਈ ਉਨ੍ਹਾਂ ਇਹ ਕਹਿ ਕੇ ਉਜਾਗਰ ਕੀਤੀ :

**ਯਾ ਮੈਂ ਰੰਚ ਨ ਮਿਥਿਆ ਭਾਖੀ । ਪਾਰਬ੍ਰਹਮ ਗੁਰ ਨਾਨਕ ਸਾਖੀ ।**



ਪਰ ਜਦੋਂ ਉਨ੍ਹਾਂ ਇਹ ਕਿਹਾ ਤਾਂ ਮਾਨੋ ਸਿਖਰ ਸੀ ਖ਼ਾਲਸੇ ਲਈ :

**ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀਂ ਮੋਸੇ ਗਰੀਬ ਕਰੋਰ ਪਰੇ ਹੈ ।**

ਉਨ੍ਹਾਂ ਜੋ ਧਾਰਮਿਕ ਕਦਰਾਂ-ਕੀਮਤਾਂ ਪੇਸ਼ ਕੀਤੀਆਂ ਉਹ ਸਭ ਤੋਂ ਉੱਪਰ ਹਨ ਤੇ ਖ਼ਾਲਸੇ ਕੋਲੋਂ ਸਭ ਤੋਂ ਉੱਚੀ ਅਧਿਆਤਮਿਕ ਆਸ ਦੀ ਮੰਗ ਕਰਦੀਆਂ ਹਨ :

**ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ ॥**
**ਪ੍ਰਭ ਮਹਿ, ਮੋ ਮਹਿ, ਤਾਂਸ ਮਹਿ, ਰੰਚਨ ਨਾਹਨ ਭੇਵ ॥**

ਮੈਂ ਮੁੜ ਆਪਣੇ ਵਿਸ਼ੇ ਵੱਲ ਆਉਂਦਾ ਹਾਂ । ਗੁਰੂ ਗੋਬਿੰਦ ਸਿੰਘ—ਜੋ ਪਹਿਲੇ ਨੌਂ ਗੁਰੂਆਂ ਦੇ ਵਾਰਸ ਸਨ—ਦੀ ਸੁੱਚਤਾ ਖ਼ਾਲਸੇ ਨੂੰ ਪ੍ਰਾਪਤ ਹੋਈ ਤੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਬਖ਼ਸ਼ੀ ਗਈ, ਇਸ ਤੋਂ ਸਪੱਸ਼ਟ ਹੈ ਕਿ ਸਿੱਖੀ ਦੀ ਸਾਰੀ ਸੁੱਚਤਾ ਉਸ ਮਨੁੱਖ ਅੰਦਰੋਂ ਪ੍ਰਗਟ ਹੋਣੀ ਚਾਹੀਦੀ ਹੈ ਜੋ ਖੁਦ ਨੂੰ ਖ਼ਾਲਸਾ ਅਖਵਾਉਂਦਾ ਹੈ । ਗੁਰੂ ਗੋਬਿੰਦ ਸਿੰਘ ਅੰਦਰ ਸੁੱਚਤਾ ਅਰਥਾਤ ਖ਼ਾਲਸਾਈ ਜੀਵਨ ਲਈ ਜੋ ਤੜਪ ਸੀ, ਉਹ ਉਨ੍ਹਾਂ ਦੇ ਆਪਣੇ ਇਸ ਸ਼ਬਦ 'ਚੋਂ ਪ੍ਰਗਟ ਹੁੰਦੀ ਹੈ :

**"ਦੇਹ ਸਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ ।**
**ਨਾ ਡਰੋ ਅਰਿ ਸੋ ਜਬ ਜਾਇ ਲਰੋ ਨਿਸਚੈ ਕਰਿ ਅਪੁਨੀ ਜੀਤ ਕਰੋਂ ।**
**ਅਰੁ ਸਿਖਹੋਂ ਆਪਨੇ ਹੀ ਮਨ ਕੋ ਇਹ ਲਾਲਚ ਹਉ ਗੁਨ ਤਉ ਉਚਰੋਂ ।**
**ਜਬ ਆਵ ਕੀ ਅਉਧ ਨਿਧਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋਂ ।"**

ਇਹ ਲੇਖ ਸਮਾਪਤ ਕਰਨ ਤੋਂ ਪਹਿਲਾਂ ਮੈਂ ਇਕ ਗੱਲ ਬੜੇ ਜ਼ੋਰ ਨਾਲ ਕਹਿਣੀ ਚਾਹੁੰਦਾ ਹਾਂ ਕਿ ਖ਼ਾਲਸਾਈ ਜੀਵਨ ਜਾਚ, ਕਿਸੇ ਵੀ ਹੋਰ ਧਰਮ ਦੀ ਮਨੁੱਖੀ ਜੀਵਨ ਜਾਚ ਨਾਲੋਂ ਵੱਖਰੀ ਨਹੀਂ । ਪਰ ਖ਼ਾਲਸੇ ਦਾ ਕਮਾਲ ਇਹ ਹੈ ਕਿ ਉਹ ਸਾਰਿਆਂ ਦਾ ਹੈ ਬਸ਼ਰਤੇ ਉਹ ਗੁਰੂ ਗੋਬਿੰਦ ਸਿੰਘ ਦੁਆਰਾ ਉਸ ਲਈ ਦਰਸਾਏ ਮਾਰਗ 'ਤੇ ਚੱਲਦਾ ਹੈ । ਆਉ, ਗੁਰੂ ਸਾਹਿਬ ਦੀਆਂ ਹੇਠਲੀਆਂ ਦੋ ਗੱਲਾਂ ਨੋਟ ਕਰੀਏ :

**ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ...**

ਇਹ ਚੰਗੀ ਤਰ੍ਹਾਂ ਸਮਝ ਲਈਏ ਕਿ ਖ਼ਾਲਸੇ ਅੰਦਰ ਕਿਸੇ ਲਈ ਕੋਈ ਘ੍ਰਿਣਾ ਨਹੀਂ, ਨਾ ਹੀ ਸਿੱਖ ਧਰਮ ਕਿਸੇ ਨਾਲ ਘ੍ਰਿਣਾ ਦੀ ਇਜਾਜ਼ਤ ਦੇਂਦਾ ਹੈ । ਸਾਡੀ ਜੀਵਨ ਜਾਚ ਦੇ ਆਧਾਰ ਹਨ ਗੁਰੂ ਗ੍ਰੰਥ ਸਾਹਿਬ (ਤੇ ਇਹ

ਗੁਰਗੱਦੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਆਦਿ ਗ੍ਰੰਥ ਨੂੰ ਬਖ਼ਸ਼ੀ ਸੀ)। ਖ਼ਾਲਸਾਈ ਜੀਵਨ ਉਪਜਦਾ ਹੈ, ਗੁਰੂ ਗ੍ਰੰਥ ਸਾਹਿਬ ਦੇ ਹੁਕਮਾਂ 'ਤੇ ਜੀਵਨ ਢਾਲਣ ਨਾਲ। ਗੁਰੂ ਗ੍ਰੰਥ ਸਾਹਿਬ ਅੰਦਰ ਗੁਰੂ ਅਰਜਨ ਦੇਵ ਜੀ ਦਾ ਇਕੋ ਸ਼ਬਦ ਇਸ ਗੱਲ ਨੂੰ ਸਪੱਸ਼ਟ ਕਰਨ ਲਈ ਕਾਫ਼ੀ ਹੈ ਕਿ ਜਿਹੜਾ ਵੀ ਪ੍ਰਭੂ ਦੇ ਹੁਕਮ ਨੂੰ ਪਛਾਣਦਾ ਹੈ, ਖ਼ਾਲਸਾ ਉਸਦਾ ਸਾਥੀ ਹੈ। ਮੈਂ ਹਮੇਸ਼ਾਂ ਸਰਬ-ਧਰਮ ਕਾਨਫ਼ਰੰਸਾਂ ਅੰਦਰ ਇਸ ਗੱਲ 'ਤੇ ਜ਼ੋਰ ਦਿੰਦਾ ਰਿਹਾ ਹਾਂ ਕਿ ਜੋ ਵੀ ੨੪ ਘੰਟੇ ਨਿਰੰਤਰ ਪ੍ਰਭੂ ਦੀ ਯਾਦ ਵਿੱਚ ਰਹਿੰਦਾ ਹੈ—ਪਿਆਰ, ਨਿਮਰਤਾ, ਸੱਚ ਤੇ ਸਾਰੇ ਧਰਮਾਂ ਦੀ ਬਰਾਬਰੀ ਤੇ ਸਾਂਝੀਵਾਲਤਾ ਅੰਦਰ—ਉਹ ਮੇਰੇ ਧਰਮ ਦਾ ਹੈ, ਭਾਵੇਂ ਉਸਦਾ ਲੇਬਲ ਕੋਈ ਵੀ ਹੋਵੇ। ਵੇਖੋ, ਗੁਰੂ ਅਰਜਨ ਦੇਵ ਜੀ ਕਿਵੇਂ ਖ਼ਾਲਸਾਈ ਜੀਵਨ ਦਾ ਖ਼ੁਲਾਸਾ ਕਰਦੇ ਹਨ :

**ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥੧॥ ਕੋਈ ਸੇਵੈ ਗੁਸਈਆ ਕੋਈ ਅਲਾਹਿ ॥੧॥ ਕਾਰਣ ਕਰਣ ਕਰੀਮ ॥ ਕਿਰਪਾ ਧਾਰਿ ਰਹੀਮ ॥੧॥ ਰਹਾਉ ॥ ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥ ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ॥੨॥ ਕੋਈ ਪੜੈ ਬੇਦ ਕੋਈ ਕਤੇਬ ॥ ਕੋਈ ਓਢੈ ਨੀਲ ਕੋਈ ਸੁਪੇਦ ॥੩॥ ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥ ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥੪॥ ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥ ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥੪॥੯॥**

**(ਅੰਗ ੮੮੫)**

ਅੰਤ ਵਿੱਚ ਖ਼ਾਲਸਾਈ ਜੀਵਨ ਲੋਕਾਂ ਨੂੰ ਵਿਖਾਉਣ ਲਈ ਜਾ ਪ੍ਰਭਾਵਿਤ ਕਰਨ ਲਈ ਨਹੀਂ। ਸਾਡੇ ਖ਼ਾਲਸਾ ਹੋਣ ਦਾ ਮਤਲਬ ਹੈ ਕਿ ਸਾਡੇ ਰੋਜ਼ਾਨਾ ਜੀਵਨ 'ਚੋਂ ਖ਼ਾਲਸਾਈ ਜੀਵਨ ਅਮਲੀ ਰੂਪ ਵਿੱਚ ਪ੍ਰਗਟ ਹੋਵੇ।

**ਪ੍ਰੀਤਮ ਕੈ ਦੇਸ ਕੈਸੇ ਬਾਤਨ ਸੇ ਜਾਈਐ ॥ (ਭਾਈ ਗੁਰਦਾਸ)**

(ਰੂਪਾਂਤਰਕਾਰ—ਰਮੇਸ਼ ਸਿੰਘ, ਜਮਸ਼ੇਦਪੁਰ)



# ਪੂਰਨ ਸਾਂਝੀਵਾਲਤਾ—ਸਾਡਾ ਵਿਰਸਾ

ਹਰਿਮੰਦਰ ਸਾਹਿਬ ਤੋਂ ਅੰਮ੍ਰਿਤ ਵੇਲੇ ਜਦ ਇਹ ਸ਼ਬਦ ਸੁਣਿਆ ਤਾਂ ਮਨ ਇਕਦਮ ਦੋ ਹੋਰ ਸ਼ਬਦਾਂ ਦੇ ਵਿਸ਼ਲੇਸ਼ਣ ਵਿੱਚ, ਡੂੰਘੇ ਵਿਚਾਰਾਂ ਵਿੱਚ ਚਲਾ ਗਿਆ। ਸੁਭਾਗ ਸਾਡਾ ਕਿ ਅਸੀਂ ਐਸੇ ਗੁਰੂ ਦੇ ਚੇਲੇ ਹਾਂ, ਫਿਰ ਕਿਉਂ ਨਾ ਬਲ-ਬਲ ਜਾਈਏ ? ਸ਼ਬਦ ਸੀ—

**"ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥"** ਤੇ ਯਾਦ ਆਇਆ **"ਬਿਸਰਿ ਗਈ ਸਭ ਤਾਤਿ ਪਰਾਈ ॥"** ਆਉ ਵਿਚਾਰੀਏ, ਪਹਿਲਾਂ ਪਹਿਲੇ ਸ਼ਬਦ ਬਾਰੇ। ਇਉਂ ਲੱਗਦਾ ਹੈ ਕਿ ਸਾਹਿਬ **Ledger** ਖੋਲ੍ਹ ਕੇ ਬੈਠੇ ਹੋਣ ਤੇ ਸਾਰੀ ਮਾਨਵਤਾ ਨਾਲ ਪਿਆਰ ਕਰਨ ਦੇ ਚਾਅ ਵਿੱਚ ਸਭ ਨੂੰ **"ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥"** (ਅੰਗ ੪੬੭) ਸਮਝਾਉਣ ਦੀ ਰੀਝ ਨਾਲ **Declare** ਕਰ ਰਹੇ ਹੋਣ ਕਿ ਵੱਖ-ਵੱਖ ਢੰਗਾਂ ਨਾਲ ਪੂਜਾ ਕਰਨ ਨਾਲ, ਜਾਂ ਵੱਖ-ਵੱਖ **Claim** ਕਰਨ ਨਾਲ, ਜਾਂ ਵੱਖ-ਵੱਖ ਪਵਿੱਤਰਤਾ ਜਤਾਉਣ ਨਾਲ ਕੰਮ ਨਹੀਂ ਬਣ ਸਕਦਾ। ਅਸਲੀਅਤ ਇਹ ਹੈ ਕਿ ਪ੍ਰਭੂ ਦਾ ਭੇਦ ਪਾ ਹੀ ਉਹ ਸਕਦਾ ਹੈ ਜਿਹੜਾ ਪ੍ਰਭੂ ਦਾ ਹੁਕਮ ਪਛਾਣ ਲੈਂਦਾ ਹੈ। ਨਾ ਬਾਹਰਲੇ ਨਾਵਾਂ ਦੀ ਕੀਮਤ ਹੈ ਤੇ ਨਾ ਵੱਖ-ਵੱਖ ਗੱਲਾਂ ਨਾਲ ਵਡਿਆਈ ਜਤਾਉਣ ਦਾ ਪ੍ਰਭਾਵ। ਵੇਖੋ **Ledger** ਇਕ ਪਾਸੇ ਹਿੰਦੂਆਂ ਦੁਆਰਾ ਇਸਤੇਮਾਲ ਕੀਤੇ ਪੂਜਾ ਤੀਰਥਾਂ ਦੇ ਲਫ਼ਜ਼—ਦੂਜੇ ਪਾਸੇ ਮੁਸਲਮਾਨਾਂ ਦੇ :

| **ਹਿੰਦੂ** | **ਮੁਸਲਮਾਨ** |
|---|---|
| —ਰਾਮ-ਰਾਮ ਕਹਿੰਦੇ ਹਨ | —ਖੁਦਾ |
| —ਗੁਸਾਈਂ ਦੀ ਸੇਵਾ | —ਅਲਹ ਦੀ ਸੇਵਾ |
| —ਕਾਰਨ ਕਰਣ | —ਕਰੀਮ |
| —ਕਿਰਪਾਧਾਰ | —ਰਹੀਮ |
| —ਪੂਜਾ ਕਰਦੇ | —ਸਿਰ ਨਿਵਾਉਂਦੇ, ਨਮਾਜ਼ ਪੜ੍ਹਦੇ |
| —ਸਫ਼ੈਦ ਕੱਪੜੇ ਪਾਉਂਦੇ | —ਨੀਲੇ ਕੱਪੜੇ ਪਾਉਂਦੇ |
| —ਵੇਦ ਪੜ੍ਹਦੇ | —ਕਤੇਬ ਕੁਰਾਨ ਪੜ੍ਹਦੇ |
| —ਤੀਰਥਾਂ 'ਤੇ ਜਾਂਦੇ | —ਹੱਜ ਕਰਦੇ |
| —ਹਿੰਦੂ ਅਖਵਾਉਂਦੇ | —ਮੁਸਲਮਾਨ (ਤੁਰਕ) ਕਹਿਲਾਉਂਦੇ ਹਨ |

—ਸਵਰਗ ਲੋੜਦੇ ਹਨ —ਬਹਿਸ਼ਤ ਮੰਗਦੇ ਹਨ

ਕਮਾਲ ਦੀ ਗੱਲ ਇਹ ਹੈ ਕਿ ਸਾਹਿਬਾਂ ਦੀ ਪੂਰਨ-ਸਾਂਝੀਵਾਲਤਾ ਦੀ ਦ੍ਰਿਸ਼ਟੀ ਕਿਸੇ ਦਾ ਪੱਖ ਨਹੀਂ ਲੈਂਦੀ ਤੇ ਨਾ ਹੀ ਉਹ ਫ਼ੈਸਲਾ ਕਰਦੇ ਹਨ ਕਿ ਹਿੰਦੂ ਚੰਗੇ ਹਨ ਜਾਂ ਮੁਸਲਮਾਨ; ਜਿਵੇਂ ਗੁਰੂ ਨਾਨਕ ਸਾਹਿਬ ਨੇ ਮੱਕੇ ਵਿੱਚ ਇਕ ਸਵਾਲ ਦੇ ਜਵਾਬ ਵਿੱਚ ਕਿਹਾ ਸੀ ਕਿ ਜੇ ਸ਼ੁਭ ਅਮਲ ਨਹੀਂ ਤਾਂ ਦੋਵੇਂ ਹੀ ਰੋਂਦੇ ਰਹਿਣਗੇ ।

ਸਾਡਾ ਸਭ ਤੋਂ ਮਹੱਤਵਪੂਰਨ ਵਿਰਸਾ ਇਹ ਹੈ ਕਿ ਸਾਹਿਬਾਂ ਦਾ ਕੋਈ ਕਿਸੇ ਨਾਲ ਲਿਹਾਜ ਨਹੀਂ—ਹਿੰਦੂ-ਮੁਸਲਮਾਨ, ਵੱਡਾ-ਛੋਟਾ, ਉਚ-ਨੀਚ ਜਾਂ ਪੂਰਬ-ਪੱਛਮ ਦਾ, ਇਕੋ ਹੁਕਮ ਹੈ । ਇਸੇ ਲਈ ਤਾਂ ਗੁਰੂ ਅਰਜਨ ਦੇਵ ਜੀ ਨੇ **Declare** ਕਰ ਦਿੱਤਾ—**"ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥" (ਅੰਗ ੨੬੬)।** ਯਾਦ ਰੱਖਣ ਵਾਲੀ ਤੇ ਅਮਲ ਕਰਨ ਵਾਲੀ ਗੱਲ ਇਹ ਹੈ ਕਿ ਅਸੀਂ ਸਿੱਖ ਅਖਵਾਉਣ ਵਾਲੇ ਕਿਤਨਾ ਕੁਝ ਆਪਣੇ ਗੁਰੂ ਦਾ ਅਮਲੀ ਰੂਪ ਬਣਦੇ ਹਾਂ । ਜਦ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਹ ਜ਼ਰੂਰੀ ਸਮਝਿਆ ਕਿ ਹਿੰਦੁਸਤਾਨ ਦੀ ਸਾਰੀ ਅਧਿਆਤਮਿਕਤਾ ਨੂੰ ਇਕ ਥਾਂ 'ਤੇ ਇਕੱਠਾ ਕਰ ਕੇ ਸ਼ਬਦ ਗੁਰੂ ਦੇ ਸਤਿਕਾਰ ਦੀ ਨੀਂਹ ਰੱਖੀ ਜਾਏ ਤਾਂ ਕਿਸੇ ਕਿਸਮ ਦਾ ਵਿਤਕਰਾ ਇਨਸਾਨ ਵਿੱਚ ਇਸ ਕਰਕੇ ਨਾ ਰਹੇ ਕਿ ਉਹ ਹਿੰਦੂ ਹੈ ਜਾਂ ਮੁਸਲਮਾਨ—ਤੇ ਇਸ ਦ੍ਰਿੜ੍ਹ ਵਿਸ਼ਵਾਸ ਦੇ ਅਸੂਲ ਲਈ ਭਾਵੇਂ ਉਨ੍ਹਾਂ ਨੂੰ ਕੱਟੜਪੁਣੇ ਵਿੱਚ ਫਸੇ ਤੁਅੱਸਬੀ ਜਹਾਂਗੀਰ ਹੱਥੋਂ ਤਸੀਹੇ ਸਹਿ ਕੇ ਜਾਨ ਤੋਂ ਵੀ ਹੱਥ ਧੋਣੇ ਪਏ—ਤਾਂ ਸਾਡੇ ਲਈ ਸਾਡੇ ਵਿਰਸੇ ਦੇ ਗੌਰਵ ਲਈ ਹੇਠਲੀਆਂ ਗੱਲਾਂ ਬਹੁਤ ਹੀ ਜ਼ਰੂਰੀ ਹਨ।

੧. ਸਿੱਖ ਦਾ ਵਿਉਹਾਰ ਇਤਨਾ ਉੱਚਾ ਤੇ ਸੁੱਚਾ ਹੋਵੇ ਕਿ ਸਭ ਲੋਕੀਂ ਉਸ ਨੂੰ ਬਦੋਬਦੀ ਪਿਆਰ ਕਰਨ । ਉਹ ਸਭ ਦਾ ਮਿੱਤਰ ਬਣੇ ਤੇ ਸਭ ਨੂੰ ਆਪਣਾ ਮਿੱਤਰ ਬਣਾ ਕੇ ਨਾਮ ਨਾਲ ਜੋੜੇ । ਭਾਵੇਂ ਜਿਸ ਤਰ੍ਹਾਂ ਲੋਕੀਂ ਨਾਮ ਜਪਣ ਉਨ੍ਹਾਂ ਨੂੰ ਆਪਣਾ ਵੀਰ, ਭੈਣ ਸਮਝ ਕੇ ਪ੍ਰਭੂ ਦੀ ਵਡਿਆਈ ਫੈਲਾਏ ਤੇ ਫੈਲਦੀ ਦੇਖ ਕੇ ਖ਼ੁਸ਼ ਹੋਵੇ । ਵਾਧੂ ਝਗੜਾਲੂ ਧੰਦਿਆਂ ਵਿੱਚ ਨਾ ਪੈਂਦਾ ਹੋਇਆ, ਆਪਣੇ ਗੁਰੂ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਹੋਇਆਂ ਸਭ ਧਰਮਾਂ ਦਾ ਸਤਿਕਾਰ ਕਰੇ ।

੨. ਗੁਰੂ ਗ੍ਰੰਥ ਸਾਹਿਬ ਵਿੱਚ ਆਏ ਭਗਤ ਜਨ ਸਾਡਾ ਬਹੁਮੁੱਲਾ ਵਿਰਸਾ ਹਨ ਤੇ ਉਨ੍ਹਾਂ ਦਾ ਸਾਡੇ ਗੁਰੂਆਂ ਨਾਲ ਰਲ ਕੇ ਇਕ ਨਾਮ ਦਾ ਪੈਗ਼ਾਮ ਦੇਣਾ ਤੇ ਗੁਰੂ ਗ੍ਰੰਥ ਸਾਹਿਬ ਨੂੰ, ਗੁਰੂ ਗੋਬਿੰਦ ਸਿੰਘ ਦਾ ਸਾਡਾ ਜੁਗੋ-ਜੁਗ



ਅਟੱਲ ਸਤਿਗੁਰੂ ਥਾਪਣਾ, ਸਾਡੇ ਲਈ ਸੂਚਕ ਹੈ ਕਿ ਸੰਤਾਂ ਦੀ ਨਾ ਕੋਈ ਜਾਤ ਹੁੰਦੀ ਹੈ ਨਾ ਅਧਿਆਤਮਿਕਤਾ ਕਿਸੇ ਸ਼੍ਰੇਣੀਆਂ ਦੀ ਵੰਡ ਵਿੱਚ ਆ ਸਕਦੀ ਹੈ । ਇਹ ਗੱਲਾਂ ਸਿੱਖ ਦੇ ਵੀਚਾਰ ਤੇ ਵਿਉਹਾਰ ਵਿੱਚ ਪ੍ਰਗਟ ਹੋਣੀਆਂ ਚਾਹੀਦੀਆਂ ਹਨ ।

੩. ਜਦੋਂ ਸਿੱਖ ਸੰਗਤ ਕਰਦਾ ਹੈ ਤਾਂ ਉਸ ਵਿੱਚੋਂ ਸੁਭਾਵਕ ਹੀ ਇਹ ਗੁਣ ਪ੍ਰਗਟ ਹੋ ਜਾਣਾ ਚਾਹੀਦਾ ਹੈ ਕਿ ਉਹਦਾ ਕੋਈ ਵੈਰੀ ਨਹੀਂ, ਨਾ ਕੋਈ ਉਸ ਲਈ ਬਿਗਾਨਾ ਹੈ ।

੪. ਸਿੱਖ ਦੇ ਵਿਉਹਾਰ ਵਿੱਚ ਕਦੇ ਵੀ **Narrow-minded** ਵੀਚਾਰ ਨਹੀਂ ਹੋਣੇ ਚਾਹੀਦੇ ਕਿਉਂਕਿ ਉਹ ਇਕ ਤਾਂ ਗੁਰੂ ਦੇ ਹੁਕਮ ਵਿੱਚ ਕਿਸੇ ਨੂੰ ਮੰਦਾ ਨਹੀਂ ਕਹਿ ਸਕਦਾ, ਆਪਣੇ ਆਪ ਨੂੰ ਲੋਕਾਂ ਤੋਂ ਚੰਗਾ ਨਹੀਂ ਜਾਣ ਸਕਦਾ ਤੇ ਨਾ ਹੀ ਕਿਸੇ ਦੀ ਨਿੰਦਾ ਕਰ ਸਕਦਾ ਹੈ, ਨਾ ਸੁਣ ਸਕਦਾ ਹੈ ।

੫. ਵੱਖੋ-ਵੱਖ ਢੰਗਾਂ ਨਾਲ ਗੁਰੂ ਗ੍ਰੰਥ ਸਾਹਿਬ ਦੇ ਵੀਚਾਰ ਕਿਵੇਂ ਮਨ ਨੂੰ ਟੁੰਭਦੇ ਹਨ ਤੇ ਨਿਰੋਲ ਨਾਮ ਤੇ ਪ੍ਰੇਮ ਦੀ ਸੁੱਚਤਾ, ਜਿਹੜੀ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਆਪਣੇ ਮੁਖਵਾਕ ਨਾਲ ਇਸ ਤਰ੍ਹਾਂ ਪੱਕੀ ਕੀਤੀ—(**"ਜਿਨ ਪ੍ਰੇਮ ਕੀਓ ਤਿਨਿ ਹੀ ਪ੍ਰਭ ਪਾਇਓ"**) ਬਾਕੀ ਅਧਿਆਤਮਿਕ ਉੱਚਤਾ ਤੋਂ ਇਲਾਵਾ ਇਹ ਦ੍ਰਿੜ੍ਹ ਕਰਾਉਂਦੀ ਹੈ ਕਿ ਭਾਵੇਂ ਕੋਈ ਯੂ.ਪੀ. 'ਚੋਂ ਬੋਲੇ ਕਬੀਰ, ਰਵਿਦਾਸ ਦੀ ਜ਼ਬਾਨ ਵਿੱਚ, ਭਾਵੇਂ ਮਹਾਰਾਸ਼ਟਰ 'ਚੋਂ ਨਾਮਦੇਵ ਦੀ ਬੋਲੀ ਵਿੱਚ; ਪੈਗ਼ਾਮ ਇਕੋ ਹੀ ਹੈ—ਤੇ ਮੁਸਲਮਾਨ ਬਾਬਾ ਫ਼ਰੀਦ ਜਾਂ ਭੀਖਨ ਦੇ ਵੀਚਾਰ ਵੀ ਇਕੋ ਹੀ ਗੱਲ ਨੂੰ ਦ੍ਰਿੜ੍ਹ ਕਰਾਉਂਦੇ ਹਨ, ਤਾਂ ਸਿੱਖ ਨੂੰ ਕਬੀਰ ਦੀ ਗੱਲ ਹਮੇਸ਼ਾਂ ਚੇਤੇ ਰੱਖਣੀ ਚਾਹੀਦੀ ਹੈ ਤੇ ਉਸਦੇ ਜੀਵਨ 'ਚੋਂ ਪ੍ਰਗਟ ਹੋਣੀ ਚਾਹੀਦੀ ਹੈ । ਜਦ ਅਸੀਂ ਇਕੋ ਅੱਲ੍ਹਾ ਦੇ ਨੂਰ 'ਚੋਂ ਪੈਦਾ ਹੋਏ ਹਾਂ ਸਾਰੇ ਹੀ, ਤਾਂ ਕੌਣ ਭਲਾ ਹੈ ਤੇ ਕੌਣ ਬੁਰਾ ? ਕਿਸੇ ਨੂੰ ਭੈੜਾ ਕਹਿਣਾ ਸਾਡੇ ਗੁਰੂ ਦੀ ਆਗਿਆ ਦੇ ਵਿਰੁੱਧ ਤਾਂ ਹੈ ਹੀ, ਪਰ ਇਸ ਨਾਲ ਅਸੀਂ ਆਪਣੇ ਪੈਰਾਂ 'ਤੇ ਆਪ ਕੁਹਾੜਾ ਮਾਰ ਕੇ ਅੱਗੇ ਟੁਰਨ ਜੋਗੇ ਨਹੀਂ ਰਹਿੰਦੇ ।

ਵਿਸਾਖੀ ਦੇ ਮਹੀਨੇ ਵਿੱਚ ਮੇਰੇ ਅੱਗੇ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਪਿਆਰ ਵਿੱਚ ਕੁਝ ਗੱਲਾਂ ਆਪਣੇ ਆਪ ਆ ਰਹੀਆਂ ਹਨ—

੧. ਕੀ ਅੰਮ੍ਰਿਤ ਛਕ ਕੇ ਅਸੀਂ ਸਾਂਝੀਵਾਲਤਾ ਦੇ ਅਸੂਲਾਂ ਨੂੰ ਤਿਆਗ ਸਕਦੇ ਹਾਂ ?

੨. ਕੀ ਅੰਮ੍ਰਿਤਧਾਰੀ ਸਿੰਘ ਕੇਵਲ ਕਕਾਰਾਂ ਕਰ ਕੇ ਹੀ ਗ਼ੈਰ-ਅੰਮ੍ਰਿਤਧਾਰੀ ਸਿੱਖਾਂ ਨਾਲੋਂ ਤੇ ਗ਼ੈਰ-ਸਿੱਖਾਂ ਨਾਲੋਂ ਉੱਚਾ ਹੋ ਜਾਂਦਾ ਹੈ ?

੩. ਕੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਮਨ ਵਿੱਚ ਇਹ ਖ਼ਿਆਲ ਉਪਜਿਆ ਹੋਣਾ ਹੈ ਕਿ ਜਿਨ੍ਹਾਂ ਅੰਮ੍ਰਿਤ ਨਹੀਂ ਛਕਿਆ ਤੇ ਸਿੰਘ ਨਹੀਂ ਬਣੇ, ਉਹ ਮੇਰੇ ਪਿਆਰ ਦੇ ਕਾਬਲ ਨਹੀਂ ?

੪. ਕੀ ਅਮਲੀ ਜੀਵਨ ਰਹਿਤ "ਖ਼ਾਲਸਾ" ਨੂੰ ਕਕਾਰ ਪਾ ਕੇ ਰਹਿਤਵਾਨ ਸਮਝ ਸਕਦੇ ਹਾਂ ?

੫. ਕੀ **"ਰਹਿਣੀ ਰਹੈ ਸੋਈ ਸਿੱਖ ਮੇਰਾ"** ਦਾ ਮਤਲਬ ਕੇਵਲ ਕਕਾਰ ਹੀ ਹਨ ਜਾਂ ਅੰਦਰ ਦੀ ਪੂਰਨ ਸੁੱਚਤਾ ਵੀ ਸ਼ਾਮਲ ਹੈ ।

ਮੈਂ ਇਕ ਨਿੱਕਾ ਜਿਹਾ ਕੀੜਾ ਹਾਂ, ਪਰ ਮੇਰਾ ਦ੍ਰਿੜ੍ਹ ਵਿਸ਼ਵਾਸ ਹੈ ਕਿ **"ਸਾਡਾ ਵਿਰਸਾ ਤੇ ਸਾਡਾ ਗੌਰਵ" Based** ਹੈ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੀ ਖ਼ਾਲਸੇ ਨੂੰ ਦਿੱਤੀ ਸਿੱਖਿਆ 'ਤੇ ਜਿਸ ਲਈ ਵਰਦੀ ਤੇ ਚਿੰਨ੍ਹ ਪੂਰੀ ਸ਼ਰਧਾ ਤੇ ਪਵਿੱਤਰਤਾ ਦੇ ਪ੍ਰਤੀਕ ਹਨ । ਜਦ ਅਸੀਂ ਟੀਚਾ ਬੰਨ੍ਹਦੇ ਹਾਂ ੧੯੯੯ ਤਕ ਸਭ ਅੰਮ੍ਰਿਤਧਾਰੀ ਹੋ ਜਾਣ, ਪਰ ਅੰਮ੍ਰਿਤਧਾਰੀ ਸਿੰਘ ਆਪਣੇ ਜੀਵਨ ਦਾ ਮਿਆਰ **"ਖ਼ਾਲਸਾ ਮੇਰੋ ਰੂਪ"** ਦਾ ਪ੍ਰਮਾਣ ਨਹੀਂ ਦੇਂਦਾ, ਤਾਂ ਬਜਾਏ ਖ਼ਾਲਸਾ ਨੂੰ ਉੱਚਾ ਕਰਨ ਦੇ ਅਸੀਂ ਅੰਮ੍ਰਿਤ ਦੀ ਉੱਚਤਾ ਨੂੰ ਨੀਵਾਂ ਕਰਨ ਵਿੱਚ ਪੈ ਸਕਦੇ ਹਾਂ । ਖ਼ਾਲਸੇ ਦੇ ਜਨਮ ਦਿਨ ਦੀਆਂ ਪੰਜ ਖ਼ਾਸੀਅਤਾਂ ਹੋਣੀਆਂ ਚਾਹੀਦੀਆਂ ਹਨ :

(ੳ) ਖ਼ਾਲਸੇ ਦੇ ਅੰਦਰ ਪੂਰਨ ਜੋਤ ਹਰ ਵੇਲੇ ਜਗਣੀ ਚਾਹੀਦੀ ਹੈ (ਨਾਮ ਦੀ ਅਖੰਡ ਜੋਤ), ਨਹੀਂ ਤਾਂ ਉਹ ਖ਼ਾਲਸਾ ਨਹੀਂ ਨਖ਼ਾਲਸ ਹੈ । (ਅ) ਪ੍ਰੇਮ ਦਾ ਅਥਾਹ ਪ੍ਰਵਾਹ (ਨਿਸ਼ਕਾਮ) ਸੇਵਾ ਤੇ ਸਾਂਝੀਵਾਲਤਾ ਵਿੱਚ ਨਾਮ ਦੇ ਰੰਗ ਵਿੱਚ ਚੱਲਦਾ ਰਹਿਣਾ ਚਾਹੀਦਾ ਹੈ । (ੲ) ਮੰਦਰ, ਮਸਜਿਦ ਤੇ ਕਿਸੇ ਢੰਗ ਦੀ ਪੂਜਾ (ਦੇਹੁਰਾ, ਮਸੀਤ, ਪੂਜਾ, ਨਮਾਜ) ਦਾ ਪੂਰਾ ਸਤਿਕਾਰ ਹੋਵੇ, ਭਾਵੇਂ ਸਾਡਾ ਢੰਗ ਗੁਰਮਤਿ ਰਹੇ । (ਸ) ਜ਼ਾਲਮ ਨਾਲ ਤੇ ਜ਼ੁਲਮ ਵਿਰੁੱਧ ਦ੍ਰਿੜ੍ਹਤਾ ਨਾਲ ਆਪਣੀ ਜਾਨ 'ਤੇ ਖੇਡ ਕੇ ਵੀ ਖ਼ਾਲਸਾ ਜੂਝਣ ਲਈ ਤਿਆਰ ਰਹੇ । (ਹ) ਨਫ਼ਰਤ ਰਹਿਤ ਹੋ ਕੇ ਖ਼ਾਲਸਾ ਬੁਰੇ ਦਾ ਭਲਾ ਕਰੇ ਤੇ ਬੇਗੁਨਾਹਾਂ ਦੀ ਰੱਖਿਆ ਕਰੇ ।

ਜੇ ਸਾਡੇ ਕਕਾਰ ਉੱਪਰਲੀ ਰਹਿਣੀ ਦੇ ਲਖਾਇਕ ਹਨ ਤਾਂ ਖ਼ਾਲਸਾ ਗੌਰਵਮਈ ਹੈ; ਪਰ ਜੇ ਕਕਾਰਾਂ ਪਿੱਛੇ ਭਾਵਨਾਹੀਣ ਭੇਡ-ਚਾਲ ਹੈ ਤਾਂ ਅਸੀਂ ਵਿਰਸੇ ਨਾਲ ਵੀ ਮਜ਼ਾਕ ਉਡਾਉਂਦੇ ਹਾਂ । ਵੀਚਾਰੀਏ ।



## ਮਾਲਾ ਦੇ ਕੁਝ ਮਣਕੇ

(੧) ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ॥੧॥ (ਅੰਗ ੯੪੮)

(੨) ਚਰਣ ਧੂੜਿ ਤੇਰੇ ਜਨ ਕੀ ਹੋਵਾ ਤੇਰੇ ਦਰਸਨ ਕਉ ਬਲਿ ਜਾਈ ॥ (ਅੰਗ ੭੪੯)

(੩) ਹਮ ਨਹੀ ਚੰਗੇ ਬੁਰਾ ਨਹੀ ਕੋਇ ॥ (ਅੰਗ ੭੨੮)

(੪) ਨਿੰਦਾ ਭਲੀ ਕਿਸੈ ਕੀ ਨਾਹੀ......॥ (ਅੰਗ ੭੫੫)

(੫) ਕਰਨ ਨ ਸੁਨੈ ਕਾਹੂ ਕੀ ਨਿੰਦਾ ॥ (ਅੰਗ ੨੭੪)

(੬) ਜੋ ਤੂੰ ਕਰਹਿ ਸੋਈ ਪਰਵਾਣੁ ॥ (ਅੰਗ ੩੭੬)

(੭) ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥ (ਅੰ: ੧੩੪੯)

(ੳ) ਹਮਰਾ ਧਨੁ ਮਾਧਉ ਗੋਬਿੰਦੁ ਧਰਣੀਧਰੁ ਇਹੈ ਸਾਰ ਧਨੁ ਕਹੀਐ ॥ (ਅੰਗ ੩੩੬)

(੮) ਪਾਨੀ ਪਖਾ ਪੀਸਉ ਸੰਤ ਆਗੈ ਗੁਣ ਗੋਵਿੰਦ ਜਸੁ ਗਾਈ । (ਅੰ: ੬੭੩)

(੯) ਐਸੀ ਮਤਿ ਦੀਜੈ ਮੇਰੇ ਠਾਕੁਰ ਸਦਾ ਸਦਾ ਤੁਧੁ ਧਿਆਈ ॥ (ਅੰ: ੬੭੩)

(੧੦) ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥੧॥ (ਅੰ:੪੭੦)

(ੳ) ਹਰਿ ਧਨੁ ਜਾਪ ਹਰਿ ਧਨੁ ਤਾਪ ਹਰਿ ਧਨੁ ਭੋਜਨੁ ਭਾਇਆ ॥ (ਅੰਗ ੪੯੫)

(੧੧) ਕਰਤੂਤਿ ਪਸੂ ਕੀ ਮਾਨਸ ਜਾਤਿ ॥
ਲੋਕ ਪਚਾਰਾ ਕਰੈ ਦਿਨੁ ਰਾਤਿ ॥ (ਅੰਗ ੨੬੭)

(੧੨) (ੳ) ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ ॥ (ਅੰਗ ੫੨੮)

(ਅ) ਸਚੀ ਬੈਸਕ ਤਿਨ੍ਹਾ ਸੰਗਿ ਜਿਨ ਸੰਗਿ ਜਪੀਐ ਨਾਉ ॥ (ਅੰ: ੫੨੦)

(੧੩) ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ ॥੧॥ (ਅੰਗ ੭੩੭)

(੧੪) ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥ (ਅੰਗ ੧੪੧੨)

(੧੫) ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥
ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥ (ਅੰਗ ੨੬੪)

# ੲ—ਗੁਰਸਿੱਖੀ ਜੀਵਨ ਦਾ ਅਮਲੀ ਰੂਪ



ਆਓ, ਪਿਆਰਿਓ ! ਲੋੜ ਹੈ ਅਮਲ ਕਰੀਏ, ਹਰ ਮਨੁੱਖ, ਗ਼ਰੀਬ, ਅਮੀਰ, ਹਿੰਦੂ, ਮੁਸਲਮਾਨ, ਦੁਸ਼ਮਣ, ਦੋਸਤ ਨੂੰ ਇਕੋ ਬਰਾਦਰੀ ਸਮਝੀਏ । ਭੈੜੇ ਕੰਮਾਂ ਤੋਂ ਨਫ਼ਰਤ ਕਰੀਏ, ਪਰ ਭੈੜਾ ਕਰਨ ਵਾਲੇ ਨੂੰ ਪਿਆਰ ਨਾਲ ਜਿੱਤੀਏ । ਕਬੀਰ ਸਾਹਿਬ ਆਖਦੇ ਹਨ ਕਿ ਬੇਮੁੱਖ ਲੋਕ ਹਰੀ ਜੱਸ ਗਾਉਣ ਸੁਣਨ ਦੇ ਬਗੈਰ ਗੱਲਾਂ ਨਾਲ ਅਸਮਾਨ ਗਿਰਾਉਂਦੇ ਹਨ । ਅਮਲ ਨਾਲ ਦਿਖਾਓ ਕਿ ਸਿੱਖ ਸਾਰੀ ਮਨੁੱਖ ਜਾਤੀ ਦਾ ਸਾਂਝਾ, ਕਿਉਂਕਿ ਇਹ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਹੁਕਮ ਹੈ ।

## ਮਨੁੱਖ ਦਾ ਸਾਂਝਾ ਧਰਮ—"ਸੱਚ" ਦੀ ਕਮਾਈ

# ਸ਼ੁਭ ਕਰਮ

(ਬੈ-ਖ਼ਰੀਦ ਗ਼ੁਲਾਮ ਵੱਲੋਂ)

"ਸੱਚ" ਦੇ ਧਰਮ ਨੂੰ ਕੌਣ ਪਛਾਣ ਸਕਦਾ ਹੈ ? ਜਾਂ "ਸੱਚ" ਦੇ ਵਪਾਰੀ ਜਾਂ ਸੱਚੇ ਸ਼ਾਹ ਜਾਂ "ਸੱਚ" ਦਾ ਭੰਡਾਰਾ ਵਰਤਾਉਣ ਵਾਲਾ ਸ਼ਹਿਨਸ਼ਾਹ। ਮੁਖਬੰਦ ਦੇ ਬਾਅਦ ਇਹ ਪਹਿਲਾ ਲੇਖ ਹੈ ਜਿਸ ਲਈ ਸਾਹਿਬਾਂ ਦੀ ਪ੍ਰੇਰਨਾ ਨਾਲ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ 'ਅੰਮ੍ਰਿਤ' ਦੀਆਂ ਗੱਲਾਂ ਕਰਨਾ ਚਾਹੁੰਦਾ ਹਾਂ। ਇਕ ਤਾਂ ਇਸ ਲਈ ਕਿ ਅੰਮ੍ਰਿਤ ਛਕਣ ਦਾ ਚੌਥਾ ਸਾਲ ਸ਼ੁਰੂ ਹੋਇਆ ਹੈ ਹੁਣੇ ਹੀ—ਤੇ ਦੂਜਾ ਇਹ ਕਹਿਣਾ ਚਾਹੁੰਦਾ ਹਾਂ ਕਿ ਜੀਆਦਾਨ ਦੇਣ ਵਾਲੇ ਸਾਰੇ ਮਹਾਂਪੁਰਸ਼, ਵਾਹਿਗੁਰੂ ਦੇ ਪੈਗ਼ੰਬਰ ਆਪਣੇ-ਆਪਣੇ ਵੇਲੇ ਸਿਰ ਇਕੋ ਤੇ ਇਕੋ ਜਿਹਾ ਪੈਗ਼ਾਮ ਦੇ ਗਏ ਹਨ। ਕਦੇ ਸ਼ੱਕ ਤਾਂ ਇਸ ਲਈ ਨਹੀਂ ਹੋਇਆ ਕਿਉਂਕਿ ਗੁਰੂ ਗੋਬਿੰਦ ਸਿੰਘ ਦੀ ਰਹਿਮਤ ਵਿੱਚੋਂ ਹੀ ਤਾਂ ਇਹ ਗੱਲ ਪਤਾ ਲੱਗੀ ਹੈ; ਪਰ ਘੜੀ-ਘੜੀ ਭੁੱਲ ਜਾਣ ਵਾਲੇ ਲੋਕਾਂ ਨੂੰ ਜਿਸ ਗੱਲ ਦੀ ਲੋੜ ਸੀ ਕਿ ਘੜੀ-ਘੜੀ ਵਾਹਿਗੁਰੂ ਦੇ ਪੈਗ਼ੰਬਰ ਉਨ੍ਹਾਂ ਨੂੰ ਇਹ ਗੱਲ ਦ੍ਰਿੜ੍ਹ ਕਰਾਉਣ। ਗੁਰੂ ਚਰਨਾਂ ਦੀ ਛੂਹ ਨਾਲ ਵਾਹਿਗੁਰੂ—ਸਾਰੀ ਦੁਨੀਆਂ ਦਾ ਇਕੋ ਵਾਹਿਗੁਰੂ ਹੈ—ਅੱਗੇ ਹੁਣ ਭਿਖਿਆ ਮੰਗਣ ਲਈ ਹਾਜ਼ਰ ਹੋਇਆ ਹਾਂ—ਢੀਠਤਾ ਗੁਰੂ ਕੋਲੋਂ ਸਿੱਖੀ ਹੈ, ਸਭ ਕੁਝ ਉੱਥੋਂ ਹੀ ਸਿੱਖਿਆ ਹੈ; ਪਰ ਜਿਹੜਾ ਰਸ ਸਾਹਿਬਾਂ ਦੀ ਰਹਿਮਤ ਨੇ ਦਿੱਤਾ, ਉਸ ਨੂੰ **Concrete** (ਪੱਕੇ) ਤੌਰ 'ਤੇ ਨਿਭਾਉਣ ਲਈ ਹੋਰ ਝੋਲੀ ਅੱਡਦਾ ਹਾਂ।

੧. ਕਿਰਪਾ ਕਰ ਹੁਣ ਆਪਣੇ ਗੁਰੂ ਵਾਂਙ ਹੀ ਇਹ ਦਾਤ ਪਾਵਾਂ।

**"ਦੇਹ ਸਿਵਾ ਬਰੁ ਮੋਹਿ ਇਹੈ**
**ਸੁਭ ਕਰਮਨ ਤੇ ਕਬਹੂੰ ਨ ਟਰੋਂ।**
**ਨਾ ਡਰੋ ਅਰਿ ਸੋ ਜਬ ਜਾਇ ਲਰੋ**
**ਨਿਸਚੈ ਕਰਿ ਅਪੁਨੀ ਜੀਤ ਕਰੋਂ।"**

੨. ਮੇਰੀ ਸਿੱਖੀ, ਤਾਂ ਨਿਭਦੀ ਹੈ ਜੇ ਮੇਰੇ ਦੇਸ਼ ਵਿੱਚ ਹਰ ਕਿਸੇ ਭੁੱਖੇ, ਨੰਗੇ ਜਾਂ ਗ਼ਰੀਬੀ ਤੇ ਬਿਮਾਰੀ ਨਾਲ ਸੜਦੇ ਮਨੁੱਖ ਦਾ ਮੈਂ ਭਾਈਵਾਲ ਹੋਵਾਂ—ਭਾਵੇਂ ਉਹ ਸਿੱਖ ਹੋਵੇ, ਹਿੰਦੂ ਹੋਵੇ, ਮੁਸਲਮਾਨ ਹੋਵੇ, ਈਸਾਈ ਹੋਵੇ



ਜਾਂ ਕੁਝ ਵੀ ਹੋਵੇ।

੩. ਅਮਲ ਵਿੱਚ ਗੁਰੂ ਨਾਨਕ ਦਾ ਹੁਕਮ ਨਿਸ਼ਕਾਮ ਸੇਵਾ ਨਾਲ ਕਬੂਲਾਂ ਤੇ ਜਦੋਂ ਮਸਜਿਦ ਵਿੱਚ ਜਾ ਕੇ ਨਿਮਾਜ ਪੜ੍ਹਾਂ ਤਾਂ ਓਹੋ ਵਾਹਿਗੁਰੂ ਦਿਸੇ। ਮੁਸਲਮਾਨਾਂ ਨਾਲ ਰਲ ਕੇ ਕਿਸੇ ਜ਼ਬਾਨ ਵਿੱਚ, ਕਿਸੇ ਸ਼ੌਕ ਵਿੱਚ, ਕਿਸੇ ਤਰਜ਼ ਵਿੱਚ **"ਨ ਕੋਈ ਹਿੰਦੂ ਹੈ ਨ ਮੁਸਲਮਾਨ"** ਤੇ ਅਮਲ ਕਰਕੇ ਦਿਲ ਤੇ ਕਲੇਜੇ ਵਿੱਚੋਂ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖਿਆ 'ਤੇ ਚੱਲਦਾ ਹੋਇਆ ਇਨਸਾਨੀਅਤ ਦੇ ਧਰਮ ਤੇ "ਸੱਚ" ਨੂੰ ਕੱਢ ਵਿਖਾਲਾਂ।

੪. ਮੇਰਾ ਹੁਣ ਬਸੇਰਾ ਕੇਵਲ ਗ਼ਰੀਬਾਂ ਦੇ **Slums** (ਝੌਂਪੜੀਆਂ) ਵਿੱਚ, ਦੁਖੀਆਂ ਦੇ ਹਸਪਤਾਲਾਂ ਵਿੱਚ ਜਾਂ ਮਜ਼ਲੂਮਾਂ ਦੀਆਂ ਬਸਤੀਆਂ ਵਿੱਚ ਹੋਵੇ।

੫. ਜ਼ੁਲਮ ਨੂੰ ਸਹਿਣ ਲਈ ਆਪ ਬਿਲਕੁਲ ਨਾ ਝੁਕਾਂ, ਪਰ ਕਦੇ ਵੀ ਜ਼ਾਲਮਾਂ ਨਾਲ ਨਫ਼ਰਤ ਨਾ ਕਰਾਂ। ਜੇਲ੍ਹਾਂ ਵਿੱਚ ਰੁਲਾਂ, ਦੁੱਖਾਂ ਵਿੱਚ ਰੁੜ੍ਹਾਂ, ਪਰ ਤੇਰੇ "ਸੱਚ" ਤੋਂ ਕਦੇ ਵੀ ਨਾ ਹਟਾਂ, ਨਾਲ ਸਵਾਸ-ਸਵਾਸ ਵਾਹਿਗੁਰੂ ਵਿੱਚ ਲੀਨ ਰਹਿ ਕੇ ਸਭ ਨੂੰ ਪਿਆਰ ਕਰਦਾ ਹੋਇਆ ਮਜ਼ਲੂਮਾਂ ਦਾ ਯਾਰ ਬਣਾਂ।

੬. ਕਦੇ ਕਿਸੇ ਨੂੰ ਮਜ਼ਬੂਰ ਨਾ ਕਰਾਂ ਕਿ ਉਹ ਸਿੱਖ ਬਣੇ ਪਰ ਆਪ ਕੇਸਾਂ, ਸਵਾਸਾਂ ਨਾਲ ਸਿੱਖੀ ਨਿਭਾਉਂਦਾ ਹੋਇਆ ਇਹ ਸਾਬਤ ਕਰ ਸਕਾਂ ਕਿ ਜਿਵੇਂ ਸਾਡੇ ਗੁਰੂ ਨੇ ਸਾਨੂੰ ਆਪਣੀਆਂ ਸੱਚੀਆਂ ਰਹੁ ਰੀਤੀਆਂ ਦਿੱਤੀਆਂ, ਤਿਵੇਂ ਹੋਰ ਧਰਮਾਂ ਦੇ ਲੋਕਾਂ ਦਾ ਧਰਮ ਪੂਰੀ ਤਰ੍ਹਾਂ **Respectable** (ਸਤਿਕਾਰ ਯੋਗ) ਹੈ, ਇਸ ਗੱਲ ਨੂੰ ਨਿਭਾਉਣ ਲਈ ਬੇਸ਼ੱਕ ਜਾਨ ਚਲੀ ਜਾਵੇ "ਸੱਚ" ਨੂੰ ਲੋਕ-ਪਚਾਰੇ ਲਈ ਕਦੇ ਨਾ ਬਦਲਾਂ।

੭. ਜੇ ਕਿਸੇ ਹਿੰਦੂ ਵੀਰ ਜਾਂ ਈਸਾਈ ਵੀਰ ਨਾਲ ਮੰਦਰ ਜਾਂ ਗਿਰਜੇ ਜਾਵਾਂ ਤਾਂ ਮੈਨੂੰ ਹਮੇਸ਼ਾਂ ਉਹੀ ਵਾਹਿਗੁਰੂ ਦਿਸੇ। ਕਿਸੇ ਦੀ ਰੀਤ ਨੂੰ ਭੈੜਾ ਨਾ ਕਹਾਂ ਪਰ ਹੱਥ ਜੋੜ ਕੇ, ਹਰ ਇਕ (ਸਿੱਖ ਨੂੰ ਵੀ) ਇਹ ਕਵ੍ਹਾਂ—ਪਿਆਰਿਆ ! ਰੀਤਾਂ ਤਾਂ ਚੰਗੀਆਂ ਜੇ ਇਹ "ਸੱਚ" ਦੀਆਂ ਪ੍ਰਤੀਕ ਹਨ।

ਮਤਲਬ ਇਹ—ਹਿੰਦੂ ਵੀਰ ਦੇ ਚਰਨ ਪਕੜ ਕੇ ਆਖਾਂ, ਸਦਕੇ ਤੇਰੇ ਜਨੇਊ ਤੋਂ, ਜੋ ਗੁਰੂ ਨਾਨਕ ਦੀ ਚੰਗੀ ਸਿੱਖਿਆ (ਆਸਾ ਦੀ ਵਾਰ) ਦਾ ਇਹ ਪ੍ਰਤੀਕ ਹੈ, ਜਾਂ ਗੀਤਾ ਵਿੱਚ ਦੱਸੇ ਅਸੂਲਾਂ ਨੂੰ ਨਿਭਾਉਂਦਾ ਹੈ। ਸਿੱਖ ਵੀਰ ਨੂੰ ਪਿਆਰ ਨਾਲ ਆਖਾਂ, ਦਾੜ੍ਹੀ, ਕਿਰਪਾਨ ਤੋਂ ਹਮੇਸ਼ਾਂ ਸਦਕੇ ਜੋ ਗੁਰੂ ਗੋਬਿੰਦ

ਸਿੰਘ ਦੀ ਨਿਮਰਤਾ, ਸਾਰੀ ਮਨੁੱਖ ਜਾਤੀ ਨਾਲ ਪ੍ਰੇਮ ਦਰਸਾਉਂਦੀਆਂ ਹਨ ਤੇ ਜ਼ੁਲਮ ਦਾ ਹਰ ਹਾਲਤ ਵਿੱਚ ਨਾਸ਼ ਕਰਨ ਲਈ ਪ੍ਰੇਰਦੀਆਂ ਹਨ । ਈਸਾਈ ਦੇ **Cross** (ਕਰਾਸ) ਨਿਸ਼ਾਨ ਤੋਂ ਸਦਕੇ ਜੋ ਇਹ ਹਜ਼ਰਤ ਈਸਾ ਦੇ ਮਨੁੱਖ ਜਾਤੀ ਲਈ ਤਰਸ ਦਰਸਾਉਂਦਾ ਹੈ । ਮੁਸਲਮਾਨ ਵੀਰ ਦੀ ਸੁੰਨਤ ਰਸਮ ਤੋਂ ਸਦਕੇ ਜੋ ਗੁਰੂ ਗ੍ਰੰਥ ਸਾਹਿਬ ਤੇ ਕੁਰਾਨ ਸ਼ਰੀਫ਼ ਵਿੱਚ ਦਿੱਤੀ ਸਿੱਖਿਆ ਦਾ ਸਬੂਤ ਦੇਵੇ ।

ਮੈਂ ਨਿੱਕਾ ਜਿਹਾ ਮੱਛਰ ਤੋਂ ਵੀ ਨੀਚ ਰੁਲਣ ਵਾਲਾ । ਮੈਨੂੰ ਸਵਾਹ ਪਤਾ ਲੱਗਣਾ ਸੀ ਜੇ ੩ ਸਾਲ ਪਹਿਲਾਂ ਗੁਰੂ ਗੋਬਿੰਦ ਸਿੰਘ ਮਹਾਰਾਜ ਪੰਜ ਪਿਆਰਿਆਂ ਦੀ ਸ਼ਕਲ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਅੰਮ੍ਰਿਤ ਦੀ ਬੂੰਦ ਪੀਂਦਿਆਂ **ਆਪ ਨਾ ਦੱਸਦੇ ਕਿ ਸਾਰੇ ਧਰਮ ਸੌ ਫ਼ੀਸਦੀ ਓਹੀ ਕਹਿੰਦੇ ਹਨ; ਫ਼ਰਕ ਕੇਵਲ** ਤੇ ਕੇਵਲ ਤਰੀਕਿਆਂ ਦਾ ਹੈ । ਤਰੀਕੇ ਹੋਰ ਹਨ, ਕਿਉਂਕਿ ਜਿਸ ਵੇਲੇ ਪੈਗ਼ੰਬਰ ਹੋਏ ਉਹਨਾਂ ਦੇ ਹਾਲਾਤ ਦਾ ਫ਼ਰਕ ਸੀ ਤੇ ਉਹ ਲੋਕਾਂ ਨੂੰ ਸਿੱਧੇ ਰਾਹ ਪਾਉਣ ਲਈ ਉਹਨਾਂ ਨੂੰ ਉਹਨਾਂ ਦੇ ਆਪਣੇ ਅਭਿਆਸਾਂ ਤੇ ਤਜਰਬਿਆਂ ਨਾਲ ਸਮਝਾਇਆ ਕਰਦੇ ਸਨ । **Truth** ਜਾਂ "ਸੱਚ" ਇਕੋ ਸੀ, ਇਕੋ ਹੈ, ਇਕੋ ਰਹੇਗਾ—ਤੇ "ਸੱਚ" 'ਤੇ ਚੱਲਦਾ ਹੋਇਆ "ਸਿੱਖ" ਕੇਵਲ ਸਿੱਖ ਨਹੀਂ ਹੋਵੇਗਾ, ਉਹ ਮਨੁੱਖ ਜਾਤੀ ਦਾ ਪ੍ਰਤੀਨਿਧੀ ਹੈ, ਭਾਵੇਂ ਬਾਹਰਲੇ ਚਿੰਨ੍ਹਾਂ ਕਰਕੇ ਉਹ ਈਸਾਈ ਹੈ, ਮੁਸਲਮਾਨ ਹੈ, ਹਿੰਦੂ ਹੈ ਜਾਂ ਸਿੱਖ ।

੮. ਮੈਨੂੰ ਸ਼ਰਮ ਆਉਂਦੀ ਹੈ ਕਿ ਮੈਂ ਸਿੱਖ ਹਾਂ ਕੋਠੀਆਂ ਵਾਲਾ, ਪਰ ਕਿਤਨੇ ਹੀ ਸਗੋਂ ਭਾਰਤ ਦੇ ੫੦% ਲੋਕੀਂ ਪੂਰੀ ਰੋਟੀ ਨਹੀਂ ਖਾਂਦੇ, ੩੦% ਲੋਕੀਂ ਉੱਕਾ ਹੀ ਖਸਤਾ (**Below Poverty Line**) ਹਨ, ਨਾਲ ਜਿਨ੍ਹਾਂ ਨੂੰ ਮੈਂ "ਸਿੱਖ ਭਰਾ" ਕਹਿੰਦਾ ਹਾਂ ਉਹ ਵੀ ਲੱਖਾਂ ਦੀ ਗਿਣਤੀ ਵਿੱਚ ਰੁਲ ਰਹੇ ਹਨ । ਮੈਂ ਆਪਣੇ ਸਿਰ ਸਵਾਹ ਪਾਉਣੀ ਹੈ । ਆਪਣੀਆਂ ਕੋਠੀਆਂ ਦੀ ਆਕੜ ਵਿੱਚ, ਆਪਣੀ ਪਗੜੀ, ਦਾੜ੍ਹੀ ਦੀ ਆਕੜ ਵਿੱਚ ਜਾਂ ਵਜ਼ੀਰੀ, ਗਵਰਨਰੀ ਦੀ ਆਕੜ ਵਿੱਚ, ਫੋਕੇ ਰੋਹਬ ਪਾ ਰਿਹਾਂ 'ਸਿੱਖ' ਹੋਣ ਦਾ, ਜਾਂ ਸਿੱਖਾਂ ਦੀ ਪ੍ਰਤੀਨਿਧਤਾ ਕਰਨ ਦਾ । ਮੈਂ ਤਾਂ ਕੇਵਲ ਆਪਣੇ ਢਿੱਡ ਦਾ, ਆਪਣੇ ਖ਼ਾਨਦਾਨ ਦਾ, ਆਪਣੇ ਮਾਣ ਦਾ, ਆਪਣੇ ਲਾਲਚ ਦਾ ਪ੍ਰਤੀਨਿਧੀ ਹਾਂ । ਜੇ ਲੋਕਾਂ ਦਾ ਪ੍ਰਤੀਨਿਧੀ ਹੁੰਦਾ ਜਾਂ ਗੁਰੂ ਆਪਣੇ ਦਾ ਸਿੱਖ ਹੁੰਦਾ ਤਾਂ ਮੁੱਖ 'ਤੇ ਨਾਮ ਰੱਖ ਕੇ, ਸੇਵਾ ਵਿੱਚ ਇੰਵ ਜੁੱਟਦਾ ਕਿ ਆਪਣਾ ਆਪ ਭੁੱਲ ਜਾਂਦਾ ਤੇ ਹਰ ਇਨਸਾਨ, ਕਿਸੇ ਦੇਸ਼ ਦਾ, ਕਿਸੇ ਪ੍ਰਾਂਤ ਦਾ, ਕਿਸੇ ਸੂਬੇ ਦਾ, ਕਿਸੇ ਸ਼ਹਿਰ ਦਾ



ਮੈਨੂੰ ਭਰਾ ਲੱਗਦਾ ਤੇ ਦੁੱਖ ਵਿੱਚ ਮੈਂ ਉਹਦਾ ਦੁੱਖ ਵੰਡਾਉਂਦਾ, ਉਸ ਨਾਲ ਧੁੱਪੇ ਸੜਦਾ ਆਪਣੇ **Air-conditioned** (ਵਾਯੂ ਅਨੁਕੂਲਿਤ) ਕਮਰੇ ਛੱਡ ਕੇ, ਉਸ ਵਾਂਙ **3rd class** (ਤੀਜੇ ਦਰਜੇ) ਵਿੱਚ ਗੱਡੀ ਚੜ੍ਹਦਾ, ਉਸ ਵਾਂਙ ਬੱਸ ਵਿੱਚ ਧੱਕੇ ਖਾਂਦਾ, ਉਸ ਵਾਂਙ ਝੁੱਗੀ ਵਿੱਚ, ਜਾਂ ਪਟੜੀਆਂ 'ਤੇ ਸੌਂਦਾ, ਉਸ ਵਾਂਙ ਅੱਧੀ ਰੋਟੀ ਖਾਂਦਾ, ਉਸ ਵਾਂਙ ਹਸਪਤਾਲਾਂ ਵਿੱਚ ਰੁੱਲਦਾ, ਉਸ ਵਾਂਙ ਨੰਗਾ ਰਹਿੰਦਾ, ਉਸ ਵਾਂਙ ਸਾਰੇ ਦੁੱਖ ਖ਼ੁਸ਼ੀ ਨਾਲ ਸਹਿੰਦਾ । ਇਸ ਵਿੱਚ ਸ਼ੱਕ ਨਹੀਂ ਕਿ ਇਸ ਨਾਲ ਉਸ ਦਾ **Physical** (ਸਰੀਰਕ) ਦੁੱਖ ਤਾਂ ਨਾ ਘਟਦਾ ਪਰ ਉਸ ਨੂੰ **Psychologically** (ਮਨੋਵਿਗਿਆਨਿਕ) ਇਹ ਹੌਂਸਲਾ ਹੁੰਦਾ ਕਿ ਮੇਰੇ ਦੁੱਖ ਵੰਡੇ ਜਾ ਰਹੇ ਹਨ ਵਾਹਿਗੁਰੂ ਦੇ ਪਿਆਰਿਆਂ ਨਾਲ—ਤੇ ਨਾਲੇ ਮੈਂ ਇਕੱਲਾ ਨਹੀਂ ਇਸ ਹਾਲ ਵਿੱਚ । ਪਰ ਮੈਂ ਕੀਤਾ—ਗ਼ਰੀਬ ਦਾ ਖ਼ੂਨ ਚੂਸਿਆ, ਬੇਈਮਾਨੀ ਨਾਲ ਪੈਸਾ ਕਮਾਇਆ, ਸਗੋਂ ਗੁਰਦੁਆਰਿਆਂ ਦਾ ਪੈਸਾ ਵੀ ਖਾਣਾ ਸ਼ੁਰੂ ਕਰ ਦਿੱਤਾ । ਆਪਣੀ ਆਕੜ ਨੂੰ ਪ੍ਰਗਟ ਕਰਨ ਲਈ ਵੱਡੇ-ਵੱਡੇ ਗੁਰਦੁਆਰੇ ਬਣਾ ਦਿੱਤੇ । ਹਰ ਕਮਰੇ ਵਿੱਚ ਗੁਰੂ ਦੀ ਫੋਟੋ ਲਾ ਦਿੱਤੀ । ਹਰ ਮਹੀਨੇ ਅਖੰਡ ਪਾਠ ਦਾ ਭੋਗ ਪਵਾ ਦਿੱਤਾ, ਪਰ ਆਪਣੇ ਮੁੰਡੇ ਨੂੰ ਕਿਹਾ "ਤਕੜਾ ਰਹੇ ਕਿਤੇ ਭਾਈ ਵਰਕੇ ਤਾਂ ਨਹੀਂ ਪਰਤਦਾ ।" ਸਾਹਿਬਾਂ ਦੀ ਗੱਲ ਤਾਂ ਸੁਣੀ ਹੀ ਨਾ ਤੇ ਮੈਨੂੰ ਕੀ ਪਤਾ ਲੱਗਦਾ, ਸਿੱਖੀ ਕੀ ਹੈ । ਨਾਲੇ ਮੈਂ ਬਾਹਰ ਮਸ਼ਹੂਰ ਹੋ ਗਿਆ, ਕਿਉਂਕਿ ਜਿਸ ਵੇਲੇ ਕੋਈ ਸਿੰਘ ਸਭਾ ਕੰਮ ਕਰਨਾ ਚਾਹੁੰਦੀ, ਉਹ ਮੇਰੀ ਵੱਡੀ ਰਸੂਖ ਵਾਲੀ ਨੌਕਰੀ ਜਾਂ ਮੇਰੀ ਠੇਕੇਦਾਰੀ ਦੇ ਪੈਸੇ ਦੀ ਲੋੜ ਕਰਕੇ ਮੈਨੂੰ ਹੀ ਪ੍ਰਧਾਨ ਬਣਨ ਲਈ ਕਹਿੰਦੀ । ਮੈਂ ਵੀ ਲੈਕਚਰ ਕਰਨ ਵਾਲੇ ਲੋਕਾਂ ਦੇ ਦਾੜ੍ਹੀਆਂ ਕੱਟਣ, ਕੁੜੀਆਂ ਦੇ ਫ਼ੈਸ਼ਨ ਕਰਨ ਤੇ ਸਿੱਖੀ ਦੀ ਗਿਣਤੀ ਦੇ ਘਾਟੇ ਵੱਲ ਜ਼ੋਰ-ਸ਼ੋਰ ਨਾਲ ਧਿਆਨ ਦਿਵਾਉਂਦਾ ਤਾਂ ਲੋਕੀਂ ਆਪੇ ਸਮਝਦੇ "ਗੁਰੂ ਦਾ ਸਿੱਖ" ਬੜਾ ਪ੍ਰੇਮੀ ਹੈ । ਕਿਸੇ ਨੂੰ ਨਾ ਤਾਂ ਆਪ ਪਤਾ ਲੱਗਦਾ ਤੇ ਨਾ ਮੈਂ ਆਪਣਾ ਆਪ ਪਛਾਣ ਸਕਦਾ । ਇਹ ਅਗਲੀ ਵਾਰ **Election** (ਚੋਣ) ਵਿੱਚ ਵੋਟਾਂ ਲੈਣ ਦਾ ਸਾਧਨ ਹੈ । ਮੈਂ ਸ਼ਰਾਬ ਪੀਂਦਾ ਤਾਂ ਕਹਿ ਛੱਡਦਾ—ਕੀ ਸ਼ਰਾਬ ਪੀਣ ਵਾਲਾ ਸਿੱਖਾਂ ਦੀ ਸੇਵਾ ਨਹੀਂ ਕਰ ਸਕਦਾ ? ਲੋੜ ਪੈਂਦੀ ਤੇ ਗਵਾਹੀ ਪਵਾ ਦਿੰਦਾ ਕਿਸੇ ਸੰਤ ਦੀ ਜੋ ਮੈਨੂੰ ਲਾਟਰੀ ਦਾ ਟਿਕਟ ਆਪਣੇ ਨਾਂ 'ਤੇ ਲੈਣ ਦੀ ਪ੍ਰੇਰਨਾ ਕਰਕੇ ਮੇਰਾ ਵਿਸ਼ਵਾਸ ਹੋਰ ਵਧਾ ਦਿੰਦਾ ਕਿ ਮਾਇਆ ਦੇ ਬਗੈਰ "ਸਿੱਖੀ ਕੀ ਹੋਈ ?"

੯. ਕੁਰਾਨ ਸ਼ਰੀਫ਼ ਮਹਾਰਾਜ ਵਿੱਚ ਆਪਣੀਆਂ ਅੱਖਾਂ ਨਾਲ ਜਦੋਂ ਪੜ੍ਹਿਆ ਕਿ ਸਾਫ਼ ਲਿਖਿਆ ਹੈ । "ਕਿਹੜੇ ਪਾਸੇ ਮੂੰਹ ਕਰਕੇ ਨਮਾਜ਼

ਪੜ੍ਹੀਏ, ਇਸ ਦਾ ਕੋਈ ਫ਼ਰਕ ਨਹੀਂ, ਅੰਦਰ ਦੀ ਸੁੱਚਤਾ ਤੇ ਚੰਗੇ ਕਰਮ (ਸਿੱਖੀ ਵਾਲੇ ਹੀ) ਇਸਲਾਮ ਹੈ" ਤਾਂ ਠੰਢ ਪੈ ਗਈ । ਮੌਲਾਨਾ ਆਜ਼ਾਦ ਆਪਣੀ ਰਾਏ ਦਿੰਦਿਆਂ ਲਿਖਦੇ ਹਨ ਕਿ ੧੩੦੦ ਸਾਲਾਂ ਦੀ ਇਹ ਗੱਲ ਕੁਰਾਨ ਸ਼ਰੀਫ਼ ਮਹਾਰਾਜ ਵਿੱਚ ਲਿਖੀ ਪਈ ਹੈ ਤੇ ਜੇ ਅਸੀਂ ਨਾ ਸਮਝੀਏ ਤਾਂ ਕੁਰਾਨ ਸ਼ਰੀਫ਼ ਦਾ ਕੀ ਕਸੂਰ ? ਇਸੇ ਤਰ੍ਹਾਂ ਗੁਰੂ ਦਾ ਹੁਕਮ ਗੁਰੂ ਗ੍ਰੰਥ ਸਾਹਿਬ ਵਿੱਚ ਸਾਫ਼ ਹੈ, ਅਸੀਂ ਸਿੱਖਾਂ ਵਿੱਚ ਚੂਕ ਹੈ ਤਾਂ ਪੂਰਾ ਗੁਰੂ ਕੀ ਕਰੇ ? ਮੈਂ ਆਪਣੀ ਚੂਕ ਕਢਵਾਉਣ ਲਈ ਤੇਰੀ ਮੇਹਰ ਮੰਗਦਾ ਹਾਂ ।

੧੦. ਇਕ ਵਾਰ ਗਿਰਜੇ ਗਿਆ ਤਾਂ ਕੁਰਾਨ ਸ਼ਰੀਫ਼ ਮਹਾਰਾਜ ਵਰਗੀ ਸਿੱਖਿਆ "**ਇਕ ਰੱਬ ਵਿੱਚ ਯਕੀਨ ਤੇ ਨੇਕ ਜੀਵਨ**" ਦਿੱਤੀ ਜਾ ਰਹੀ ਸੀ । ਕਹਿ ਰਹੇ ਸਨ ਪਾਦਰੀ ਸਾਹਿਬ ਕਿ ਸਾਨੂੰ ਮੰਨਣਾ ਚਾਹੀਦਾ ਹੈ ਕਿ ਅਸੀਂ ਗੁਨਾਹਗਾਰ ਹਾਂ, ਤੇਰੀ ਮੇਹਰ ਬਗੈਰ ਅਸੀਂ ਠੀਕ ਨਹੀਂ ਹੋ ਸਕਦੇ, ਸਾਡੇ 'ਤੇ ਰਹਿਮ ਕਰ । ਮੰਦਰ ਗਿਆ ਤਾਂ ਉੱਥੇ ਕਹਿ ਰਹੇ ਸਨ—"ਤੇਰੇ ਮੰਦਰ ਮੇਰੇ ਦਾਤਾ, ਪੁਜਾਰੀ ਬਣ ਕੇ ਆਇਆ ਹੂੰ, ਬਖ਼ਸ਼ ਦੇਹ ਖਾਕ ਚਰਨੋਂ ਕੀ, ਭਿਖਾਰੀ ਬਣ ਕੇ ਆਇਆ ਹੂੰ ।" ਮੈਂ ਮੂਰਖ ਬਹਿ ਗਿਆ, ਸੋ ਹੁਣ ਪਾਵਉ ਦਾਨ ਢੀਠ ਹੋਇ ਮਾਂਗਉ । ਕ੍ਰਿਸ਼ਨ ਮਹਾਰਾਜ, ਤੂੰ ਵੀ ਤਾਂ ਗੁਰੂ ਨਾਨਕ ਵਾਂਙ ਰੌਸ਼ਨੀ ਦਾ ਭੰਡਾਰ ਹੈਂ—(ਤੇ ਇਹ ਮੈਨੂੰ ਗੁਰੂ ਗ੍ਰੰਥ ਸਾਹਿਬ ਨੇ ਦੱਸਿਆ ਹੈ) ਤੂੰ ਹੀ ਕਿਰਪਾ ਕਰ ਮੇਰੇ ਅਕ੍ਰਿਤਘਣ 'ਤੇ । ਨਾ ਮੈਨੂੰ ਕੱਚੀ ਜਾਂ ਪੱਕੀ ਬਾਣੀ ਦਾ ਪਤਾ ਲੱਗਾ, ਨਾ ਹਿੰਦੂ ਸਿੱਖ ਦਾ ਭੇਤ ਲੱਗਾ, ਨਾ ਮੂਰਤੀਆਂ ਦਿਸੀਆਂ—ਮੈਨੂੰ ਤਾਂ ਇਕੋ ਮੇਰਾ ਸਾਹਿਬ ਹੀ ਦਿੱਸਿਆ ਜਿਹੜਾ ਕਹਿ ਰਿਹਾ ਸੀ ਸਭ ਦੀ ਚਰਨਧੂੜ ਬਣਾਂ ਤੇ "ਸੱਚ" ਤਾਂ ਮਿਲੇਗਾ ਜੇ "ਸੁੱਚ" ਹੋਏਗੀ ।

ਲੈ ਹੁਣ ਮੇਰੀ ਗੱਲ ਸੁਣ, ਗੁਰੂ ਗੋਬਿੰਦ ਸਿੰਘ ਮਹਾਰਾਜ, ਮੈਨੂੰ ਮਨ, ਤਨ ਤੇ ਧਨ ਦੀ ਗ਼ਰੀਬੀ ਬਖ਼ਸ਼ੋ । ਮੇਰੀਆਂ ਅੱਖਾਂ ਵਿੱਚ ਹਮੇਸ਼ਾਂ ਤੇਰੇ ਦਰ ਦੀ ਢੂੰਡ ਰਹੇ, ਮੇਰੇ ਹੱਥ ਹਮੇਸ਼ਾਂ ਬੇਸਹਾਰਿਆਂ ਦੀ ਸੇਵਾ ਕਰਦਿਆਂ ਕੇਵਲ ਤੇਰੇ ਭਰੋਸੇ 'ਤੇ ਤੇਰੇ ਚਰਨਾਂ ਵਿੱਚ ਰਹਿਣ, ਮੇਰੀ ਜ਼ਬਾਨ ਹਮੇਸ਼ਾਂ ਤੈਨੂੰ ਯਾਦ ਕਰੇ । ਜੇ ਜੇਲ੍ਹ ਜਾਵਾਂ ਤਾਂ ਕੇਵਲ ਵਾਹਿਗੁਰੂ ਦਾ ਨਾਂ ਲੈ ਕੇ ਤੇਰੀ ਸਿੱਖਿਆ ਤੋਂ ਕਦੇ ਨਾ ਹਟਾਂ । ਹਮੇਸ਼ਾਂ ਗ਼ਰੀਬਾਂ, ਦੁਖਿਆਰਿਆਂ ਨਾਲ ਰਵ੍ਹਾਂ ਤੇ ਉਨ੍ਹਾਂ ਨਾਲ ਰਲ ਕੇ ਵਾਹਿਗੁਰੂ ਦੇ ਗੁਣ ਗਾਵਾਂ, ਹਮੇਸ਼ਾਂ ਬੇਇਨਸਾਫ਼ੀ ਦੇ ਵਿਰੁੱਧ ਗ਼ਰੀਬਾਂ ਲਈ ਤੇਰੇ ਨਾਂ ਦਾ ਸਦਕਾ ਰੱਜ ਕੇ ਲੜਾਂ; ਪਰ ਆਪ ਕਦੇ ਕੁਝ ਨਾ ਮੰਗਾਂ, ਨਾ ਲਵਾਂ, ਨਾ ਤੱਕਾਂ । ਨਾਲੇ ਪਿਆਰ ਤੋਂ ਕਦੇ ਨਾ ਥਿੜਕਾਂ । ਜੇ ਤਲਵਾਰ ਵੀ



ਚੁੱਕਣੀ ਪਏ ਤਾਂ ਪ੍ਰਭੂ ਦੀ ਯਾਦ ਵਿੱਚ ਜ਼ੁਲਮ ਕੱਟਣ ਲਈ ਚੁੱਕਾਂ, ਆਪਣੀ ਜਾਨ ਬਚਾਉਣ ਲਈ ਨਹੀਂ । ਕਿਸੇ ਤੋਂ ਕਦੇ ਨਾ ਡਰਾਂ ਤੇ ਕਿਸੇ ਨੂੰ ਕਦੇ ਨਾ ਡਰਾਵਾਂ ।

ਸਵਾਲੀ ਦਾ ਕੰਮ ਹੈ ਸਵਾਲ ਕਰਨਾ । ਨਾਲੇ ਮੇਰੇ ਸਵਾਲ ਤਾਂ ਤੇਰੀ ਮਿਹਰ ਵਿੱਚੋਂ ਹੀ ਉਪਜੇ ਹਨ । ਮੈਂ ਜਾਣਦਾ ਹਾਂ ਤੂੰ ਅੰਤਰਜਾਮੀ ਹੈਂ, ਜੋ ਤੂੰ ਦੇਣਾ ਹੈ ਉਹ ਤੂੰ ਦੇਣਾ ਹੀ ਹੈ; ਪਰ ਮੈਂ ਇਸ ਲਈ ਮੰਗਦਾ ਰਹਿੰਦਾ ਹਾਂ ਕਿ ਕਿਤੇ ਆਪਣੇ ਅਤਿ ਨੀਚ ਕਰਮਾਂ ਕਰਕੇ ਤੇਰੀ ਨਜ਼ਰਾਂ ਤੋਂ ਨਾ ਲਹਿ ਜਾਵਾਂ । ਹੁਣ ਨਜ਼ਰਾਂ 'ਚ ਰੱਖ, ਭਾਵੇਂ ਨਜ਼ਰਾਂ 'ਚੋਂ ਕੱਢ—**ਮੇਰੀ ਥਾਂ ਹੋਰ ਹੈ ਹੀ ਨਹੀਂ**, ਫੇਰ ਨਿਥਾਵੇਂ ਦਾ ਥਾਂ ਤੂੰ ਅਖਵਾਉਂਦਾ ਹੈਂ । ਯਕੀਨ ਬੱਝਦਾ ਹੈ ਕਿ ਤੂੰ ਮੈਨੂੰ ਨਹੀਂ ਵਿਸਾਰੇਂਗਾ ।

# ਪਖੰਡ ਤੋਂ ਵਿਦਾਇਗੀ

ਦੁਹਾਈ ਰੱਬ ਦੀ ਜੇ, ਮੈਂ ਆਪ ਨਾ ਲਿਖਦਾ ਹਾਂ ਤੇ ਨਾ ਹੀ ਲਿਖਣ ਜੋਗਾ ਹਾਂ । ਨਾਲੇ ਹੋਰ ਗੱਲ ਇਹ ਹੈ ਕਿ ਮੈਂ ਅਨਪੜ੍ਹ ਹਾਂ, ਗੁਨਾਹਾਂ ਦੇ ਢੇਰ ਥੱਲੇ, ਚਿੱਕੜ ਦੀ ਮੋਟੀ ਤਹਿ ਨਾਲ ਲਿੱਬੜ ਕੇ ਡਿੱਗ ਪਿਆ ਹਾਂ; ਪਰ ਹਾਂ, ਸੁਪਨੇ ਲੈਂਦਾ ਹਾਂ ਉਨ੍ਹਾਂ ਮਹਿਲਾਂ ਦੇ ਜਿਹੜੇ ਮੇਰੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਨੇ ਮੈਨੂੰ ਪਰੋਮਿਸ (ਵਾਅਦੇ) ਕੀਤੇ ਹਨ ।

ਲਉ ਸੁਣੋ, ਮੇਰੀ ਜਲਾਲਤ, ਮੇਰੀ ਕਹਾਣੀ । ਭਗਤ ਰਵਿਦਾਸ ਨੇ ਕਿਹਾ ਸੀ ਕਿ ਜਦੋਂ ਮੈਂ ਆਪਣੇ ਆਪ ਨੂੰ ਕੁਝ ਸਮਝਦਾ ਸੀ ਤਾਂ ਤੈਨੂੰ ਕੁਝ ਨਹੀਂ ਸੀ ਜਾਣਦਾ, ਹੁਣ ਤੂੰ ਹੀ ਤੂੰ ਹੈਂ, ਮੈਂ ਨਹੀਂ । ਮੈਨੂੰ ਇਹ ਤੁਕ ਚੰਗੀ ਲੱਗੀ ਮੈਂ ਕੀਰਤਨ ਕਰਕੇ ਸੁਣਾ ਦਿੱਤੀ, ਵਾਹ ਵਾਹ ਲੈ ਲਈ, ਮੁਹੱਲੇ ਵਿੱਚ ਕੀਰਤਨੀਆਂ ਮਸ਼ਹੂਰ ਹੋ ਗਿਆ, ਮੈਨੂੰ ਚਾਅ ਚੜ੍ਹ ਗਿਆ ਧਰਮੀ ਬਣਨ ਦਾ । ਮੈਂ ਰੋਜ਼ ਗੁਰਦੁਆਰੇ ਜਾਣਾ ਸ਼ੁਰੂ ਕਰ ਦਿੱਤਾ । ਕਿਸੇ ਦੱਸਿਆ ਅੰਮ੍ਰਿਤ ਵੇਲੇ ਦਾ ਸਤਿਸੰਗ । ਮੈਂ ਉਹ ਵੀ ਅਪਣਾਇਆ ਤੇ ਹੁਣ ਮੈਂ ਸਭ ਲੋਕਾਂ ਵਿੱਚ ਧਰਮੀ ਜਾਣਿਆ ਜਾਣ ਲੱਗਾ । ਮੈਂ ਹੌਲੀ-ਹੌਲੀ ਇਨ੍ਹਾਂ ਕੰਮਾਂ ਵਿੱਚ ਧਿਆਨ ਦੇਣ ਲੱਗ ਪਿਆ ।

(੧) ਗੁਰਦੁਆਰੇ ਦੀ ਇਮਾਰਤ ਵਿੱਚ ਬੇਈਮਾਨੀ ਦਾ ਕਮਾਇਆ ਪੈਸਾ ਬਹੁਤਾ ਦੇਣ ਲੱਗ ਪਿਆ ।

(੨) ਸਭ ਕੁਝ ਕਰਨ ਤੋਂ ਪਹਿਲਾਂ ਕੜਾਹ-ਪ੍ਰਸ਼ਾਦ ਕਰਵਾਉਣ ਲੱਗਾ ਤੇ ਸੰਗਰਾਂਦ ਤੇ ਪੂਰਨਮਾਸ਼ੀ 'ਤੇ ਬਹੁਤਾ ਦਾਨ ਦੇਣ ਲੱਗਾ । ਰਾਜ ਦਰਬਾਰ ਦੀ ਭੁੱਖ ਤੇ ਬਾਹਰਲੇ ਮੁਲਕਾਂ ਵਿੱਚ ਜਾਣ ਲਈ ਸਾਹਿਬਾਂ ਦੀ ਬਰਕਤ ਮੰਗਣ ਲੱਗਾ ।

(੩) ਮੇਰਾ ਕੀਰਤਨ ਲੋਕਾਂ ਨੂੰ ਬਹੁਤਾ ਚੰਗਾ ਲੱਗਣ ਲੱਗ ਪਿਆ । ਮੈਂ ਫਿਰ ਬਹੁਤ ਸਾਰਾ ਵਕਤ ਨਵੀਆਂ ਟਿਊਨਾਂ ਢੂੰਡਣ ਵਿੱਚ, ਨਵੀਆਂ ਤਰਜ਼ਾਂ, ਤੇ ਨਵੇਂ ਸਾਜ਼ਾਂ ਵਿੱਚ ਗਾਉਣ ਲੱਗਾ ਤੇ ਵਾਹ-ਵਾਹ ਅੱਛੀ ਲੱਗਣ ਲੱਗੀ ।

(੪) ਫੇਰ ਮੈਂ ਕਥਾ ਕਰਨੀ ਸ਼ੁਰੂ ਕਰ ਦਿੱਤੀ ਤੇ ਇਤਨਾ ਪ੍ਰਭਾਵ ਪਾਇਆ ਕਿ ਲੋਕੀਂ ਮੈਨੂੰ ਪੂਰੀ ਤਰ੍ਹਾਂ ਪਹੁੰਚਿਆ ਹੋਇਆ ਸਮਝਣ ਲੱਗ ਪਏ ।



(੫) ਫਿਰ ਮੈਂ ਲੋਕਾਂ ਨੂੰ ਮੱਤ ਦੇਣ ਜੋਗਾ ਹੋ ਗਿਆ । ਸਭ ਦੀ ਭਗਤੀ ਨੀਵੀਂ ਲੱਗਣ ਲੱਗੀ ਤੇ ਸਭ ਨੂੰ ਕਹਿਣ ਲੱਗ ਪਿਆ ਕਿ ਅਸਲੀ ਭਗਤੀ ਉਹ ਹੈ ਜਿਹੜੀ ਮੈਂ ਕਹਿੰਦਾ ਹਾਂ ।

(੬) ਕਿਉਂਕਿ ਹੁਣ ਮੈਂ **Established** ਮਹਾਂਪੁਰਸ਼ ਹੋ ਗਿਆ ਸਾਂ, ਮੈਨੂੰ ਲੋਕੀਂ ਸਲਾਹਵਾਂ ਪੁੱਛਣ ਲੱਗੇ ਤੇ ਮੈਂ ਅੰਦਰੋਂ ਖੋਖਲਾ ਹੁੰਦਾ ਗਿਆ; ਪਰ ਬਾਹਰੋਂ ਗਿਆਨ, ਧਿਆਨ ਇਸ਼ਨਾਨ ਵਿੱਚ ਵਿਚਰਦਾ ਰਿਹਾ ।

(੭) ਜਿੱਥੋਂ ਲੰਘਦਾ ਸਾਂ ਉੱਥੇ ਹੀ 'ਗੁਰਮੁੱਖ' 'ਗੁਰਸਿੱਖ ਮਹਾਂਪੁਰਖ' ਦੀ ਆਵਾਜ਼ ਮੇਰੇ ਕੰਨੀਂ ਪੈਂਦੀ ਸੀ, ਮੈਂ ਨਿਮਰਤਾ ਨਾਲ ਕਹਿੰਦਾ ਸਾਂ ਮੈਂ ਤਾਂ ਕੀੜਾ ਹਾਂ, ਪਰ ਅੰਦਰੋਂ ਫੈਲੀ ਜਾਂਦਾ ਸਾਂ ਤਾਰੀਫ਼ਾਂ ਸੁਣ-ਸੁਣ ਕੇ ।

(੮) ਕਿਉਂਕਿ ਮੈਂ ਬਹੁਤ ਚੰਗਾ ਲੱਗਦਾ ਸਾਂ ਲੋਕਾਂ ਨੂੰ, ਮੈਨੂੰ ਉਨ੍ਹਾਂ ਗੁਰਦੁਆਰੇ ਦਾ ਪ੍ਰਧਾਨ ਬਣਾ ਦਿੱਤਾ ਤੇ ਮੈਂ ਬਿਲਕੁਲ ਨਿਸ਼ਕਾਮ ਸੇਵਾ ਵਿੱਚ ਲੱਗ ਪਿਆ ।

(੯) ਜਿਹੜਾ ਹੋਰ ਕੋਈ ਜੋੜੇ ਰੱਖਣ ਦੀ, ਚਾਹ ਵਰਤਾਉਣ ਦੀ, ਜਾਂ ਦੂਜੀ ਸੇਵਾ ਵਿੱਚ ਲੱਗਣ ਲੱਗੇ ਮੈਂ ਉਨ੍ਹਾਂ ਨਾਲ ਸਿੱਝਣ ਲੱਗਾ, ਕਿਉਂਕਿ ਵਡਿਆਈ ਵੰਡੀਣ ਲੱਗੀ ਪਰ ਮੈਂ ਕਹਿੰਦਾ ਸਾਂ ਕਿ ਇਹ 'ਅਸੂਲ' ਦੀ ਗੱਲ ਹੈ ਜਾਂ 'ਲੋਕੀਂ ਕੀ ਕਹਿਣਗੇ ।'

(੧੦) ਜਦੋਂ ਮੇਰੀ ਪ੍ਰਭੁਤਾ ਹੋਰ ਵਧ ਗਈ ਤਾਂ ਮੈਂ ਕੀਰਤਨ ਕਰਨ ਵਾਲਿਆਂ ਨੂੰ ਵੀ ਆਪਣੀ ਪੂਜਾ ਕਰਾਉਣ ਵਾਲੇ ਜਾਂ ਅੰਦਰੋਂ ਹੋਰ ਬਾਹਰੋਂ ਹੋਰ ਕਹਿਣਾ ਸ਼ੁਰੂ ਕਰ ਦਿੱਤਾ ।

ਸੁਣੋਂ, ਪਿਆਰਿਓ! ਮੈਂ ਇਹ ਸਮਝਦਾ ਰਿਹਾ ਕਿ (ਏ) ਮੈਂ ਗੁਰੂ ਘਰ ਦੀ ਨਿਸ਼ਕਾਮ ਸੇਵਾ ਕਰ ਰਿਹਾ ਹਾਂ ।

(ਬੀ) ਜਿਵੇਂ ਮੈਂ ਅੰਮ੍ਰਿਤ ਵੇਲੇ ਉੱਠ ਕੇ ਆਪਣਾ ਮਨ ਸਾਹਿਬਾਂ ਵੱਲ ਲਿਜਾ ਕੇ ਸੇਵਾ ਕਰਦਾ ਹਾਂ ਹੋਰ ਕੋਈ ਨਹੀਂ ਕਰ ਸਕਦਾ । ਇਸੇ ਆਕੜ ਵਿੱਚ ਫੁੱਲਦਾ ਜਾ ਰਿਹਾ ਸਾਂ ਕਿ ਆਪਣੇ ਵੀਰ ਨੂੰ ਇਕ **Function** 'ਤੇ ਬੁਲਾ ਬੈਠਾ ਤੇ ਕਿਹਾ, ਅਸਾਂ ਅਖੰਡ ਪਾਠ ਰਖਵਾਉਣਾ ਹੈ । ਉਸ ਪੁੱਛਿਆ ਕਾਹਦਾ ਅਖੰਡ ਪਾਠ? ਮੈਂ ਦੱਸਿਆ ਕਿ ਮੇਰੇ ਪੁੱਤਰ ਦਾ ਵਿਆਹ ਹੈ, ਮੈਂ ਸਾਹਿਬਾਂ ਦਾ ਆਸਰਾ ਲਏ ਬਗੈਰ ਕਦੇ ਕੋਈ ਕੰਮ ਨਹੀਂ ਕਰਦਾ, ਫੇਰ ਮੈਂ ਇਹ ਕਰਦਾ ਹਾਂ, ਮੈਂ ਉਹ ਕਰਦਾ ਹਾਂ । ਜਪੁ ਜੀ ਸਾਹਿਬ ਬਗੈਰ ਮੂੰਹ ਜੂਠਾ

ਨਹੀਂ ਕਰਦਾ, ਗ਼ਰੀਬਾਂ ਨੂੰ ਦਾਨ ਦੇਣਾ ਹੀ ਮੇਰਾ ਕੰਮ ਹੈ, ਰੁਮਾਲੇ ਚੜ੍ਹਾਉਂਦਾ ਹਾਂ, ਸੰਗਰਾਂਦ 'ਤੇ ਪ੍ਰਸ਼ਾਦ ਕਰਾਉਂਦਾ ਹਾਂ । ਮੇਰੇ ਵੀਰ ਸੁਣਦੇ ਰਹੇ; ਪਰ ਪਿੱਛੋਂ ਕਹਿਣ ਲੱਗੇ ਕਦੇ **Anatomy of vanity** ਜਾਂ ਆਕੜ ਦੀ ਬਣਤਰ ਦੇਖੀ ਜੇ, ਮੈਨੂੰ ਸ਼ਰਮ ਆ ਗਈ ਤੇ ਮੈਂ ਨਿਮਰਤਾ ਨਾਲ ਕਿਹਾ, ਬੱਸ ਤੁਸੀਂ ਅਖੰਡ ਪਾਠ 'ਤੇ ਆਉਣਾ ਤੇ ਆ ਕੇ ਅਸ਼ੀਰਵਾਦ ਦੇਣਾ ਜੋੜੀ ਨੂੰ ।

ਉਹ ਆ ਤਾਂ ਗਏ ਪਰ ਕਹਿਣ ਲੱਗੇ, ਪਾਠ ਕਿਸ ਲਈ ਕਰਾ ਰਹੇ ਹੋ । ਘਰ ਵਾਲਿਆਂ ਨੂੰ ਤਾਂ ਵਕਤ ਨਹੀਂ, ਮੁੰਡੇ ਨੂੰ ਸ਼ੌਕ ਨਹੀਂ—ਤੇ ਭਾਈਆਂ ਨੇ ਹੀ ਪਾਠ ਕਰਨਾ ਹੈ ਪੈਸੇ ਲੈ ਕੇ, ਤਾਂ ਕਿਉਂ ਨਾ ਭਾਈਆਂ ਦੇ ਘਰ ਹੀ ਜਾ ਕੇ ਦੇ ਆਉਂਦੇ ਪੈਸੇ । ਖ਼ੈਰ ਜਦ ਭੋਗ ਪਿਆ ਤਾਂ ਮੈਂ ਬੜੇ ਚਾਅ ਨਾਲ ਕਿਹਾ, ਪੜ੍ਹੋ **'ਲਖ ਖੁਸੀਆ ਪਾਤਸਾਹੀਆ' ਤੇ 'ਸੰਤਾ ਕੇ ਕਾਰਜ ਆਪ ਖਲੋਇਆ' ।** ਭੋਗ ਪੈਣ 'ਤੇ ਮੇਰੇ ਵੀਰ ਸੁਭਾਵਕ ਹੀ ਪੁੱਛ ਬੈਠੇ ਕਿ ਉਹ ਬਾਹਰ ਵਾਲੀ ਭੈਣ ਕਿੱਥੇ ਹੈ, ਤਾਂ ਮੈਂ ਕਿਹਾ ਉਸ ਨੂੰ ਸਾਡੇ ਕੁੜਮਾਂ ਦਾ ਹੁਕਮ ਹੈ ਕਿ ਉਨ੍ਹਾਂ ਨਾਲ ਨਹੀਂ ਵਰਤਣਾ । ਅੱਗੋਂ ਮੇਰੇ ਵੀਰ ਨੇ ਹੱਸ ਕੇ ਕੁੜਮਾਂ ਦਾ ਪੁੱਛਿਆ, ਮੈਂ ਜਵਾਬ ਦਿੱਤਾ—ਮੇਰੇ ਮਾਮੇ ਦੇ ਪੁੱਤਰ ਦਾ ਵੱਡਾ ਭਰਾ, ਜਿਸ ਦਾ ਮੁੰਡਾ ਮੇਰੀ ਕੁੜੀ ਨਾਲ ਵਿਆਹਿਆ ਹੋਇਆ ਹੈ, ਗੱਲ ਇਹ ਹੈ ਕਿ ਮੇਰੇ ਭਰਾ ਦਾ ਪੁੱਤਰ ਜਿਹੜਾ ਮੇਰਾ ਜਵਾਈ ਹੈ ਤੇ ਵਿਦੇਸ਼ ਰਹਿੰਦਾ ਹੈ, ਉਸ ਨੇ ਆਪਣੇ ਮਾਤਾ-ਪਿਤਾ ਨੂੰ ਕਹਿ ਰੱਖਿਆ ਹੈ ਕਿ ਵੱਡੀ ਭੂਆ ਦੀ ਫੈਮਲੀ ਨਾਲ ਨਹੀਂ ਵਰਤਣਾ ਤੇ ਮੈਂ ਕਿਵੇਂ ਵਰਤਾਂ ਆਪਣੀ ਭੈਣ ਨਾਲ । ਜੇ ਵਰਤਾਂ, ਕਿਤੇ ਮੇਰੀ ਕੁੜੀ ਨਾ ਛੱਡੀ ਜਾਏ—ਤੇ ਮੇਰਾ ਭਰਾ ਕਹਿੰਦਾ ਹੈ ਜੇ ਉਹ ਕੁਝ ਕਰ ਬੈਠੇ ਤੇ ਕਿਤੇ ਪੁੱਤਰ ਨਾ ਬੋਲੇ, ਮੇਰੇ ਘਰ ਵੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ ਤੇ ਮੇਰੇ ਭਰਾ ਦੇ ਘਰ ਵੀ । ਮੈਂ ਵੀ ਗੁਰਮੁਖ ਅਖਵਾਉਂਦਾ ਹਾਂ ਤੇ ਉਹ ਵੀ । ਮੈਂ ਵੀ ਦਾਨੀ ਹਾਂ ਉਹ ਵੀ ਦਾਨੀ ਹੈ; ਮੈਂ ਵੀ ਬਾਣੀ ਪੜ੍ਹਦਾ ਹਾਂ ਉਹ ਵੀ ਪੜ੍ਹਦਾ ਹੈ ।

ਮੇਰੇ ਵੀਰ ਸੁਣ ਕੇ ਰੋਣ ਲੱਗ ਪਏ, ਕਹਿਣ ਲੱਗੇ ਇਤਨਾ ਅਨਰਥ, ਜਿਸ ਗੁਰੂ ਨੇ ਹੁਕਮ ਦਿੱਤਾ ਹੈ ਕਿ ਬੁਰੇ ਦਾ ਭਲਾ ਕਰਨਾ ਹੈ, ਮੁੱਕੀਆਂ ਮਾਰਨ ਵਾਲੇ ਦੇ ਚਰਨ ਪਕੜਨੇ ਹਨ, ਸਭ ਨੂੰ ਮੀਤ ਬਣਨ ਲਈ ਪ੍ਰੇਰਨਾ ਹੈ, ਉਸ ਗੁਰੂ ਦੇ ਅਖੰਡ ਪਾਠ ਰਖਾ ਕੇ ਤੁਸੀਂ ਨਜ਼ਦੀਕੀ ਭੈਣ-ਭਰਾ ਆਪਣੇ ਝੂਠੇ ਵਿਓਹਾਰਾਂ ਵਿੱਚ ਪੈ ਕੇ ਆਪਣੇ ਵਿੱਚ ਇਤਨਾ ਵੈਰ ਰੱਖਦੇ ਹੋ । ਉਨ੍ਹਾਂ ਕਿਹਾ, ਬਿਲਕੁਲ ਠੀਕ ਹੈ, ਜਦੋਂ ਆਦਮੀ ਗੁਰੂ ਦੇ ਆਖੇ ਲੱਗਣੋਂ ਨਾਂਹ ਕਰਦਾ ਹੈ ਤੇ



ਬੇਮੁੱਖ ਹੁੰਦਾ ਹੈ, ਉਹ ਭੈ ਵਿੱਚ ਤੇ ਆਕੜ ਵਿੱਚ ਬੱਧਾ ਰਹਿੰਦਾ ਹੈ ।

ਮੈਂ ਬੱਧਾ ਹਾਂ, ਆਪਣੇ ਡਰ ਵਿੱਚ, ਮੇਰਾ ਭਰਾ ਬੱਧਾ ਹੈ, ਆਪਣੇ ਡਰ ਵਿੱਚ, ਦੋਵੇਂ ਆਕੜ ਵਿੱਚ ਫਸੇ ਹੋਏ ਹਾਂ ।

੨

ਮੈਂ ਕਿਤਨਾ ਨਿੱਘਰ ਚੁੱਕਾ ਹਾਂ, ਮੈਨੂੰ ਪਤਾ ਹੀ ਨਹੀਂ ਲੱਗਦਾ । ਉਨ੍ਹਾਂ ਕਰਮ-ਕਾਂਡਾਂ ਵਿੱਚ ਪੈ ਗਿਆ ਹਾਂ ਜਿਹੜੇ ਗੁਰੂ ਸਾਹਿਬ ਨੇ ਬੜੀ ਸਖ਼ਤੀ ਨਾਲ ਨਿੰਦੇ ਤੇ ਪ੍ਰੇਮ ਤੇ ਪ੍ਰੀਤ ਵਾਲੀ ਆਪਾਦਾਰੀ ਸੁੱਚਤਾ ਵਿੱਚ ਲੀਨ ਭਗਤੀ 'ਤੇ ਜ਼ੋਰ ਦਿੱਤਾ । ਮੈਂ ਬਾਣੀ ਉੱਚੀ-ਉੱਚੀ ਤੇ ਡਾਢੀ ਸੁਰ ਵਿੱਚ ਤੇ ਅੱਖਾਂ ਮੀਟ ਕੇ ਪੜ੍ਹਦਾ ਹਾਂ, ਪਰ ਐਨ ਉਸ ਦੇ ਉਲਟ ਕੰਮ ਕਰਕੇ ਮੂੰਹ ਕਾਲਾ ਕਰਦਾ ਹਾਂ ।

**'ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥'**

**(ਅੰਗ ੫੬੦)**

ਮੇਰਾ ਹਾਲ ਇਹ ਹੈ ਕਿ ਮੈਂ ਨਾਮ ਜੱਪਣਾ ਇਕ ਕੰਮ ਬਣਾ ਬੈਠਾ ਹਾਂ ਜਿਵੇਂ ਹੋਰ ਕੰਮ ਮੈਂ ਇਹ ਜਾਣਿਆਂ ਹੀ ਨਹੀਂ ਕਿ ੨੪ ਘੰਟੇ ਦਾ ਸਿਰ ਵੇਚ ਕੇ ਗੁਰੂ ਚਰਨਾਂ ਵਿੱਚ 'ਨਾਨਕ ਲੇਖੇ ਇਕ ਗੱਲ ਵਾਲਾ' ਇਹ ਕੰਮ 'ਹਉਮੈਂ' ਵਿੱਚ ਨਹੀਂ ਹੋ ਸਕਦਾ । ਮੈਂ ਅੰਦਰੋਂ ਬਾਹਰੋਂ ਇਕ ਨਹੀਂ ਹੋ ਸਕਦਾ । ਇਸ ਲਈ ਮੇਰੀ ਬਾਹਰਲੀ ਹਾਲਤ 'ਭਗਤੀ ਵਿੱਚ ਮਸਤੀ' ਦਿਖਾਉਣ ਵਾਲੀ ਹੈ ਤੇ ਅੰਦਰਲੀ ਹਾਲਤ ਗੁਰੂ ਤੋਂ ਬੇਮੁੱਖ ਹੋ ਕੇ ਹੁਕਮ ਵਿਰੁੱਧ ਗੱਲਾਂ ਕਰਕੇ ਹਉਮੈਂ ਦੇ ਟਿੱਬੇ 'ਤੇ ਚੜ੍ਹ ਜਾਣ ਵਾਲੀ ਹੈ; ਕਿਉਂਕਿ ਮੈਂ ਧਰਮ ਦੀ **Definition** ਇਹ ਬਣਾ ਬੈਠਾ ਹਾਂ :

(੧) ਬਾਣੀ ਲਮਕਾ ਕੇ, ਸੁਰ ਨਾਲ ਅੱਖਾਂ ਮੀਟ ਕੇ ਪੜ੍ਹਾਂ, ਪਰ ਹਰ ਵੇਲੇ ਝੂਠ ਬੋਲਾਂ ।

(੨) ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਪ੍ਰਕਾਸ਼ ਹੈ, ਰੁਮਾਲੇ, ਚੰਦੋਆ ਸਾਹਿਬ ਸਭ ਕੁਝ ਹੈ, ਪਰ ਨਾਲ ਦੇ ਕਮਰੇ ਵਿੱਚ ਬਹਿ ਕੇ ਸ਼ਰਾਬ ਵੀ ਪੀਂਦਾ ਹਾਂ ਤੇ ਲੋਕਾਂ ਨਾਲ ਵੀ ਹੇਰਾ-ਫੇਰੀ ਕਰਦਾ ਹਾਂ ।

(੩) **Weekly** ਸਤਿਸੰਗ ਵਿੱਚ ਤੇ ਧਰਮੀ ਸਭਾਵਾਂ ਵਿੱਚ ਵੀ ਜਾਂਦਾ ਹਾਂ; ਪਰ ਉਨ੍ਹਾਂ ਸਭਾਵਾਂ ਵਿੱਚ ਵੀ ਇਕ ਦੂਜੇ ਦੀ ਨਿੰਦਿਆ, ਚੁਗਲੀ, ਵੈਰ ਵਿੱਚ ਪੈ ਜਾਂਦਾ ਹਾਂ ।

(੪) ਲੈਕਚਰ ਕਰ ਲੈਂਦਾ ਹਾਂ, ਵਿਖਿਆਨ ਕਰ ਲੈਂਦਾ ਹਾਂ,

ਵੀਹ-ਵੀਹ ਅਰਥ ਕੱਢ ਲੈਂਦਾ ਹਾਂ, ਪਰ ਗੁਰੂ ਦੇ ਆਖੇ ਨਹੀਂ ਲੱਗਦਾ, ਦਸਵੰਧ ਨਹੀਂ ਕੱਢਦਾ, ਗ਼ਰੀਬਾਂ ਦੁਖੀਆਂ ਦੀ ਸੇਵਾ ਨਹੀਂ ਕਰਦਾ, ਸਗੋਂ ਉਨ੍ਹਾਂ ਦਾ ਖ਼ੂਨ ਚੂਸ ਕੇ ਹੀ ਆਪਣੇ ਮਹੱਲ ਬਣਾਉਂਦਾ ਹਾਂ, ਬਾਹਰ ਲਿਖਵਾ ਦਿੰਦਾ ਹਾਂ—

**ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ ॥**

**ਤਿਸਹਿ ਧਿਆਇ ਸਦਾ ਮਨ ਅੰਦਰਿ ॥** (ਅੰਗ ੨੬੯)

(੫) ਮੇਰਾ ਅੰਦਰਲਾ ਐਸਾ ਝੂਠਾ ਹੈ, ਮ੍ਰਿਤਕਾਂ ਦੇ ਸੀਗਾਰਾਂ ਵਿੱਚ, ਤੀਰਥ ਯਾਤਰਾਵਾਂ ਵਿੱਚ, ਗੁਰਦੁਆਰਿਆਂ ਦੀ ਸੈਰ ਵਿੱਚ, ਧਾਰਮਿਕ ਕਿਤਾਬਾਂ ਦੇ ਅਨੁਵਾਦਾਂ ਵਿੱਚ, ਲੇਖਾਂ ਤੇ ਕਥਾਵਾਂ ਵਿੱਚ ਪਿਆ ਰਹਿੰਦਾ ਹਾਂ, ਪਰ ਮਨ ਵਿੱਚ ਪ੍ਰੀਤ ਨਹੀਂ, ਲਗਨ ਨਹੀਂ, ਦਯਾ ਨਹੀਂ, ਸੰਤੋਖ ਨਹੀਂ, ਧੀਰਜ ਨਹੀਂ, ਸ਼ਾਂਤੀ ਨਹੀਂ, ਕੁਰਬਾਨੀ ਨਹੀਂ, ਆਪਾ ਵਾਰਨ ਦਾ ਚਾਅ ਨਹੀਂ, '**ਭਾਉ ਭਗਤਿ ਕਰਿ ਨੀਚੁ ਸਦਾਏ**' ਵਾਲਾ ਇਸ਼ਕ ਨਹੀਂ, ਸਗੋਂ ਮੈਂ ਆਪ ਇਕ ਢਾਂਚਾ ਬਣ ਗਿਆ ਹਾਂ '**ਪਖੰਡ ਭਗਤੀ ਦਾ**' । ਮੈਂ ਇਕ ਮੂਰਤ ਹਾਂ 'ਮੈਂ' ਤੇ 'ਮੇਰੀ' ਦੀ, ਉਸ ਨੂੰ ਛਿਪਾਉਂਦਾ ਹਾਂ ਗੁਰੂ ਗ੍ਰੰਥ ਸਾਹਿਬ ਨੂੰ ਆਪਣੇ ਆਖੇ ਲੱਗਣ ਵਾਲਾ ਭਾਈ ਬਣਾ ਕੇ । ਆਪਣੀ ਆਕੜ ਤੇ ਪ੍ਰਭੁਤਾ ਨੂੰ ਵਧਾਉਣ ਲਈ **Function** ਕਰਦਾ ਹਾਂ ਤੇ ਉਨ੍ਹਾਂ ਵਿੱਚ ਵੀ ਨਿੰਦਾ, ਚੁਗਲੀ, ਝੂਠ, ਪਖੰਡ, ਬੇਈਮਾਨੀ ਦਾ ਪਰਵਾਹ ਚਲਾਉਂਦਾ ਹਾਂ । ਵਜ੍ਹਾ ਇਹ ਹੀ ਹੈ ਕਿ ਮੈਂ ਖ਼ੁਦ ਆਕੜ ਦੀ **Anatomy** ਹਾਂ ਤੇ ਸਾਹਿਬਾਂ ਨੂੰ ਕਹਿੰਦਾ ਹਾਂ ਇਹ ਨਹੀਂ ਹੋ ਸਕਦਾ ਕਿ ਮੈਂ ਮਿਟ ਜਾਵਾਂ ਤੇ ਨਾ ਹੀ ਇਹ ਮੈਨੂੰ ਮਨਜ਼ੂਰ ਹੈ ਕਿ ਆਪ ਦਾ ਸਾਥ ਨਾ ਹੋਵੇ, ਆਪ ਹੀ ਰਹੋ ਤੇ ਮੈਂ ਵੀ ਰਹਾਂ । **Result** ਹੁੰਦਾ ਕਿ ਮੈਂ ਸਦਾ ਦੁਖੀ ਰਹਿੰਦਾ ਹਾਂ, ਕਿਉਂਕਿ ਬਿਖ ਬੀਜ ਕੇ ਤੇ ਹਉਮੈਂ ਦਾ ਸੰਗ ਨਾਲ ਰੱਖ ਕੇ ਆਪ ਸੁਖ-ਸਾਗਰ ਨੂੰ ਕਿਵੇਂ ਪਾ ਸਕਦਾ ਹਾਂ ?

ਕੁਝ ਦਿਨ ਹੋਏ ਇਕ ਗੁਰਸਿੱਖ ਭੈਣ ਨੇ ਆਪਣੇ ਪਤੀ ਦੀ ਮੌਤ ਉੱਤੇ ਮੇਰੇ ਪਖੰਡ ਨੂੰ ਇੰਞ ਪਕੜ ਲਿਆ ਜਿਵੇਂ ਚੂਹੇ ਨੂੰ ਬਿੱਲੀ ਪਕੜਦੀ ਹੈ । ਜਦੋਂ ਮੈਂ ਉਨ੍ਹਾਂ ਨੂੰ ਮਿਲਿਆ ਤੇ ਨਿਹਾਇਅਤ ਅਨੰਦ ਵਿੱਚ ਉਹ ਕਹਿ ਰਹੀ ਸੀ ਕਿ ਮੇਰਾ ਪਤੀ ਤਾਂ ਪੂਰਾ ਹੋਇਆ ਹੀ ਨਹੀਂ, ਮੇਰਾ ਪਤੀ ਪਰਮੇਸ਼ਰ ਹੈ ਤੇ ਸਦਾ ਕਾਇਮ ਹੈ । ਉਹ ਤਾਂ ਸ਼ਬਦ ਪੜ੍ਹ ਰਹੀ ਸੀ '**ਲਖ ਖੁਸੀਆ ਪਾਤਿਸਾਹੀਆ**', '**ਕਬੀਰ ਮੁਹਿ ਮਰਨੇ ਕਾ ਚਾਉ ਹੈ**' ਤੇ '**ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥**' ਕਿਉਂਕਿ ਇਹ ਮੇਰਾ ਅੱਖੀਂ ਦੇਖਿਆ ਹਾਲ ਸੀ, ਮੈਂ ਤਾਂ



ਹੱਕਾ ਬੱਕਾ ਰਹਿ ਗਿਆ । ਮੈਂ ਤਾਂ ਖ਼ੂਬ ਤਿਆਰੀ ਕਰਕੇ ਗਿਆ ਸੀ ਅਫ਼ਸੋਸ ਕਰਨ ਦੀ ਤੇ ਹੋਰ ਹਮਦਰਦੀਆਂ ਜਤਾਉਣ ਦੀ, ਸਗੋਂ ਮੈਂ ਜਦ ਪੁੱਛਿਆ ਕਿ ਅਖੰਡ ਪਾਠ ਕਦੋਂ ਰਖਾਉਣਾ ਹੈ ਤਾਂ ਉਹ ਕਹਿਣ ਲੱਗੀ, ਕਾਹਦਾ ਅਖੰਡ ਪਾਠ ? ਅਖੰਡ ਪਾਠ ਹਮੇਸ਼ਾਂ ਆਪਣੇ ਮਨ ਵਿੱਚ ਹੁੰਦਾ ਰਹਿਣਾ ਚਾਹੀਦਾ ਹੈ, ਜਦ ਮੇਰਾ ਪਤੀ ਮਰਿਆ ਹੀ ਨਹੀਂ ਤਾਂ ਖ਼ਾਸ ਅਖੰਡ ਪਾਠ ਕਾਹਦਾ ? ਭੈਣ ਜੀ ਕਹਿਣ ਲੱਗੇ, ਮੇਰਾ ਕੰਮ ਹੈ ਸਵਾਸ-ਸਵਾਸ ੨੪ ਘੰਟੇ ਸਾਹਿਬਾਂ ਦੀ ਯਾਦ ਵਿੱਚ ਰਹਿਣਾ, ਫੇਰ ਦੁਨੀਆਂ ਵਿੱਚ ਜੋ ਕੁਝ ਵੀ ਹੋਵੇ ਉਸ ਨਾਲ ਮੇਰੇ 'ਤੇ ਕਿਉਂ ਅਸਰ ਪਵੇ ? ਮੈਂ ਲਾਜਵਾਬ ਹੋ ਗਿਆ, ਮੇਰੀ ਹਉਮੈਂ ਨੂੰ ਠੇਸ ਪਹੁੰਚੀ; ਪਰ ਮੈਂ ਰਹਿ ਨਾ ਸਕਿਆ: ਮੈਂ ਕਿਹਾ ਫੇਰ ਵੀ...ਜਿਵੇਂ ਚੂਹੇ ਨੂੰ ਬਿੱਲੀ ਝਪੱਟਾ ਮਾਰਦੀ ਹੈ, ਮੇਰੀ ਭੈਣ ਨੇ ਪੂਰੇ ਜੋਸ਼ ਵਿੱਚ ਗੁਰਮਤਿ ਨਾਲ ਕਿਹਾ, "**ਉਇ ਰਹਿਣ ਦੇ ਭਗਤਾ ਪਖੰਡੀਆ, ਰੋਜ਼ ਕਹਿੰਦਾ ਸੈਂ ਕਿ ਗੁਰੂ ਅਮਰ ਦਾਸ ਦੇ ਹੁਕਮ ਮੁਤਾਬਕ ਸਾਡੀ ਕਿਰਿਆ, Ceremony ਰਿਵਾਜ ਤੇ ਸਭ ਕੁਝ ਕੇਵਲ ਭਜਨ ਬੰਦਗੀ ਹੈ ਤੇ ਉਹ ਸਾਰੀ ਉਮਰ ਦਾ ੨੪ ਘੰਟੇ ਦਾ ਕੰਮ ਹੈ, ਫੇਰ ਵਿਆਹਵਾਂ 'ਤੇ ਸਪੈਸ਼ਲ Ceremony, ਸਪੈਸ਼ਲ ਅਫ਼ਸੋਸ ਤੇ Ceremony ਕਿਉਂ ? ਮੈਂ ਤਾਂ ਆਪਣੇ ਗੁਰੂ ਦੇ ਚਰਨਾਂ ਵਿੱਚ ਜੁੜ ਕੇ ਆਖਦੀ ਹਾਂ ਕਿ ਮੌਤ ਹੋਵੇ ਜਾਂ ਖ਼ੁਸ਼ੀ, ਸ਼ਾਦੀ ਹੋਵੇ ਜਾਂ ਸਿਆਪਾ, ਮੇਰਾ ਕੰਮ ਹੈ ਸਾਹਿਬਾਂ ਦੀਆਂ ਗੱਲਾਂ 'ਤੇ ਮਨ ਮਾਰ ਕੇ ਚੱਲਣਾ ਤਾਂ ਜੋ ਮੈਂ ਹਮੇਸ਼ਾਂ ਲਈ ਕਹਿ ਸਕਾਂ Farewell to Hypocrisy ਪਖੰਡ ਦਾ ਜੀਵਨ ਅਤਿ ਦੁਖਦਾਈ ਹੈ ਕਿਉਂਕਿ ਇਸ ਨਾਲ ਬੰਦਾ ਨਾ ਇਧਰ ਦਾ, ਨਾ ਉਧਰ ਦਾ । ਦੀਨ ਦੀ ਕਦਰ ਨਾਲ ਦੁਨੀਆਂ ਦਾ ਕੋਈ ਕੰਮ ਨਹੀਂ ਵਿਗੜਦਾ, ਪਰ ਦੀਨ ਤੋਂ ਪਰ੍ਹੇ ਹੋਣ ਨਾਲ ਦੁਨੀਆਂ ਦੇ ਸਾਰੇ ਪੂਰੇ ਹੋਏ ਕੰਮ ਵੀ ਸ਼ਾਂਤੀ ਦੇਣ ਦੀ ਥਾਂ ਅਧੂਰੇ ਹੀ ਲੱਗਦੇ ਹਨ । ਨਾਲੇ ਸੁਣ ਵੀਰਾ, ਮੇਰਾ ਕੰਮ ਇਹ ਨਹੀਂ ਸੋਚਣਾ ਕਿ ਲੋਕੀਂ ਕੀ ਕਹਿੰਦੇ ਹਨ ? ਮੇਰਾ ਕੰਮ ਹੈ ਹਰ ਵੇਲੇ ਸੋਚਣਾ, ਮੇਰਾ ਗੁਰੂ ਕੀ ਕਹਿੰਦਾ ਹੈ, ਤਾਂ ਹੀ ਮੈਂ ਕਹਿ ਸਕਦੀ ਹਾਂ—Farewell to Hypocrisy.**"

# ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ

(ਅੱਜ ੨੮-੧੨-੭੫ ਹੈ, ਛੋਟੇ ਸਾਹਿਬਜ਼ਾਦਿਆਂ ਦੀ ਮਹਾਨ ਸ਼ਹੀਦੀ 'ਤੇ ਨਿਮਰਤਾ ਭਰਪੂਰ ਸਤਿਕਾਰ ਵਿੱਚ ਇਹ ਲੇਖ ਭੇਟਾ ਹੈ—ਤੇ ਇਸ ਦਾ ਉਦੇਸ਼ ਹੈ ਸਿੱਖ ਜਗਤ ਨੂੰ ਚਿਤਾਵਨੀ ਦੇਣਾ ਕਿ ਸਿੱਖ ਪਖੰਡ ਦਾ ਨਾਂ ਨਹੀਂ ਤੇ ਨਾ ਹੀ ਸਿੱਖੀ ਗੱਲਾਂ ਨਾਲ ਨਿਭਾਈ ਜਾ ਸਕਦੀ ਹੈ । ਸਿੱਖੀ ਨਿਭਾਉਣ ਲਈ ਸਾਡੇ ਵੀਰਾਂ, ਸਾਹਿਬਾਨ ਅਜੀਤ ਸਿੰਘ, ਜੁਝਾਰ ਸਿੰਘ, ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਨੇ ਜੋ ਪੂਰਨੇ ਪਾਏ ਹਨ, ਉਨ੍ਹਾਂ ਉੱਤੇ ਚੱਲੇ ਬਗੈਰ, ਕੇਵਲ ਮੂੰਹ ਤੋਂ ਵਾਹ-ਵਾਹ ਕਰਨ ਨਾਲ ਤੇ ਸਿੱਖੀ ਦੇ ਬਾਹਰਲੇ ਰੋਹਬ ਦੱਸਣ ਨਾਲ ਅਸੀਂ ਦਰਗਾਹੇ ਕਬੂਲ ਨਹੀਂ ਹੋ ਸਕਦੇ । ਸੱਚਮੁੱਚ ਆਪਣੇ ਜੀਵਨ ਵਿੱਚ ਹਰ ਇਕ ਮਨੁੱਖ ਨੂੰ ਇਕੋ ਵਾਹਿਗੁਰੂ ਦੀ ਅੰਸ਼ ਜਾਣਨਾ ਪਵੇਗਾ ।

**ਗੁਰਦੁਆਰਿਆਂ ਵਿੱਚ, ਸਿੱਖ ਸਕੂਲਾਂ ਵਿੱਚ, ਪਰਚਿਆਂ ਵਿੱਚ ਤੇ ਅਖ਼ਬਾਰਾਂ ਵਿੱਚ ਦੇਖਿਆ ਕਰਦਾ ਸਾਂ ਮੋਟੇ ਅੱਖਰਾਂ ਵਿੱਚ ਲਿਖਿਆ ਹੋਇਆ :**

**ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ ।**

ਦਿਲ ਵਿੱਚ ਖ਼ੁਸ਼ ਹੁੰਦੇ ਸਾਂ ਕਿ ਸਾਡਾ ਗੁਰੂ ਵਾਕਈ ਕਮਾਲ ਦਾ ਗੁਰੂ ਹੋਏਗਾ, ਜਿਸ ਸਾਨੂੰ ਇਹ ਸਿੱਖਿਆ ਦਿੱਤੀ ਹੈ । ਜਦੋਂ ਗੁਰਪੁਰਬਾਂ 'ਤੇ ਲੈਕਚਰਾਰਾਂ ਨੂੰ ਸੁਣਦਾ ਸਾਂ ਇਹੋ ਗੱਲ ਕਹਿੰਦਿਆਂ ਤਾਂ ਮਨ ਖ਼ੁਸ਼ ਹੋਣ ਹੀ ਲੱਗਦਾ ਸੀ ਕਿ ਤਕਰੀਬਨ ਸਾਰੇ ਹੀ ਲੈਕਚਰਾਰ ਦੂਜੇ ਮਨੁੱਖਾਂ ਨੂੰ, ਦੂਜੀਆਂ ਜਾਤਾਂ ਨੂੰ, ਦੂਜੀਆਂ ਕੌਮਾਂ ਨੂੰ, ਭੈੜਾ ਕਹਿਣਾ ਸ਼ੁਰੂ ਕਰ ਦੇਂਦੇ ਸਨ । ਇਹ ਘੋਰ ਅੰਧੇਰ ਤੇ ਆਪਣੇ ਗੁਰੂ ਦੇ ਹੁਕਮਾਂ ਦੀ ਉਲੰਘਣਾ ਹੋ ਰਹੀ ਹੈ ਐਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਹਜ਼ੂਰੀ ਵਿੱਚ । ਮੈਂ ਆਪ ਇਸ ਦਾ ਜ਼ਿੰਮੇਵਾਰ ਹਾਂ, ਕਿਉਂਕਿ ਮੁੱਖੋਂ ਗੁਰੂ ਦਾ ਅਖਵਾਉਂਦਾ ਹਾਂ, ਮਨੋਂ ਤੰਗ-ਦਿਲ, ਅਧਰਮੀ ਤੇ ਝੂਠਾ ਹਾਂ, ਪਖੰਡੀ ਹਾਂ । ਜਦੋਂ ਬਹੁਤ ਵਾਰ ਇੰਞ ਤੱਕਿਆ ਤਾਂ ਮਨ ਖੱਟਾ ਹੋਇਆ; ਪਰ ਗੁਰੂ ਦੀ ਸ਼ਾਨ ਤੱਕੋ, ਉਸ ਨੇ ਕਿਰਪਾ ਕਰਕੇ ਮੈਨੂੰ ਮੌਕਾ ਬਖ਼ਸ਼ਿਆ: ਆਪਣੀਆਂ ਅੱਖਾਂ ਨਾਲ ਸਿੱਖੀ ਦੇ ਹੁਕਮ ਕਮਾਏ ਜਾਂਦੇ ਦੇਖਾਂ । ਆਪ ਦੇ ਚਰਨਾਂ ਵਿੱਚ ਤਿੰਨ ਨਕਸ਼ੇ ਪੂਰਨ ਸੱਚਾਈ ਤੇ ਅੱਖੀਂ ਦੇਖੇ ਹਾਲ ਦੇ ਆਧਾਰ 'ਤੇ ਰੱਖਦਾ ਹਾਂ ਜਿਸ ਵਿੱਚੋਂ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਮਹਾਂਵਾਕਾਂ ਉੱਤੇ ਅੱਜਕੱਲ੍ਹ ਦੇ ਜ਼ਮਾਨੇ ਵਿੱਚ ਵੀ ਚੱਲਣ ਲਈ ਗੁਰੂ ਦੇ ਸਿੱਖ ਪੂਰਾ ਯਤਨ ਕਰਦੇ ਹਨ ।



(੧)

ਇਕ ਅਰਬ ਦੇਸ਼ ਹੈ ਜਿਸ ਵਿੱਚ ੯੮% ਲੋਕ ਮੁਸਲਮਾਨ ਹਨ । ਇਕ ਬੱਸ ਵਿੱਚ ਬੈਠਾ ਇਕ ਸਿੱਖ ਕਿਸੇ ਨੂੰ ਰਾਹ ਪੁੱਛਦਾ ਹੈ ਕਿਤੇ ਜਾਣ ਦਾ, ਭਾਵੇਂ ਅਰਬੀ ਵਿੱਚ ਪੁੱਛਦਾ ਹੈ ਪਰ ਅੱਗੋਂ ਇਕ ਬੰਦਾ ਪੰਜਾਬੀ ਵਿੱਚ ਸਤਿਕਾਰ ਨਾਲ ਕਹਿੰਦਾ ਹੈ—ਲਓ ਸਰਦਾਰ ਜੀ ਮੈਂ ਤੁਹਾਨੂੰ ਪਹੁੰਚਾ ਦੇਂਦਾ ਹਾਂ । ਪਤਾ ਲੱਗਦਾ ਹੈ ਕਿ ਉਹ ਬੰਦਾ ੨੦-੨੨ ਸਾਲ ਦਾ ਮੁੰਡਾ ਪਾਕਿਸਤਾਨੀ ਮੁਸਲਮਾਨ ਹੈ ਤੇ ਉਸ ਦਾ ਪਿਆਰ ਦੇਖ ਕੇ ਸਰਦਾਰ ਜੀ ਉਸ ਨਾਲ ਇਉਂ ਗੱਲਾਂ ਕਰਦੇ ਹਨ :

**ਸਿੱਖ** : ਬੇਟਾ ਕਦੋਂ ਦੇ ਇੱਥੇ ਰਹਿੰਦੇ ਹੋ, ਕੋਈ ਨਮਾਜ਼, ਇਬਾਦਤ ਵੀ ਕਰਦੇ ਹੋ ?

**ਬੇਟਾ** : ਮਹਾਰਾਜ ਵਿਹਲ ਹੀ ਨਹੀਂ ਮਿਲਦੀ, ਫ਼ੈਕਟਰੀ ਵਿੱਚ ਬਹੁਤ ਕੰਮ ਹੁੰਦਾ ਹੈ ।

**ਸਿੱਖ** : ਕਾਕਾ, ਅੱਲ੍ਹਾ ਤੋਂ ਬਗੈਰ ਆਦਮੀ ਜੀ ਹੀ ਨਹੀਂ ਸਕਦਾ । ਆਪ ਨਮਾਜ਼ ਜ਼ਰੂਰ ਪੜ੍ਹਿਆ ਕਰੋ ਤੇ ਇਸਲਾਮ ਦੇ ਸੁੱਚੇ ਅਸੂਲਾਂ 'ਤੇ ਆਪਣਾ ਜੀਵਨ ਧਾਰੋ, ਕਦੇ ਦੁੱਖ ਨਹੀਂ ਹੋਵੇਗਾ ।

ਪਾਕਿਸਤਾਨੀ ਵੀਰ ਹੈਰਾਨ ਹੈ । ਉਸ ਸਿੱਖ ਤਾਂ ਦੇਖੇ ਹੀ ਬਹੁਤ ਘੱਟ ਹਨ; ਪਰ ਇਹ ਨਮਾਜ਼ ਪੜ੍ਹਨ ਦੀ ਸਿੱਖਿਆ ਤਾਂ ਉਸ ਨੂੰ ਚਕਰਾ ਦਿੰਦੀ ਹੈ । ਕੁਝ ਦੇਰ ਬਾਅਦ ਇਕ ਠੁੱਡਾ ਲੱਗਣ ਤੇ ਪਾਕਿਸਤਾਨੀ ਮੁੰਡੇ ਨੂੰ ਮੋਚ ਆ ਜਾਣ ਨਾਲ ਸਖ਼ਤ ਪੀੜ ਹੈ, ਬੇਹਾਲੀ ਤੇ ਬੇਚੈਨੀ ਵਿੱਚ ਤੜਫ਼ਦਾ ਹੈ ਤਾਂ ਸਿੱਖ ਆਪਣੇ ਥੈਲੇ ਵਿੱਚੋਂ ਆਇਓਡੈਕਸ ਦੀ ਡੱਬੀ ਕੱਢ ਕੇ ਪਾਕਿਸਤਾਨੀ ਬੱਚੇ ਦਾ ਪੈਰ ਆਪਣੀ ਝੋਲੀ ਵਿੱਚ ਰੱਖ ਕੇ ਚੰਗੀ ਤਰ੍ਹਾਂ ਮਾਲਸ਼ ਕਰਦਾ ਹੈ । ਬੱਚੇ ਦੀ ਪੀੜ ਤਕਰੀਬਨ ਖ਼ਤਮ ਹੋ ਜਾਂਦੀ ਹੈ । ਕਹਿੰਦਾ ਹੈ, ਹਾਂ—ਅੱਲ੍ਹਾ ਤੁਹਾਡਾ ਭਲਾ ਕਰੇ । ਸਿੱਖ ਕਹਿੰਦਾ ਹੈ, ਅੱਲ੍ਹਾ ਦਾ ਸ਼ੁਕਰ ਹੈ ਕਿ ਉਹ ਇਹੋ ਜਿਹੇ ਮੌਕੇ ਬਖ਼ਸ਼ ਕੇ ਮੈਨੂੰ ਆਪਣੇ ਗੁਰੂ ਗੋਬਿੰਦ ਸਿੰਘ ਮਹਾਰਾਜ ਦਾ ਹੁਕਮ ਨਿਭਾਉਣ ਦੀ ਜਾਚ ਦੱਸਦਾ ਹੈ, ਮੈਂ ਤਾਂ ਮੂਰਖ ਹਾਂ । ਬੇਇਖ਼ਤਿਆਰ ਸਿੱਖ ਦੇ ਮੂੰਹੋਂ ਨਿਕਲਦਾ ਹੈ—ਵਾਹਿਗੁਰੂ ਤੂੰ ਬੇਅੰਤ ਹੈਂ । ਕਿੱਥੇ-ਕਿੱਥੇ ਡਿਊਟੀਆਂ ਲਾ ਦਿੰਦਾ ਹੈ ।

ਇਹ ਗੱਲ ਮੇਰੀ ਭੈਣ, ਜੋ ਉਸ ਦੇਸ਼ ਵਿੱਚ ਆਪਣੇ ਪਤੀ ਨਾਲ ਕਿਸੇ ਕੰਮ ਗਈ ਸੀ ਨੇ ਦੇਖੀ ਤੇ ਦੱਸੀ ਹੈ । ਫੇਰ ਉਨ੍ਹਾਂ ਦੱਸਿਆ ਕਿ ਉਸ ਵੇਲੇ ਉਸ ਸਿੱਖ ਤੇ ਉਸ ਮੁਸਲਮਾਨ ਮੁੰਡੇ ਦੇ ਚਿਹਰੇ ਉਸ ਸੁੱਚੇ ਪਿਆਰ ਵਿੱਚ ਖਿੜ ਕੇ ਬੋਲ ਰਹੇ ਸਨ—**'ਅਸੀਂ ਇਕੋ ਵਾਹਿਗੁਰੂ ਦੇ ਪੁੱਤਰ ਹਾਂ ।'**

ਜਦੋਂ ਮੈਂ ਇਹ ਗੱਲ ਸੁਣੀ ਤੇ ਮੇਰੇ ਮਨ ਨੇ ਕਾਂਪ (ਕੰਬਣੀ) ਖਾਧੀ; ਪਰ ਆਪਣਾ ਹੰਕਾਰ ਬੋਲ ਉੱਠਿਆ, 'ਹੈਂ, ਸਿੱਖ ਨੇ ਕਿਹਾ ਅੱਲ੍ਹਾ ਦਾ ਸ਼ੁਕਰ ਹੈ ! ਉਸ ਨੂੰ ਤਾਂ "ਵਾਹਿਗੁਰੂ" ਹੀ ਕਹਿਣਾ ਚਾਹੀਦਾ ਸੀ ।' ਨਾਲੇ ਸਿੱਖ ਨੂੰ ਕੀ ਲੋੜ ਹੈ ਮੁਸਲਮਾਨਾਂ ਨੂੰ ਨਮਾਜ਼ ਲਈ ਪ੍ਰੇਰੇ ।

(੨)

ਭਾਰਤ ਵਿੱਚ ਇਕ ਹਿੰਦੂ ਪਰਿਵਾਰ ਤੇ ਉਨ੍ਹਾਂ ਦਾ ਵੱਡਾ ਬਜ਼ੁਰਗ ਇਕ ਸਿੱਖ ਪਰਿਵਾਰ ਦੇ ਘਰ ਮਿਠਾਈ ਦਾ ਟੋਕਰਾ ਤੇ ਫਰੂਟਾਂ ਦੀਆਂ ਪੇਟੀਆਂ ਲੈ ਕੇ ਆਉਂਦਾ ਹੈ ਤੇ ਵੱਡਾ ਬਜ਼ੁਰਗ ਸਰਦਾਰ ਜੀ ਨੂੰ ਕਹਿੰਦਾ ਹੈ ਕਿ ਅਸੀਂ ਆਪ ਦਾ ਅਹਿਸਾਨ ਕਦੇ ਨਹੀਂ ਲਾਹ ਸਕਦੇ ਤੇ ਫੇਰ ਉਨ੍ਹਾਂ ਦੇ ਪੈਰਾਂ ਵੱਲ ਹੱਥ ਵਧਾ ਕੇ ਰੋ ਪੈਂਦਾ ਹੈ । ਮੈਂ ਵੀ ਸਰਦਾਰ ਜੀ ਦੇ ਘਰ ਠਹਿਰਿਆ ਹੋਇਆ ਹਾਂ । ਸਰਦਾਰ ਜੀ ਅੱਗੋਂ ਉਨ੍ਹਾਂ ਦੇ ਪੈਰਾਂ ਨੂੰ ਹੱਥ ਲਗਾ ਕੇ ਕਹਿੰਦੇ, "ਇੰਞ ਨਾ ਕਹੋ, ਅਸੀਂ ਸਾਰੇ ਭਰਾ ਹਾਂ । ਸ਼ੁਕਰ ਤਾਂ ਵਾਹਿਗੁਰੂ ਦਾ ਹੈ, ਆਪ ਦਾ ਪੁੱਤਰ ਠੀਕ-ਠਾਕ ਟਿਕਾਣੇ ਪਹੁੰਚ ਗਿਆ ਹੈ ।"

ਮੈਂ ਪੁੱਛਦਾ ਹਾਂ, ਕੀ ਗੱਲ ਹੈ ? ਤਾਂ ਉਹ ਹਿੰਦੂ ਪਰਿਵਾਰ ਬਜ਼ੁਰਗ ਤੇ ਇਕ ਮਾਤਾ ਜੀ ਰੋ-ਰੋ ਕੇ ਦੱਸਦੇ ਹਨ ਕਿ ਇਨ੍ਹਾਂ ਸਰਦਾਰ ਜੀ ਦੇ ਲੜਕੇ ਨੇ ਬਾਹਰ ਕਿਸੇ ਦੇਸ਼ ਵਿੱਚ ਸਾਡੇ ਮੁੰਡੇ ਨੂੰ ਇਵੇਂ ਸਹਾਰਾ ਦਿੱਤਾ ਸੀ ਕਿ ਉਹ ਸਾਡੇ ਲਈ ਭਗਵਾਨ ਹੈ । ਕੋਈ ੨੫ ਸਾਲ ਹੋ ਗਏ ਹਨ ਇਸ ਗੱਲ ਨੂੰ, ਪਰ ਮੈਨੂੰ ਅਜੇ ਵੀ ਯਾਦ ਹੈ ਕਿ ਸਰਦਾਰ ਜੀ ਜ਼ਰਾ ਵੀ ਇਹ ਨਹੀਂ ਕਹਿ ਰਹੇ ਸਨ ਕਿ ਹਾਂ, ਉਸ ਵੱਡੀ ਕਮਾਈ ਕੀਤੀ ਹੈ । ਗੁਰੂ ਸਾਹਿਬ ਦੇ ਹੁਕਮਾਂ ਅਨੁਸਾਰ ਇਹ ਤਾਂ ਉਸ ਦਾ ਫ਼ਰਜ਼ ਸੀ । ਹੋਰ ਪਤਾ ਲੱਗਾ ਕਿ ਉਨ੍ਹਾਂ ਦੇ ਮੁੰਡੇ ਦਾ ਸਮੁੰਦਰੀ ਜਹਾਜ਼ ਕਿਤੇ ਉਸ ਨੂੰ ਲਏ ਬਗੈਰ ਨਿਕਲ ਗਿਆ ਸੀ ਤੇ ਉਹ ਡਾਢੀ ਬੇਚੈਨੀ ਵਿੱਚ ਸਰਦਾਰ ਜੀ ਦੇ ਲੜਕੇ ਦੀ ਮਿੰਨਤ ਕਰਕੇ ਉਨ੍ਹਾਂ ਦੇ ਘਰ ਇਕ ਦੋ ਦਿਨ ਰਹਿਣ ਗਿਆ ਸੀ, ਪਰ ਲੜਾਈ ਲੱਗਣ ਕਰਕੇ ਉਸਨੂੰ ਉੱਥੇ ਇਕ ਮਹੀਨਾ ਰਹਿਣਾ ਪਿਆ । ਪਿੱਛੋਂ ਸਰਦਾਰ ਜੀ ਨੇ ਦੱਸਿਆ ਕਿ ਉਨ੍ਹਾਂ ਦਾ ਲੜਕਾ ਰੋ ਕੇ ਸ਼ਰਮਿੰਦਾ ਹੁੰਦਾ ਸੀ ਕਿ ਲਾਲਾ ਜੀ ਨੇ "ਭਗਵਾਨ" ਕਿਹਾ ਹੈ ਮੈਨੂੰ, ਪਰ ਮੈਂ ਤਾਂ ਕਾਹਲਾ ਪੈ ਰਿਹਾ ਸੀ ਕਿ ਹੁਣ ਕਦੋਂ ਲੜਾਈ ਬੰਦ ਹੋਵੇਗੀ ਤੇ ਇਹ ਇੱਥੋਂ ਜਾਵੇਗਾ ।

ਇਕ ਗੱਲ ਖ਼ਾਸ ਜਿਹੜੀ ਮੈਂ ਦੇਖੀ ਕਿ ਦੋਨੋਂ ਪਰਿਵਾਰਾਂ ਵਿੱਚ ਜਿਵੇਂ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖਿਆ ਬੋਲ ਕੇ ਕਹਿ ਰਹੀ ਹੋਵੇ—

**ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ ।**

ਮੇਰੇ ਕੋਲੋਂ ਰਿਹਾ ਨਾ ਗਿਆ, ਮੈਂ ਲਾਲਾ ਜੀ ਦੇ ਤੇ ਉਨ੍ਹਾਂ ਨਾਲ ਆਏ



ਮਾਤਾ ਜੀ ਦੇ ਪੈਰ ਘੁੱਟ ਕੇ ਪਕੜ ਲਏ । ਕੁਝ ਚਿਰ ਲਈ ਮੇਰੇ ਮਨ ਵਿੱਚ ਇਕ ਖ਼ਿਆਲ ਬੈਠਾ ਰਿਹਾ ਤੇ ਉਹ ਇਹ ਕਿ ਉਹ ਸਿੱਖ ਧੰਨ ਹੈ ਜਿਸ ਚੰਗਾ ਕੰਮ ਕੀਤਾ ਹੈ, ਇਹ ਪਰਿਵਾਰ ਵੀ ਧੰਨ ਹੈ ਜਿਹੜਾ ਇਤਨਾ ਸ਼ੁਕਰਗੁਜ਼ਾਰ ਹੈ । ਉਸ ਵੇਲੇ ਨਾ ਕੋਈ ਹਿੰਦੂ ਦਿਸਦਾ ਸੀ ਨਾ ਸਿੱਖ, ਉੱਥੇ ਤਾਂ ਇਹੀ ਪਤਾ ਲੱਗਦਾ ਸੀ ਕਿ ਚਾਰੇ ਪਾਸੇ ਗੁਰੂ ਦੇ ਹੁਕਮ ਨਾਲ ਦੋਨੋਂ ਪਰਿਵਾਰ ਇਕੋ ਵਾਹਿਗੁਰੂ ਦੇ ਰਸ ਵਿੱਚ ਅਨੰਦ ਮਾਣ ਰਹੇ ਸਨ ।

(੩)

ਯੂਰਪ ਵਿੱਚੋਂ ਮੇਰਾ ਭਤੀਜਾ ਹੁਣੇ ਹੀ ਆਇਆ ਹੈ । ਉਸ ਨੇ ਆਪਣੇ ਦੋਸਤ ਦੇ ਘਰ ਦੋ ਦਿਨ ਗੁਜ਼ਾਰੇ ਤੇ ਉਸ ਨੇ ਦੋਸਤ ਦੇ ਪਿਤਾ ਬਾਰੇ ਇਕ ਗੱਲ ਸੁਣਾਈ । ਕਹਿਣ ਲੱਗਾ ਉਹਦਾ ਦੋਸਤ ਕਿਸੇ ਕੰਮ ਲਈ ਬਾਹਰ ਗਿਆ ਹੋਇਆ ਸੀ ਤੇ ਉਸ ਦੇ ਪਿਤਾ ਕਹਿਣ ਲੱਗੇ ਜੇ ਮੇਰੇ ਨਾਲ ਚੱਲਣਾ ਈ ਤਾਂ ਚੱਲੀਏ । ਮੇਰੇ ਭਤੀਜੇ ਨੂੰ ਇਹ ਤਾਂ ਪਤਾ ਸੀ ਕਿ ਉਹ ਸਰਦਾਰ ਜੀ 'ਮਹਾਰਾਜ ਦਾ ਪ੍ਰਕਾਸ਼' ਘਰ ਕਰਦੇ ਹਨ ਤੇ ਸੁਭਾਅ ਦੇ ਚੰਗੇ ਹਨ, ਪਰ ਉਹ ਉਸ ਨੂੰ ਕਿੱਥੇ ਲੈ ਜਾ ਰਹੇ ਸਨ, ਇਹ ਨਹੀਂ ਸੀ ਪਤਾ, ਬਾਕੀ ਮੇਰੇ ਭਤੀਜੇ ਦੀ ਜ਼ਬਾਨੀ ਲਿਖਦਾ ਹਾਂ :

ਅਸੀਂ ਦੋਨੋਂ ਇਕ ਬੁੱਢੇ **Couple** (ਜੋੜੇ) ਦੇ ਘਰ ਗਏ, ਜਿਨ੍ਹਾਂ ਦੀ ਉਮਰ ੯੨ ਤੇ ੯੧ ਸਾਲ ਦੀ ਸੀ । ਉਹ ਦੋਨੋਂ ਸਰਦਾਰ ਜੀ ਨੂੰ ਡਾਢੇ ਪਿਆਰ ਨਾਲ ਮਿਲੇ । ਸਰਦਾਰ ਜੀ ਨੇ ਕਿਹਾ, ਗੱਡੀ ਖੜ੍ਹੀ ਹੈ, ਚੱਲੀਏ । ਬੁੱਢਾ **Partial Paralysis** (ਅਧਰੰਗ) ਦਾ ਬਿਮਾਰ ਸੀ । ਸਰਦਾਰ ਜੀ ਨੇ ਉਸ ਨੂੰ ਮੋਢਾ ਦੇ ਕੇ ਉਠਾਇਆ ਤੇ ਫੇਰ ਚੌਥੇ **Floor** (ਛੱਤ) ਤੋਂ ਪੁੱਠੀਆਂ ਪੌੜੀਆਂ ਤੋਂ ਇਕ ਬਗਲ ਵਿੱਚ ਹੱਥ ਪਾ ਕੇ ਲਾਹਿਆ । ਮਾਤਾ ਜੀ ਤਾਂ ਆਪ ਹੀ ਉੱਤਰ ਆਏ ਤੇ ਅਸੀਂ ਸਾਰੇ ਸਰਦਾਰ ਜੀ ਦੀ ਮੋਟਰ ਵਿੱਚ ਬੈਠ ਕੇ ਕੁਝ ਮੀਲ ਬਾਹਰ ਗਏ ਜਿੱਥੇ ਬੁੱਢੇ ਲੋਕਾਂ ਲਈ ਇਕ **Picnic** (ਪਿਕਨਿਕ) ਮਨਾਉਣ ਦਾ **Programme** (ਪ੍ਰੋਗਰਾਮ) ਸੀ । ਬਿਰਧ ਆਦਮੀ ਬਹੁਤ ਥੱਕ ਕੇ ਤੇ ਜਾਂਦਿਆਂ ਸਾਰ ਟੱਟੀ ਜਾਣ ਲਈ ਕਹਿਣ ਲੱਗਾ । ਸਰਦਾਰ ਜੀ ਇਸ **Family** (ਟੱਬਰ) ਨੂੰ ਕੁਝ ਦੇਰ ਤੋਂ ਜਾਣਦੇ ਸਨ, ਪਰ ਉਹ ਮਾਤਾ ਆਪ ਹੀ ਸਭ ਕੁਝ ਸੰਭਾਲਦੀ; ਪਰ ਨਵੀਂ ਥਾਂ 'ਤੇ ਟੱਟੀ ਵਿੱਚ ਉਸ ਨੂੰ ਲੈ ਜਾਣਾ ਮੁਸ਼ਕਲ ਸੀ । ਸਰਦਾਰ ਜੀ ਨੇ ਤੇ ਇਕ ਦੋ ਹੋਰ ਬੰਦਿਆਂ ਨੇ ਮਾਤਾ ਨਾਲ ਲੱਗ ਕੇ ਇੰਤਜ਼ਾਮ ਕੀਤਾ । ਕੁਝ ਚਿਰ ਬਾਅਦ ਪਿੰਡ ਦਾ ਗਿਰਜਾ ਦੇਖਣ ਲਈ ਸਾਰੇ ਚੱਲੇ ਤਾਂ ਬਿਰਧ ਨੂੰ ਮਾਤਾ ਨੇ ਪੁੱਛਿਆ—ਕੀ ਉਹ ਚਲੀ ਜਾਏ ? ਬੁੱਢੇ ਨੇ ਕੁਝ ਬੇਦਿਲ ਜਿਹੇ ਹਾਂ ਕਹਿ ਦਿੱਤੀ, ਪਰ ਸਰਦਾਰ ਜੀ

ਕਹਿਣ ਲੱਗੇ ਜੇ ਆਪ ਚਾਹੋ ਤਾਂ ਮੈਂ ਨਹੀਂ ਜਾਂਦਾ । ਲੱਗਦਾ ਹੈ ਜਿਵੇਂ ਬੁੱਢੇ ਨੂੰ ਤਕਲੀਫ਼ ਸੀ ਤੇ ਉੱਥੇ ਹੋਰ ਕੋਈ "ਆਪਣਾ" ਨਾ ਹੋਣ ਕਰਕੇ, ਉਹ ਕੇਵਲ ਆਪਣੀ ਬੀਵੀ ਨੂੰ ਜਾਂ ਉਸ ਸਰਦਾਰ ਜੀ ਨੂੰ ਆਪਣਾ ਸਮਝਦਾ ਸੀ, ਖ਼ੁਸ਼ ਹੋ ਗਿਆ ਤੇ ਅੱਥਰੂਆਂ ਨਾਲ ਸਰਦਾਰ ਜੀ ਦੇ ਪਿਆਰ ਦਾ ਸ਼ੁਕਰੀਆ ਕੀਤਾ । ਪੰਜ ਮਿੰਟ ਹੋਏ ਤੇ ਘਬਰਾ ਕੇ ਕਹਿਣ ਲੱਗਾ ਕਿ ਮੈਂ ਟੱਟੀ ਜਾਣਾ ਹੈ । ਪਹਿਲੀ ਵਾਰ ਉਹ ਆਪਣੀ ਪਤਨੀ ਤੋਂ ਬਿਨਾਂ ਕਿਸੇ ਹੋਰ ਦੇ ਹੱਥਾਂ ਵਿੱਚ ਟੱਟੀ ਗਿਆ । ਇਕ ਹੋਰ ਸੱਜਣ ਨੇ ਸਰਦਾਰ ਜੀ ਦੀ ਮਦਦ ਕੀਤੀ ਪਰ ਵੇਲੇ ਸਿਰ ਟੱਟੀ ਵਿੱਚ ਪਹੁੰਚਾ ਦਿੱਤਾ । ਸਰਦਾਰ ਜੀ "ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ" ਕਹੀ ਜਾ ਰਹੇ ਸਨ ਤੇ ਸ਼ੁਕਰ ਤੇ ਪ੍ਰੇਮ ਵਿੱਚ ਵਾਹਿਗੁਰੂ ਵਾਹਿਗੁਰੂ ਕਹਿੰਦੇ, ਉਸ ਨੂੰ ਇਕ ਹੱਥ ਨਾਲ ਇਕ ਹੋਰ ਸੱਜਣ ਨਾਲ ਰਲ ਕੇ ਡਿੱਗਣ ਤੋਂ ਬਚਾ ਰਹੇ ਸਨ ਤੇ ਦੂਜੇ ਹੱਥ ਨਾਲ ਉਸ ਦੀ ਸਫ਼ਾਈ ਕਰ ਰਹੇ ਸਨ । ਬਿਰਧ ਡਿੱਗਣੋਂ ਬਚ ਗਏ ਤੇ ਮੁੜ ਆਪਣੀ ਜਗ੍ਹਾ ਆ ਗਏ । ਸਰਦਾਰ ਜੀ ਨੇ ਮੈਨੂੰ ਕਿਹਾ, 'ਅੱਜ ਸਾਹਿਬਾਂ ਲਾਜ ਰੱਖੀ ਹੈ, ਇਸ ਕੰਮ ਦਾ ਕੋਈ ਤਜਰਬਾ ਨਹੀਂ ਸੀ ਪਰ ਸਾਹਿਬਾਂ ਇਹ ਸੇਵਾ ਆਪੇ ਲੈ ਲਈ ਹੈ ।'

ਮੇਰਾ ਭਤੀਜਾ ਕੋਈ ਇਤਨਾ ਧਰਮੀ ਬੰਦਾ ਨਹੀਂ ਜਾਂ ਬਹੁਤਾ (ਫ਼ਿਲਾਸਫ਼ਰ) ਨਹੀਂ, ਪਰ ਕਹਿੰਦਾ ਹੈ ਕਿ ਜੋ ਮੈਂ ਬਾਅਦ ਵਿੱਚ ਡਿੱਠਾ, ਮੈਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਯਾਦ ਆ ਗਏ । ਜਦ ਮਾਤਾ ਮੁੜੀ ਤਾਂ ਬਿਰਧ ਅਜੇ ਵੀ ਇਸ ਸ਼ਰਮ ਵਿੱਚ ਸਨ ਕਿ ਉਨ੍ਹਾਂ ਨੂੰ ਇਹ ਕੰਮ ਆਪਣੀ ਪਤਨੀ ਤੋਂ ਇਲਾਵਾ ਕਿਸੇ ਹੋਰ ਤੋਂ ਕਰਾਉਣਾ ਪਿਆ ਹੈ । ਪਰ ਉਨ੍ਹਾਂ ਬੜੇ ਪਿਆਰ ਨਾਲ ਹੌਲੀ ਜਿਹੀ ਸ਼ਾਇਦ ਆਪਣੀ ਪਤਨੀ ਨੂੰ ਕੁਝ ਸਰਦਾਰ ਜੀ ਬਾਰੇ ਕਿਹਾ । ਬੁੱਢੀ ਮਾਤਾ ਨੇ ਅੱਖਾਂ ਵਿੱਚ ਅੱਥਰੂ ਭਰ ਸਰਦਾਰ ਜੀ ਦਾ ਪਗੜੀ ਸਮੇਤ ਚਿਹਰਾ ਦੋਹਾਂ ਹੱਥਾਂ ਵਿੱਚ ਲਿਆ ਤੇ ਡਾਢੇ ਪਿਆਰ ਨਾਲ ਚੁੰਮ ਕੇ ਆਖਿਆ-ਸ਼ੁਕਰੀਆ ।

ਮੇਰੇ ਭਤੀਜੇ ਨੂੰ ਇਹ ਗੱਲ ਸੁਣਾਦਿਆਂ ਕਈ ਮਹੀਨੇ ਹੋ ਗਏ ਹਨ, ਪਰ ਮੇਰੇ ਮਨ ਵਿੱਚੋਂ ਇਹ ਨਹੀਂ ਨਿਕਲ ਸਕਿਆ ਕਿ ਜ਼ਾਤ-ਪਾਤ, ਮੁਲਕ, ਪਿੰਡ, ਕੌਮ, ਬੋਲੀ ਤੇ ਰੀਤੀ-ਰਿਵਾਜ ਦਾ ਫ਼ਰਕ ਸਭ ਕੁਝ ਭੁੱਲ ਕੇ ਬੰਦਾ ਕਿਵੇਂ ਸਭ ਦਾ ਸਾਂਝਾ ਹੋ ਜਾਂਦਾ ਹੈ ।

ਹੁਣ ਮੁੜ ਆਪਣੀ ਝੱਲ ਦੱਸਦਾ ਹਾਂ । ਜਦੋਂ ਇਹ ਤਿੰਨੋਂ ਗੱਲਾਂ ਪਤਾ ਲੱਗੀਆਂ ਤਾਂ ਬੇਇਖ਼ਤਿਆਰ ਮੂੰਹੋਂ ਵਾਹਿਗੁਰੂ ਵਾਹਿਗੁਰੂ ਤਾਂ ਨਿਕਲ ਗਿਆ, ਪਰ ਮੇਰੇ ਮਨ ਵਿੱਚ ਕਾਲਖ ਇਤਨੀ ਹੈ ਕਿ ਸਭ ਦਾ ਸਾਂਝਾ ਬਣਨ ਲਈ ਗੁਰੂ ਗ੍ਰੰਥ ਸਾਹਿਬ 'ਤੇ ਪੂਰਾ ਭਰੋਸਾ ਕਰਕੇ ਇਹ ਮੰਨਣਾ ਹੀ ਪਵੇਗਾ ਕਿ ਸਾਰੇ



ਇਨਸਾਨ ਇਕੋ ਜਿਹੇ ਹਨ, ਇਕ ਵਾਹਿਗੁਰੂ ਦੇ ਬਣਾਏ ਹੋਏ ਹਨ ਤੇ ਇਕ ਨਾਲ ਪਿਆਰ ਕਰਨ ਲਈ ਹਰ ਇਨਸਾਨ ਨੂੰ ਪਿਆਰ ਹੀ ਨਹੀਂ ਸਗੋਂ ਹਰ ਇਨਸਾਨ ਦੀ ਚਰਨਧੂੜ ਬਣਨਾ ਪਵੇਗਾ । ਪਰ ਫੇਰ ਕਿਉਂ—

(੧) ਜੇ ਰਾਸ਼ਨ ਦੀ ਦੁਕਾਨ ਕਰਦਾ ਹਾਂ ਤਾਂ ਸਿੱਖ, ਹਿੰਦੂ, ਮੁਸਲਮਾਨ, ਗ਼ਰੀਬ, ਅਮੀਰ, ਵਿੱਚ ਵਿਤਕਰਾ ਕਰਦਾ ਹਾਂ ?

(੨) ਜੇ ਸਰਕਾਰੀ ਨੌਕਰੀ ਦੇ ਸਕਦਾ ਹਾਂ ਤਾਂ ਕਿਉਂ ਵਿਤਕਰਾ ਕਰਦਾ ਹਾਂ ?

(੩) ਜੇ ਗੱਡੀਆਂ ਦੀਆਂ ਸੀਟਾਂ ਦੇ ਸਕਦਾ ਹਾਂ ਤਾਂ ਕਿਉਂ ਵਿਤਕਰਾ ਕਰਦਾ ਹਾਂ ?

(੪) ਜੇ ਲੰਗਰ ਵਰਤਾਉਂਦਾ ਹਾਂ ਤਾਂ ਕਿਉਂ ਸਿੱਖ, ਗ਼ੈਰ-ਸਿੱਖ ਜਾਂ ਗ਼ਰੀਬ-ਅਮੀਰ ਵਿੱਚ ਫ਼ਰਕ ਰੱਖਦਾ ਹਾਂ ?

(੫) ਜੇ ਗੁਰਦੁਆਰੇ ਦੀ ਪ੍ਰਧਾਨਗੀ ਕਰਦਾ ਹਾਂ, ਤਾਂ ਕਿਉਂ ਵੱਡਿਆਂ-ਵੱਡਿਆਂ ਨੂੰ ਬੁਲਾ ਕੇ ਆਕੜ ਦੀ ਸੇਫ਼ ਕਰਦਾ ਹਾਂ ਨਾ ਕਿ ਸੱਚੇ ਸੰਤਾਂ ਨੂੰ ਬੁਲਾ ਕੇ ਰੂਹਾਨੀ ਸ਼ੋਭਾ ਵਧਾਵਾਂ ।

(੬) ਮੈਂ ਕੌਣ ਹਾਂ ਸਿਰੋਪੇ ਵੰਡਣ ਵਾਲਾ ਤੇ ਕੋਈ ਕੌਣ ਹੈ ਜਿਹੜਾ ਸਿਰੋਪਾ ਲੈਣਾ ਚਾਹੁੰਦਾ ਹੈ ਧਰਮ ਅਸਥਾਨਾਂ ਤੋਂ ।

(੭) ਵਾਹਿਗੁਰੂ ਦਾ ਸਭ ਨੂੰ ਸਿਰੋਪਾ ਹੈ "ਨਾਮ ਜਪੋ" ਤੇ ਚੰਗੇ ਕੰਮ ਕਰਕੇ ਭੁੱਲ ਜਾਓ ।

(੮) ਦੁਨਿਆਵੀ ਵਡਿਆਈ ਦੇ ਚਾਅ ਵਿੱਚ ਮਿਲੇ ਸਿਰੋਪੇ ਆਕੜ ਹੀ ਵਧਾਉਂਦੇ ਹਨ ਤੇ ਵਿਤਕਰਾ ਪੈਦਾ ਕਰਦੇ ਹਨ ।

ਆਓ, ਪਿਆਰਿਓ ਲੋੜ ਹੈ ਅਮਲ ਕਰੀਏ, ਹਰ ਮਨੁੱਖ ਗ਼ਰੀਬ-ਅਮੀਰ, ਹਿੰਦੂ-ਮੁਸਲਮਾਨ, ਦੁਸ਼ਮਣ-ਦੋਸਤ ਨੂੰ ਇਕੋ ਬਰਾਦਰੀ ਸਮਝੀਏ । ਭੈੜੇ ਕੰਮਾਂ ਤੋਂ ਨਫ਼ਰਤ ਕਰੀਏ ਪਰ ਭੈੜਾ ਕਰਨ ਵਾਲੇ ਨੂੰ ਪਿਆਰ ਨਾਲ ਜਿੱਤੀਏ । ਕਬੀਰ ਸਾਹਿਬ ਆਖਦੇ ਹਨ ਕਿ ਬੇਮੁੱਖ ਲੋਕ ਹਰੀ ਜੱਸ ਗਾਉਣ ਸੁਣਨ ਦੇ ਬਗੈਰ ਗੱਲਾਂ ਨਾਲ ਅਸਮਾਨ ਗਿਰਾਉਂਦੇ ਹਨ । ਅਮਲ ਨਾਲ ਦਿਖਾਓ ਕਿ ਸਿੱਖ ਸਾਰੀ ਮਨੁੱਖ ਜਾਤੀ ਦਾ ਸਾਂਝਾ ਹੈ ਕਿਉਂਕਿ ਇਹ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਹੁਕਮ ਹੈ ।

## ਨਾ ਕੋ ਦੁਸਮਨੁ ਦੋਖੀਆ ਨਾਹੀ ਕੋ ਮੰਦਾ ॥
## ਗੁਰ ਕੀ ਸੇਵਾ ਸੇਵਕੋ ਨਾਨਕ ਖਸਮੈ ਬੰਦਾ ॥

(ਅੰਗ ੪੦੦)

ਮੈਂ ਅਨਪੜ੍ਹ ਤੇ ਅੱਲ੍ਹੜ ਜਿਹਾ ਨੌਕਰ ਹਾਂ, ਆਪਣੇ ਮਾਲਕ ਦਾ । ਨਾ ਮਾਣ, ਨਾ ਤਾਣ, ਨਾ ਸ਼ੋਭਾ, ਨਾ ਪਤੁ, ਨਾ ਜ਼ਾਤ, ਨਾ ਧਨ,ਨਾ ਸੰਪਤੀ; ਪਰ ਸਾਹਿਬਾਂ ਦੇ ਹੁਕਮ ਸੁਣ ਕੇ ਜੀ ਕਰਦਾ ਹੈ ਸੋਚਣ ਦਾ, ਮੰਨਣ ਦਾ ਤੇ ਸਾਹਿਬਾਂ ਦੇ ਹੁਕਮਾਂ 'ਤੇ ਚੱਲਣ ਦਾ; ਕਿਉਂਕਿ ਸਾਹਿਬ ਹੀ ਤਾਂ ਸਮਝਾਉਂਦੇ ਹਨ—ਗੁਰਸਿੱਖ ਆਸ਼ਕ ਸ਼ਬਦ ਦਾ ।—ਅਸੀਂ ਸਮਝਦੇ ਹਾਂ ਕਿ ਆਸ਼ਕੀ ਪੂਰੀ ਹੋ ਜਾਂਦੀ 'ਵਾਹਿਗੁਰੂ','ਵਾਹਿਗੁਰੂ' ਕਰਨ ਨਾਲ । ਇਸ ਵਿੱਚ ਕੋਈ ਸ਼ੱਕ ਨਹੀਂ ਕਿ ਗੁਰਮੰਤ੍ਰ ਦੀ ਪਵਿੱਤਰਤਾ ਤੇ ਪ੍ਰਧਾਨਗੀ ਤਾਂ ਹੀ ਮਾਣੀ ਜਾ ਸਕਦੀ ਹੈ ਜੇ ੨੪ ਘੰਟੇ **Ceaselessly** ਅੰਦਰ ਸਾਹਿਬਾਂ ਦਾ ਨਾਂ ਚੱਲਦਾ ਰਹੇ ਪਰ ਕੇਵਲ ਨਾਮ ਦੀ **Repeatition** ਜਾਂ ਨਾਮ ਦੇ ਯਾਦ ਕਰਨ ਨਾਲ ਹੀ ਸਾਹਿਬਾਂ ਦੀ ਆਸ਼ਕੀ ਪੂਰੀ ਨਹੀਂ ਹੁੰਦੀ । ਕਿਉਂ ? ਕਿਉਂਕਿ :-

(੧) ਸਾਹਿਬਾਂ ਦੇ ਸ਼ਬਦ ਦੇ ਆਸ਼ਕ ਹੋਣ ਨਾਲ ਗੁਰਸਿੱਖ ਦੀ ਜ਼ਿੰਮੇਵਾਰੀ ਬਹੁਤ ਹੀ ਵਧ ਜਾਂਦੀ ਹੈ ।

(੨) ਨਾਮ ਦਾ ਅਸਲੀ **Translation** ਗੁਰਸਿੱਖ ਦੀ ਜ਼ਿੰਦਗੀ ਵਿੱਚੋਂ ਆਪਣੇ ਆਪ ਚਮਕੇ—ਮਤਲਬ ਇਹ ਕਿ ਉਸ ਦਾ ਹਰ ਕੰਮ, ਹਰ ਗੱਲ, ਹਰ ਚਾਲ, ਗੁਰੂ ਦੀ ਦੱਸੀ ਹੋਈ ਚਾਲ ਵਾਂਙ ਹੋਵੇ ।

(੩) ਨਾਮ ਨਾਲ ਪੈਦਾ ਹੋਈ ਅੰਦਰ ਦੀ ਸਹਿਜ ਅਵਸਥਾ ਹਰ ਵੇਲੇ ਨਿਖਰੇ, ਕਿਉਂਕਿ ਨਾਮ ਲੈਣ ਵਾਲੇ ਵਿੱਚ ਚਿੰਤਾ, ਲੋਕ-ਲਾਜ, ਦੁਨਿਆਵੀ ਅਡੰਬਰ, ਫੋਕੀ ਵਡਿਆਈ ਤੇ ਝੂਠੇ ਰਿਵਾਜਾਂ ਦਾ ਪਿਆਰ **Automatically** ਉੱਡ ਜਾਣੇ ਚਾਹੀਦੇ ਹਨ, ਨਹੀਂ ਤਾਂ ਉਹ ਨਾਮ ਹੀ ਨਹੀਂ ਜਪਦਾ ਸਗੋਂ ਨਾਮ ਦੀ ਆੜ ਹੇਠਾਂ ਆਪਣਾ ਦੁਨਿਆਵੀ ਵਿਕਾਰ ਵਧਾਉਂਦਾ ਹੈ ।

(੪) ਨਾਮ ਇਕ ਅਮਿੱਟਵੀਂ ਰੌਸ਼ਨੀ ਹੈ, ਇਕ ਅਦੁੱਤੀ ਪਿਆਰ ਹੈ, ਇਕ ਪਰਤੱਖ ਹਜ਼ੂਰੀ ਹੈ, ਇਕ ਬੇਮਿਸਾਲ ਗ਼ੁਲਾਮੀ ਹੈ, ਇਕ ਤਲੀ 'ਤੇ ਸਿਰ ਰੱਖਣ ਵਾਲਾ ਲਿਸ਼ਕਾਰਾ ਹੈ । ਇਸ ਵਿੱਚ ਸ਼ਾਮਲ ਹੈ ਕਿ ਗੁਰੂ ਦੀ ਬਾਣੀ ਵਿੱਚੋਂ ਇਕ-ਇਕ ਹੁਕਮ ਨੂੰ ਪੱਥਰ 'ਤੇ ਲਕੀਰ ਸਮਝ, ਬੰਦਾ ਉਨ੍ਹਾਂ



'ਤੇ ਚੱਲਣ ਦੀ ਕੋਸ਼ਿਸ਼ ਕਰੇ ਤੇ ਅਰਦਾਸ ਕਰੇ—'ਸਾਹਿਬਾ ਮੇਰਾ ਮੁੱਖ ਤੋਂ ਨਾਮ ਜੱਪਣ' ਕਬੂਲ ਕੇ ਮੈਨੂੰ ਜੀਵਨ ਬਖ਼ਸ਼ੋ ਤਾਂ ਜੋ ਸਿੱਖ ਦਾ ਅਸਲੀ ਰੂਪ ਬਣ ਸਕਾਂ ।

(੫) ਨਾਮ ਇਕ ਅਜ਼ਾਨ ਹੈ, ਬਾਂਗ ਹੈ, ਇਕ **Invitation** ਹੈ ਸਭ ਨੂੰ—ਆਓ ਗੁਰੂ ਦੀ ਮਿਹਰ ਨਾਲ ਵਾਹਿਗੁਰੂ ਦੇ ਦਰਸ਼ਨ ਕਰਨ ਦਾ ਚਾਅ ਪ੍ਰਗਟਾਈਏ—ਚਾ, ਚਾ, ਚਾ, ਚਾ, ਚਾ—ਰੀਝ, ਰੀਝ, ਰੀਝ, ਰੀਝ, ਰੀਝ ਮਰ ਮਿਟਣ ਦੀ, ਆਪਣਾ ਆਪ ਗਵਾਉਣ ਦੀ, ਸਭ ਦੀ ਚਰਨਧੂੜ ਬਣਨ ਦੀ, ਸਿਰ ਭੇਟ ਕਰਕੇ ਸ਼ੁਕਰ ਮਨਾਉਣ ਦੀ, ਮਿਹਨਤ ਕਰਕੇ, ਕਿਰਤ ਕਰਕੇ, ਕਮਾ ਕੇ ਗ਼ਰੀਬਾਂ ਦੁਖੀਆਂ ਨਾਲ ਵੰਡ ਕੇ ਖਾਣ ਦੀ, ਸਾਰੀ ਦੁਨੀਆਂ ਨੂੰ ਆਪਣਾ ਸੱਜਣ ਬਣਾਉਣ ਦੀ, ਸਾਰੇ ਸੰਸਾਰ ਵਿੱਚ ਵਾਹਿਗੁਰੂ ਦੀ ਹੋਂਦ ਨੂੰ ਗੁਰੂ ਦੀ ਕਿਰਪਾ ਤੇ ਮਿਹਰ ਨਾਲ ਪ੍ਰਗਟ ਕਰਨ ਦੀ । ਨਾਮ ਜੱਪਣਾ 'ਵਾਹਿਗੁਰੂ' 'ਵਾਹਿਗੁਰੂ' ਕਰਨਾ ਤਾਂ ਹੀ ਪ੍ਰਵਾਨ ਹੈ ਜੇ ਇਸ ਪਿੱਛੇ ਮਨ ਗੁਰੂ ਨੂੰ ਵੇਚ ਦਿੱਤਾ ਗਿਆ ਹੈ ਤੇ ਗੁਰੂ ਦੀ ਆਵਾਜ਼, ਗੁਰੂ ਦਾ ਹੁਕਮ, ਗੁਰੂ ਦਾ ਫ਼ਰਮਾਨ, ਗੁਰੂ ਦਾ ਪਿਆਰ, ਗੁਰੂ ਦੀ ਵਡਿਆਈ, ਗੁਰੂ ਦੀ ਅਸੀਸ, ਗੁਰੂ ਦੀ ਦ੍ਰਿਸ਼ਟੀ, ਗੁਰੂ ਦਾ ਮਾਣ, ਗੁਰੂ ਦੇ ਉਪਦੇਸ਼, ਸਾਰੀ ਦੁਨੀਆਂ ਦੀ ਲੋਕ-ਲਾਜ, ਝੂਠੇ ਪਸਾਰੇ, ਝੂਠੇ ਅਡੰਬਰ, ਝੱਖਾਂ ਮਾਰਨ ਵਾਲੇ ਕੰਮ ਤੋਂ ਕਰੋੜ ਗੁਣਾਂ ਉੱਪਰ ਤੇ ਜ਼ਿਆਦਾ ਲਾਭਦਾਇਕ ਲੱਗਦੇ ਹਨ । ਜੇ ਨਹੀਂ, ਤਾਂ ਨਾਮ ਨਾਲ ਦੁਨਿਆਵੀ ਖਿੱਚੜੀ ਇਕੱਠੀ ਕਰਕੇ ਆਪਣਾ ਆਪ 'ਸੱਚ-ਝੂਠ' ਦੀ ਸਾਂਝੀ ਕਿਰਿਆ ਵਿੱਚ ਗਵਾਚ ਰਹੇ ਹਾਂ । ਯਾਦ ਰਹੇ ਕਿ ਦੁੱਧ ਦੀ ਵੱਡੀ ਬਾਲਟੀ ਵਿੱਚ ਇਕ ਚੂੰਢੀ ਸਵਾਹ ਪੈ ਜਾਣ ਨਾਲ ਹੀ ਸਾਰੀ ਬਾਲਟੀ ਖ਼ਰਾਬ ਹੋ ਜਾਂਦੀ ਹੈ । ਸਫ਼ੈਦ ਚਾਦਰ 'ਤੇ ਇਕ ਨਿੱਕਾ ਜਿਹਾ ਕਾਲਾ ਦਾਗ਼ ਵੀ ਉਸ ਚਾਦਰ ਦੀ ਸੁੰਦਰਤਾ ਨੂੰ ਖ਼ਰਾਬ ਕਰ ਦਿੰਦਾ ਹੈ । ਨਾਮ ਕੋਈ ਖੇਡ ਨਹੀਂ, ਜਿਹੜੀ 'ਵਾਹਿਗੁਰੂ','ਵਾਹਿਗੁਰੂ' ਕਹਿਣ ਨਾਲ ਪੂਰੀ ਹੋ ਜਾਏ, ਨਾਮ ਕੋਈ ਜਾਦੂ-ਟੂਣਾ ਤਾਂ ਨਹੀਂ ਜਿਹੜਾ **Mystery** ਵਿੱਚ ਪਿਆ ਲੇ । ਨਾਮ ਗੁਰੂ ਦੀ ਰਹਿਮਤ ਹੈ, ਨਾਮ ਗੁਰੂ ਦੀ ਕਰਾਮਾਤ ਹੈ, ਜਿਹੜਾ ਮਨੁੱਖ ਦੇ ਹਿਰਦੇ ਵਿੱਚ ਵੱਸ ਕੇ ਗੁਰੂ ਦਾ ਪ੍ਰਗਟਾਵਾ ਕਰਦਾ ਹੈ ਤੇ ਸਿੱਖ ਦਾ ਸਾਰਾ ਜੀਵਨ ਬਦਲ ਜਾਂਦਾ ਹੈ, ਸਾਰੀ ਦ੍ਰਿਸ਼ਟੀ ਪ੍ਰਵਰਤਿਤ ਹੋ ਜਾਂਦੀ ਹੈ, ਸਾਰਾ ਸੰਸਾਰ ਹੀ ਬਦਲ ਜਾਂਦਾ ਹੈ, ਸਭ ਦੀ ਚਰਨਧੂੜ ਹੋ ਜਾਣ ਲਈ ਮਨ ਲਿਲ੍ਹਕਾਂ ਲੈਂਦਾ ਹੈ । ਉਹ ਨਾਮ ਕੀ ਹੋਇਆ ਜਿਹੜਾ ਆਕੜ ਦੇ ਟੁਕੜੇ ਕਰਕੇ ਸਾਹਿਬਾਂ ਦੇ ਦਰ 'ਤੇ ਭਿਖਾਰੀ ਨਾ ਬਣਾਵੇ ਤੇ ਹਿਰਦੇ ਵਿੱਚੋਂ ਇਹ ਰੀਝ ਨਾ ਉਪਜਾਵੇ :

**ਨਾ ਕੋ ਮੇਰਾ ਦੁਸਮਨੁ ਰਹਿਆ**
**ਨਾ ਹਮ ਕਿਸ ਕੇ ਬੈਰਾਈ ॥** (ਅੰਗ ੬੭੧)
**ਸਭੁ ਕੋ ਮੀਤੁ ਹਮ ਆਪਨ ਕੀਨਾ**
**ਹਮ ਸਭਨਾ ਕੇ ਸਾਜਨ ॥** (ਅੰਗ ੬੭੧)

ਆਓ ਵਿਚਾਰੀਏ, ਕੀ ਅਸੀਂ ਆਪਣੇ ਪੂਰੇ ਗੁਰੂ, ਗੁਰੂ ਗ੍ਰੰਥ ਸਾਹਿਬ ਦੀ ਸ਼ਾਨ ਨੂੰ ਬਰਕਰਾਰ ਮਨ ਵਿੱਚ ਕਰਮ ਕਰਕੇ ਰੱਖ ਰਹੇ ਹਾਂ ? ਆਓ ਦੇਖੀਏ, ਕੀ ਸਾਡਾ ਨਾਮ ਜੱਪਣਾ ਸਾਨੂੰ ਜਾਂ ਸਮਾਜ ਨੂੰ ਲਾਭਦਾਇਕ ਹੈ ? ਆਓ ਤੋਲੀਏ, ਕੀ ਅਸੀਂ ਗੁਰੂ ਦੇ ਹੁਕਮਾਂ ਤੇ ਨਾਮ ਦੀ ਕਸਵੱਟੀ ਨਾਲ ਚੱਲ ਰਹੇ ਹਾਂ ? ਕੀ ਅਸੀਂ ਮਰਜੀਵੜੇ ਬਣ ਗਏ ਹਾਂ ? ਜੇ ਨਹੀਂ ਤਾਂ ਕਬੀਰ ਸਾਹਿਬ ਤਾਂ ਕਰੜਾ ਹੁਕਮ ਦਿੰਦੇ ਹਨ—ਕਹਿੰਦੇ ਹਨ ਕਿ ਰਾਮ ਕਸਵੱਟੀ 'ਤੇ ਝੂਠਾ ਟਿਕ ਨਹੀਂ ਸਕਦਾ, ਰਾਮ ਕਸਵੱਟੀ ਉਹੀ ਸਹਿ ਸਕਦੇ ਹਨ ਜਿਹੜੇ ਮਰਜੀਵੜੇ ਬਣ ਜਾਂਦੇ ਹਨ। ਸਾਹਿਬਾਂ ਦਾ ਨਾਮ ਜੱਪਣ ਵਾਲਾ ਸਦਾ ਸੁਖੀ ਤੇ ਅਨੰਦਤ ਹੁੰਦਾ ਹੈ। ਅਸੀਂ ਕਿਉਂ ਦੁਖੀ ਹਾਂ, ਅਸੀਂ ਕਿਉਂ ਵੈਰ ਵਿਰੋਧ ਵਿੱਚ ਪਏ ਰਹਿੰਦੇ ਹਾਂ ? ਅਸੀਂ ਕਿਉਂ ਪ੍ਰੇਮ ਪਿਆਰ ਦਾ ਜੀਵਨ ਨਹੀਂ ਬਿਤਾਉਂਦੇ ? ਕਿਉਂਕਿ ਅਸੀਂ ਨਾਮ ਨਹੀਂ ਜੱਪਦੇ। ਅਸੀਂ ਮੂੰਹ ਹਿਲਾਉਂਦੇ ਹਾਂ, ਗੱਲਾਂ ਕਰਦੇ ਹਾਂ, ਗੱਲਾਂ ਨਾਲ ਚੰਗੇ ਬਣਦੇ ਹਾਂ, ਆਚਾਰੀਂ ਬੁਰੇ ਹਾਂ, ਸਮਰੱਥ ਪਿਤਾ ਜਾਣਦੇ ਹਨ। ਆਪਣਾ ਕੀਤਾ ਪਾਉਂਦੇ ਹਾਂ, ਕਸੂਰ ਨਾਮ ਦਾ ਨਹੀਂ, ਕਸੂਰ ਸਾਡੀ ਘਾਟ ਦਾ ਹੈ। ਕੀਰਤਨ ਕਰਦਿਆਂ ਜੇ 'ਹਰਿ' 'ਹਰਿ' ਆ ਜਾਏ 'ਨਾਮ' ਆ ਜਾਏ ਜਾਂ 'ਰਾਮ' ਆ ਜਾਏ ਤਾਂ ਝੱਟ ਗਾ ਉੱਠਦੇ ਹਾਂ, 'ਵਾਹਿਗੁਰੂ ਵਾਹਿਗੁਰੂ'। ਕੀ ਹਿਰਦਾ ਗਾਉਂਦਾ ਹੈ, ਹਿਰਦਾ ਨੱਚਦਾ ਹੈ, ਫਿਰ ਕੀ ੨੪ ਘੰਟੇ ਨੱਚਦਾ ਹੈ ? ਉਹ ਤਾਂ ਹੀ ਨੱਚ ਸਕਦਾ ਹੈ ਜੇ :

(੧) ਅਸੀਂ 'ਵਾਹਿਗੁਰੂ' ਨੂੰ ਕੇਵਲ ਜੀਭ ਦੇ ਸਵਾਦ ਨਾਲ ਚੂਸ ਕੇ ਕਹਿੰਦੇ ਹੀ ਨਹੀਂ ਸਗੋਂ ਉਸ ਮਹਾਨ ਸ਼ਕਤੀ ਜਿਹੜੀ ਸਾਰੀ ਦੁਨੀਆਂ ਵਿੱਚ ਭਰਪੂਰ ਹੈ, ਉਸਨੂੰ ਨਮਸਕਾਰ ਕਰਕੇ ਆਪਣੇ ਆਪ ਨੂੰ ਤੁਛ ਸਮਝਦਿਆਂ ਹੋਇਆਂ ਹਰ ਸਵਾਦ ਵਿੱਚ ਉਹਦੇ ਚਰਨਾਂ 'ਚੋਂ ਨਿਕਲਿਆ ਅੰਮ੍ਰਿਤ ਪੀਂਦੇ ਹਾਂ।

(੨) ਸਾਜ਼ੀ ਆਪਣੇ ਗੁਰੂ ਦੇ ਦੱਸੇ ਹੋਏ ਮਾਰਗ 'ਤੇ ਆਪਣਾ ਆਪ ਕੁਰਬਾਨ ਕਰਦੇ ਸਨ। ਕੀ ਅਸੀਂ ਸਿਰ ਗੁਰੂ ਨੂੰ ਵੇਚ ਕੇ ਦੁਨੀਆਂ ਵਿੱਚ ੨੪ ਘੰਟੇ ਦੀਨ ਦੁਨੀਆਂ ਦੀ ਸੇਵਾ ਵਿੱਚ ਸਵਾਸ-ਸਵਾਸ ਵਾਹਿਗੁਰੂ ਦੀ ਹਜ਼ੂਰੀ ਵਿੱਚ ਰਹਿੰਦੇ ਹਾਂ ?



ਜੇ ਇੰਵ ਕਰਦੇ ਹੁੰਦੇ ਤਾਂ ਗੁਰੂ ਦਾ ਸ਼ਬਦ ਜੋ ਪੰਨਾ ੪੦੦ 'ਤੇ ਹੈ, ਉਹ ਸਾਡੀ ਜ਼ਿੰਦਗੀ ਦਾ ਪ੍ਰਤੀਕ ਹੁੰਦਾ। ਆਉ ਤੱਕੀਏ, ਕੀ ਇਸ ਤਰ੍ਹਾਂ ਹੈ—

**ਡੀਗਨ ਡੋਲਾ ਤਊ ਲਉ ਜਉ ਕੇ ਭਰਮਾ ॥**
**ਭ੍ਰਮ ਕਾਟੇ ਗੁਰਿ ਆਪਨੈ ਪਾਏ ਬਿਸਰਾਮਾ॥੧॥**
**ਓਇ ਬਿਖਾਦੀ ਦੋਖੀਆ ਤੇ ਗੁਰ ਤੇ ਹੂਟੇ ॥**
**ਹਮ ਛੂਟੇ ਅਬ ਉਨ੍ਹਾ ਤੇ ਓਇ ਹਮ ਤੇ ਛੂਟੇ ॥੧॥ਰਹਾਉ॥**
**ਮੇਰਾ ਤੇਰਾ ਜਾਨਤਾ ਤਬ ਹੀ ਤੇ ਬੰਧਾ ॥**
**ਗੁਰਿ ਕਾਟੀ ਅਗਿਆਨਤਾ ਤਬ ਛੁਟਕੇ ਫੰਧਾ ॥੨॥**
**ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ ॥**
**ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ ॥੩॥**
**ਨਾ ਕੋ ਦੁਸਮਨੁ ਦੋਖੀਆ ਨਾਹੀ ਕੋ ਮੰਦਾ ॥**
**ਗੁਰ ਕੀ ਸੇਵਾ ਸੇਵਕੋ ਨਾਨਕ ਖਸਮੈ ਬੰਦਾ ॥੪॥੧੭॥੧੧੯॥**
**ਆਸਾ ਮਹਲਾ ੫ ॥** (ਅੰਗ ੪੦੦)

ਮੈਂ ਕਈ ਵਾਰ ਤਾਂ ਹੈਰਾਨ ਹੀ ਹੋ ਜਾਂਦਾ ਹਾਂ ਜਦ ਵੇਖਦਾ ਹਾਂ ਕਿ ਗੁਰੂ ਕਾ ਸਿੱਖ ਤਵੀਜ਼ ਪਾਈ ਫਿਰਦਾ ਹੈ, ਜਾਂ ਚੇਚਕ ਦੇ ਡਰ ਨਾਲ ਮਾਤਾ ਕੋਲ ਮੱਥੇ ਟੇਕਦਾ ਹੈ, ਜਾਂ ਦੁਨਿਆਵੀ ਵਹਿਮਾਂ ਵਿੱਚ ਫਸਿਆ ਦਿੱਸਦਾ ਹੈ। ਪਰ, ਗੁਰੂ ਨੇ ਤਾਂ ਲਿਹਾਜ ਨਹੀਂ ਕਰਨਾ, ਕਿਉਂਕਿ ਮੁੱਖੋਂ 'ਵਾਹਿਗੁਰੂ ਵਾਹਿਗੁਰੂ' ਕਰਦਾ ਹੈ ਅੰਦਰੋਂ ਭਰਮਾਂ ਵਿੱਚ ਹੀ ਹੈ। ਹਰ ਵੇਲੇ ਡਿੱਗਦਾ, ਡੋਲਦਾ ਤੇ ਅਸ਼ਾਂਤੀ ਵਿੱਚ ਰਹਿੰਦਾ ਹੈ। ਬਦਕਿਸਮਤੀ ਇਹ ਹੈ ਕਿ ਸੁਖ ਦੇ ਸਮੁੰਦਰ ਵਿੱਚ ਰਹਿੰਦਾ ਹੈ ਪਰ ਦੁੱਖ ਦਾ ਭੋਜਨ ਖਾਂਦਾ ਹੈ, ਮੂੰਹ ਨਾਲ ਭਾਵੇਂ ਜਿਤਨੇ ਵੱਡੇ ਭਗਤ ਬਣ ਜਾਈਏ, ਕੀਰਤਨੀਏ ਬਣ ਜਾਈਏ, ਪ੍ਰਚਾਰਕ, ਗਿਆਨੀ ਪੰਡਤ ਬਣ ਜਾਈਏ, ਸਾਹਿਬਾਂ ਦੀ ਕਸਵੱਟੀ ਤਾਂ ਇਕੋ ਹੈ। ਨਾਲ ਸਾਹਿਬ ਦੀ ਚੁਟਕੀ ਦੀ ਨਿਸ਼ਾਨੀ ਨਹੀਂ ਜਿਹੜੀ ਭੇਖੀ ਸਾਧੂ ਸਾਡੀਆਂ ਅੱਖਾਂ ਬੰਦ ਕਰਕੇ ਸਾਡੇ ਕੰਨ ਵਿੱਚ ਫੂਕ ਮਾਰ ਕੇ ਸਾਨੂੰ ਪ੍ਰਤੱਖ ਵਿਖਾ ਦੇਣ। ਸਾਹਿਬਾਂ ਦੀ ਹੋਂਦ ਸਾਡੇ ਹਿਰਦੇ ਵਿੱਚ ਇਕ ਸਹਿਜ ਦੀ ਅਵਸਥਾ ਹੈ ਜਿਹੜੀ ਗੁਰੂ ਦੇ ਚਰਨਾਂ ਦੀ ਖ਼ੁਸ਼ਬੋ ਨਾਲ ਸੁਸ਼ੋਭਿਤ ਰਹਿੰਦੀ ਹੈ ਅਤੇ ਫੇਰ ਹਰ ਘੜੀ ਡਿੱਗਣ ਡੋਲਣ ਤੋਂ ਬਚਾਉਂਦੀ ਹੈ ਪਰ ਇਸ ਅਵਸਥਾ ਦਾ ਮੁੱਲ, ਉਹ ਹੈ—ਸਿਰ, ਤਨ, ਮਨ, ਧਨ, ਵਡਿਆਈ, ਸਿਆਣਪ, ਚਤੁਰਾਈਆਂ ਨੂੰ ਕੱਟ ਵੱਢ ਕੇ ਗੁਰੂ ਦੇ ਚਰਨਾਂ ਵਿੱਚ ਸੁੱਟ ਦੇਣਾ ਤੇ "ਪਾਲ ਤੂੰ ਹੀ ਮੈਂ ਨਾਹੀ" ਬਣ ਜਾਣਾ।

ਜੇ ਮੈਂ ਚਾਹੁੰਦਾ ਹਾਂ ਕਿ ਗੁਰੂ ਦੀ ਅਕਲ ਤੋਂ ਸਿਆਣਾ ਬਣ ਕੇ, ਦੁਨੀਆਂ ਦੀਆਂ ਵਡਿਆਈਆਂ ਵਿੱਚ ਖੁੱਭ ਕੇ, ਗੁਰੂ ਦੀ ਅਸੀਸ ਵੀ ਲਵਾਂ ਤੇ ਡਿੱਗਣ ਡੋਲਣ ਤੋਂ ਬਚ ਜਾਵਾਂ, ਇਹ ਨਹੀਂ ਹੋ ਸਕਦਾ । ਹਾਂ, ਜੇ ਤਨ, ਮਨ, ਧਨ ਵੇਚ ਦੇਵਾਂ ਤਾਂ ਮੇਰਾ ਗੁਰੂ ਮੇਰੇ ਭਰਮ ਕੱਟ ਕੇ ਮੈਨੂੰ ਉਸ ਬਿਸਰਾਮ ਵਿੱਚ ਲਿਜਾ ਸਕਦਾ ਹੈ ਜਿੱਥੇ ਨੀਂਦ ਨਾ ਭੁੱਖ, ਜਿੱਥੇ ਸਦਾ ਅਨੰਦ ਰਹੇ ਦਿਨ ਰਾਤੀਂ ਉਸ ਅਵਸਥਾ ਵਿੱਚ ਚੋਰ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵੀ ਛੱਡ ਜਾਂਦੇ ਹਨ । ਇਸ ਲਈ ਨਹੀਂ ਕਿ ਅਸੀਂ ਮਹਾਂਪੁਰਸ਼ ਬਣ ਜਾਂਦੇ ਹਾਂ, ਬਲਕਿ ਇਸ ਲਈ ਕਿ ਗੁਰੂ ਦੇ ਚਰਨ ਸਾਨੂੰ **Protection** ਦਿੰਦੇ ਹਨ । ਗੁਰੂ ਦੇ ਚਰਨਾਂ ਦੀ **Shield** ਪੰਜਾਂ ਚੋਰਾਂ ਨੂੰ ਨੇੜੇ ਨਹੀਂ ਆਉਣ ਦਿੰਦੀ । ਚੋਰ ਸਾਨੂੰ ਛੱਡ ਜਾਂਦੇ ਹਨ, ਕਿਉਂਕਿ ਉਹਨਾਂ ਨੂੰ ਸਾਡੇ ਕੋਲੋਂ ਕੁਝ ਨਹੀਂ ਮਿਲਦਾ, ਅਸੀਂ ਗੁਰੂ ਦੇ ਸਭ ਕੁਝ ਹਵਾਲੇ ਕਰਕੇ ਖ਼ਾਲੀ ਤੇ ਹੌਲੇ ਫੁੱਲ ਹੋ ਜਾਂਦੇ ਹਾਂ, ਹੁਣ ਕਾਹਦਾ ਡਰ ਚੋਰਾਂ ਦਾ । ਨਾਲੇ ਉਹ ਆਪ ਹੀ ਸਾਡੇ ਨਾਲ ਸਾਥ ਨਹੀਂ ਕਰਦੇ । ਉਹ ਸਾਥ ਹੀ ਮਨਮੁੱਖਾਂ, ਸਾਕਤਾਂ ਦਾ ਕਰਦੇ ਹਨ ।

ਅਸੀਂ ਸਮਝਦੇ ਹਾਂ ਕਿ ਅਸੀਂ ਤਾਂ ਨਾਮ ਜਪਦੇ ਹਾਂ ਫਿਰ ਦੁਖੀ ਕਿਉਂ ਹਾਂ । ਸਾਹਿਬ ਕਮਾਲ ਦੇ ਤਰੀਕੇ ਨਾਲ ਸਮਝਾਉਂਦੇ ਹਨ । ਜਦੋਂ ਤਕ ਮੇਰਾ-ਤੇਰਾ ਨਹੀਂ ਛੱਡਦੇ, ਆਜ਼ਾਦ ਨਹੀਂ ਹੋ ਸਕਦੇ । ਦੁੱਖ ਪਕੜਦਾ ਹੀ ਉਸ ਨੂੰ ਹੈ ਜੋ ਮੇਰੇ-ਤੇਰੇ ਦੀ ਅੱਗ ਵਿੱਚ ਸੜਦਾ ਹੈ, ਸਭ ਨੂੰ ਭਾਈਵਾਲ ਬਣਾ ਕੇ, ਸਭ ਦਾ ਮਿੱਤਰ ਨਹੀਂ ਬਣਦਾ, ਸਭ ਨਾਲ ਪਿਆਰ ਨਹੀਂ ਕਰਦਾ, ਕਿਸੇ ਦਾ ਦਰਦ ਆਪਣਾ ਦਰਦ ਨਹੀਂ ਸਮਝਦਾ । ਅਸੀਂ ਤਾਂ ਹਮੇਸ਼ਾਂ ਇਸ ਅੰਧੇਰੇ ਵਿੱਚ ਰਹਿੰਦੇ ਜੇ ਗੁਰੂ—ਪੂਰਾ ਗੁਰੂ ਗ੍ਰੰਥ ਸਾਹਿਬ ਮਹਾਰਾਜ ਆਪ ਕਿਰਪਾ ਕਰਕੇ ਇਹ ਅਗਿਆਨਤਾ ਨਾ ਕੱਟਦੇ । ਕੇਵਲ ਸ਼ਬਦ ਸੁਣ ਕੇ ਹੀ ਨਹੀਂ ਸਗੋਂ ਉਂਗਲ ਪਕੜ ਕੇ ਚਲਾ ਕੇ ਨਾਲ ਨਾ ਰੱਖਦੇ ।

ਅਸੀਂ ਕਈ ਭੰਬਲਭੂਸੇ ਪਾ ਬੈਠੇ ਹਾਂ । ਸਾਨੂੰ ਕਦੇ ਕੋਈ ਕਹਿ ਜਾਂਦਾ ਹੈ ਕਿ ਇਕ ਪੂਰਾ ਗੁਰੂ ਆਦਮੀ ਹੋਣਾ ਜ਼ਰੂਰੀ ਹੈ ਜਿਵੇਂ ਗੁਰੂ ਗੋਬਿੰਦ ਸਿੰਘ ਸਾਹਿਬ ਨਾਲੋਂ ਅਸੀਂ ਵੱਧ ਸਿਆਣੇ ਹੋਵੀਏ । ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਚਾਰੇ ਬੱਚੇ ਵਾਰੇ, ਆਪਣਾ ਪਿਤਾ ਕੁਰਬਾਨ ਕੀਤਾ ਤੇ ਸਰਬੰਸ ਲਾ ਕੇ ਸਭ ਕੁਝ ਆਪਣਾ ਅਪ ਗਵਾ ਕੇ, ਨਿਰਵੈਰ ਰਹਿ ਕੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਬਣਾਉਣਾ ਠੀਕ ਸਮਝਿਆ, ਫਿਰ ਵੀ ਮੈਂ ਗੁਰੂ ਢੂੰਡਦਾ ਰਹਿੰਦਾ ਹਾਂ; ਇਸ ਲਈ ਅਨਦਿਨ ਵਿਲਕਦਾ ਹਾਂ । ਅਫ਼ਸੋਸ ਨਾਲ ਲਿਖਦਾ ਹਾਂ ਕਿ ਸਾਡੀ ਗਿਰਾਵਟ ਧਰਮੀ ਅਖਵਾਉਣ ਵਾਲੇ ਬੰਦਿਆਂ ਦੀ ਇਹੋ ਜਿਹੀ ਹੈ



ਕਿ ਅਧਰਮੀ ਸਾਡੇ ਕੋਲੋਂ ਚੰਗੇ ਜਾਪਦੇ ਹਨ । ਉਹ ਭੇਖ ਤਾਂ ਨਹੀਂ ਕਰਦੇ । ਕਮਾਲ ਦੀ ਗੱਲ ਹੈ, ਆਸਾ ਦੀ ਵਾਰ, ਸੁਖਮਨੀ ਸਾਹਿਬ, ਜਪੁ ਜੀ ਸਾਹਿਬ, ਰਹਿਰਾਸ ਸਾਹਿਬ, ਬਾਰਾਮਾਹ, ਤੇ ਹੋਰ ਕਈ ਬਾਣੀਆਂ ਦੇ ਅਸੀਂ ਘੋਟੇ ਲਾਈ ਜਾਂਦੇ ਹਾਂ, ਰੋਜ਼ ਸੁਣਦੇ ਹਾਂ, ਪੜ੍ਹਦੇ ਹਾਂ, ਪਰ ਵੀਚਾਰਦੇ ਨਹੀਂ, ਜੇ ਵੀਚਾਰਦੇ ਹੁੰਦੇ ਤਾਂ ਸ਼ਰਮ ਨਾਲ ਆਪਣਾ ਮੂੰਹ ਨਾ ਚੁੱਕਦੇ । ਕਦੇ ਹੋ ਸਕਦਾ ਹੈ ਕਿ ਸਿੱਖ—ਸੁਖਮਨੀ ਸਾਹਿਬ ਪੜ੍ਹਨ ਵਾਲਾ ਸਿੱਖ—ਅਗਿਆਨੀ ਹੋਵੇ ਜਾਂ ਜਪੁ ਜੀ ਸਾਹਿਬ ਦੀ ਅਗਵਾਈ ਲੈਣ ਵਾਲਾ ਪਿਆਰਾ ਹੁਕਮ ਨਾ ਬੁੱਝੇ । ਹੁਕਮ ਬੁੱਝਣਾ ਗੁਰੂ ਦੀ ਕਿਰਪਾ ਹੈ; ਪਰ ਗੁਰੂ ਦੀ ਕਿਰਪਾ ਕੋਈ **Discriminatory** ਨਹੀਂ, ਉਹ ਸਭ 'ਤੇ ਵਰਸਦੀ ਹੈ, ਹਰ ਵੇਲੇ ਵਰਸਦੀ ਹੈ, ਪਰ ਮੈਂ ਆਪਣੀ ਆਕੜ ਵਿੱਚ ਇਸ ਨੂੰ ਆਪਣੇ ਉੱਤੇ ਪੈਣ ਨਹੀਂ ਦਿੰਦਾ । ਜੇ ਪੈਣ ਦਿੰਦਾ ਤਾਂ ਗੁਰੂ ਦਾ ਹੁਕਮ ਪਛਾਣ ਕੇ ਸੁਖੀ ਹੋ ਜਾਂਦਾ । ਦੁਖੀ ਤਾਂ ਹੀ ਹਾਂ ਜੇ ਗੁਰੂ ਦਾ ਹੁਕਮ ਨਹੀਂ ਬੁੱਝਦਾ । ਗੁਰੂ ਦਾ ਹੁਕਮ ਕੇਵਲ 'ਵਾਹਿਗੁਰੂ ਵਾਹਿਗੁਰੂ' ਕਹਿਣਾ ਹੀ ਨਹੀਂ ਸਗੋਂ ਮਨ ਬਚ ਕਰਮ ਨਾਲ ਗੁਰੂ ਦੇ ਸਾਰੇ ਹੁਕਮਾਂ ਦੀ ਕਮਾਈ ਕਰਨੀ ਹੈ । ਇਸੇ ਸ਼ਬਦ ਵਿੱਚ ਚੋਣਵਾਂ ਹੁਕਮ ਹੈ :

(੧) ਮੇਰਾ ਕੋਈ ਦੋਖੀ ਨਹੀਂ, ਮੇਰਾ ਕੋਈ ਦੁਸ਼ਮਣ ਨਹੀਂ ।

(੨) ਮੇਰਾ ਕੰਮ ਹੀ ਗੁਰੂ ਦੀ ਸੇਵਾ ਕਰਦਿਆਂ ਇੰਵ ਸੇਵਕ ਬਣ ਜਾਣਾ ਜਿਵੇਂ ਗੁਰੂ ਦਾ ਬੈਖ਼ਰੀਦ ਗ਼ੁਲਾਮ ਹਾਂ ।

ਪਰ ਮੇਰਾ ਤਾਂ, ਮੇਰਾ ਅੰਮ੍ਰਿਤਧਾਰੀ ਸਿੱਖ ਵੀਰ ਵੀ ਦੁਸ਼ਮਣ ਹੈ, ਕਿਉਂਕਿ ਉਸ ਨੇ ਮੇਰੇ ਸਰਬਲੋਹੀ ਭੋਜਨ ਦਾ ਸਤਿਕਾਰ ਨਹੀਂ ਕੀਤਾ ।

ਪਰ ਮੇਰਾ ਤਾਂ ਹਿੰਦੂ ਵੀ ਦੁਸ਼ਮਣ ਹੈ ਭਾਵੇਂ ਨਾਮ ਜੱਪਦਾ ਹੈ, ਕਿਉਂਕਿ ਵਾਹਿਗੁਰੂ ਦੀ ਥਾਂ ਰਾਮ ਰਾਮ ਕਹਿੰਦਾ ਹੈ ।

ਪਰ ਮੇਰਾ ਤਾਂ ਉਹ ਹਿੰਦੂ ਵੀ ਦੁਸ਼ਮਣ ਹੈ ਜਿਹੜਾ ਸੁਖਮਨੀ ਸਾਹਿਬ ਪੜ੍ਹ ਕੇ ਗੁਰੂ ਗ੍ਰੰਥ ਸਾਹਿਬ ਤੋਂ ਨਿਛਾਵਰ ਤਾਂ ਹੁੰਦਾ ਹੈ ਪਰ ਅੰਮ੍ਰਿਤ ਨਹੀਂ ਛਕਦਾ । ਓ ਮੇਰੇ ਭੋਲਿਓ, ਗੁਰਸਿੱਖ ਪਿਆਰੇ ਵੀਰੋ, ਆਓ ਆਪਣੀ ਸਿਆਣਪ ਚੁੱਲ੍ਹੇ ਵਿੱਚ ਪਾ ਕੇ ਸਾੜ ਦੇਈਏ ਤੇ ਗੁਰੂ ਦੇ ਹੁਕਮ ਪਛਾਣੀਏਂ ।

## ਬਿਸਰਿ ਗਈ ਸਭ ਤਾਤਿ ਪਰਾਈ ॥

ਕਿਤਨੀ ਤਾਂਘ ਹੈ ਗੁਰਸਿੱਖ ਨੂੰ ਗੁਰੂ ਦੀ ਬਾਣੀ ਪੜ੍ਹਨ ਦੀ, ਕਦੇ ਵਿਚਾਰ ਕੀਤਾ ਹੈ ਇਉਂ ਕਿਉਂ ਹੈ ? ਇਸ ਦਾ ਉੱਤਰ ਸਭ ਦਾ ਵੱਖੋ-ਵੱਖ ਹੋਏਗਾ ਕਿਉਂਕਿ ਕੋਈ ਸ਼ਾਂਤੀ ਲੈਣ ਲਈ ਪੜ੍ਹਦਾ ਹੈ, ਕੋਈ ਗੁਰੂ ਦੇ ਪ੍ਰਤੱਖ ਦਰਸ਼ਨ ਸੋਚ ਕੇ ਪੜ੍ਹਦਾ ਹੈ, ਕੋਈ ਗਾਉਣ ਦੇ ਸ਼ੌਕ ਨਾਲ ਪੜ੍ਹਦਾ ਹੈ, ਪਰ ਇਕ ਹੋਰ ਲੋਕ ਹਨ ਜੋ ਕੇਵਲ ਇਸ ਲਈ ਪੜ੍ਹਦੇ ਹਨ ਕਿ ਜਿਊਂਦੇ ਰਹਿਣ, ਉਹ ਬਾਣੀ ਪੜ੍ਹੇ ਬਗੈਰ ਉਸੇ ਤਰ੍ਹਾਂ ਜੀ ਨਹੀਂ ਸਕਦੇ ਜਿਵੇਂ ਭੁੱਖੇ ਨੂੰ ਮੰਗਤਾ ਬਣਦਿਆਂ ਸ਼ਰਮ ਨਹੀਂ ਆਉਂਦੀ ।

ਇਹੋ ਜਿਹੀ ਸੋਚ ਵਿੱਚ ਲੰਘ ਰਿਹਾ ਸਾਂ ਤਾਂ ਸੜਕ 'ਤੇ ਇਕ ਗੁਰਸਿੱਖ ਮਿਲ ਗਿਆ । ਬੜੀ ਸੋਚ ਵਿੱਚ ਹਲਕਾ-ਹਲਕਾ ਤੇ, ਚਿਹਰੇ ਤੇ ਅੱਖਾਂ ਵਿੱਚ ਇਹੋ ਜਿਹਾ ਦ੍ਰਿਸ਼ ਦਿੱਸੇ ਜਿਹੜਾ ਕਹਿ ਰਿਹਾ ਹੋਵੇ ਕਿ ਇਹ ਸੋਚ ਪ੍ਰੇਸ਼ਾਨੀ ਨਹੀਂ । ਪਰ ਮੈਂ ਅਕਲਹੀਣ ਹਾਂ, ਸਮਝ ਮੋਟੀ ਹੈ, ਮੈਂ ਤਾਂ ਕਿਹਾ, "ਕੀ ਗੱਲ ਹੈ ਚਿੰਤਾ ਵਿੱਚ ਹੋ ?" ਡਾਢੇ ਖੁੱਲ੍ਹ ਕੇ ਹੱਸ ਪਏ । ਚਿੰਤਾ ਤਾਂ ਨਹੀਂ ਸੋਚ ਡੂੰਘੀ ਹੈ । ਪੁੱਛਿਆ ਕਿ ਉਹ ਕਿਹੜੀ ਸੋਚ ਹੈ ਜਿਹੜੀ ਡੂੰਘਾਈ ਵਿੱਚ ਵੀ ਚਿੰਤਾ ਨਹੀਂ ਪੈਦਾ ਕਰਦੀ । ਉਨ੍ਹਾਂ ਪਿਆਰ ਨਾਲ ਗਾਉਣਾ ਸ਼ੁਰੂ ਕਰ ਦਿੱਤਾ :

**ਬਿਸਰਿ ਗਈ ਸਭ ਤਾਤਿ ਪਰਾਈ ॥**
**ਜਬ ਤੇ ਸਾਧਸੰਗਤਿ ਮੋਹਿ ਪਾਈ ॥ (ਅੰਗ ੧੨੯੯)**

ਇਹ ਗਾਉਂਦਿਆਂ-ਗਾਉਂਦਿਆਂ ਡਾਢੇ ਸਵਾਦ ਵਿੱਚ ਰਹਿਣ ਲੱਗੇ ਕਿ ਗੁਰੂ ਅਰਜਨ ਸਾਹਿਬ ਨੇ ਕਿਵੇਂ ਪਿਆਰ ਵਿੱਚ ਮਿਠਾਸ ਪਾ ਕੇ ਇਹ ਮਹਿਸੂਸ ਕੀਤਾ ਹੋਏਗਾ ਕਿ "ਆਪਣਾ", "ਪਰਾਇਆ" ਹੈ ਹੀ ਕੋਈ ਨਹੀਂ, ਕਿਉਂਕਿ ਸਤਿਸੰਗਤ ਦਾ ਇਹ ਅਸਰ ਹੈ । ਮੇਰੀ ਹੈਰਾਨੀ ਵਧ ਗਈ । ਨਾਲੇ ਸਵਾਦ ਨਾਲ ਗੱਲਾਂ ਕਰ ਰਹੇ ਸਨ, ਨਾਲੇ ਪ੍ਰੇਸ਼ਾਨ ਸਨ । ਮੈਥੋਂ ਰਿਹਾ ਨਾ ਗਿਆ । ਪੁੱਛਿਆ, ਖੋਲ੍ਹ ਕੇ ਦੱਸੋ, ਤੁਸੀਂ ਕੀ ਸੋਚਦੇ ਹੋ ? ਕਹਿਣ ਲੱਗੇ, ਸੁਣੋ ਪਿਆਰੇ ਸੱਜਣ ਜੀ, ਮੈਂ ਕਈ ਦਿਨ ਦਾ ਸੋਚਦਾ ਸਾਂ ਕਿ ਕਿਵੇਂ ਗੁਰੂ ਦੀ ਬਾਣੀ ਸੱਚੀ ਹੈ । ਕੁਝ ਮਹੀਨਿਆਂ ਤੋਂ ਮੈਂ ਇਸ ਸ਼ਹਿਰ ਵਿੱਚ ਰਹਿੰਦਾ ਹਾਂ । ਗੁਰਦੁਆਰਾ ਜਾਂ ਸਤਿਸੰਗ ਤਾਂ ਇੱਥੇ ਨਹੀਂ ਹਨ, ਪਰ ਮੇਰੇ ਗੁਰੂ ਨੇ ਇਕ ਤਾਂ ਆਪਣਾ ਪ੍ਰਕਾਸ਼ ਮੇਰੇ ਘਰ ਵਿੱਚ ਬਖ਼ਸ਼ ਕੇ ਸਤਿਸੰਗ ਦੇ ਘਾਟੇ ਦੇ ਅਸਰਾਂ



ਤੋਂ ਬਚਾਇਆ ਹੋਇਆ ਹੈ ਤੇ ਇਕ ਜਿਹੜਾ ਸਤਿਸੰਗ ਕਦੇ ਸਾਹਿਬ ਨੇ ਬਖ਼ਸ਼ਿਆ ਸੀ ਉਸ ਦਾ ਮੈਂ ਪਰਤੱਖ ਨਤੀਜਾ ਦੇਖਦਾ ਹਾਂ । ਜਦੋਂ ਸਵੇਰੇ ਮੈਂ ਕੰਮ ਲਈ ਨਿਕਲਦਾ ਹਾਂ ਤਾਂ ਬੱਚੇ ਸਕੂਲ ਜਾ ਰਹੇ ਹੁੰਦੇ ਹਨ, ਮਾਵਾਂ ਛੱਡਣ ਜਾ ਰਹੀਆਂ ਹਨ । ਕਈ ਦਿਨਾਂ ਤੋਂ ਇਕ ਦੋ ਸਾਲ ਦਾ ਬੱਚਾ ਮੈਨੂੰ ਦੇਖਦਾ ਹੈ, ਮਾਂ ਦਾ ਹੱਥ ਛੁਡਾ ਕੇ ਮੇਰੇ ਵੱਲ ਪਿਆਰ ਨਾਲ ਤੱਕ ਕੇ ਹੱਸਦਾ ਹੈ, ਮੇਰੇ ਮਨ ਵਿੱਚ ਇਉਂ ਪਿਆਰ ਉੱਠਦਾ ਹੈ ਕਿ ਆਪਣਾ ਹੀ ਬੱਚਾ ਹੈ ਤੇ ਮੈਂ ਕਦੇ ਉਹਦੀਆਂ ਗੱਲ੍ਹਾਂ ਦਬਾ ਕੇ ਪਿਆਰ ਕਰ ਲੈਂਦਾ ਹਾਂ, ਕਦੇ ਚੁੰਮ ਕੇ । ਮਾਂ ਹੱਸਦੀ ਹੈ, ਬੱਚੇ ਨੂੰ ਆਪਣੀ ਬੋਲੀ ਵਿੱਚ ਕਹਿੰਦੀ ਹੈ, ਇਨ੍ਹਾਂ ਨੂੰ ਪਿਆਰ ਨਾਲ ਸਲਾਮ ਕਰ । ਮੁਲਕ ਯੂਰਪ ਦਾ ਹੈ, ਲੋਕੀਂ ਚਿੱਟੇ ਹਨ, ਬੋਲੀ ਹੋਰ ਕੁਝ ਬੋਲਦੇ ਹਨ, ਪਰ ਮੈਨੂੰ ਬਿਲਕੁਲ ਆਪਣੇ ਵੀਰ-ਭੈਣਾਂ ਲੱਗਦੇ ਹਨ—ਤੇ ਜਦੋਂ ਵੀ ਇਹ ਗੱਲ ਚੇਤੇ ਆਉਂਦੀ ਹੈ ਤਾਂ ਸੋਚੀਂ ਵੀ ਪੈ ਜਾਂਦਾ ਹਾਂ ਤੇ ਪਿਆਰ ਨਾਲ ਗ਼ਦ-ਗ਼ਦ ਵੀ ਹੁੰਦਾ ਹਾਂ । ਸੋਚੀਂ ਇਸ ਲਈ ਪੈ ਜਾਂਦਾ ਹਾਂ ਕਿ ਮੈਂ ਸਾਰੀ ਉਮਰ ਆਪਣੇ ਗੁਰੂ ਤੋਂ ਬੇਮੁੱਖ ਕਿਉਂ ਰਿਹਾ । ਗ਼ਦ-ਗ਼ਦ ਇਸ ਲਈ ਕਿ ਮੈਂ ਬੇਮੁੱਖ ਰਿਹਾ ਤਾਂ ਵੀ ਤੂੰ ਸੋਝੀ ਦੇ ਕੇ ਪਰਤੱਖ ਸਾਬਤ ਕੀਤਾ ਕਿ ਬਾਣੀ ਸੱਚੀ ਹੈ । ਸਤਿਸੰਗਤ ਨੇ ਹੋਰ ਕਈ ਕੰਮ ਕੀਤੇ—

੧. ਹਰ ਇਕ ਨੂੰ ਮੇਰਾ ਮਿੱਤਰ ਕਰ ਦਿੱਤਾ ।
੨. ਹਰ ਇਕ ਨਾਲ ਵੈਰ ਮਿਟਾ ਦਿੱਤਾ ।
੩. ਸਾਰੇ ਬਿਗਾਨੇ ਆਪਣੇ ਕਰ ਦਿੱਤੇ ।
੪. ਵਾਹਿਗੁਰੂ ਦੀ ਰਜ਼ਾ ਵਿੱਚ ਰਹਿਣ ਦੀ ਪ੍ਰੇਰਨਾ ਦਿੱਤੀ ।
੫. ਸਭ ਵਿੱਚ ਰੱਬ ਨੂੰ ਦੇਖਣ ਦੀ ਆਦਤ ਦਿੱਤੀ ।

ਮੈਂ ਝੱਲਾ ਤਾਂ ਹਾਂ ਹੀ, ਮੈਨੂੰ ਤਾਂ ਉਹ ਵੀ ਝੱਲੇ ਹੀ ਜਾਪੇ ਤੇ ਵਹਿਮੀ ਜਿਹੇ । ਮੈਂ ਸੋਚ ਰਿਹਾ ਸੀ ਕਿ ਜਿਸ ਸ਼ਹਿਰ ਵਿੱਚ **Tourist** ਹੋ ਕੇ ਮੈਂ ਉੱਤਰਿਆ ਹਾਂ ਕੁਝ **sightseeing** ਲਈ ਤੇ **Night club** ਵਿੱਚ **dance** ਦੇਖਣ ਲਈ, ਉਸ ਵਿੱਚ ਰਹਿ ਕੇ ਭਾਈ ਜੀ ਇਹ ਕੀ ਗੱਲਾਂ ਕਰਦੇ ਹਨ । ਪਰ ਮੈਂ **Politeness** ਕਰਕੇ ਸਵਾਲ-ਜਵਾਬ ਨਾ ਕੀਤਾ । ਉਨ੍ਹਾਂ ਨੇ ਗੱਲਾਂ ਕਰਦਿਆਂ ਸਿਰ ਨੀਵਾਂ ਕਰ ਲਿਆ ਸੀ ਤੇ ਪੂਰਾ ਸ਼ਬਦ ਪੜ੍ਹਨਾ ਸ਼ੁਰੂ ਕਰ ਦਿੱਤਾ :

**ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੧॥**
**ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ ॥੨॥**
(ਅੰਗ ੧੨੯੯)

ਮੈਂ ਨੋਟ ਕੀਤਾ ਕਿ ਉਨ੍ਹਾਂ ਦੀਆਂ ਅੱਖਾਂ 'ਚੋਂ ਅੱਥਰੂ ਵਗ ਕੇ ਉਨ੍ਹਾਂ ਦੇ ਕੋਟ ਦੀਆਂ ਬਾਹਵਾਂ 'ਤੇ ਢਹਿ ਰਹੇ ਸਨ । ਮੈਨੂੰ ਯਕੀਨ ਹੋ ਗਿਆ ਕਿ ਉਹ ਕੁਝ **Deranged** ਹਨ ਜਾਂ **Abnormal** ਜ਼ਰੂਰ ਹਨ । ਡਰਦੇ ਕਿਹਾ ਕੁਝ ਨਾ ਪਰ ਜਦ ਉਹਨਾਂ ਆਪ ਹੀ ਸਿਰ ਉੱਚਾ ਕਰਕੇ ਪੁੱਛਿਆ ਕਿ 'ਠੀਕ ਹੈ ਨਾ ?' ਤਾਂ ਮੈਨੂੰ ਕਾਂਬਾ ਆਇਆ । ਹੱਸਣ ਦੀ ਬਜਾਏ ਮੈਂ ਝੱਟ ਕਹਿ ਦਿੱਤਾ—"ਬਿਲਕੁਲ ਠੀਕ ।" ਉਨ੍ਹਾਂ ਸਮਝਿਆ ਮੈਨੂੰ Interest ਹੈ । ਉਹਨਾਂ ਇਕ ਹੋਰ ਲੰਮੀ ਗੱਲ ਸੁਣਾ ਦਿੱਤੀ । ਉਹ ਗੱਲ ਤਾਂ ਮੈਂ ਲਿਖ ਹੀ ਰਿਹਾ ਹਾਂ ਪਰ ਨਤੀਜਾ ਇਹ ਹੋਇਆ ਕਿ ਜਦ ਉਹਨਾਂ ਦੀ ਇਹ ਗੱਲ ਮੁੱਕੀ ਤਾਂ ਮੇਰੀਆਂ ਅੱਖਾਂ ਨੇ ਵੀ ਪਾਣੀ ਰਾਹੀਂ ਗਵਾਹੀ ਭਰੀ ਕਿ ਇਹ ਭਾਈ ਜੀ ਪਾਗਲ ਨਹੀਂ ਸਗੋਂ ਇਹ ਕਿਸੇ ਇਲਾਹੀ ਪਿਆਰ ਵਿੱਚ ਗੁਰੂ ਅਰਜਨ ਜੀ ਨੂੰ ਦਿਲੋਂ ਸ਼ਰਧਾਂਜਲੀ ਪੇਸ਼ ਕਰਦਿਆਂ ਵਾਹਿਗੁਰੂ ਦੀ ਬਰਕਤ ਮਾਣ ਰਹੇ ਹਨ ।

ਕਹਿਣ ਲੱਗੇ ਕੁਝ ਦਿਨ ਪਹਿਲਾਂ ਉਹ ਰਾਤ ਵੇਲੇ ਇਕ ਟਰੈਮ ਤੇ ਚੜ੍ਹ ਕੇ ਘਰ ਮੁੜ ਰਹੇ ਸਨ ਤਾਂ ਕੋਈ ਉਨ੍ਹਾਂ ਦੇ ਸਾਹਮਣੇ ਮੁਸਲਮਾਨ ਬੈਠਾ ਤੇ ਪੰਜਾਬੀ ਵਿੱਚ ਪੁੱਛਣ ਲੱਗਾ ਕੀ ਹਾਲ ਹੈ, ਕਦੋਂ ਆਏ ਸੀ, ਕਿੱਥੇ ਰਹਿੰਦੇ ਹੋ ਤੇ ਕੀ ਕਰਦੇ ਹੋ ? ਉਨ੍ਹਾਂ ਨੂੰ ਸਭ ਕੁਝ ਦੱਸਿਆ ਸੀ ਉਸ ਬਾਰੇ ਵੀ ਪੁੱਛਿਆ, ਪਤਾ ਲੱਗਾ ਕਿ ਇਕ ਪਾਕਿਸਤਾਨੀ ਪੰਜਾਬ ਦਾ ਮੁਸਲਮਾਨ ਵੀਰ ਹੈ ਅਤੇ ਪੰਜਾਬੀ ਬੋਲਣ ਵਾਲੇ ਇਕ ਸਿੱਖ ਨੂੰ ਵੇਖ ਕੇ ਖ਼ੁਸ਼ ਹੋਇਆ ਹੈ, ਉਨ੍ਹਾਂ ਪੁੱਛਿਆ ਕਿ ਕੀ ਉਹ ਡਾਕਟਰੀ ਦੀ ਪੜ੍ਹਾਈ ਕਰਕੇ ਲਾਹੌਰ ਵਾਪਸ ਜਾਣਗੇ ? ਉੱਤਰ ਮਿਲਿਆ "ਕੀ ਕਰਨਾ ਹੈ ਜਾ ਕੇ, ਇੱਥੋਂ ਦੇ ਲੋਕੀਂ ਕਦਰ ਜਾਣਦੇ ਹਨ, ਸਾਡੇ ਮੁਲਕ ਵਿੱਚ ਤਾਂ ਲੜਾਈ ਝਗੜੇ ਹੀ ਹਨ ।" ਕਹਿਣ ਲੱਗੇ ਮੈਂ ਉਸਨੂੰ ਕਿਹਾ ਕਿ ਆਪਣੇ ਦੇਸ਼ ਜਾ ਕੇ ਸੇਵਾ ਕਰਨੀ, ਉੱਥੇ ਲੋੜ ਹੈ । ਫੇਰ ਕਿਹਾ ਜੇ ਉੱਥੇ ਨਹੀਂ ਜਾਣਾ ਤਾਂ ਇੱਥੇ ਹੀ ਲੋਕਾਂ ਦੀ ਚੰਗੀ ਤਰ੍ਹਾਂ ਸੇਵਾ ਕਰਿਆ ਕਰੋ ਤਾਂ ਜੋ ਪਤਾ ਲੱਗੇ ਲੋਕਾਂ ਨੂੰ ਕਿ ਮੁਸਲਮਾਨ ਕੀ ਹੁੰਦਾ ਹੈ ? ਖ਼ੁਸ਼ ਵੀ ਹੋਇਆ ਉਹ ਪਾਕਿਸਤਾਨੀ ਵੀਰ ਤੇ ਹੈਰਾਨ ਵੀ । ਇਸ ਖ਼ੁਸ਼ੀ ਭਰੀ ਹੈਰਾਨੀ ਵਿੱਚ ਹੀ ਸੀ ਕਿ ਉਨ੍ਹਾਂ ਕਿਹਾ—"ਨਮਾਜ਼ਾਂ ਵੀ ਪੜ੍ਹਦੇ ਹੋ, ਅੱਲ੍ਹਾ ਨੂੰ ਯਾਦ ਵੀ ਕਰਦੇ ਹੋ ?" "ਬਿਲਕੁਲ" ਤਾਂ ਉਸ ਕਹਿ ਦਿੱਤਾ ਪਰ ਕੁਝ ਢਿੱਲਾ ਬੋਲਿਆ । ਉਨ੍ਹਾਂ ਕਿਹਾ ਗੁਰੂ ਗ੍ਰੰਥ ਸਾਹਿਬ ਵਿੱਚ ਬਾਬਾ ਫ਼ਰੀਦ ਕਹਿੰਦੇ ਹਨ ਕਿ ਜਿਹੜਾ ਸਿਰ ਨਮਾਜ਼ ਵਿੱਚ ਸਾਈਂ ਅੱਗੇ ਨਹੀਂ ਨਿੰਵਦਾ ਉਸ ਨੂੰ ਕੱਟ ਕੇ ਉਤਾਰ ਦੇਣਾ ਚਾਹੀਦਾ ਹੈ । ਨਾਲੇ ਪੰਜੇ ਨਮਾਜ਼ਾਂ ਦੀ ਅਸਲੀਅਤ ਗੁਰੂ ਸਾਹਿਬ ਦੱਸਦੇ ਹਨ, ਅਮਲੀ ਸੱਚਾਈ ਵਜੋਂ । "ਸੁਭਾਨ ਅੱਲ੍ਹਾ" ਉਸ ਪਾਕਿਸਤਾਨੀ ਵੀਰ ਦੇ ਮੂੰਹੋਂ



ਬੇਇਖ਼ਤਿਆਰ ਨਿਕਲ ਗਿਆ ਤੇ ਕਹਿਣ ਲੱਗਾ "ਤੁਹਾਡੇ 'ਤੇ ਕੁਰਬਾਨ ਜਾਵਾਂ ਤੁਸਾਂ ਇਸ ਬਾਹਰਲੇ ਮੁਲਕ ਵਿੱਚ ਮੈਨੂੰ ਇਹ ਨਸੀਹਤ ਬਖ਼ਸ਼ੀ ਹੈ", ਬਹੁਤ ਵਾਰ, ਆਪਣਾ **Address** ਦੇਂਦਿਆਂ ਕਹਿ ਗਿਆ, "ਜ਼ਰੂਰ ਤਸ਼ਰੀਫ਼ ਲਿਆਉਣਾ ਤੇ ਕੋਈ ਸੇਵਾ ਹੋਵੇ ਤਾਂ ਦੱਸਣਾ ।" ਕੁਝ ਦੇਰ ਬਾਅਦ ਉੱਤਰ ਗਿਆ ।

ਮੈਨੂੰ ਮਜਾ ਆ ਰਿਹਾ ਸੀ, ਪਰ ਉਹ ਇਹ ਸੁਣਾ ਕੇ ਚੁੱਪ ਕਰ ਚੁੱਕੇ ਸਨ—ਤੇ ਇਉਂ ਜਾਪਦਾ ਸੀ ਕਿ ਉਸ ਦ੍ਰਿਸ਼ ਨੂੰ ਫਿਰ ਜੀ ਰਹੇ ਹੋਣ । ਕੁਝ ਦੇਰ ਚੁੱਪ ਰਹਿਣ ਬਾਅਦ ਬੋਲੇ ਕਿ ਉਹ ਤਕਰੀਬਨ ਸਾਰੀ ਰਾਤ ਖੇੜੇ ਵਿੱਚ ਵਾਹਿਗੁਰੂ ਦੀ ਸਿਫ਼ਤ ਸਲਾਹ ਤੇ ਗੁਰੂ ਅਰਜਨ ਦੇਵ ਜੀ ਦੇ ਸ਼ਬਦ ਨੂੰ ਵਿਚਾਰਦੇ ਰਹੇ । ਕਹਿਣ ਲੱਗੇ ਨਾ ਪਾਕਿਸਤਾਨੀ ਕਰਕੇ ਸ਼ੱਕ ਨਾ ਮੁਸਲਮਾਨ ਕਰਕੇ ਓਪਰਾਪਨ, ਨਾ ਅਜਨਬੀ ਹੋਣ ਕਰਕੇ ਝਿੱਜਕ, ਵਾਹਿਗੁਰੂ ਦਾ ਬੰਦਾ ਜਾਣ ਕੇ ਵਾਹਿਗੁਰੂ ਦੇ ਬੰਦੇ ਨੇ ਆਪਣੇ ਵੀਰ ਨਾਲ ਆਪਣੇ ਪਿਤਾ ਦੀ ਪਿਆਰ ਨਾਲ ਗੱਲ ਕਰ ਲਈ ਤਾਂ ਦੋਵੇਂ ਵੀਰ ਖ਼ੁਸ਼ ਹੋ ਗਏ । ਨਾ ਡਰ ਸੀ ਨਾ ਵੈਰ ਸੀ, ਨਾ "ਮੇਰਾ ਕੀ ਮਤਲਬ" ਵਾਲੀ ਵਿਚਾਰ ਸੀ । ਇਉਂ ਜਾਪਦਾ ਸੀ ਕਿ ਸਾਰੀ ਦੁਨੀਆਂ ਮੇਰੀ ਜ਼ਮਾਤੀ ਹੈ ਤੇ ਇਨ੍ਹਾਂ ਸਾਰਿਆਂ ਨਾਲ "ਵਾਹਿਗੁਰੂ ਦਾ ਨਾਂ" ਮੇਰਾ ਵਰਤਣ ਹੈ । ਉਨ੍ਹਾਂ ਦੇ ਚਿਹਰੇ 'ਤੇ ਖੇੜੇ ਦਾ ਰੰਗ ਜੰਮ ਗਿਆ ।

**Night Club** ਦੀ ਹੋਸ਼ ਮੈਨੂੰ ਵੀ ਭੁੱਲ ਚੁੱਕੀ ਸੀ । ਇਹ ਜਾਣ ਕੇ ਕਿ ਜਿਸ ਨੂੰ ਮੈਂ ਝੱਲਾ ਤੇ ਵਹਿਮੀ ਸਮਝਿਆ ਸੀ ਉਹ ਇਨਸਾਨ ਜਾਪਦਾ ਹੈ । ਮੈਨੂੰ ਸ਼ਰਮ ਆ ਰਹੀ ਸੀ । ਭਾਵੇਂ ਉਨ੍ਹਾਂ ਜਾਣ ਲਿਆ ਹੋਵੇ । ਕਹਿਣ ਲੱਗੇ "ਝੱਲੀਆਂ ਗੱਲਾਂ ਲੱਗਦੀਆਂ ਹਨ ਨਾ ?" ਪਰ ਮੇਰਾ ਹਿਰਦਾ ਹੁਣ ਬਦਲ ਚੁੱਕਾ ਸੀ, ਮੈਂ ਨਿਵਦਿਆਂ ਕਿਹਾ ਮੈਨੂੰ ਮਾਫ਼ ਕਰ ਦਿਉ ਤੇ ਜੇ ਖੇਚਲ ਨਾ ਹੋਵੇ ਤਾਂ ਇਕ ਰਾਤ ਆਪਣੇ ਨਾਲ ਰਹਿਣ ਦਿਓ । ਉਨ੍ਹਾਂ ਮੰਨ ਲਿਆ । ਜਦ ਘਰ ਪਹੁੰਚਿਆ ਤਾਂ ਉਹ ਮੈਨੂੰ ਸਭ ਤੋਂ ਪਹਿਲਾਂ ਗੁਰੂ ਸਾਹਿਬ ਦੇ ਦਰਸ਼ਨ ਕਰਨ ਲੈ ਗਏ । ਮੈਂ ਤਾਂ ਇੰਨਾ ਸ਼ਰਧਾਲੂ ਨਹੀਂ ਪਰ ਜਿਸ ਲਗਨ ਨਾਲ ਤੇ ਨਿਮਰਤਾ ਨਾਲ ਉਨ੍ਹਾਂ ਮੈਨੂੰ ਅੰਦਰ ਖੜ੍ਹਿਆ ਮੇਰੇ ਮਨ ਵਿੱਚ ਵੀ ਕਿਸੇ ਸ਼ਹਿਨਸ਼ਾਹ ਦੇ ਦਰਬਾਰ ਹਾਜ਼ਰ ਹੋਣ ਦਾ ਭਾਵ ਜਾਗ ਪਿਆ । ਆਖਣ ਲੱਗੇ—"ਇਹ ਪ੍ਰਗਟ ਗੁਰਾਂ ਦੀ ਦੇਹ ਜੇ ।" ਮੇਰੇ ਕੋਲੋਂ ਬੋਲਿਆ ਹੀ ਨਹੀਂ ਜਾ ਰਿਹਾ, ਕਿਉਂਕਿ ਉਹ ਇਉਂ ਗੱਲਾਂ ਕਰ ਰਹੇ ਸਨ, ਜਿਵੇਂ ਆਪਣੇ ਪਿਤਾ ਦੀਆਂ **Personal** ਗੱਲਾਂ ਕਰ ਰਹੇ ਹਨ । ਕਹਿਣ ਲੱਗੇ—ਸਤਿਸੰਗ ਦੀ ਲੋੜ ਹੈ । ਕਦੇ-ਕਦੇ ਕੋਈ ਮਿਹਰਾਂ ਵਿੱਚ ਆ ਕੇ ਚਿੱਠੀ ਪਾ ਦਿੰਦਾ ਹੈ, ਸੁਨੇਹਾ ਦੇ ਦਿੰਦਾ ਹੈ, ਪਰ

ਆਮ ਤੌਰ 'ਤੇ ਸਤਿਸੰਗ ਬਹੁਤ ਹੀ ਮੁਸ਼ਕਲ ਮਿਲਦਾ ਹੈ । ਫੇਰ ਸੌਂ ਗਏ ਅਸੀਂ ਦੋਨੋਂ ।

ਉਨ੍ਹਾਂ ਮੈਨੂੰ ਛੇਤੀ ਹੀ ਜਗਾ ਦਿੱਤਾ । ਮੇਰੇ ਕੋਲੋਂ ਪੁੱਛ ਤਾਂ ਪਹਿਲਾਂ ਹੀ ਲਿਆ ਹੋਇਆ ਸੀ—ਨਾਲੇ ਮੈਂ ਸੌਣ ਤਾਂ ਆਇਆ ਹੀ ਨਹੀਂ ਸੀ—ਮੈਂ ਤੱਕਣ ਆਇਆ ਸੀ ਕਿ ਸੜਕਾਂ 'ਤੇ ਤੁਰਦਾ ਫਿਰਦਾ, **Apparently** ਝੱਲ ਮਾਰਦਾ ਬੰਦਾ ਘਰ ਕੀ ਕਰਦਾ ਹੋਵੇਗਾ । ਉਨ੍ਹਾਂ ਨੇ ਇਸ਼ਨਾਨ ਕੀਤਾ, ਅੰਮ੍ਰਿਤ ਵੇਲੇ ਮੈਨੂੰ ਆਲਸੀ ਨੂੰ ਵੀ ਮੇਵਾ ਮਿਲਿਆ । ਫੇਰ ਆਣ ਖਲੋਤੇ ਸਾਹਿਬ ਦੇ ਅੱਗੇ । ਗੱਜ ਕੇ ਬੋਲੇ "ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ" ਮੱਥਾ ਟੇਕਿਆ, ਨਾਲ ਅਲਮਾਰੀ ਵਿੱਚੋਂ ਬੰਗਲਾ ਸਾਹਿਬ ਦਿੱਲੀ ਦੀ ਚਰਨਧੂੜ ਪਹਿਲਾਂ ਆਪਣੇ ਮੱਥੇ 'ਤੇ ਲਾਈ, ਫੇਰ ਮੇਰੇ ਮੱਥੇ 'ਤੇ ਲਾਈ । ਨਿੱਕੇ ਬੱਚੇ ਵਾਂਙ ਮੈਂ ਸਭ ਕੁਝ ਮੰਨ ਰਿਹਾ ਸੀ । ਅੱਖਾਂ ਵਿੱਚ ਅਥਰੂ ਭਰ ਕੇ ਫੇਰ ਗੁਰੂ ਦੇ ਚਰਨਾਂ ਵੱਲ ਨਜ਼ਰ ਭਰ ਕੇ ਭਰੇ ਗਲੇ ਨਾਲ ਜੋਦੜੀ ਕੀਤੀ :

**ਕਰਿ ਕਿਰਪਾ ਮੋਹਿ ਮਾਰਗਿ ਪਾਵਹੁ ॥**
**ਸਾਧਸੰਗਤਿ ਕੈ ਅੰਚਲਿ ਲਾਵਹੁ ॥੧॥** **(ਅੰਗ ੮੦੧)**

ਕੁਝ ਵਾਰ ਇਹ ਬੋਲ ਚੁੱਕੇ ਤਾਂ **"ਧਨ ਸੋ ਵੇਲਾ ਜਿਤੁ ਦਰਸ਼ਨ ਕਰਨਾ"** ਗਾਉਂਦਿਆਂ-ਗਾਉਂਦਿਆਂ ਉਨ੍ਹਾਂ ਪ੍ਰਕਾਸ਼ ਕੀਤਾ ਤੇ ਹੁਕਮ ਲਿਆ । ਕਹਿਣ ਲੱਗੇ ਕਿਵੇਂ ਸਾਹਿਬਾਂ ਦੀ ਰਹਿਮਤ ਹੈ ਕਿ ਮੈਂ ਕਿਤਨੀ ਦੂਰ ਬੈਠਾ ਹਾਂ ਗੁਰਦੁਆਰਿਆਂ ਤੋਂ, ਸਾਧ ਸੰਗਤ ਤੋਂ, ਪਰ ਸਾਹਿਬ ਨਹੀਂ ਵਿਸਾਰਦੇ, ਆਪਣਾ ਹੁਕਮ ਤਾਂ ਬਖ਼ਸ਼ਦੇ ਹਨ । ਫੇਰ ਆਖਣ ਲੱਗੇ: ਪਰ ਹੁਕਮ ਮੰਨਦਾ ਨਹੀਂ, ਕਿਉਂਕਿ ਜੇ ਹੁਕਮ ਮੰਨ ਜਾਵਾਂ ਤਾਂ ਹੁਕਮ ਤਾਂ ਇਕੋ ਹੀ ਹੈ । ਨਿਤਨੇਮ ਦਾ ਪਾਠ, ਕੁਝ ਆਸਾ ਦੀ ਵਾਰ ਦੇ ਛੱਕੇ ਵਾਜੇ ਬਗੈਰ, ਕੁਝ ਸ਼ਬਦ ਪੜ੍ਹ ਕੇ ਭੋਗ ਪਿਆ । ਕੰਮ ਜਾਣ ਤੋਂ ਪਹਿਲਾਂ ਮੈਨੂੰ ਵਿਦਾ ਕਰਦਿਆਂ ਕਹਿਣ ਲੱਗੇ—'ਤੁਹਾਡੇ ਚਰਨ ਪਕੜ ਲਵਾਂ ਨਾ ? ਆਪ ਨੇ ਰਹਿਮਤ ਕਰਕੇ ਸਤਿਸੰਗਤ ਬਖ਼ਸ਼ੀ ਹੈ ।' ਮੈਂ ਕਾਹਲਾ ਪੈ ਰਿਹਾ ਸਾਂ ਪਰ ਉਨ੍ਹਾਂ ਮੇਰੇ ਪੈਰਾਂ 'ਤੇ ਹੱਥ ਲਾ ਹੀ ਲਿਆ ।

**Breakfast** ਖਾਧਾ ਤੇ ਟੇਬਲ 'ਤੇ ਬੈਠਿਆਂ ਹੀ ਕਹਿਣ ਲੱਗੇ "ਸ਼ਬਦ ਦੀ ਕਮਾਈ ਬਹੁਤ ਮੁਸ਼ਕਲ ਹੈ ਪਰ ਜਿਤਨੀ ਮੁਸ਼ਕਲ ਹੈ, ਉਤਨੀ ਲਾਭਦਾਇਕ ਹੈ ।" ਕਹਿਣ ਲੱਗੇ ਇਸ ਟੇਬਲ 'ਤੇ ਬੈਠਿਆਂ ਦੇ ਚਾਹ ਦਾ ਪਿਆਲਾ ਡੁੱਲ੍ਹ ਕੇ ਸਾਡੇ ਕੱਪੜਿਆਂ 'ਤੇ ਆਣ ਪਵੇ ਤਾਂ ਝੱਟ ਪਟ ਤੌਲੀਆ ਮੰਗਾ ਕੇ ਪੂੰਝਾਂਗੇ ਤੇ ਫੇਰ ਪਾਣੀ ਨਾਲ ਧੋ ਕੇ ਸਾਫ਼ ਕਰਾਂਗੇ । ਇਸੇ ਤਰ੍ਹਾਂ



ਜਦੋਂ ਕੋਈ "ਹਉਮੈਂ" ਜਾਂ "ਨਿੰਦਿਆ" ਦੀ ਮੈਲ ਸਾਡੀ ਮੱਤ ਨੂੰ ਖ਼ਰਾਬ ਕਰਦੀ ਹੈ ਤਾਂ "ਗੁਰਸ਼ਬਦ" ਦੇ ਤੌਲੀਏ ਨਾਲ ਉਸ ਮੈਲ ਨੂੰ ਲਾਹੁੰਦੇ ਹਾਂ; ਪਰ "ਆਪਣੇ ਪਰਾਏ" ਦੀ ਮੈਲ ਕਦੇ-ਕਦੇ ਹਉਮੈਂ ਤੋਂ ਵੱਧ ਆ ਚਮੁੱਟਦੀ ਹੈ । ਉਨ੍ਹਾਂ ਇਕ ਕਹਾਣੀ ਸੁਣਾਈ । **Republic Day (26-1-74)** ਵਾਲੇ ਦਿਨ ਹਿੰਦੁਸਤਾਨੀਆਂ ਦੀ ਪਾਰਟੀ ਵਿੱਚ ਇਕ ਵਿਦਿਆਰਥੀ ਜਵਾਨ ਸਿੱਖ ਮਿਲਿਆ । ਪਗੜੀ ਸੋਹਣੀ ਬੱਧੀ ਸੀ ਤੇ ਦਾੜ੍ਹੀ ਕੁਤਰੀ ਹੋਈ ਸੀ । ਕਹਿਣ ਲੱਗੇ ਮਨ ਨੇ ਨਫ਼ਰਤ ਨਾਲ ਧਿਆਨ ਕੀਤਾ; ਪਰ ਜਿਵੇਂ ਗੁਰੂ ਅਰਜਨ ਸਾਹਿਬ ਨੇ ਗਲੇ ਵਿੱਚ ਰੱਸੀ ਪਾ ਕੇ ਕਿਹਾ ਹੋਵੇ—"ਕੁੱਤਿਆ ਇਹ ਕੀ ! ਬਿਮਾਰ ਵੱਲ ਵੇਖ ਕੇ ਨਫ਼ਰਤ ?" ਨਕਸ਼ਾ ਬਦਲ ਗਿਆ, ਝੱਟ ਚੇਤੇ ਆਇਆ "ਨਾ ਕੋ ਬੈਰੀ ਨਹੀ ਬਿਗਾਨਾ.....॥" ਮਿਲਿਆ ਪੁੱਛਿਆ ਹਾਲ-ਚਾਲ, ਫੇਰ ਖ਼ਿਆਲ ਆਇਆ ਕਿ ਜੇ ਇਹ ਸਿੱਖ ਨਾ ਹੁੰਦਾ, ਏਧਰ ਚੋਰੀ ਕਰਕੇ ਗੁਜ਼ਾਰਾ ਕਰਦਾ ਜਾਂ ਬ੍ਰਹਮਣ ਹੋ ਕੇ ਮੀਟ ਖਾਂਦਾ, ਜਾਂ ਸ਼ਰਾਬ ਪੀ ਕੇ ਮੂਧਾ ਪਿਆ ਹੁੰਦਾ, ਤਾਂ ਇਕ ਨਿੱਕੀ ਜਿਹੀ ਘਟਨਾ ਸਮਝੀ ਜਾਂਦੀ; ਕਿਉਂਕਿ ਸਾਹਿਬ ਨੇ 'ਨਿਰਾਲਾ' ਬਣਾਇਆ ਸੀ ਤੇ ਉਸ ਨਿਰਾਲੇਪਨ ਨੂੰ ਸਮਝਣ ਲਈ ਸਾਰਾ ਹਾਲ ਚੇਤਾ ਲੈ ਆਉਂਦਾ ਹੈ । ਪਰ ਰੋਗੀ ਨੂੰ ਵੱਲ ਕਰਨਾ ਹੋਵੇ ਤਾਂ ਦਵਾਈ ਦੇਣੀ ਚਾਹੀਦੀ ਹੈ । ਜਿਵੇਂ ਪਾਪੀਆਂ ਨੂੰ ਸੁਧਾਰਨਾ ਚਾਹੀਦਾ ਹੈ, ਤਿਵੇਂ ਪਤਿਤ ਲੋਕਾਂ ਨੂੰ ਪਿਆਰ ਨਾਲ ਰਾਹੇ ਪਾਉਣਾ ਚਾਹੀਦਾ ਹੈ । ਇਹ ਦਾੜ੍ਹੀ ਇਸ ਲਈ ਨਹੀਂ ਕੁਤਰਦਾ ਕਿ ਉਸ ਨੂੰ ਪਤਿਤ ਹੋਣ ਦਾ ਸ਼ੌਕ ਹੈ—ਇਸ ਲਈ ਕਿ ਉਸ ਨੂੰ ਪਤਾ ਨਹੀਂ ਕਿ ਇਹ ਦਾੜ੍ਹੀ ਕੀ ਹੈ ? ਸਮਝ ਲਈਏ ਕਿ—

—ਜੇ ਸਿੱਖ ਪਰਾਈ ਇਸਤਰੀ ਦੀ ਸੰਗਤ ਕਰਦਾ ਹੈ ਤਾਂ ਵੀ ਤਾਂ ਅਪਰਾਧੀ ਹੈ—ਪਰ ਛੁਪਿਆ ਹੋਇਆ ਹੈ ।

—ਜੇ ਪਰਾਇਆ ਹੱਕ ਮਾਰਦਾ ਹੈ ਤਾਂ ਵੀ ਤਾਂ "ਸਿੱਖ" ਨਹੀਂ ।

—ਜੇ ਵਿਸ਼ਵਾਸਘਾਤੀ ਹੈ ਤਾਂ ਵੀ "ਸਿੱਖ" ਨਹੀਂ ।

ਪਰ ਇਹ ਅਪਰਾਧ ਅਸੀਂ ਮਾਫ਼ ਕਰਦੇ ਹਾਂ ਕਿਉਂਕਿ ਆਪ ਵੀ ਕਰਦੇ ਹਾਂ । ਸਾਡੀ ਦਾੜ੍ਹੀ ਸਾਬਤ ਹੈ ਇਸ ਲਈ ਦਾੜ੍ਹੀ ਕੁਤਰਨ ਵਾਲਾ ਭਾਰਾ ਅਪਰਾਧੀ ਜਾਪਦਾ ਹੈ ।

ਕਹਿਣ ਲੱਗੇ ਪਿੱਛੇ ਇਕ ਡਾਢੇ ਸ਼ਰਧਾਵਾਨ ਕਈ ਸਾਲਾਂ ਤੋਂ ਸਹਿਜਧਾਰੀ ਸਿੱਖ ਜਾਂ ਪਤਿਤ ਸਿੱਖ, ਜਿਸ ਨਾਲ ਇਕ ਸਿੱਖ ਕੁੜੀ ਵਿਆਹੀ ਹੋਈ ਸੀ, ਨੇ ਗੁਰੂ ਸਾਹਿਬ ਦੇ ਚਰਨ ਘਰ ਪਵਾਏ ਤਾਂ ਮੈਂ ਗੁਰੂ ਸਾਹਿਬ ਦੀ ਸਵਾਰੀ ਉਨ੍ਹਾਂ ਦੇ ਘਰ ਸਿਰ 'ਤੇ ਬਿਰਾਜਮਾਨ ਕਰਕੇ ਲੈ ਗਿਆ । ਵਾਪਸੀ

’ਤੇ ਪੈਰੋਂ ਨੰਗੇ, ਸਿਰ ਕੱਜ ਕੇ ਮੇਰੇ ਨਾਲ ਆਏ । ਮੈਂ ਅੰਦਾਜ਼ਾ ਲਾਇਆ ਕਿ ਇਤਨੀ ਸਖ਼ਤ ਸਰਦੀ ਵਿੱਚ ਤੇ ਪੈਰੋਂ ਨੰਗੇ ? ਪਰ ਉਹ ਅੱਗੇ ਚੱਲਦੇ ਗਏ । ਕਹਿਣ ਲੱਗੇ ਜੇ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਅਸਲੀ ਸ਼ਖ਼ਸੀਅਤ, ਉਨ੍ਹਾਂ ਦਾ ਅਸਲੀ ਮਤਲਬ ਤੇ ਉਨ੍ਹਾਂ ਦੀ ਗ਼ਰੀਬੀ, ਉਨ੍ਹਾਂ ਦੀ ਗ਼ਰੀਬ-ਨਿਵਾਜੀ ਤੇ ਉਨ੍ਹਾਂ ਦਾ ਖ਼ਾਲਸੇ ਨਾਲ ਪਿਆਰ, ਜੇ ਦ੍ਰਿੜ੍ਹ ਹੋ ਜਾਏ ਤਾਂ ਸਿੱਖ ਕਦੇ ਪਤਿਤ ਨਹੀਂ ਹੋ ਸਕਦਾ । ਜੋਸ਼ ਵਿੱਚ ਆ ਗਏ, ਕਹਿਣ ਲੱਗੇ ਸਿੱਖ ਕਦੇ ਪਤਿਤ ਨਹੀਂ ਹੋ ਸਕਦਾ। ਜੋ ਹੁੰਦਾ ਹੈ ਤਾਂ ਉਸ ਨੂੰ ਕਦੇ ਨਾ ਛੇਕੀਏ; ਬਲਕਿ ਉਸ ਰੋਗੀ ਦੇ ਰੋਗ ਦਾ ਇਲਾਜ ਕਰੀਏ, ਉਸ ਦੇ ਮਾਤਾ-ਪਿਤਾ ਦਾ ਇਲਾਜ ਕਰੀਏ, ਉਸ ਦੇ ਵਾਤਾਵਰਣ ਦਾ ਇਲਾਜ ਕਰੀਏ । ਅਸੀਂ ਕੇਵਲ “ਵਾਲ ਰੱਖਣ ਜਾਂ ਮੁੜ ਦਾੜ੍ਹੀ ਸਾਬਤ ਕਰਨ ਵੱਲ” ਧਿਆਨ ਦਿੰਦੇ ਹਾਂ । ਲੋੜ ਹੈ ਸਾਨੂੰ ਉਸ ਮਹਾਨਤਾ ਨਾਲ ਨਿਰਵੈਰ ਬੰਦੇ, ਮਰ-ਜੀਵੇ ਬੰਦੇ, ਭਗਤੀ ਤੇ ਨਿਮਰਤਾ ਰਸ ਵਿੱਚ ਲੀਨ ਬੰਦੇ ਪੈਦਾ ਕਰਨ ਦੀ । ਉਨ੍ਹਾਂ ਨੂੰ ਦੇਖ ਕੇ ਪਤਿਤ ਦਾ ਹਿਰਦਾ ਪੰਘਰੇ । ਉਹ ਸੋਚੇ ਕਿ ਆਖ਼ਰ ਇਨ੍ਹਾਂ ਵਿੱਚ ਇਹ ਖ਼ੂਬੀਆਂ ਕਿਉਂ ਹਨ ? ਇਹ ਵੀ ਮੇਰੇ ਵਰਗੇ ਹਨ ? ਪਰ ਇਹ ਗੁਰਸਿੱਖ ਗੁਰੂ ਦਾ ਹੁਕਮ ਮੰਨਦੇ ਹਨ । ਲੇਕਿਨ ਜੇ ਪਗੜੀ ਦਾੜ੍ਹੀ ਵਾਲੇ ਲੋਕ ਉਸ ਪਤਿਤ ਨੂੰ ਨੀਚ ਕਰਤੂਤਾਂ ਕਰਦੇ ਤੇ ਬਾਹਰੋਂ ਭੇਖ ਕਰਦੇ ਹੀ ਦਿੱਸਦੇ ਹਨ ਤਾਂ ਉਸ ਇਕ ਕੁਰਹਿਤ ਕੀਤੀ ਵਾਲ ਦਾੜ੍ਹੀ ਕਟਾਉਣ ਦੀ, ਦੂਜਿਆਂ ਵੱਖਰੀਆਂ ਕੁਰਹਿਤਾਂ ਕੀਤੀਆਂ, ਫ਼ਰਕ ਕੀ ਹੋਇਆ ?

ਮੇਰਾ ਮਨ ਬੇਚੈਨ ਹੋ ਰਿਹਾ ਸੀ, ਕਿਉਂਕਿ ਮੇਰਾ **Cousin** ਜੋ ਪਤਿਤ ਹੋ ਚੁੱਕਾ ਸੀ ਮੈਨੂੰ ਇਹੋ ਕਹਿੰਦਾ ਰਹਿੰਦਾ ਸੀ । ਮੈਂ ਪਗੜੀ ਦਾੜ੍ਹੀ ਵਾਲਾ ਹਾਂ ਪਰ ਕਰਤੂਤਾਂ ਉਸ ਤੋਂ ਭੈੜੀਆਂ ਕਰਦਾ ਹਾਂ । ਉਹ ਕਹਿੰਦਾ ਸੀ, ਜੇ ਸਾਬਤ ਸੂਰਤ ਸਿੱਖ ਆਪਣੇ ਅਮਲ ਨਾਲ ਮੈਨੂੰ ਪ੍ਰਤੱਖ ਕਰ ਦੇਵੇ ਕਿ ਉਹ ਚੰਗਾ ਹੈ ਤਾਂ ਮੈਨੂੰ ਆਪਣੀ ਭੁੱਲ ਦਾ ਪਤਾ ਲੱਗ ਜਾਵੇ । ਮੈਂ ਸੋਚਿਆ ਕਿ ਜੇ ਸਾਡੇ ਘਰ ਵਾਲੇ ਆਪਣੀ ਨੂੰਹ ਨਾਲ ਜ਼ੁਲਮ ਨਾ ਕਰਦੇ, ਉਸ ਨੂੰ ਅੱਗ ਵਿੱਚ ਨਾ ਸੜਨਾ ਪੈਂਦਾ, ਹੋਰ ਦਾਜ ਦਾ ਲਾਲਚ ਨਾ ਕਰਦੇ, ਚੋਰੀ ਮਾਲ ਵਰਤ ਕੇ ਬਹੁਤੇ ਪੈਸੇ ਨਾ ਕਮਾਉਂਦੇ, ਸ਼ਰਾਬਾਂ ਪੀ-ਪੀ ਕੇ ਸਵੇਰੇ ਦਸ ਵਜੇ ਤਕ ਗੁਰੂ ਗ੍ਰੰਥ ਸਾਹਿਬ ਦੇ ਕਮਰੇ ਨੂੰ ਤਾਲਾ ਨਾ ਲੱਗਾ ਰਹਿੰਦਾ, ਤੇ ਜੇ ਬੇਈਮਾਨੀ ਦਾ ਅੱਡਾ ਸਾਡਾ ਘਰ ਨਾ ਹੁੰਦਾ ਤਾਂ ਮੇਰਾ **Cousin** ਕਦੇ ਪਤਿਤ ਨਾ ਹੁੰਦਾ—ਤੇ ਜੇ ਹੋ ਗਿਆ ਸੀ ਤਾਂ ਅਸੀਂ ਆਪ ਸੱਚੇ ਤੇ ਸੁੱਚੇ ਸਿੱਖ ਹੋ ਕੇ ਉਸ ਨੂੰ ਪਿਆਰ ਨਾਲ “ਆਪਣਾ” ਬਣਾ ਕੇ ਉਸ ਅੱਗੇ ਨਮੂਨਾ ਰੱਖਦੇ “ਸਿੱਖੀ” ਦਾ, ਤਾਂ ਉਹ



ਜ਼ਰੂਰ ਮੁੜ ਵਾਪਸ ਆ ਜਾਂਦਾ । ਕੇਵਲ “ਵਾਲਾਂ” ਵਿੱਚ ਕੁਝ ਹੈ ਜਾਂ ਨਹੀਂ ਪਰ ਗੁਰੂ ਦੇ ਹੁਕਮ ਵਿੱਚ ਸਭ ਕੁਝ ਹੈ ਤੇ ਇਹ ਹੁਕਮ ਇਕ ਪੂਰਨ ਸਿੱਖ ਦੀ ਨੀਂਹ ਹੈ । ਨੀਂਹ ਵਿੱਚ ਕੋਈ ਤੇੜ ਨਹੀਂ ਆਉਣੀ ਚਾਹੀਦੀ “ਵਾਲ” ਦਾੜ੍ਹੀ ਗੁਰੂ ਦੀਆਂ ਨਿਸ਼ਾਨੀਆਂ ਹਨ ।

**“ਸਗਲ ਸੰਗਿ ਹਮ ਕਉ ਬਨਿ ਆਈ ॥”** ਦੀ ਲਹਿਰ ਹੇਠ ਗੁਰਮਤਿ ਦੀ ਤਹਿ ’ਤੇ ਪਹੁੰਚ ਕੇ ਆਪਣਾ ਜੀਵਨ ਇਤਨਾ ਉੱਚਾ ਕਰੀਏ ਕਿ ਕੋਈ ਪਤਿਤ ਨਾ ਹੋਵੇ ਤੇ ਜੇ ਹੋਵੇ ਤਾਂ “ਘਾਟਾ” ਮਹਿਸੂਸ ਕਰਕੇ ਵਾਪਸ ਮੁੜ ਆਵੇ ।

ਇਹ ਕੰਮ ਕੇਵਲ ਪਿਆਰ ਭਰੇ ਨਮੂਨੇ ਨਾਲ ਹੋ ਸਕਦਾ ਹੈ, ਗੁੱਸੇ ਨਾਲ ਜਾਂ ਆਕੜ-ਭਰੀ ਕੁਰਹਿਤ ਸਿੱਖੀ ਭੇਖ ਜਾਂ ਲੋਕ-ਲਾਜ ਦੀ ਆੜ ਹੇਠ ਨਹੀਂ । ਮੈਂ ਬਾਹਰੋਂ ਤਾਂ ਸਿੱਖ ਹਾਂ ਪਰ ਅੰਦਰੋਂ....ਜਾਨਵਰਾਂ ਤੋਂ ਬਦਤਰ ।

# ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ ॥

(ਇਕ ਪਿਤਾ ਦੀ ਆਪਣੀ ਲੜਕੀ ਨੂੰ ਹਮੇਸ਼ਾਂ ਲਈ ਆਸੀਸ)

੧੯ ਸਾਲ ਹੋਏ 'ਦੂਜੀ ਕੁੜੀ ਆ ਗਈ' ਦੀ ਉਦਾਸ ਆਵਾਜ਼ ਨਾਲ ਤੇਰਾ ਸਵਾਗਤ ਕੀਤਾ ਗਿਆ ਸੀ । ਪਰ ਹੋਰ ਮਜ਼ੇ ਦੀ ਗੱਲ ਹੈ ਕਿ ਇਹ ਲਫ਼ਜ਼ ਨਾ ਤੇਰੀ ਮੰਮੀ ਨੇ ਤੇ ਨਾ ਤੇਰੇ ਪਾਪਾ ਨੇ ਕਹੇ ਸਨ । ਇਹ ਉਨ੍ਹਾਂ ਦੀ 'ਹਮਦਰਦੀ' ਸੀ ਜੋ ਗੁਰੂ ਨਾਨਕ ਨੂੰ ਪੂਜਣ ਵਾਲੇ ਤੇ ਹੁਣ ਗੁਰੂ ਗ੍ਰੰਥ ਸਾਹਿਬ 'ਤੇ ਸ਼ਰਧਾ ਰੱਖਣ ਵਾਲੇ, ਬਾਣੀ ਵਿੱਚ 'ਨਿਸ਼ਚਾ' ਰੱਖਣ ਵਾਲੇ ਅਤੇ ਗੁਰ-ਇਤਿਹਾਸ ਵਿੱਚ ਮਾਈ ਭਾਗੋ ਵਰਗੀਆਂ ਹਸਤੀਆਂ ਤੋਂ ਵਾਕਫ਼ ਸਨ ।

ਉਸ ਵੇਲੇ ਮੇਰੀ ਉਮਰ ੨੪ ਸਾਲਾਂ ਦੀ ਸੀ ਤੇ ਜਿਵੇਂ ਹੁਣ ਅਣਜਾਣ ਤੇ ਮੂਰਖ ਹਾਂ, ਗੁਰਮਤਿ ਨੂੰ ਨਾ ਸਮਝਦਾ ਹਾਂ ਨਾ ਉਸ ਉੱਤੇ ਚੱਲ ਸਕਦਾ ਹਾਂ—ਕੇਵਲ ਗੁਰੂ ਦੇ ਚਰਨਾਂ 'ਤੇ ਸੀਸ ਰੱਖ ਕੇ ਆਸ ਲਗਾਈ ਬੈਠਾ ਹਾਂ 'ਇਕ ਨਦਰੀ ਨਦਰ ਨਿਹਾਲ' ਕਰਨ ਵਾਲੀ ਮਿਹਰ ਦੀ । ਉਦੋਂ ਵੀ ਬਿਲਕੁਲ ਮਨਮੁੱਖ ਸਾਂ । ਪਰ ਪਤਾ ਨਹੀਂ ਕਿਵੇਂ, ਗੁਰੂ ਨਾਨਕ ਸਾਹਿਬ ਨੇ ਆਪਣੀ ਮਿਹਰ ਦਾ ਕ੍ਰਿਸ਼ਮਾ ਕਰ ਦਿਖਾਇਆ । ਮੈਨੂੰ ਨਾ ਕੋਈ ਬਾਣੀ ਦਾ ਹਵਾਲਾ, ਨਾ ਕੋਈ ਗੁਰਇਤਿਹਾਸ ਨਾਮ ਪ੍ਰੇਮ—ਤੇ ਨਾ ਹੀ ਕੋਈ ਚੱਜ ਆਚਾਰ ਦਾ ਪਤਾ ਹੁੰਦਾ ਸੀ । ਹੈਰਾਨ ਹਾਂ ਕਿਵੇਂ ਉਦਾਸ ਚਿਹਰਾ ਬਣਾਈ ਨਰਸ ਨੂੰ ਮੁੰਡਾ ਜੰਮਣ' ਜਿਤਨੇ ਪੈਸੇ ਦਿਵਾ ਕੇ ਗੁਰੂ ਨਾਨਕ ਸਾਹਿਬ ਨੇ ਆਸਾ ਦੀ ਵਾਰ ਦੇ ਸਲੋਕ ਦਾ ਸੁਤੇ ਹੀ ਅਮਲ ਕਰਵਾ ਦਿੱਤਾ ਜਿਸ ਨੂੰ ਨਾ ਕਦੇ ਮੈਂ ਪੜ੍ਹਿਆ ਸੀ ਤੇ ਨਾ ਕਦੇ ਸੁਣਿਆ ਸੀ ।

ਇਸ ਲਈ ਤੇਰੇ ੧੯ਵੇਂ ਜਨਮ ਦਿਨ 'ਤੇ ਤੇਰੇ ਲਈ ਉਸੇ ਮਾਣ ਦੀ ਆਸੀਸ ਲੈ ਕੇ ਆਇਆ ਹਾਂ ਜਿਸ ਨੇ ਤੇਰੇ 'ਤੇ ਹਰ ਘੜੀ, ਹਰ ਪਲ, ਰਹਿਮਤ ਦੇ ਦਰਵਾਜ਼ੇ ਖੋਲ੍ਹੀ ਰੱਖੇ ਹਨ । ਹੁਣ ਸੋਚਦਾ ਹਾਂ ਕਿ ਜੇ ਕਿਤੇ ਸਿੱਖ ਤੇ ਗੁਰੂ ਦਾ ਪ੍ਰੇਮ ਦਿਖਾਵੇ-ਰਹਿਤ ਹੋਵੇ ਤਾਂ ਅਤੁੱਟ ਬਖ਼ਸ਼ਿਸ਼ ਰਹਿ ਸਕਦੀ ਹੈ ।

ਆ, ਹੁਣ ਮੈਂ ਤੈਨੂੰ ਸਮਝਾਵਾਂ ਕਿ ਮੈਂ ਕੁਝ ਵੀ ਅੱਗੇ ਤੈਨੂੰ ਜਾਂ ਤੇਰੀ ਭੈਣ ਨੂੰ ਸਿਖਾਇਆ ਹੈ ਉਸ ਦੀ **Value** ਚਾਰ ਦਿਹਾੜੇ (ਇਹ ਮਾਇਆ ਦੀ ਸ਼ੋਭਾ ਚਾਰ ਦਿਹਾੜੇ) ਦੀ ਸੀ । ਹੁਣ ਜੋ ਆਖਦਾ ਹਾਂ ਆਪਣੇ ਗੁਰੂ ਦੇ



ਹੁਕਮ ਨਾਲ ਆਖਦਾ ਹਾਂ—ਕੀੜਾ ਹੋਰ ਕਰ ਵੀ ਕੀ ਸਕਦਾ ਹੈ ਜਾਂ ਪੁਤਲੀ ਆਪ ਕੀ ਕਰ ਸਕਦੀ ਹੈ—ਸਾਡਾ ਪ੍ਰਮੁੱਖ ਕੰਮ ਇਸ ਸੰਸਾਰ 'ਤੇ ਆਉਣ ਦਾ ਇਹ ਹੈ ਕਿ ਵਾਹਿਗੁਰੂ ਨੂੰ ਯਾਦ ਕਰ-ਕਰ ਕੇ, ਨਾਮ ਜਪ ਜਪ ਕੇ, ਤੇ ਉਸ ਪ੍ਰਮਾਤਮਾ ਦੀ ਕ੍ਰਿਪਾ ਨਾਲ ਸ੍ਰੇਸ਼ਟ ਕਰਮ ਕਰ ਕਰ ਕੇ, ਆਪਣੇ ਮਾਲਕ ਨੂੰ ਰੀਝਾਅ ਲਈਏ, ਤਾਂ ਜੋ ਫੇਰ ਜਨਮ ਮਰਨ ਤੋਂ ਨਿਕਲ ਕੇ ਸੁਖੀ ਹੋ ਜਾਈਏ ।

ਤੂੰ ਕਹਿੰਦੀ ਹੋਵੇਂਗੀ, ਇਹ ਕੀ ਪਾਪੇ ਨੂੰ ਮੁਸੀਬਤ ਪੈ ਗਈ ਹੈ, ਜਨਮ ਮਰਨ ਦੀ ਖੋਜ ਦੀ । ਅਜੇ ਤਾਂ ਵੇਲਾ ਹੈ ਹੱਸਣ, ਖੇਡਣ, ਖਾਣ, ਪੀਣ ਦਾ । ਪਰ ਮੈਂ ਆਪ ਤੇਰੇ ਨਾਲ ਸਹਿਮਤ ਹਾਂ, ਕਿਉਂਕਿ ਮੇਰਾ ਗੁਰੂ ਕੁਝ ਵੀ ਤਾਂ ਮਨ੍ਹਾ ਨਹੀਂ ਕਰਦਾ । ਕੇਵਲ ਹੁਕਮ ਕਰਦਾ ਹੈ ਕਿ ਇਹ ਸਭ ਕੁਝ ਕਰਦਿਆਂ ਵਾਹਿਗੁਰੂ ਦਾ ਨਾਂ ਹਰ ਘੜੀ ਚੇਤੇ ਰੱਖਣਾ ਹੈ । ਨਾਲੇ ਗੁਰਮਤਿ ਕੇਵਲ ਜਨਮ ਮਰਣ ਤੋਂ ਰਹਿਤ ਹੀ ਨਹੀਂ ਕਰਦੀ ਸਗੋਂ ਹਲਤ-ਪਲਤ ਸੁਭਾਵਿਕ ਹੀ ਸਵਾਰ ਦਿੰਦੀ ਹੈ ।

ਹੁਣ ਤਕ ਜਿੰਨੇ ਵੀ ਜਨਮ ਦਿਨ ਮਨਾਏ ਜਾਂ ਜੋ ਕੁਝ ਵੀ ਤੈਨੂੰ ਸੁਗਾਤ ਦਿੱਤੀ, ਉਹ ਕੇਵਲ ਉਸੇ ਦਿਨ ਦੀ, ਜਾਂ ਕੁਝ ਦੇਰ ਦੀ ਸੁਗਾਤ ਸੀ । ਜੇ ਤੂੰ ਇਸ ਵਾਰ ਦੀ ਸੁਗਾਤ ਸਵੀਕਾਰ ਕਰ ਲਵੇਂ ਤਾਂ ਤੇਰਾ ਜੀਵਨ ਹਮੇਸ਼ਾਂ ਲਈ ਸੁਖੀ ਹੋ ਸਕਦਾ ਹੈ ।

ਮੈਂ ਕੋਈ ਡੂੰਘੀਆਂ ਧਾਰਮਿਕ ਗੱਲਾਂ ਨਹੀਂ ਕਰਦਾ ਸਗੋਂ ਉਸੇ ਤਰ੍ਹਾਂ ਇਕ ਪਿਤਾ ਵਾਂਙ ਰੀਝ ਰੱਖਦਾ ਹਾਂ ਕਿ ਮੇਰੀ ਬੱਚੀ ਸੁਖੀ ਰਹੇ ਜਿਵੇਂ ਸਾਰੇ ਲੋਕ ਚੀਜ਼ਾਂ ਲੈ ਲੈ ਕੇ ਪੇਸ਼ ਕਰਦੇ ਹਨ ।

ਜਦੋਂ ਦੀ ਗੁਰੂ ਗ੍ਰੰਥ ਸਾਹਿਬ ਦੀ '**ਪੂਤਾ ਮਾਤਾ ਕੀ ਆਸੀਸ**' ਜਾਣਨ ਦਾ ਸੁਭਾਗ ਮੈਨੂੰ ਮਿਲਿਆ ਹੈ, ਮੈਨੂੰ ਤਾਂ ਕੋਈ ਹੋਰ ਆਸੀਸ ਸਮਝ ਹੀ ਨਹੀਂ ਆਉਂਦੀ, ਕਿਉਂਕਿ ਜੇ ਮੈਂ ਕਹਾਂ :-

(੧) ਤੇਰੀ ਉਮਰ ਵੱਡੀ ਹੋਵੇ, ਤਾਂ ਕੀ ਪਤਾ ਫੇਰ ਵੀ ਬਿਮਾਰ ਰਹੇਂ।
(੨) ਤੂੰ ਅਮੀਰ ਹੋਵੇਂ, ਤਾਂ ਮੈਂ ਬਹੁਤ ਅਮੀਰ ਵੀ ਵਿਲਕਦੇ ਦੇਖੇ ਹਨ ।
(੩) ਤੂੰ ਬਹੁਤ ਪੜ੍ਹਾਈ ਕਰੇਂ, ਬਹੁਤੇ ਪੜ੍ਹੇ ਵੀ ਰੁਲਦੇ ਦੇਖੇ ਹਨ ।
(੪) ਤੂੰ ਸੁਖੀ ਵਿਆਹੀ ਜਾਏਂ ਤੇ ਸੁਖੀ ਵੱਸੇਂ, ਤਾਂ ਮੈਂ ਕਈਆਂ ਨੂੰ ਇਹ ਆਸੀਸ ਮਿਲਦੀ ਦੇਖੀ ਪਰ ਉਨ੍ਹਾਂ ਦਾ ਜੀਵਨ ਦੁਖੀ ਦੇਖਿਆ ।
(੫) ਤੂੰ ਸੋਹਣੇ ਮਕਾਨਾਂ ਵਿੱਚ ਰਹੇਂ ਤਾਂ ਵੀ ਤੇਰੇ ਸੁਖ ਦਾ ਮੈਨੂੰ ਕੋਈ ਯਕੀਨ ਨਹੀਂ ।

ਫੇਰ ਮੈਂ ਜਿਹੜੀ ਮਰਜ਼ੀ ਅਸੀਸ ਦੇਵਾਂ ਪ੍ਰਦਾਨ ਕਰਨ ਵਾਲਾ ਮਾਲਕ

ਹੈ । ਉਹ ਕਿਸੇ ਦਾ ਬੱਧਾ ਨਹੀਂ, ਨਾ ਉਸ ਨੂੰ ਕੋਈ ਲਾਲਚ ਹੈ, ਨਾ ਉਸ 'ਤੇ ਕਿਸੇ ਤਰ੍ਹਾਂ ਦੀ ਸਿਫ਼ਾਰਸ਼ ਦਾ ਅਸਰ ਪੈਂਦਾ ਹੈ । ਉਹ ਤਾਂ 'ਪ੍ਰੀਤ ਮਜੂਰੀ' ਮੰਗਦਾ ਹੈ । ਇਸ ਲਈ ਮੇਰੇ ਵਾਸਤੇ ਤਾਂ ਇਕੋ ਗੱਲ ਵਾਜਬ ਹੈ ਕਿ ਮੈਂ ਆਪਣੇ ਗੁਰੂ ਮਹਾਰਾਜ, ਗੁਰੂ ਗ੍ਰੰਥ ਸਾਹਿਬ (ਪਰਮੇਸ਼ਰ ਦਾ ਥਾਨ) ਕੋਲੋਂ ਸੁਣੀ ਸਿੱਖਿਆ ਤੇਰੇ ਤਕ ਪਹੁੰਚਾ ਦਿਆਂ । ਅਰਦਾਸ ਕਰਾਂ ਕਿ ਉਹ ਸਾਡੇ ਗੁਨਾਹਾਂ ਭਰਪੂਰ ਜੀਵਨ ਨੂੰ ਨਜ਼ਰ ਅੰਦਾਜ਼ ਕਰਕੇ ਰਹਿਮਤਾਂ ਵਿੱਚ ਆਵੇ ਤੇ ਸੁਖ ਦਾ ਮਤਲਬ ਸਮਝਾ ਦੇਵੇ ।

ਕੇਵਲ ਮਨ ਨੂੰ ਲੋੜ ਹੈ ਉਸ ਖ਼ੁਰਾਕ ਦੀ ਜੋ ਸੁੱਖਾਂ ਦੀ ਸੇਜ ਪੱਕੀ ਕਰ ਦੇਵੇ ਤੇ ਦੁੱਖਾਂ ਨੂੰ ਇਕ ਨਾ ਅਸਰ ਪਾਉਣ ਵਾਲੀ ਖੇਡ, ਬਣਾ ਦੇਵੇ । ਉਹ ਖ਼ੁਰਾਕ ਹੈ—

੧. ਨਿਮਖ ਨਿਮਖ ਠਾਕੁਰ ਨਮਸਕਾਰੈ ॥
੨. ਅੱਠੇ ਪਹਿਰ ਸਿਮਰਨ ਕਰਨਾ ।
੩. ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੋਂ ਗੁਰਸ਼ਬਦ ਦੇ ਪਹਿਰੇ ਨਾਲ ਬਚੇ ਰਹਿਣ ਦੀ ਅਰਦਾਸ ਕਰਨੀ ।
੪. ਪਰਾਏ ਧਨ ਜਾਂ ਪਰਾਈ ਇਸਤਰੀ-ਮਰਦ ਵੱਲ ਧਿਆਨ ਨਾ ਦੇਣਾ ।
੫. ਝੂਠ, ਚੁਗ਼ਲੀ, ਨਿੰਦਾ, ਵਿਕਾਰਾਂ ਤੋਂ ਬਚਣਾ ।
੬. ਸਤਿਸੰਗ ਵਿੱਚ ਜਾਣਾ ਤੇ ਗੁਰੂ ਦੀ ਹਜ਼ੂਰੀ ਤੋਂ ਕਦੇ ਨਾ ਨਿਕਲਣਾ ।
੭. ਗ਼ਰੀਬ, ਅਮੀਰ, ਛੋਟੇ, ਵੱਡੇ, ਮੁਸਲਮਾਨ, ਹਿੰਦੂ, ਦੇ ਭੇਦ-ਭਾਵ 'ਚੋਂ ਹਮੇਸ਼ਾਂ ਲਈ ਨਿਕਲ ਜਾਣਾ ।
੮. ਦੋਸਤ-ਦੁਸ਼ਮਣ ਨੂੰ ਇਕੋ ਜਿਹਾ ਸਮਝਣਾ ।
੯. ਕਿਸੇ ਨੂੰ ਕੌੜਾ ਨਾ ਕਹਿਣਾ ।
੧੦. ਬੁਰੀ ਸੰਗਤ ਤੋਂ ਨੱਸਣਾ ਤੇ ਸਤਿਸੰਗਤ ਨਾਲ ਪ੍ਰੇਮ ਰੱਖਣਾ ।
੧੧. ਕੇਵਲ ਨਾਮ ਦਾ ਵਿਉਪਾਰ ਕਰਕੇ ਲੋਕ-ਲਾਜ ਦੀ ਪਰਵਾਹ ਨਾ ਕਰਦਿਆਂ ਹੋਇਆ ਰਾਮ ਧਨ ਇਕੱਠਾ ਕਰਨਾ ।
੧੨. ਫ਼ਜ਼ੂਲ ਗੱਲਾਂ ਵਿੱਚ ਵਕਤ ਜਾਇਆ ਨਾ ਕਰਨਾ ਤੇ ਝੱਖਾਂ ਨਾ ਮਾਰਨੀਆਂ ।
੧੩. ਇਹ ਸਾਰਾ ਕੁਝ ਕਰਦਿਆਂ ਹੋਇਆਂ ਆਪਣੇ ਆਪ ਨੂੰ ਸਭ ਤੋਂ ਨੀਵਾਂ ਸਮਝਣਾ, ਹਰ ਇਕ ਦੀ ਚਰਨਧੂੜ ਬਣਨਾ ਤੇ ਸਭ ਨਾਲ ਪਿਆਰ ਕਰਨਾ ।
੧੪. ਦਸਵੰਧ ਕੱਢ ਕੇ ਗ਼ਰੀਬ ਲੋਕਾਂ ਦੀ ਸੇਵਾ ਕਰਨੀ ।



੧੫. ਨਫ਼ਰਤ ਦਾ ਬੂਟਾ ਮਨ ਵਿੱਚੋਂ ਹਮੇਸ਼ਾਂ ਲਈ ਜੜ੍ਹ ਤੋਂ ਉਖਾੜ ਦੇਣਾ, ਕਦੇ ਕਿਸੇ ਨਾਲ ਔਖਾ ਨਹੀਂ ਬੋਲਣਾ ।
੧੬. ਹਰ ਥਾਂ, ਹਰ ਵੇਲੇ, ਤੇ ਹਰ ਇਕ ਵਿੱਚ, ਵਾਹਿਗੁਰੂ ਦਾ ਨੂਰ ਤੱਕਣਾ, ਪਰ ਇਹ ਸਾਰਾ ਕੁਝ ਗ੍ਰਹਿਸਥ ਵਿੱਚ ਰਹਿ-ਰਹਿ ਕੇ ਸਾਰੇ ਕੰਮ ਕਰਦਿਆਂ, ਕਿਰਤ ਕਰਦਿਆਂ ਕਰਨਾ ਹੈ ।

ਡਾਢਾ ਔਖਾ ਕੰਮ ਹੈ ਨਾ ? ਬੇਸ਼ੱਕ ! ਪਰ ਗੁਰੂ ਨੇ ਇਸ ਗੱਲ ਦਾ ਵਿਸ਼ਵਾਸ ਦਿਵਾਇਆ ਹੈ ਕਿ ਜੇ ਕੋਈ 'ਢਹਿ ਪਵੇ', 'ਮਨ ਵੇਚੇ', 'ਸ਼ਰਨ ਆਵੇ', 'ਬੇਸਹਾਰਾ ਹੋ ਜਾਏ', ਤਾਂ ਉਹ ਕਰੋੜ ਪੈਂਡਾ ਚਲ ਕੇ ਆਪ ਲੈ ਜਾਏਗਾ ਤੇ ਇਹ ਸਭ ਕੁਝ ਆਪ ਕਰਵਾਏਗਾ, ਨਾਲ ਸੁਖ ਦੀ ਜ਼ਿੰਮੇਵਾਰੀ ਕਰੇਗਾ ।

ਹੁਣ ਆਓ, ਇਹ ਦੇਖੀਏ ਕਿ ਅਸੀਂ ਇਕ-ਦੂਜੇ ਦੀ ਕਿਵੇਂ ਮਦਦ ਕਰ ਸਕਦੇ ਹਾਂ । ਗੁਰੂ ਸਾਹਿਬ ਨੇ ਇਹ ਤਾਂ ਸਮਝਾ ਦਿੱਤਾ ਹੈ ਕਿ ਅਸੀਂ ਸਾਰੇ ਇਕ ਦੂਜੇ ਲਈ ਝੂਠੇ ਹਾਂ ਜਦ ਤਕ ਵਾਹਿਗੁਰੂ ਦਾ ਨਾਂ ਪੱਕਾ ਨਾ ਕਰ ਲਈਏ । ਜੋ ਮੇਰੀ ਸਮਝ ਵਿੱਚ ਆਉਂਦਾ ਹੈ, ਉਹ ਇਹ ਹੈ ਕਿ ਮੈਂ ਜੋ ਕੁਝ ਵੀ ਤੈਨੂੰ ਸੁਗਾਤ ਦੇ ਤੌਰ 'ਤੇ ਲੈ ਦੇਵਾਂ, ਨਾਸ਼ਵਾਨ ਹੈ ਅਤੇ ਜੋ ਕੁਝ ਤੇਰੀਆਂ ਲੋੜਾਂ ਹਨ, ਉਹ ਵਾਹਿਗੁਰੂ ਨੇ ਹਰ ਤਰ੍ਹਾਂ ਪੂਰੀਆਂ ਕਰ ਦਿੱਤੀਆਂ ਹਨ । ਮੇਰਾ ਤਾਂ ਇਹੋ ਤੋਹਫ਼ਾ ਹੈ, ਇਹੋ ਆਸੀਸ ਹੈ ਕਿ :

"ਇਕ ਨਿਮਖ ਵੀ ਤੈਨੂੰ ਵਾਹਿਗੁਰੂ ਨਾ ਵਿਸਰੇ ਤੇ ਹਮੇਸ਼ਾਂ ਉਸ ਦਾ ਜਾਪ ਕਰਦੀ ਰਹੇਂ ।"

ਤੂੰ ਸੋਚਦੀ ਹੋਵੇਂਗੀ ਕਿ ਪਾਪੇ ਨੂੰ ਕੀ ਹੋ ਗਿਆ ? ਕਈ ਕਿਸਮ ਦੀ ਸਿੱਖਿਆ, ਕਈ ਕਿਸਮ ਦੀਆਂ ਚੀਜ਼ਾਂ, ਬੜੀਆਂ ਹੈਰਾਨ ਕਰਨ ਵਾਲੀਆਂ ਬਣਾ ਕੇ ਦਿਆ ਕਰਦਾ ਸੀ । ਪਰ ਬੇਟਾ ਜੀ ! ਗੱਲ ਇਹ ਹੈ ਕਿ ਹੁਣ ਮੈਨੂੰ ਮਾਲਕ ਨੇ ਸਮਝਾ ਦਿੱਤਾ ਹੈ ਕਿ ਨਾਮ ਦੇ ਇਲਾਵਾ ਸਭ ਧੰਦੇ ਹਨ ਅਤੇ ਜੰਜਾਲ ਹਨ ।

ਵੇਖ ! ਤੂੰ ਹੁਣ ਬੀ.ਏ. ਕਰ ਬੈਠੀਂ ਹੈਂ, ਕਾਲਜ ਵਿੱਚੋਂ ਫ਼ਸਟ ਵੀ ਆ ਗਈ ਹੈਂ, ਪਰ ਇਸ ਪੜ੍ਹਾਈ ਦਾ ਮਨ ਦੇ ਰੋਗ ਕੱਟਣ ਨਾਲ ਕੋਈ ਸੰਬੰਧ ਨਹੀਂ । ਬਾਬਾ ਨੰਦ ਸਿੰਘ ਬਾਰੇ ਕਿਹਾ ਜਾਂਦਾ ਹੈ ਕਿ ਆਪ ਪਰਮਾਰਥ ਦੀ ਪੜ੍ਹਾਈ ਬਾਰੇ ਕਹਿੰਦੇ ਸਨ ਕਿ ਜਿੱਥੇ ਦੁਨੀਆਂ ਦੀਆਂ ਸਾਰੀਆਂ ਪੜ੍ਹਾਈਆਂ ਖ਼ਤਮ ਹੁੰਦੀਆਂ ਹਨ ਉੱਥੇ ਇਹ ਪੜ੍ਹਾਈ ਸ਼ੁਰੂ ਹੁੰਦੀ ਹੈ । ਮੇਰੇ ਨਾਲੋਂ ਹੁਣ ਵੀ ਤੂੰ ਵੱਧ ਸਿਆਣੀ ਹੋਵੇਂਗੀ, ਪਰ ਮੈਂ ਸੋਚਦਾ ਹਾਂ ਕਿ ਇਹ ਸਿਆਣਪ ਕਿਸ

ਕੰਮ ਜੋ ਆਪਣੇ ਮਨ ਦੀ ਸੋਝੀ ਨਾ ਕਰਵਾ ਸਕੇ ?

ਤੇਰੇ ਵਾਂਙ ਹੀ ਮੈਂ ਕਈਆਂ ਵਹਿਮਾਂ ਵਿੱਚੋਂ ਲੰਘਿਆ ਹਾਂ, ਜਿਵੇਂ ਕਿ—

੧. ਜੇ ਖ਼ਿਆਲ ਅੱਛੇ ਹੋਣ ਤਾਂ ਪਾਠ ਦੀ ਕੀ ਲੋੜ ਹੈ ?
੨. ਜੇ ਮਨ ਵਿੱਚ ਸਤਿਕਾਰ ਹੋਵੇ ਤਾਂ ਰੋਜ਼ ਸਤਿਸੰਗ ਕਰਨ ਦਾ ਕੀ ਲਾਭ ਹੈ ?
੩. 'ਵਾਹਿਗੁਰੂ' ਰਟਣ ਨਾਲ ਕੀ ਹੁੰਦਾ ਹੈ ?
੪. ਰਹਿਤਾਂ ਦਾ ਕੀ ਫ਼ਾਇਦਾ ਹੈ, ਜੇ ਸਿੱਖਾਂ ਵਾਲੀ ਰਹਿਣੀ ਨਾ ਹੋਵੇ ?
੫. ਗੁਰਦੁਆਰਿਆਂ ਵਿੱਚ ਲੜਾਈਆਂ ਝਗੜੇ ਹੀ ਹਨ, ਉੱਥੋਂ ਕੀ ਸਿੱਖਣਾ ਹੈ ?

ਕਿਉਂਕਿ ਮੇਰੇ ਗੁਰੂ ਨੇ ਸਮਰੱਥ ਪਿਤਾ ਵਾਂਙ, ਮੈਂ ਗ਼ਰੀਬ ਬਾਲਕ 'ਤੇ ਕਿਰਪਾ ਕਰਕੇ ਸਮਝਾਇਆ ਹੈ ਕਿ ਮੈਂ ਇਕ ਪੰਛੀ ਵਾਂਙ ਆਪਣੀ ਗੁਰੂ ਦੀ ਮੱਤ ਦੇ ਖੰਭਾਂ ਨਾਲ ਉੱਡ ਕੇ, ਆਪਣੀ ਚੁੰਝ ਤੇਰੀ ਚੁੰਝ ਵਿੱਚ ਪਾ ਕੇ ਗੁਰੂ ਦੇ ਸੰਦੇਸ਼ ਤੈਨੂੰ ਪਹੁੰਚਾ ਦਿੰਦਾ ਹਾਂ ।

(੧) ਪਾਠ ਕਰਨ ਜਾਂ ਨਾਮ ਜਪਣ ਤੋਂ ਰਹਿਤ ਚੰਗੇ ਕੰਮ ਕਰਨਾ 'ਆਕੜ' ਪੈਦਾ ਕਰਦੇ ਹਨ ਅਤੇ 'ਹਉਂ' ਵਿੱਚ ਹੋਈ ਚੰਗਿਆਈ ਲੋਕਾਂ ਨਾਲ ਨਫ਼ਰਤ ਪੈਦਾ ਕਰਦੀ ਹੈ ਤੇ ਹਉਂ ਨੂੰ ਪੱਠੇ ਪਾਉਣ ਲਈ ਹਰ ਵੇਲੇ ਆਦਮੀ ਆਪਣਾ ਮੁਕਾਬਲਾ ਉਨ੍ਹਾਂ ਨਾਲ ਕਰਦਾ ਹੈ ਜਿਨ੍ਹਾਂ ਨੂੰ ਉਹ ਭੈੜੇ ਕੰਮਾਂ ਵਾਲੇ ਸਮਝਦਾ ਹੈ । ਅਸਲ ਵਿੱਚ ਵਾਹਿਗੁਰੂ ਦਾ ਨਾਂ ਹੀ ਸਭ ਤੋਂ ਉੱਤਮ ਹੈ ਤੇ ਜਿਸ ਵਿੱਚ ਚੰਗੇ ਕੰਮ ਸੁਭਾਵਕ ਹੀ ਸ਼ਾਮਲ ਹਨ ।

(੨) ਮਨ ਦਾ ਸਤਿਕਾਰ ਚੰਗਾ ਹੈ, ਪਰ 'ਸਤਿਸੰਗ' ਇਕ ਐਸੀ ਅਵਸਥਾ ਹੈ ਜਿਸ ਨੂੰ ਪਾ ਕੇ ਆਦਮੀ 'ਆਪਣਾ-ਪਰਾਇਆ' ਦੀ ਸਮਝ ਗਵਾ ਸਕਦਾ ਹੈ ਅਤੇ ਇਹ ਗਵਾਏ ਬਗ਼ੈਰ ਗਤੀ ਬਿਲਕੁਲ ਨਹੀਂ; ਕਿਉਂਕਿ 'ਮਨ ਦਾ ਸਤਿਕਾਰ' ਸਾਧ ਸੰਗਤ ਵਿੱਚ ਜਾ ਕੇ ਗੁਰੂ ਦੀ ਸੇਵਾ ਕਰਕੇ ਆਪਣੀ ਮੈਲ ਧੋਤੇ ਬਿਨਾਂ, ਇਕ ਹੰਕਾਰ ਭਰਿਆ ਵਹਿਮ ਹੈ । ਸੇਵਾ ਹੀ ਨਿਮ੍ਰਤਾ ਪੈਦਾ ਕਰਦੀ ਹੈ ।

(੩) ਮੈਂ ਬਿਲਕੁਲ ਸਹਿਮਤ ਹਾਂ ਕਿ 'ਵਾਹਿਗੁਰੂ' ਰਟਣ ਨਾਲ ਕੁਝ ਨਹੀਂ ਹੁੰਦਾ, ਪਰ ਜੋ ਗੁਰੂ ਕਹਿੰਦਾ ਹੈ **'ਰਾਮ ਕਹਓ ਚਿਤ ਲਾਇ'** 'ਨਾਮ ਜਪਣਾ' ਹਜ਼ੂਰੀ ਤੋਂ ਬਗ਼ੈਰ ਅਤੇ ਗੁਰਮਤਿ ਦੀ ਕਸਵੱਟੀ 'ਤੇ ਚੱਲਣ ਦੀ ਕੋਸ਼ਿਸ਼ ਨਾ ਕਰਨਾ 'ਨਾਮ' ਹੈ ਹੀ ਨਹੀਂ । ਪਰ ਨਾਮ ਜਪਣ ਵਿੱਚ ਸ਼ਾਮਲ



ਹੈ ਕਿ 'ਵਾਹਿਗੁਰੂ' ਰਟਿਆ ਨਾ ਜਾਏ ਸਗੋਂ ਨਿਮਖ-ਨਿਮਖ ਹਜ਼ੂਰੀ ਵਿੱਚ ਗੁਰਮਤਿ ਧਾਰਨ ਕੀਤੀ ਜਾਏ ।

(੪) ਜਦੋਂ ਮੈਂ ਰਹਿਤਾਂ ਦੀ ਗੱਲ ਕਰਦਾ ਹਾਂ ਤਾਂ ਮੇਰਾ ਬਿਲਕੁਲ ਮਤਲਬ ਅੰਦਰਲੀਆਂ ਰਹਿਤਾਂ ਦਾ ਪਹਿਲਾਂ ਹੁੰਦਾ ਹੈ; ਕਿਉਂਕਿ ਸਿੱਖੀ ਭੇਖ, ਨਾ ਗੁਰੂ ਨੂੰ ਪਸੰਦ ਹੈ, ਨਾ ਲੋਕਾਂ ਨੂੰ, ਤੇ ਨਾ ਹੀ ਆਪਣੇ ਆਪ ਨੂੰ ਦਿੱਤਾ ਹੋਇਆ ਧੋਖਾ ਕਿਸੇ ਕੰਮ ਆਉਂਦਾ ਹੈ । ਪਰ ਜਦੋਂ ਗੁਰੂ ਰਹਿਮਤ ਕਰੇ ਅੰਦਰਲਾ ਜਗਾ ਦੇਵੇ ਤੇ ਮਨ ਵਿੱਚ ਨਿਮਰਤਾ ਤੇ ਪ੍ਰੇਮ ਦੀ ਭਾਵਨਾ ਪੈਦਾ ਕਰੇ ਤਾਂ ਅਤਿ ਨਿਮਾਣਾ ਬਣ ਕੇ, ਢੀਠ ਮੰਗਤਾ ਬਣ ਕੇ ਅੰਮ੍ਰਿਤ ਦਾਨ ਲੈਣ ਜਾਣਾ ਜ਼ਰੂਰੀ ਹੈ; ਪਰ ਉਦੋਂ ਜਦੋਂ ਇਹ ਰੀਝ ਹੋਵੇ ਕਿ ਸਿਰ ਗੁਰੂ ਨੂੰ ਵੇਚ ਦੇਣਾ ਹੈ ।

(੫) ਇਹ ਗੁਰੂ ਦੀ ਸ਼ਾਨ ਹੈ ਕਿ ਉਹ ਐਸੀ ਮੱਤ ਦਾ ਪ੍ਰਕਾਸ਼ ਕਰ ਦਿੰਦਾ ਹੈ ਕਿ ਅਸਾਂ ਗੁਰਦੁਆਰੇ ਦੀਆਂ ਲੜਾਈਆਂ ਵੱਲ ਥੋੜ੍ਹੀ ਤੱਕਣਾ ਹੈ, ਅਸਾਂ ਤਾਂ ਬਾਣੀ ਪੜ੍ਹਨੀ, ਸੁਣਨੀ, ਅਤੇ ਸੇਵਾ ਕਰਨੀ ਹੈ ਅਤੇ ਗੁਰਮਤਿ ਗਾਡੀ ਰਾਹ 'ਤੇ ਚੱਲਣ ਦੀ ਜਾਚ ਸਿੱਖਣੀ ਹੈ । ਲੋਕ ਕੀ ਕਰਦੇ ਹਨ ਇਹ ਨਹੀਂ ਤੱਕਣਾ । ਆਪਣਾ ਆਪ ਪਛਾਣਨ ਦੀ ਕੋਸ਼ਿਸ਼ ਕਰਨੀ ਹੈ, ਮਿਹਰ ਮੰਗ ਕੇ ਦੂਜਿਆਂ ਵੱਲ ਨਹੀਂ ਤੱਕਣਾ ।

ਇਕ ਵਾਰ ਫਿਰ ਇਹ ਦੱਸਣ ਦੀ ਕੋਸ਼ਿਸ਼ ਕਰਦਾ ਹਾਂ ਕਿ ਅਸਾਂ—ਵਾਹਿਗੁਰੂ ਦਾ ਜਾਪ ਕਿਉਂ ਕਰਨਾ ਹੈ । ਤੈਨੂੰ ਅੱਗੇ ਕਈ ਵਾਰ ਕਹਿ ਚੁੱਕਾ ਹਾਂ ਕਿ ਜਦ ਅਸੀਂ ਛੋਟੇ ਛੋਟੇ ਹੁੰਦੇ ਸਾਂ ਤਾਂ ਤੇਰੇ ਤਾਇਆ ਜੀ ਨੌਕਰੀਓਂ ਜਦ ਘਰ ਆਉਂਦੇ ਤਾਂ ਸਾਨੂੰ ਇਕ-ਇਕ ਆਨਾ ਦਿੰਦੇ । ਜਦੋਂ ਸਾਨੂੰ ਕਦੇ-ਕਦੇ ਇਕ ਪੈਸਾ ਹੀ ਮਿਲਦਾ ਸੀ ਅਸੀਂ ਉਨ੍ਹਾਂ ਦੇ ਅਗਲੀ ਵਾਰੀ ਆਉਣ ਤਕ ਉਨ੍ਹਾਂ ਦਾ ਨਾਂ ਹੀ ਯਾਦ ਕਰਦੇ ਰਹਿੰਦੇ ਸਾਂ । ਹੁਣ ਤੂੰ ਦੱਸ ਕਿ ਜਿਸ ਮਾਲਕ ਨੇ ਤੈਨੂੰ 'ਦੂਜੀ ਕੁੜੀ' ਹੁੰਦਿਆਂ ਹੋਇਆਂ ਵੀ ਮਾਣ ਦੁਆਇਆ, ਦੇਸ਼ਾਂ-ਵਿਦੇਸ਼ਾਂ ਵਿੱਚ ਘੁਮਾਇਆ, ਸੁਹਣੇ ਘਰਾਂ ਵਿੱਚ ਰੱਖਿਆ, ਹਰ ਜ਼ਰੂਰਤ ਪੂਰੀ ਕੀਤੀ ਅਤੇ ਜਿਸਮ ਦਾ ਇਕ-ਇਕ ਅੰਗ ਸਾਬਤ ਦਿੱਤਾ ਤੇ ਸਹੀ ਸਲਾਮਤ ਰੱਖਿਆ ਉਸ ਨੂੰ ਕਿਉਂ ਨਾ ਹਰ ਵੇਲੇ ਯਾਦ ਕਰੀਏ ?

ਮੈਂ ਤਾਂ ਹੁਣ ਮੂਰਖ ਹੋ ਚੁੱਕਾ ਹਾਂ ਅਤੇ ਮੇਰੇ ਮਨ ਦੀ ਹਰ ਡੂੰਘਾਈ ਇਹੋ ਕਹਿੰਦੀ ਹੈ ਕਿ ਇਸ ਮੂਰਖਤਾਈ ਵਿੱਚੋਂ ਮੈਨੂੰ ਮਾਲਕ ਕਦੇ ਨਾ ਕੱਢੇ । ਇਸ ਲਈ ਮੇਰਾ ਮਨ ਉਸੇ ਤਰ੍ਹਾਂ ਹੀ ਉਤਾਵਲਾ ਰਹਿੰਦਾ ਹੈ ਕਿ ਇਸ ਮੂਰਖਤਾਈ ਦਾ ਸੁਖ ਦੂਜਿਆਂ ਕੋਲ ਪਹੁੰਚਾਵਾਂ, ਜਿਵੇਂ ਤੂੰ **Picture** ਦੇਖਕੇ ਭੈਣ ਨੂੰ ਕਹਿੰਦੀ ਰਹਿੰਦੀ ਹੈ—ਜ਼ਰੂਰ ਦੇਖੀਂ ।

ਮੈਂ ਵੀ ਇਕ ਪਿਕਚਰ ਦੇਖੀ ਹੈ ਜਿਸ ਦੇ ਹਦਾਇਤਕਾਰ, ਪੇਸ਼ਕਾਰ ਕਲਾਕਾਰ, ਮਿਊਜ਼ਿਕ ਡਾਇਰੈਕਟਰ, ਆਦਿ ਗੁਰੂ ਨਾਨਕ ਸਾਹਿਬ ਹਨ । ਇਹ ਪਿਕਚਰ ਦੇਖਣ ਤੋਂ ਬਾਅਦ ਕਿਸੇ ਪਿਕਚਰ ਨੂੰ ਦੇਖਣ ਦਾ ਦਿਲ ਹੀ ਨਹੀਂ ਰਿਹਾ ਤੇ ਨਾ ਹੀ ਉਹਦੀ ਬਾਣੀ ਸੁਣਨ ਤੋਂ ਬਾਅਦ ਕਿਸੇ ਗਾਣੇ ਦੇ ਸੁਣਨ ਦੀ ਰੀਝ ਰਹਿ ਗਈ ਹੈ । ਮੈਂ ਚਾਹੁੰਦਾ ਹਾਂ ਕਿ ਸਾਰੇ ਇਹ ਪਿਕਚਰ ਤੱਕੋ ।

ਆਪਣੀ ਜਾਨ ਤੋਂ ਵੱਧ ਪਿਆਰ ਦੇ ਸਦਕੇ ਤੇ ਆਪਣੇ ਗੁਰੂ ਦੀ ਚਰਨ ਛੂਹ ਦੇ ਅਸਰ ਹੇਠਾਂ, ਇਹ ਯਕੀਨ ਨਾਲ ਕਹਿੰਦਾ ਹਾਂ ਕਿ ਬੇਟਾ, ਜਦੋਂ

(੧) ਹਰ ਕਮਰੇ ਦਾ ਹਰ ਇਕ **Air conditioner** ਦੀ ਮਨ ਦੀ ਭਟਕਣ ਬੰਦ ਨਹੀਂ ਕਰ ਸਕੇਗਾ ।

(੨) ਘਰ ਦੇ ਕਈ ਨੌਕਰ ਮਨ ਦੀ ਥਕਾਵਟ ਦੂਰ ਨਹੀਂ ਕਰ ਸਕਣਗੇ ।

(੩) ਕਈ ਤੇਜ਼ ਰਫ਼ਤਾਰ ਮੋਟਰਾਂ ਮਨ ਦੀ ਬੇਚੈਨੀ ਨਹੀਂ ਰੋਕ ਸਕਣਗੀਆਂ ।

(੪) ਹਰ ਇਕ ਮਿੱਤਰ ਝੂਠਾ ਸਾਬਤ ਹੋ ਜਾਏਗਾ ਤੇ ਜਦੋਂ,

(੫) ਘਰ ਵਿੱਚ ਕੋਈ ਵੀ ਕਲੇਸ਼ ਮਨ ਦਾ ਦੁੱਖ ਵਧਾਏਗਾ ਤਾਂ ਗੁਰੂ ਗ੍ਰੰਥ ਸਾਹਿਬ ਨੂੰ ਨਿਮਰਤਾ ਤੇ ਪ੍ਰੇਮ ਨਾਲ ਮੱਥਾ ਟੇਕ ਕੇ ਆਪਣਾ ਆਪ ਮਾਰ ਕੇ, ਇਸ ਆਸੀਸ ਨੂੰ ਪੜ੍ਹੇਂਗੀ ਤਾਂ ਗੁਰੂ ਸਾਹਿਬ ਆਪ ਤੇਰੀ ਹਰ ਤਕਲੀਫ਼ ਦੂਰ ਕਰਨਗੇ । ਸ਼ਰਤ ਇਹ ਹੈ ਕਿ ਅੱਗੋਂ ਤੋਂ ਗੁਰਮਤਿ ਨੂੰ ਪੱਕਾ ਕਰਨ ਵਾਲਾ ਬਣਾ ਲਵੇਂਗੀ ।



# ਜਵਾਨ ਬੱਚਿਆਂ ਤੇ ਮਾਤਾ-ਪਿਤਾ ਵਿੱਚ ਗੱਲਬਾਤ ਦੀ ਘਾਟ

# COMMUNICATION GAP

### ਆਪਣੀਆਂ ਜਵਾਨ ਬੱਚੀਆਂ ਨੂੰ ਇਕ ਪਿਤਾ ਦੀ ਜੀਵਨ-ਜਾਚ ਬਾਰੇ ਚਿੱਠੀ ।

ਇਹਨਾਂ ਬੱਚੀਆਂ ਬਾਰੇ ਕੁਝ ਅਰਜ਼ ਕਰਦਾ ਹਾਂ । ਇਕ ਬੱਚੀ ਐਮ.ਏ. ਅੰਗਰੇਜ਼ੀ ਕਰ ਚੁੱਕੀ ਹੈ, ਨਾਲੇ ਬਾਹਰਲੀ ਬੋਲੀ ਵਿੱਚ ਮਾਹਿਰ ਹੈ ਤੇ ਇਕ ਚੰਗੀ ਨੌਕਰੀ 'ਤੇ ਲੱਗੀ ਹੋਈ ਹੈ । ਦੂਜੀ ਬੱਚੀ ਬੀ.ਏ. ਕਰ ਚੁੱਕੀ ਹੈ ਤੇ ਆਪਣੀ ਭੈਣ ਵਾਂਙ ਇਕ ਚੰਗੀ ਨੌਕਰੀ 'ਤੇ ਲੱਗੀ ਹੋਈ ਹੈ । ਪਿਤਾ ਉਨ੍ਹਾਂ ਦੇ ਕਿਸੇ ਸਰਕਾਰੀ ਨੌਕਰੀ 'ਤੇ ਬਾਹਰ ਰਹਿੰਦੇ ਹਨ । ਗੁਰਸਿੱਖੀ ਮਾਰਗ 'ਤੇ ਚੱਲਣ ਦੇ ਸ਼ੌਕ ਨਾਲ ਆਪਣਾ ਤੇ ਆਪਣੇ ਬੱਚਿਆਂ ਦਾ ਧਿਆਨ ਗੁਰਸਿੱਖੀ ਕਮਾਈ ਵੱਲ ਲਿਆਉਣਾ ਚਾਹੁੰਦੇ ਰਹਿੰਦੇ ਹਨ । ਉਨ੍ਹਾਂ ਦਾ ਘਰ **Europe** (ਯੂਰਪ) ਦੇ ਇਕ **Capital** (ਰਾਜਧਾਨੀ) ਵਿੱਚ ਹੈ ਜਿੱਥੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਪ੍ਰਕਾਸ਼ ਹੈ । ਬੱਚੀਆਂ ਨੇ ਅੰਮ੍ਰਿਤ ਨਹੀਂ ਛਕਿਆ ਹੋਇਆ ਪਰ ਰੋਜ਼ ਸਵੇਰੇ ਜਪੁ ਜੀ ਸਾਹਿਬ ਦਾ ਪਾਠ ਤੇ ਅਰਦਾਸ ਕਰਕੇ ਕੰਮ 'ਤੇ ਜਾਂਦੀਆਂ ਹਨ । ਵੱਡੀ ਲੜਕੀ ਕੋਲ ਮੋਟਰ ਹੈ । ਦੋਨੋਂ ਬੱਚੀਆਂ ਦਸਵੰਧ ਕੱਢਦੀਆਂ ਹਨ ਤੇ ਰੋਜ਼ ਸ਼ਾਮ ਨੂੰ ਰਹਿਰਾਸ ਸਾਹਿਬ ਤੇ ਕੀਰਤਨ ਸੋਹਿਲਾ ਸਾਹਿਬ ਦਾ ਪਾਠ ਤੇ ਕੀਰਤਨ ਸਾਰਾ ਪਰਿਵਾਰ ਇਕੱਠਾ ਕਰਦਾ ਹੈ । ਉਨ੍ਹਾਂ ਦੇ ਪ੍ਰਕਾਸ਼ ਵਾਲੇ ਕਮਰੇ ਵਿੱਚ ਹੋਰ ਕਈ ਗੁਰਬਾਣੀ ਦੇ **Charts** (ਚਾਰਟ) ਦੇ ਇਲਾਵਾ ਲਿਖਿਆ ਹੈ **Ram, Allah, Waheguru Our Only Guide Friend,** ਨਾਲੇ **Truth out Weigh Everything** ਵੀ ਲਿਖਿਆ ਹੈ । ਗੁਰੂ ਸਾਹਿਬਾਨ ਦੀਆਂ ਤਸਵੀਰਾਂ ਦੇ ਇਲਾਵਾ ਇਕ ਫੋਟੋ **Christ** (ਹਜ਼ਰਤ ਈਸਾ) ਦੀ ਹੈ, ਇਕ ਮੱਕਾ ਮਦੀਨਾ ਦੀ ਹੈ ਤੇ ਕੁਝ ਹਿੰਦੀ ਵਿੱਚ ਲਿਖੇ "ਸੱਚ" ਦੇ ਬਾਰੇ ਸ਼ਬਦ ਹਨ । ਇਕ ਰਾਤ ਮੈਨੂੰ **Transit** (ਸਫ਼ਰ) ਵਿੱਚ ਰਹਿਣ ਦਾ ਮੌਕਾ ਮਿਲਿਆ ਸੀ ।

## ਮੇਰੀਓ ਰਾਣੀਓਂ, ਬੱਚੀਓ !

ਕੱਲ੍ਹ ਹੀ ਤੁਹਾਡੀ ਮੰਮੀ ਨੇ ਮੈਨੂੰ ਦੱਸਿਆ ਕਿ ਤੁਸੀਂ ਕਦੇ-ਕਦੇ ਯੂਰਪੀਨਾਂ ਵਾਂਙ ਕੱਪੜੇ ਪਾਉਣਾ ਚਾਹੁੰਦੀਆਂ ਹੋ ਪਰ ਇਸ ਖ਼ਿਆਲ ਨਾਲ ਕਿ

ਪਾਪੇ ਨੂੰ ਗੁੱਸਾ ਚੜ੍ਹੇਗਾ, ਤੁਸੀਂ ਨਹੀਂ ਪਾਉਂਦੀਆਂ । ਮੈਂ ਹੈਰਾਨ ਤਾਂ ਹੋਇਆ ਹੀ, ਪਰ ਮੇਰੇ ਮਨ ਵਿੱਚ ਇਕ ਅਜੀਬ ਵਿਚਾਰ ਉੱਠਿਆ, ਉਹ ਇਹ ਕਿ ਬਹੁਤ ਸਾਰੇ ਦੁੱਖ ਤੇ **Misunderstandings** (ਗ਼ਲਤ ਫ਼ਹਿਮੀਆਂ) ਨਿਕਲਦੇ ਹਨ, ਜਵਾਨ ਬੱਚਿਆਂ ਦੀ ਤੇ ਮਾਂ ਪਿਓ ਦੀ **Communication gap** (ਗੱਲ-ਬਾਤ ਦੀ ਘਾਟ) ਹੋਣ ਨਾਲ । ਮੈਂ ਸਾਫ਼-ਸਾਫ਼ ਕਹਿੰਦਾ ਹਾਂ ਕਿ ਮੈਨੂੰ ਬਿਲਕੁਲ ਕੋਈ ਇਤਰਾਜ਼ ਨਹੀਂ ਜੋ ਕੁਝ ਵੀ ਕਰੋ ਸਿਵਾਇ ਇਸ ਗੱਲ ਦੇ ਕਿ ਤੁਸੀਂ ਚੰਗੀ ਤਰ੍ਹਾਂ ਸੋਚ ਕੇ ਆਪਣੇ ਸੁਖ ਲਈ ਉਨ੍ਹਾਂ ਰਾਹਾਂ ਨੂੰ ਅਪਣਾਓ ਜਿਹੜੇ ਸਾਹਿਬ ਨਾਲ ਮੇਲੀ ਰੱਖਣ ਤੇ ਉਨ੍ਹਾਂ ਨੂੰ ਤਿਆਗੋ ਜਿਹੜੇ ਸਾਹਿਬ ਕੋਲੋਂ ਵਿਛੋੜਾ ਪਾਉਣ । ਇਸ ਦੇ ਨਾਲ ਹੋਰ ਗੱਲ ਇਹ ਹੈ ਕਿ ਕਦੇ ਵੀ ਮੈਨੂੰ ਚਾਅ ਨਹੀਂ ਕਿ ਮੈਂ ਤੁਹਾਡੇ 'ਤੇ ਆਪਣੇ **Views impose** ਕਰਾਂ, ਕਿਉਂਕਿ ਮੈਂ ਆਪ ਮੂਰਖ ਹਾਂ ਤੇ ਕੁਝ ਨਹੀਂ ਜਾਣਦਾ, ਕਿਸੇ ਨੂੰ ਕੀ ਸਮਝਾਵਾਂਗਾ । ਬੱਸ ਇਤਨਾ ਆਪਣੇ ਸੁਖ ਲਈ ਜਾਣਦਾ ਹਾਂ, ਕਿ ਜਿਸ ਨੂੰ, ਜਦੋਂ ਵੀ ਕਹਿਣ ਦਾ ਮੌਕਾ ਮਿਲੇ ਪੂਰਨ ਨਿਮਰਤਾ ਨਾਲ ਹੱਥ ਬੰਨ੍ਹ ਕਵ੍ਹਾਂ ਕਿ ਮੇਰੀ ਤੁੱਛ ਬੁੱਧ ਇਹ ਕਹਿੰਦੀ ਹੈ: ਕੋਈ ਅਪਨਾਏ ਵਾਹ-ਵਾਹ, ਕੋਈ ਨਾ ਅਪਨਾਏ ਵਾਹ-ਵਾਹ, ਕਿਉਂਕਿ ਜਦੋਂ ਸਭ ਕੁਝ ਸਾਹਿਬ ਦੀ ਰਹਿਮਤ 'ਤੇ ਨਿਰਭਰ ਹੈ ਤਾਂ ਮੈਂ ਕੌਣ ਹਾਂ ਚੰਗਾ-ਮਾੜਾ ਕਹਿਣ ਵਾਲਾ, ਠੀਕ-ਗ਼ਲਤ ਕਹਿਣ ਵਾਲਾ ਜਾਂ, ਦੂਜਿਆਂ ਦੇ ਨੁਕਸ ਦੇਖਣ ਵਾਲਾ ।

ਇਹ ਚਿੱਠੀ ਲਿਖਣ ਲਈ ਪ੍ਰੇਰਨਾ ਅੱਜ ਅੰਮ੍ਰਿਤ ਵੇਲੇ ਮਿਲੀ ਜਦੋਂ ਅਜੇ ਮੈਂ ਬਿਸਤਰੇ 'ਤੇ ਹੀ ਪਲਸੇਟੇ ਮਾਰ ਰਿਹਾ ਸੀ । ਖ਼ਿਆਲ ਆਇਆ ਕਿ **Directly** (ਸਿੱਧੀ) ਗੱਲ-ਬਾਤ ਨਾ ਕਰਨ ਨਾਲ ਤੇ ਕੇਵਲ ਆਪਣੇ ਮਨ ਦਾ ਖ਼ਿਆਲ ਕਿਸੇ ਵੀ ਵਜ੍ਹਾ ਕਰਕੇ ਬਣਾਉਣ ਨਾਲ ਅਸੀਂ ਕੁਝ **Suppose** (ਫ਼ਰਜ਼) ਕਰ ਲੈਂਦੇ ਹਾਂ ਜਿਹੜਾ ਪੂਰਾ ਠੀਕ ਨਹੀਂ ਹੁੰਦਾ । ਆਪ ਅੱਛੀ ਤਰ੍ਹਾਂ ਜਾਣਦੇ ਹੋ ਕਿ ਜਲਾਲਤ ਭਰੀ ਜ਼ਿੰਦਗੀ ਮੈਂ ਆਪ ਕੱਟੀ ਹੈ ਤੇ ਜਦੋਂ ਸਾਹਿਬਾਂ ਨੇ ਕਿਰਪਾ ਕਰਕੇ ਸਕੂਲ ਪਾਇਆ ਤੇ ਮੇਰੇ ਮਨ ਵਿੱਚ ਰੀਝ ਇਹ ਹੋਈ ਕਿ ਜਿਵੇਂ ਹਮੇਸ਼ਾਂ ਤੁਹਾਡੇ ਸੁਖ ਲਈ ਕੋਈ ਵੀ ਚੀਜ਼ ਮੈਂ **Share** ਕਰਦਾ ਸੀ ਇਸ ਸਕੂਲ ਦਾ **Syllabus** ਵੀ **Share** ਕਰਦਾ ਰਹਾਂ । ਉਸ **Syllabus** ਨੂੰ ਫੇਰ ਦੁਹਰਾਉਂਦਾ ਹਾਂ, ਪਰ ਕਹਿਣ ਦਾ ਮਤਲਬ ਇਹ ਨਹੀਂ ਕਿ ਇਹ ਮੇਰੀ **Imposition** (ਧੱਕੇ ਨਾਲ ਮੜ੍ਹਨਾ) ਹੈ ਜਾਂ ਇਹ ਤੁਹਾਨੂੰ ਜ਼ਰੂਰ ਕਰਨਾ ਪਵੇਗਾ । ਮੇਰੇ ਮਨ ਵਿੱਚ ਨਾ ਰਿਵਾਜਨ ਗੁਰਦੁਆਰੇ ਮੰਦਰਾਂ ਵਿੱਚ ਜਾਣ ਨਾਲ, ਨਾ ਦਾਨੀ ਭਗਤ ਅਖਵਾਉਣ ਨਾਲ, ਸਿੱਖੀ ਦਾ ਡੂੰਘਾ ਵਾਸਤਾ



ਹੈ । ਇਹ ਗੱਲਾਂ ਕੇਵਲ ਹਰ ਇਕ ਦਾ ਮਨ ਆਪਣੇ ਆਪ ਨਾਲ ਸਲਾਹ ਕਰਕੇ ਵਿਚਾਰ ਸਕਦਾ ਹੈ ਸਿੱਖ ਬਣਨ ਲਈ (ਨਾਲੇ, ਮੈਂ ਸਿੱਖ ਤੋਂ ਭਾਵ **Definitely** ਕੇਵਲ ਇਕ ਪਗੜੀ ਦਾੜ੍ਹੀ ਵਾਲੇ ਆਦਮੀ ਦਾ ਨਹੀਂ ਲੈਂਦਾ) ਕੀ ਜ਼ਰੂਰੀ ਹੈ ਤੇ ਕੀ ਨਹੀਂ । ਮੇਰੇ ਲਈ ਸਿੱਖ ਦਾ ਮਤਲਬ ਪੂਰਾ ਇਨਸਾਨ ਹੈ ਜਿਹੜਾ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਗੁਰੂ ਗ੍ਰੰਥ ਸਾਹਿਬ ਦੀ ਮੱਤ ਲੈ ਕੇ ਆਪਣਾ ਮਨ ਹੇਠਲੀ ਸਿੱਖਿਆ ਨਾਲ ਮਾਂਜੇ :

(੧) ਸੱਚ ਦਾ "ਵਿਉਪਾਰ" ਕਰੇ ਤੇ ਉਸ ਦਾ ਵਿਉਹਾਰ ਹਮੇਸ਼ਾਂ ਸੱਚਾ ਹੋਣਾ ਚਾਹੀਦਾ ।
(੨) ਸਭ ਨਾਲ ਪਿਆਰ ਕਰੇ ਤੇ ਨਫ਼ਰਤ ਦਾ ਬੂਟਾ ਪੁੱਟਣਾ ਚਾਹੀਦਾ ।
(੩) ਸਵਾਸ-ਸਵਾਸ ਵਾਹਿਗੁਰੂ ਨਾਲ ਜੁੜ ਕੇ ਵਾਹਿਗੁਰੂ ਦੀ ਰਜ਼ਾ ਮੰਨਣਾ ਕਬੂਲੇ ।
(੪) ਵਾਹਿਗੁਰੂ ਦੇ ਚਰਨਾਂ ਵਿੱਚ ਪੂਰਨ ਤੌਰ 'ਤੇ ਮਨ ਵੇਚ ਦੇਵੇ ਤੇ ਉਸ ਦਾ ਸਦਕਾ ਸਭ ਦੀ ਚਰਨਧੂੜ ਬਣਨਾ ਚਾਹੇ ।
(੫) ਕਦੇ ਕਿਸੇ ਨੂੰ ਭੈੜਾ ਨਾ ਆਖੇ ।
(੬) ਕਦੇ ਪਰਾਈ ਇਸਤਰੀ-ਮਰਦ ਨਾਲ **Illegitimate** (ਨਾਜਾਇਜ਼ ਤਅੱਲਕਾਤ) ਵਾਸਤਾ ਨਾ ਰੱਖੇ ।
(੭) ਦਸਵੰਧ ਹਮੇਸ਼ਾਂ ਕੱਢੇ ।
(੮) ਹਰ ਹਾਲਤ ਵਿੱਚ ਨਿਮਰਤਾ ਨਾਲ ਵਰਤੇ ।
(੯) ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਚੜੇਲਾਂ ਨਾਲ ਹਰ ਘੜੀ ਜੰਗ ਕਰੇ ।
(੧੦) ਸਭ ਦੀ ਸੇਵਾ ਬਗੈਰ ਜਤਾਏ ਤੇ ਬਗੈਰ ਵਿਤਕਰੇ ਦੇ ਕਰੇ ।
(੧੧) ਹਮੇਸ਼ਾਂ ਮਿੱਠਾ ਬੋਲੇ ।
(੧੨) ਕਦੇ ਨਿੰਦਾ ਨਾ ਕਰੇ ਤੇ ਨਾ ਸੁਣੇ ।
(੧੩) ਪਰਾਏ ਧਨ ਨੂੰ ਜ਼ਹਿਰ ਸਮਝੇ ।
(੧੪) ਕਦੇ ਕਿਸੇ ਧਰਮ ਨੂੰ ਜਾਂ ਧਰਮੀ ਆਗੂ ਨੂੰ ਸਿੱਖੀ ਧਰਮ ਨਾਲੋਂ ਮਾੜਾ ਨਾ ਸਮਝੇ ।
(੧੫) ਬਗੈਰ ਵਿਤਕਰੇ ਦੇ ਸੱਚ ਦੀ ਭਾਲ ਕਰਨ ਵਾਲਿਆਂ 'ਤੇ ਆਪਣੀ ਵਡਿਆਈ ਦਾ ਰੋਹਬ ਨਾ ਪਾਵੇ ।

ਆਪ ਦੇਖੋਗੇ ਕਿ ਮੈਂ ਕਿਤੇ ਵੀ ਕੋਈ ਗੱਲ ਭੇਸ ਦੀ ਜਾਂ ਰੀਤਾਂ ਦੀ, ਜਾਂ ਹੋਰ ਧਰਮੀ ਰਿਵਾਜਾਂ ਦੀ ਨਹੀਂ ਕੀਤੀ । ਸਗੋਂ ਮੇਰਾ ਵਿਸ਼ਵਾਸ ਹੈ ਕਿ

"ਸੱਚ" ਦੀ ਪੜ੍ਹਾਈ ਪਹਿਲੀ ਗੱਲ ਕੇਵਲ ਬਖ਼ਸ਼ਿਸ਼, ਦੂਜੀ ਗੱਲ ਭਾਂਡਾ ਮਾਂਜਣ ਦੀ ਹੈ । ਜਦੋਂ ਭਾਂਡਾ ਸੱਚਮੁੱਚ ਮਾਂਜਿਆ ਜਾਏ ਤਾਂ ਕਿਸੇ ਦੀ ਕਹਿਣ ਦੀ ਲੋੜ ਨਹੀਂ ਹੁੰਦੀ, ਸੁੱਚੇ ਭਾਂਡੇ ਨੂੰ "ਸੱਚ" ਦੀ ਲੋੜ ਹੁੰਦੀ ਹੈ ਕਿਉਂਕਿ ਗ਼ੰਦ ਤੇ ਮੈਲ ਕੱਢ ਚੁੱਕਣ ਦੇ ਬਾਅਦ ਉਹ ਵਿੱਚੋਂ ਖੁੱਲ੍ਹਾ ਹੁੰਦਾ ਹੈ । ਇਹ ਖੁੱਲ੍ਹਾਪਨ ਜਿਹੜਾ ਸੁੱਚੇ ਜੀਵਨ ਦੇ ਲੋਕਾਂ ਨੂੰ ਵੀ ਲੋੜ ਮਹਿਸੂਸ ਕਰਵਾਉਂਦਾ ਹੈ ਕਿ ਕਿਸੇ ਗੁਰੂ ਦੀ ਮਿਹਰ ਹੋਵੇ ਤਾਂ ਉਸ ਦੀ ਘਾਲ ਥਾਏਂ ਪਵੇ । ਗੁਰੂ ਅੰਗਦ ਦੇਵ ਸਾਹਿਬ ਨੂੰ (ਜਦੋਂ ਉਹ ਭਾਈ ਲਹਿਣਾ ਜੀ ਸਨ) ਗੁਰੂ ਅਮਰ ਦਾਸ ਸਾਹਿਬ ਨੂੰ (ਜਦੋਂ ਉਹ ਖ਼ਾਲੀ ਭਾਈ ਅਮਰ ਜੀ ਸਨ) ਇਸ ਗੁਰੂ ਮਿਹਰ ਦੀ ਲੋੜ ਪਈ ਤੇ ਗੁਰੂ ਨਾਨਕ ਸਾਹਿਬ ਨੇ ਤੇ ਫੇਰ ਗੁਰੂ ਅੰਗਦ ਸਾਹਿਬ ਨੇ ਘਾਲਾਂ ਥਾਏਂ ਪਾਈਆਂ । ਬਦਕਿਸਮਤੀ ਸਾਡੀ ਕਿ ਅਸੀਂ ਅਜੇ ਤਕ "ਗੁਰੂ ਦੀ ਲੋੜ" ਨੂੰ ਮਹਿਸੂਸ ਨਹੀਂ ਕੀਤਾ—ਤੇ ਜੇ ਕੀਤਾ ਹੈ ਤਾਂ ਗੁਰੂ ਅੱਗੇ ਮਿਟਣਾ ਤੇ "ਤਨ, ਮਨ, ਧਨ" ਅਰਪਣ ਕਰਨ ਦੀ ਥਾਂ ਆਪ ਨਿਰਣੇ ਕਰਨ ਦੀ ਚਤੁਰਾਈ ਜਤਾਉਂਦੇ ਹਾਂ ਕਿ ਕਿਹੜਾ ਹੁਕਮ ਗੁਰੂ ਦਾ ਠੀਕ ਹੈ ਤੇ ਕਿਹੜਾ ਗ਼ਲਤ ਹੈ । ਇਹ ਨੁਕਸ ਬੱਚਿਆਂ ਵਿੱਚ ਨਹੀਂ ਸਗੋਂ ਅਸੀਂ ਜਿਹੜੇ ਧਰਮੀ ਸਿੱਖ ਬਣਦੇ ਫਿਰਦੇ ਹਾਂ, ਉਨ੍ਹਾਂ ਵਿੱਚ ਹੈ । ਅਸੀਂ ਝੱਟ-ਪਟ ਕਹਿੰਦੇ ਹਾਂ, "ਅੰਮ੍ਰਿਤ ਛਕੋ" ਤੇ ਗੁਰੂ ਗੋਬਿੰਦ ਸਿੰਘ ਦੇ ਹੋ ਜਾਉ । ਸਾਡੇ ਵਰਗੇ ਅੰਮ੍ਰਿਤਧਾਰੀ ਬਗੈਰ ਤਿਆਰੀ ਦੇ ਰੀਤ ਨਿਭਾਉਣ ਵਾਲੇ "ਸੱਚ" ਤੋਂ ਦੂਰ ਹੋਣ ਕਰਕੇ ਆਪਣੇ ਆਪ ਨੂੰ ਹੀ ਧੋਖਾ ਨਹੀਂ ਦੇ ਰਹੇ, ਸਗੋਂ ਜਵਾਨ ਪਨੀਰੀ ਨੂੰ ਧਰਮ ਤੋਂ ਨਫ਼ਰਤ ਕਰਨ ਲਈ ਪ੍ਰੇਰ ਰਹੇ ਹਨ । ਇਸ ਦਾ ਮਤਲਬ ਨਹੀਂ ਕਿ ਆਦਮੀ ਇਹ ਸੋਚ ਕੇ ਬਹਿ ਜਾਏ ਕਿ ਲੋਕੀਂ ਚੰਗੇ ਨਹੀਂ, ਇਸ ਲਈ ਮੈਂ ਵੀ ਚੰਗਾ ਨਹੀਂ ਬਣਨਾ; ਤਾਂ ਜਦ ਫ਼ੈਸਲਾ ਹੋ ਗਿਆ ਕਿ ਸਾਡੇ ਲਈ ਕੋਈ ਵੀ ਭੈੜਾ ਨਹੀਂ ਤਾਂ, ਅਸੀਂ ਸਾਹਿਬਾਂ ਦੇ ਦਰ 'ਤੇ ਪਹੁੰਚ ਗਏ ।

ਆਪ ਨੂੰ ਯਾਦ ਹੋਏਗਾ ਕਿ ਭਾਵੇਂ ਸਾਡੇ ਘਰ ਹਮੇਸ਼ਾਂ ਸਾਹਿਬਾਂ ਨੇ ਰਹਿਮਤ ਨਾਲ **Morality** (ਨੈਤਿਕਤਾ) ਤੇ ਚੰਗੇ ਪਾਸੇ ਦੇ ਜੀਵਨ ਦਾ ਪ੍ਰਭਾਵ ਪਾਈ ਰੱਖਿਆ ਸੀ ਪਰ ਸਾਡੇ ਵਿੱਚ ਆਕੜ ਦੀ ਭਾਵਨਾ, ਲੋਕਾਂ ਨਾਲ ਮੁਕਾਬਲਾ ਕਰਨ ਦਾ ਮਾਣ ਤੇ ਸਾਹਿਬਾਂ ਦੀ ਮਤਿ ਨੂੰ ਭੁੱਲ ਕੇ ਵੈਰ ਕਰਨ ਦਾ ਜਨੂੰਨ ਵੀ ਚੜ੍ਹਦਾ ਸੀ । ਮੈਂ ੪੦ ਸਾਲ ਤਾਂ ਵਾਹਿਗੁਰੂ ਨੂੰ ਕੇਵਲ ਚੰਗੇ ਕਰਮਾਂ ਦਾ ਅਮਲ ਸਮਝ ਕੇ ਆਪਣੀ "ਹਉਂ" ਵਿੱਚ ਰਿਹਾ ਕਿ ਮੈਂ ਚੰਗੇ ਕੰਮਾਂ ਵਿੱਚ ਲੱਗਾ ਰਹਿੰਦਾ ਹਾਂ । ਫੇਰ ਸਾਹਿਬਾਂ ਨੇ ਅਪਾਰ ਕਿਰਪਾ ਕਰਕੇ ਸਮਝਾਇਆ ਕਿ "ਨਾਮ" ਬਿਨਾਂ ਸਭ ਕੁਝ ਸਵਾਹ ਹੈ । ਇਸ ਦੇ ਬਾਅਦ ਵੀ ਦੋ ਸਾਲ



"ਅੰਮ੍ਰਿਤ ਤੋਂ ਜਾਂ ਗੁਰੂ ਅੱਗੇ ਸਿਰ ਵੇਚਣ ਦੇ ਪ੍ਰਣ ਤੋਂ" ਦੂਰ ਰਿਹਾ । ਇਸ ਲਈ ਮੈਂ ਕਦੇ ਵੀ ਤੁਹਾਨੂੰ ਨਾ ਮਜਬੂਰ ਕਰਦਾ ਹਾਂ, ਨਾ **Impose** ਕਰਦਾ ਹਾਂ । ਮੈਂ ਸਮਝਦਾ ਹਾਂ ਕਿ ਸਾਹਿਬ ਆਪ ਜ਼ਰੂਰ ਕਿਰਪਾ ਕਰਕੇ ਓਹੁ ਕਰਨਗੇ ਤੇ ਕਰਵਾਉਣਗੇ ਜੋ ਸਾਡੇ ਲਈ ਸਭ ਤੋਂ ਚੰਗਾ ਹੈ । ਤੁਹਾਡਾ ਸੁਭਾਗ ਹੈ, ਮੇਰਾ ਸੁਭਾਗ ਹੈ ਕਿ ਆਪ ਵੀ ਇਸ ਵਿੱਚ ਯਕੀਨ ਰੱਖਦੇ ਹੋ ।

ਹੁਣ ਸਵਾਲ ਰਹਿ ਗਿਆ ਮੇਰੀ "ਪਿਤਾ ਦੀ **Duty**" ਦਾ । ਜਦੋਂ ਦੇ ਤੁਸੀਂ ਹੋਸ਼ ਵਿੱਚ ਆਏ ਹੋ ਅਸਾਂ ਹਮੇਸ਼ਾਂ ਇਹ ਸਮਝਿਆ ਹੈ ਕਿ ਅਸੀਂ ਮਿੱਤਰ ਹਾਂ ਤੇ ਮੈਨੂੰ ਯਕੀਨ ਰਿਹਾ ਹੈ ਕਿ ਤੁਸੀਂ ਖੁੱਲ੍ਹ ਕੇ ਜੋ ਗੱਲ ਕਰਨਾ ਚਾਹੋ ਮੇਰੇ ਨਾਲ ਕਰ ਸਕਦੀਆਂ ਹੋ । ਪਰ ਸਾਹਿਬਾਂ ਦੀ ਰਹਿਮਤ ਨੇ, ਮੇਰੇ ਕਈ ਰਾਹ ਬਦਲ ਦਿੱਤੇ ਹਨ ਜਿਨ੍ਹਾਂ ਦਾ **distinct** (ਸਪੱਸ਼ਟ) ਫ਼ਾਇਦਾ ਸਾਨੂੰ ਸਾਰਿਆਂ ਨੂੰ ਹੋਇਆ ਹੈ । "ਉਲਟੀ" ਮੱਤ ਹੋਣ ਕਰਕੇ **Naturally** (ਕੁਦਰਤੀ ਤੌਰ ਪਰ) ਹੁਣ ਉਹ ਕਈ ਗੱਲਾਂ ਵਿੱਚ ਮੈਨੂੰ ਬਿਲਕੁਲ **interest** (ਦਿਲਚਸਪੀ) ਨਹੀਂ ਜਿਨ੍ਹਾਂ ਵਿੱਚ ਤੁਹਾਡੀ ਉਮਰ ਉੱਤੇ, ਤੇ ਅੱਗੋਂ ਬਹੁਤ ਚਿਰ ਤਕ ਵੀ ਹੁੰਦਾ ਸੀ । ਪਰ ਮੈਂ ਪੂਰੀ ਤਰ੍ਹਾਂ ਸਮਝਦਾ ਹਾਂ ਕਿ ਜਿੰਨਾ ਚਿਰ ਤੁਹਾਨੂੰ ਆਪ **Clearly** (ਖੁੱਲ੍ਹ-ਮਖੁੱਲ੍ਹਾ) ਨਹੀਂ ਸਮਝ ਆਉਂਦਾ 'ਤੇ **Practical life** (ਅਮਲੀ ਜੀਵਨ) ਵਿੱਚ ਮੇਰਾ ਆਪਣਾ ਹੱਠ ਗੁਰਮਤਿ 'ਤੇ ਪਹਿਲਾਂ ਪਰਪੱਕ ਨਹੀਂ ਹੁੰਦਾ, ਮੇਰਾ **Impose** ਕਰਨਾ ਜਾਂ **Expect** (ਉਮੀਦ) ਕਰਨਾ ਕਿ ਤੁਸੀਂ ਪੂਰੀ ਗੁਰਮਤਿ 'ਤੇ ਚੱਲੋ, ਮੇਰੇ ਹੰਕਾਰ ਦਾ ਪ੍ਰਤੀਕ ਹੈ । ਇਹ ਤਾਂ ਮੈਂ ਸਮਝਦਾ ਹਾਂ ਮੇਰਾ ਹੱਕ ਹੈ ਕਿ ਆਪ ਨੂੰ ਚੰਗੀ ਤਰ੍ਹਾਂ ਪਿਆਰ ਨਾਲ ਜੋ ਮੈਨੂੰ ਸਮਝ ਆਉਂਦੀ ਹੈ, ਕਵ੍ਹਾਂ ਤੇ ਫੇਰ ਛੋੜ ਦੇਵਾਂ ਤੁਹਾਡੀ ਆਪਣੀ ਸਮਝ 'ਤੇ । ਪਰ ਇਹ ਜ਼ਰੂਰੀ ਹੈ ਕਿ ਮੇਰੇ ਨਾਲ ਕੋਈ ਗੱਲ ਕਰਨ ਤੋਂ ਆਪ ਬਿਲਕੁਲ ਨਾ ਝੱਕੋ, ਨਾ ਗੁੱਸੇ ਜਾਂ ਰੋਸ ਤੋਂ ਡਰੋ । ਸਾਹਿਬਾਂ ਨੇ ਐਸੀ ਸਮਝ ਪਾਈ ਹੈ ਕਿ ਆਪਣੇ ਨਾਲ ਨਾ **Agree** (ਸਹਿਮਤ) ਕਰਨ ਵਾਲਿਆਂ ਲਈ ਵੀ ਕੇਵਲ ਪਿਆਰ ਹੀ ਬਖ਼ਸ਼ਿਆ ਹੈ । ਮੈਨੂੰ ਯਕੀਨ ਹੈ ਕਿ ਹੁਣ ਮੈਂ ਤੁਹਾਨੂੰ ਅੱਗੇ ਨਾਲੋਂ ਬਹੁਤ ਵੱਧ ਪਿਆਰ ਕਰਦਾ ਹਾਂ ਭਾਵੇਂ ਕਈ ਵਾਰ ਕਈ ਗੱਲਾਂ 'ਤੇ ਅਸੀਂ ਸਹਿਮਤ ਨਹੀਂ ਹਾਂ; ਪਰ ਸਾਹਿਬਾਂ ਦੀ ਕਿਰਪਾ ਹੋਰ ਇਹ ਹੈ ਕਿ ਆਪ ਦੋਨੋਂ ਬਹੁਤ ਕਰਕੇ ਸਾਹਿਬਾਂ ਦੇ ਰਾਹ ਵੱਲ ਚੱਲਦੀਆਂ ਹੋ । ਮੇਰੀ ਸਮਝ ਇਹ ਕਹਿੰਦੀ ਹੈ ਸਿੱਖਾਂ ਨੂੰ ਸਿਰ ਦੇ ਵਾਲ ਨਹੀਂ ਕੱਟਣੇ ਚਾਹੀਦੇ ਭਾਵੇਂ ਅੰਮ੍ਰਿਤ ਅਜੇ ਨਾ ਵੀ ਛਕਿਆ ਹੋਵੇ,

ਕੇਵਲ ਇਸ ਲਈ ਨਹੀਂ ਕਿ ਇਹ **Religious** (ਧਾਰਮਿਕ) ਬੰਦਸ਼ ਹੈ ਸਗੋਂ ਆਪਣੀ **Self imposed** (ਆਪ ਮੜ੍ਹੀ) '**ਬੰਦਸ਼ ਬੰਦੇ ਸੇ ਜੇ ਪਵੇ ਵਿੱਚ ਬੰਦੀ**' ਵਾਲੀ ਵੀ ਹੈ । ਫੇਰ ਜਦੋਂ ਸਾਹਿਬ ਭਾਂਡਾ ਮੰਜਵਾਉਣ ਵਿੱਚ ਮਦਦ ਕਰਨ, ਤੇ ਸਮਝਾਉਣ ਆਏ ਕਿ ਗੁਰੂ ਦੀ ਲੋੜ ਹੈ ਤਾਂ ਆਪਣੇ ਆਪ ਹੀ ਹੋਰ ਕਈ ਬੰਦਸ਼ਾਂ ਪਾਉਣ 'ਤੇ ਜੀ ਕਰੇਗਾ । ਮੈਂ ਤਾਂ ਕੁਝ ਵੀ ਕਿਸੇ ਨੂੰ ਕਰਨ ਲਈ ਮਜਬੂਰ ਨਹੀਂ ਕਰਦਾ, ਜਾਣਦਾ ਹਾਂ ਕਿ ਸਾਹਿਬਾਂ ਦੀ ਬਖ਼ਸ਼ਿਸ਼ ਬਗੈਰ ਕੋਈ ਕੁਝ ਨਹੀਂ ਕਰਦਾ, ਫੇਰ ਸਾਹਿਬਾਂ ਦੀ ਬਖ਼ਸ਼ਿਸ਼ ਬਗੈਰ ਕੋਈ ਜੇ ਕੁਝ ਪਹਿਲਾਂ ਮਿਹਰ ਨਾਲ ਪਾਵੇ ਵੀ—ਤਾਂ ਕਾਇਮ ਨਹੀਂ ਰੱਖ ਸਕਦਾ, ਜਿਸ ਦਾ ਮਤਲਬ ਹੈ ਕਿ ਇਹ ਪੜ੍ਹਾਈ ਹੈ ੨੪ ਘੰਟੇ ਦੀ, ਹਰ ਪਲ, ਹਰ ਘੜੀ ਦੀ, ਤੇ ਸਾਰੀ ਉਮਰ ਦੀ । ਇਮਤਿਹਾਨ ਕਿਸੇ ਵੇਲੇ, ਕਿਸੇ ਘੜੀ ਤੇ ਪਾਸ ਹੋਣ ਲਈ ਨੰ: ੧੦੦% । ਇਹੋ ਵਜ੍ਹਾ ਹੈ ਕਿ ਮੈਂ ਅਤਿ ਸ਼ਰਮ ਨਾਲ ਕਹਿੰਦਾ ਹਾਂ ਕਿ ਮੈਂ ਸਿੱਖ ਬਣਨਾ ਤਾਂ ਕਿਤੇ ਰਿਹਾ ਅਜੇ ਇਕ ਕੱਚੀ ਦੀ ਜਮਾਤ ਦਾ ਅਭਿਆਸੀ ਵੀ ਨਹੀਂ ਬਣਿਆ ਤੇ ਹਮੇਸ਼ਾਂ ਵੱਡੀਆਂ-ਵੱਡੀਆਂ ਗ਼ਲਤੀਆਂ ਤੇ ਕ੍ਰੋਧ ਦੇ ਅਸਰ ਹੇਠ ਆਪਣੇ ਗੁਰੂ ਦੀ ਬਖ਼ਸ਼ਿਸ਼ ਗੁਆ ਲੈਂਦਾ ਹਾਂ ਆਪ ਅੱਗੇ ਹੱਥ ਜੋੜਦਾ ਹਾਂ । ਮੇਰੇ ਲਈ ਵੀ ਅਰਦਾਸ ਕਰੋ ਕਿ ਸਾਹਿਬ ਮੈਨੂੰ ਸੁਮੱਤ ਬਖ਼ਸ਼ੇ ।

ਜੇ ਆਪ, ਕੁਝ ਕੁ ਗੱਲਾਂ ਨਾਲ ਕਈ ਕਿਸਮ ਦੀਆਂ **Interpretation** (ਅਰਥ ਨਿਰਣਾ) ਮੇਰੇ ਖ਼ਿਆਲਾਂ ਦੀਆਂ ਆਪੇ ਹੀ ਬਣਾ ਲਵੋਗੇ ਤਾਂ, ਇਕ ਤਾਂ **Communication Gap** ਵਧੇਗਾ, ਦੂਜੇ ਗ਼ਲਤ ਸਮਝ ਵਿੱਚ ਗ਼ਲਤ ਖ਼ਿਆਲਾਂ ਦੀ ਤਹਿ ਬੈਠੀ ਰਹੇਗੀ, ਜਿਸ ਨਾਲ ਗ਼ਲਤ **Reaction** (ਪ੍ਰਤੀਕਿਰਿਆ) ਹੋਣਗੇ । ਕੀ ਇਹ ਸਭ ਤੋਂ ਵੱਧ ਚੰਗਾ ਨਹੀਂ ਕਿ ਆਪ ਪੂਰੀ ਨਿਡਰਤਾ ਨਾਲ ਆਪਣੇ ਪੂਰੇ ਖ਼ਿਆਲ ਜ਼ਰੂਰ ਮੇਰੇ ਨਾਲ **Share** (ਅਦਲਾ-ਬਦਲੀ) ਕਰੋ । ਮੈਂ ਕਈ ਵਾਰ ਕਹਿ ਚੁੱਕਾ ਹਾਂ ਤੇ ਫੇਰ ਕਹਿੰਦਾ ਹਾਂ ਕਿ ਆਪਣੀ ਸਮਝ ਮੁਤਾਬਕ, ਜੋ ਠੀਕ ਦਿੱਸੇਗਾ ਕਹਾਂਗਾ; ਪਰ ਜੇ ਸਾਹਿਬ ਦੀ ਰਹਿਮਤ ਰਹੇ ਤਾਂ **Impose** ਨਹੀਂ ਕਰਾਂਗਾ, ਨਾ ਕਰਨ ਦੀ ਕੋਸ਼ਿਸ਼ ਕਰਾਂਗਾ, ਨਾ ਨਾਰਾਜ਼ ਹੋਵਾਂਗਾ । ਕੇਵਲ **Insistence** (ਜ਼ੋਰ) ਨਾਲ ਦੱਸਾਂਗਾ ਕਿ ਮੇਰੀ ਸਮਝ ਵਿੱਚ ਇਹ ਚੀਜ਼ ਜਾਂ ਉਹ ਚੀਜ਼ ਤੁਹਾਡੇ **Interest** (ਲਾਭ) ਵਿੱਚ ਹੈ । ਕਦੇ ਮੈਂ ਫੈਸ਼ਨ ਦੇ ਬਹੁਤ ਹੱਕ ਵਿੱਚ ਹੁੰਦਾ ਸੀ, ਬਲਕਿ ਇਸ ਨੂੰ ਤਰੱਕੀ ਦੀ ਨਿਸ਼ਾਨੀ ਸਮਝਦਾ ਸੀ ।



**ਹੁਣ ਵੀ ਇਸ ਨੂੰ ਭੈੜਾ ਨਹੀਂ ਕਹਿੰਦਾ । ਪਰ** ਹੁਣ ਇਹ ਸਮਝਦਾ ਹਾਂ ਕਿ ਇਸ ਤੋਂ ਹੋਰ ਬਹੁਤ ਚੀਜ਼ਾਂ ਜ਼ਿਆਦਾ ਚੰਗੀਆਂ ਹਨ । ਲੇਕਿਨ ਤੁਹਾਨੂੰ ਮਨ੍ਹਾ ਬਿਲਕੁਲ ਨਹੀਂ ਕਰਦਾ । ਇਸ ਲਈ ਕਿ ਹੁਣ ਮੈਂ ਜੋ ਕੁਝ ਸਮਝਦਾ ਹਾਂ, ਉਹ ਤੁਸੀਂ ਅਪਨਾਉ । ਸਗੋਂ ਹੁਣ ਵੀ ਮੈਂ ਸਮਝਦਾ ਹਾਂ ਕਿ ਜੇ ਸਾਹਿਬਾਂ ਦੇ ਚਰਨਾਂ ਵਿੱਚ ਰਹਿ ਕੇ ਕੋਈ ਮਨ ਵੇਚ ਸਕੇ ਤਾਂ ਜੋ ਮਰਜ਼ੀ ਕਰੇ । ਗੁਰੂ ਅਰਜਨ ਸਾਹਿਬ ਦੀ ਛੇਵੀਂ ਅਸ਼ਟਪਦੀ ਸੁਖਮਨੀ ਸਾਹਿਬ ਵਿੱਚ ਇਸ ਦੀ ਪ੍ਰਵਾਨਗੀ ਸਮਝਦਾ ਹਾਂ, ਜ਼ਰੂਰੀ ਗੱਲ ਇਹ ਨਹੀਂ ਕਿ ਫ਼ੈਸ਼ਨ ਚੰਗਾ ਹੈ ਜਾਂ ਮਾੜਾ । ਜ਼ਰੂਰੀ ਗੱਲ ਇਹ ਹੈ **Priority fashion** (ਪਹਿਲ ਫ਼ੈਸ਼ਨ) ਦੀ ਹੈ ਜਾਂ ਸਾਹਿਬਾਂ ਦੇ "ਸੱਚ" ਦੀ । "ਸੱਚ" ਹਮੇਸ਼ਾਂ ਰਹਿਣਾ ਵਾਲਾ ਹੈ ਫ਼ੈਸ਼ਨ ਘੜੀ-ਘੜੀ ਬਦਲਦਾ ਹੈ । ਇਸ ਲਈ ਇਸ ਦੀ **Value definitely** (ਕੀਮਤ ਸੱਚਮੁੱਚ) ਕੋਈ ਖ਼ਾਸ ਨਹੀਂ । ਜਿਹੜਾ ਇਹ ਸਮਝ ਕੇ ਤੇ ਸੱਚ ਵਿੱਚ ਵਾਸਾ ਕਰਕੇ ਫ਼ੈਸ਼ਨ ਕਰਦਾ ਹੈ, ਉਹ ਬੇਸ਼ੱਕ ਕਰੇ । ਪਰ ਜ਼ਰੂਰੀ ਗੱਲ ਇਹ ਹੈ ਕਿ ਸੱਚ ਵਿੱਚ ਰਚਣ ਨਾਲ **Fashion** (ਫ਼ੈਸ਼ਨ) ਆਪ ਹੀ ਛੱਡ ਜਾਏਗਾ । ਇਸ ਲਈ ਜਦੋਂ ਸਾਹਿਬਾਂ ਨੇ ਸਾਨੂੰ ਖੋਲ੍ਹ ਕੇ ਠੀਕ ਹਾਲਤ ਦੱਸ ਦਿੱਤੀ ਹੈ, ਤਾਂ ਮੈਂ ਜਾਣਦਾ ਹਾਂ ਕਿ ਉਨ੍ਹਾਂ ਦੀ ਮਿਹਰ ਨਾਲ ਆਪ ਜ਼ਰੂਰ ਆਪਣੇ ਆਪ ਠੀਕ ਰਾਹ ਲੱਭ ਲਓਗੀਆਂ । **Naturally** (ਕੁਦਰਤੀ) ਜੇ ਸਾਹਿਬਾਂ ਨੂੰ ਭਾਵੇ, ਤਾਂ ਜਦ ਸਾਹਿਬ ਸਾਡਾ ਸਮਰੱਥ ਹੈ, ਤਾਂ ਮੈਨੂੰ ਕਾਹਦਾ ਫ਼ਿਕਰ ? ਇਤਨੀ ਗੱਲ ਜ਼ਰੂਰ ਕਹਿੰਦਾ ਹਾਂ ਕਿ ਮਨ ਵਿੱਚ ਪੱਕਾ ਧਾਰ ਲੈਣਾ ਚਾਹੀਦਾ ਹੈ ਕਿ ਕੋਈ ਚੀਜ਼ ਆਪਣੇ ਆਪ "ਠੀਕ" ਜਾਂ ਸੱਚ ਨਹੀਂ ਹੋ ਜਾਂਦੀ ਜੇ ਬਹੁਤ ਲੋਕ ਕਰਨ; ਜਿਵੇਂ :

(੧) ਝੂਠ, ਨਿੰਦਾ, ਚੁਗ਼ਲੀ, ਅਕ੍ਰਿਤਘਣਤਾ ਆਦਿ ਬਹੁਤ ਲੋਕ ਕਰਦੇ ਹਨ, ਇਸ ਕਰਕੇ ਇਹ ਚੀਜ਼ਾਂ ਠੀਕ ਨਹੀਂ ਬਣ ਗਈਆਂ ।

(੨) **Tax evasion** (ਟੈਕਸਾਂ ਦੀ ਚੋਰੀ) ਤਕਰੀਬਨ ਸਾਰੇ ਹੀ ਬਹੁਤ ਵੱਡੇ-ਵੱਡੇ ਵਿਉਪਾਰੀ ਕਰਦੇ ਨੇ, ਪਰ ਇਸ ਲਈ ਇਸ ਨੂੰ ਠੀਕ ਤਾਂ ਨਹੀਂ ਕਿਹਾ ਜਾਂਦਾ ।

(੩) ਬਹੁਤ ਲੋਕ ਰਿਸ਼ਵਤ ਖਾਂਦੇ ਹਨ, ਪਰ ਰਿਸ਼ਵਤ ਖਾਣਾ ਠੀਕ ਨਹੀਂ ਹੋ ਜਾਂਦਾ । ਆਪਣੇ ਮਨ ਨੂੰ ਸੱਚ 'ਤੇ ਪਰਖ ਕੇ ਜੋ ਕੁਝ ਕਰੋ, ਠੀਕ ਹੈ । ਆਖ਼ਰੀ ਗੱਲ, ਸਾਡਾ ਆਪਸ ਵਿੱਚ ਵੈਰ ਨਹੀਂ, ਵਿਰੋਧ ਨਹੀਂ । ਤੁਹਾਡਾ ਆਸ਼ਾ "ਸੁਖ" ਹੈ ਮੇਰਾ ਆਸ਼ਾ ਕਰੋੜ ਗੁਣਾਂ ਪੱਕਾ ਹੈ, "ਤੁਹਾਡਾ ਸੁਖ" । ਇਸ ਲਈ ਇਕੋ ਆਸ਼ੇ 'ਤੇ ਚੱਲਦਿਆਂ ਜੇ ਆਪਣੇ ਖ਼ਿਆਲਾਂ ਵਿੱਚ ਫ਼ਰਕ

ਲੱਗੇ ਤਾਂ ਸਾਡਾ ਸਾਹਿਬ ਹੀ ਦੱਸ ਸਕਦਾ ਹੈ ਠੀਕ ਜਾਂ ਗ਼ਲਤ ਕੀ ਹੈ ? ਆਓ ਉਸ ਦੇ ਚਰਨਾਂ ਵਿੱਚ ਰਹੀਏ, ਢੀਠ ਬਣ ਕੇ ਦਾਨ ਮੰਗੀਏ, ਸਾਹਿਬ ਜ਼ਰੂਰ ਕਿਰਪਾ ਕਰਕੇ ਰੋਸ਼ਨੀ ਬਖ਼ਸ਼ਣਗੇ । **Meanwhile** (ਥੋੜ੍ਹੇ ਸਮੇਂ ਲਈ) ਇਸ ਤਰ੍ਹਾਂ ਕਹੀਏ—'**ਹਮ ਨਹੀ ਚੰਗੇ ਬੁਰਾ ਨਹੀਂ ਕੋਇ...॥**' ਤੁਸੀਂ ਤਾਂ ਹੁਣ ਮੇਰੇ ਗੁਰੂ ਦੇ ਹੁਕਮ ਮੁਤਾਬਕ ਮੇਰੇ ਤੋਂ ਉੱਚੇ ਹੋ, ਮੇਰਾ ਕੰਮ ਸਾਹਿਬ ਨੇ ਬਣਾਇਆ ਹੈ, ਸਭ ਦੀ ਚਰਨਧੂੜ ਬਣਨਾ, ਆਪਸ ਤੋਂ ਸਭ ਨੂੰ ਉੱਚਾ ਜਾਣਨਾ । **Fortunately** (ਕਿਸਮਤ ਨਾਲ) ਉਸ ਨੇ ਇਹ ਨਹੀਂ ਕਿਹਾ ਕਿ ਆਪਣੇ ਬੱਚੇ ਜਾਂ ਪਤਨੀ "ਸਭ" ਵਿੱਚੋਂ ਬਾਹਰ ਹਨ । ਇਸ ਲਈ ਮੈਨੂੰ ਮਾਣ ਹੈ ਤੁਹਾਡੇ ਚਰਨਾਂ ਵਿੱਚ ਰਹਿਣ ਦਾ । ਮੇਰੇ ਲਈ ਅਰਦਾਸ ਕਰੋ ਕਿ ਮੈਂ ਆਪਣੇ ਗੁਰੂ ਦੇ ਆਖੇ ਲੱਗ ਸਕਾਂ । ਜਦੋਂ ਉਹਦੇ ਹੁਕਮਾਂ ਤੋਂ ਫਿਰਾਂ, ਮੇਰੇ ਗ਼ਰੀਬ ਨਾਲ ਖ਼ਿਮਾ ਦਾ ਵਰਤਾਰਾ ਕਰੋ ।

ਤੁਹਾਡਾ ਦਾਸਨ ਦਾਸ ਨੌਕਰ

## ਮੇਰੇ ਵੱਲੋਂ

ਇਹ ਚਿੱਠੀ ਬੱਚਿਆਂ ਨੂੰ ਮੈਂ ਆਪ ਦੱਸੀ ਤੇ ਨਾਲੇ ਇਹ ਕਿਹਾ ਕਿ ਉਨ੍ਹਾਂ ਦੇ ਪਿਤਾ ਕਈ ਵਾਰ ਉਨ੍ਹਾਂ ਨੂੰ ਪੋਥੀਆਂ 'ਚੋਂ ਸਾਖੀਆਂ ਪੜ੍ਹ ਕੇ ਸੁਣਾਉਂਦੇ ਹਨ ਤੇ **Exhort** ਕਰਦੇ ਹਨ ਕਿ ਜਿਨ੍ਹਾਂ ਮਹਾਂਪੁਰਸ਼ਾਂ ਦੇ ਜੀਵਨ ਅਸੀਂ ਪੜ੍ਹਦੇ ਹਾਂ, ਉਨ੍ਹਾਂ ਦੇ ਅਸੂਲਾਂ 'ਤੇ ਚੱਲਣਾ ਜ਼ਰੂਰੀ ਹੈ । ਮੇਰੀ ਵੀ ਅਰਦਾਸ ਹੈ ਸਾਹਿਬ ਐਸੇ ਪਰਿਵਾਰ 'ਤੇ ਕਿਰਪਾ ਕਰੇ ਤੇ ਮੈਂ ਵੀ ਉਨ੍ਹਾਂ ਦੇ ਪੈਰਾਂ ਦੇ ਸਦਕਾ ਤਰ ਜਾਵਾਂ ।

ਜਦੋਂ ਪਰਿਵਾਰ ਤੋਂ ਵਿਦਾ ਹੋਣ ਲੱਗਾ ਤਾਂ ਮੇਰੇ **Calculating Mind** (ਹਿਸਾਬੀ ਮਨ) ਨੇ ਝਿਜਕਦਿਆਂ-ਝਿਜਕਦਿਆਂ ਬੱਚੀਆਂ ਦੇ ਪਿਤਾ ਕੋਲੋਂ ਪਹਿਲਾਂ ਆਗਿਆ ਲੈ ਕੇ, ਇਕ ਗੱਲ ਪੁੱਛੀ । ਮੈਂ ਕਿਹਾ ਮੇਰੀਆਂ ਬੱਚੀਆਂ ਜਦੋਂ ਵਿਆਹੁਣ ਯੋਗ ਸਨ ਤਾਂ ਮੈਨੂੰ ਨੀਂਦਰ ਨਹੀਂ ਸੀ ਪੈਂਦੀ, ਮੇਰੀ ਬੀਵੀ ਮੈਨੂੰ ਖਾਣ ਨੂੰ ਪੈਂਦੀ ਸੀ, ਮੈਂ ਦਰ-ਦਰ ਰੁਲ-ਰੁਲ ਕੇ ਉਨ੍ਹਾਂ ਦੇ ਸਾਕ ਢੂੰਡਦਾ ਸੀ—ਚੇਤੇ ਕਰ ਵਿਆਹ ਦੀ ਗੱਲ, ਮਨ ਖ਼ਰਾਬ ਹੋ ਰਿਹਾ ਸੀ—ਪਰ ਆਪ ਨੂੰ ਚਿੰਤਾ ਨਹੀਂ ਜਾਂ ਆਪ ਇਨ੍ਹਾਂ ਦੇ ਵਿਆਹ ਦਾ ਕੁਝ ਪ੍ਰਬੰਧ ਕਿਉਂ ਨਹੀਂ ਕਰਦੇ । ਖਿੜ-ਖਿੜਾ ਕੇ ਹੱਸ ਪਏ । ਕਹਿਣ ਲੱਗੇ ਠੀਕ ਤੇਰੇ ਵਰਗਾ ਹਾਲ ਮੇਰਾ ਹੋਣਾ ਹੀ ਸੀ ਜੇ ਮੈਂ ਗੁਰੂ ਗ੍ਰੰਥ ਸਾਹਿਬ ਨੂੰ ਇਕ ਰੁਮਾਲੇ ਹੇਠਾਂ ਕੱਜੀ ਹੋਈ ਕਿਤਾਬ ਹੀ ਸਮਝਦਾ; ਪਰ ਮੈਨੂੰ ਪਤਾ ਹੈ ਕਿ ਇਹ ਮੇਰਾ ਪ੍ਰਤੱਖ



ਖ਼ੁਦਾ ਹੈ, ਗੁਰੂ ਹੈ, ਪਿਤਾ ਹੈ, ਮਾਤਾ ਹੈ, ਸੱਜਣ ਹੈ, ਭਰਾ ਹੈ, ਬੇਲੀ ਹੈ, ਸਭ ਕੁਝ ਹੈ । ਮੈਨੂੰ ਕਾਹਦੀ ਚਿੰਤਾ । ਚਿੰਤਾ, ਪਿਆਰਿਆਂ ਵੱਡਿਆਂ ਨੂੰ ਹੁੰਦੀ ਹੈ, ਵੱਡੇ ਬੈਠੇ ਹਨ ਆਪੇ ਸੋਚਣ—ਤੇ ਮੇਰਾ ਵੱਡਾ ਨਾ ਮਰਦਾ ਹੈ ਨਾ ਜੰਮਦਾ ਹੈ, ਪੂਰਨ ਸਮਰੱਥ ਹੈ ।

ਮੇਰਾ ਮੂੰਹ ਫੱਕ ਹੋ ਗਿਆ ਪਰ ਉਹ ਹੱਸੀ ਜਾ ਰਹੇ ਸਨ । ਮੈਂ ਤਾਂ ਚੋਰੀ-ਚੋਰੀ ਬੱਚਿਆਂ ਨਾਲ ਗੱਲਾਂ ਕਰਕੇ ਹਿਸਾਬ ਲਾ ਲਿਆ ਸੀ ਕਿ ਵੱਡੀ ੨੫ ਸਾਲ ਦੀ ਹੈ ਤੇ ਛੋਟੀ ੨੦ ਸਾਲ ਦੀ; ਪਰ ਮੇਰਾ ਹੱਥ ਪਿਆਰ ਨਾਲ ਪਕੜ ਕੇ ਉਹ ਬੋਲੇ—ਮੈਂ ਹੈ ਹੀ ਕੀ ਹਾਂ? ਇਕ ਕੀੜਾ ਤੇ ਫੇਰ ਕੀੜਾ ਕੀ ਕਰ ਸਕਦਾ ਹੈ । ਜੋ ਗੁਰੂ ਨੂੰ ਭਾਵੇ, ਜਦੋਂ ਭਾਵੇ, ਠੀਕ ਹੈ । ਪਾਲਿਆ ਗੁਰੂ ਨੇ, ਪੜ੍ਹਾਇਆ ਗੁਰੂ ਨੇ, ਮੋਟਰਾਂ ਦਿੱਤੀਆਂ ਗੁਰੂ ਨੇ, ਨੌਕਰੀਆਂ ਲਵਾਈਆਂ ਗੁਰੂ ਨੇ ਤੇ ਜੇ ਅਜੇ ਉਸ ਵਿਆਹ ਨਹੀਂ ਕਰਾਏ ਤਾਂ ਇਸ ਵਿੱਚ ਜ਼ਰੂਰ ਕੋਈ ਬਿਹਤਰੀ ਹੈ; ਪਰ ਸੁਣ ਮੇਰੀ ਗੱਲ, ਮੈਨੂੰ ਇਕ ਮਹਾਂਪੁਰਸ਼ ਨੇ ਦਿੱਲੀ ਕਿਹਾ ਸੀ ਕਿ ਸਾਦਾ ਵਿਆਹ ਨਾ ਕਰਨ ਵਾਲੇ ਨੂੰ ੧੪ ਸਾਲ ਦੀ ਸਜ਼ਾ ਹੋਣੀ ਚਾਹੀਦੀ ਹੈ । ਮੈਂ ਤਾਂ ਕੀੜਾ ਹਾਂ, ਮੈਂ ਹੱਥ ਬੰਨ੍ਹ ਕੇ ਗੁਰੂ ਅੱਗੇ ਖਲੋ ਗਿਆ, ਕਿਹਾ ਪਾਤਿਸ਼ਾਹ ਮੈਂ ੧੪ ਸਾਲ ਕੈਦ ਨਹੀਂ ਕੱਟਣੀ, ਮੈਂ ਤਾਂ ਤੇਰੀ ਕੈਦ ਵਿੱਚ ਰਹਿਣਾ ਹੈ; ਜਿਹੜਾ ਵੀ ਇਨ੍ਹਾਂ ਬੱਚੀਆਂ ਨਾਲ ਵਿਆਹ ਕਰੇਗਾ, ਉਹ ਕੇਵਲ ਆਪਣੀ **Family** (ਮਾਂ-ਪਿਓ, ਭੈਣ-ਭਰਾ) ਨਾਲ ਸਾਹਿਬਾਂ ਦੇ ਚਰਨਾਂ ਵਿੱਚ ਆਏਗਾ ਤੇ ਕੇਵਲ ਬੱਚੀਆਂ ਤੇ ਅਸੀਂ ਮਾਤਾ-ਪਿਤਾ, ਇਕੱਠੇ ਬਹਿ ਕੇ ਅਨੰਦ ਕਾਰਜ ਦੀ ਮਿਹਰ ਮੰਗ ਲਵਾਂਗੇ । ਅਡੰਬਰ ਮੈਂ ਨਹੀਓਂ ਰਚਣੇ ਅੱਗੋਂ ਜਿਵੇਂ ਤੇਰੀ ਰਜ਼ਾ । ਹਾਂ, ਪਿਆਰਿਆ ਹੁਣ ਸਾਹਿਬ ਨੂੰ ਫ਼ਿਕਰ ਹੋਊ । ਮੈਨੂੰ ਇਕੋ ਫ਼ਿਕਰ ਹੈ ਕਿ ਕਿਸੇ ਤਰ੍ਹਾਂ ਸਾਹਿਬਾਂ ਦਾ ਲੜ ਆਪਣੇ ਗੁਨਾਹਾਂ ਕਰ ਕੇ ਨਾ ਛੁੱਟ ਜਾਏ । ਇਕ ਹੋਰ ਫ਼ਿਕਰ ਹੈ ਕਿ ਬੱਚੀਆਂ ਨੂੰ ਵੀ ਸਾਹਿਬ ਇਕ ਪਲ ਨਾ ਭੁੱਲੇ । ਸਾਹਿਬ ਆਪ ਜ਼ਰੂਰ ਹਰ ਚੀਜ਼ ਉਨ੍ਹਾਂ ਦੇ ਹੱਕ ਵਿੱਚ ਕਰਨਗੇ । ਮੇਰੇ ਅੱਥਰੂ ਗਿਰੇ, ਪਤਾ ਨਹੀਂ, ਖ਼ੁਸ਼ੀ ਵਿੱਚ ਜਾਂ ਸ਼ਾਇਦ ਉਸ ਮੂਰਖ ਦੀ ਮੂਰਖ਼ਤਾਈ ਉੱਤੇ ।

# ਅਸਾਂ ਭਿ ਓਥੈ ਜਾਣਾ

ਅੱਜ ਮੇਰੇ ਮਨ ਵਿੱਚ ਵਿਚਾਰ ਆਇਆ ਕਿ ਮੈਂ ਸਤਿਸੰਗ ਕਰਾਂ। ਕੋਈ ਥਾਂ ਨਹੀਂ, ਕੋਈ ਗੁਰਮੁੱਖ ਗੁਰਸਿੱਖ ਵੀਰ ਮੇਰਾ ਜਾਣੂ ਨਹੀਂ। ਕਰਤੂਤਾਂ ਮੇਰੀਆਂ ਡਾਢੀਆਂ ਕਾਲੀਆਂ ਹਨ। ਇਸ ਲਈ ਜੋ ਸੱਚੇ ਸੁੱਚੇ ਪੁਰਖ ਹੈਨ ਵੀ ਤਾਂ ਮੈਨੂੰ ਨਹੀਂ ਲੱਭਦੇ, ਕਿਉਂਕਿ ਮੈਂ ਕਾਲੇ ਦਿਲ ਵਾਲਾ ਸਭ ਵਿੱਚ ਕਾਲਖ ਹੀ ਦੇਖਦਾ ਹਾਂ।

ਖ਼ੈਰ, ਇਕ ਪਾਗਲ ਜਿਹੇ ਸਿੱਖ ਨੂੰ ਟੈਲੀਫ਼ੋਨ ਕੀਤਾ ਕਿ ਜੇ ਆਪ ਕੁਝ ਖ਼ਾਲੀ ਹੋ ਤਾਂ ਮੈਂ ਰਾਹ ਵਿੱਚ ਆਪ ਨੂੰ ਮਿਲ ਜਾਵਾਂ ਤੇ ਇਕ ਦੋ ਘੰਟੇ ਵਾਹਿਗੁਰੂ ਨੂੰ ਯਾਦ ਕਰੀਏ। ਮਿਥੇ ਥਾਂ 'ਤੇ ਮੈਂ ਉਨ੍ਹਾਂ ਨੂੰ ਮਿਲਿਆ। ਮਿਲਦਿਆਂ ਸਾਰ ਉਨ੍ਹਾਂ "ਧੰਨਭਾਗ" ਆਖਿਆ; ਕਹਿਣ ਲੱਗੇ ਅੱਜ ਗ਼ਰੀਬ ਨੂੰ ਯਾਦ ਕੀਤਾ ਜੇ, ਸ਼ੁਕਰ ਹੈ ਕੋਈ ਸਤਿਸੰਗ ਦੀ ਗੱਲ ਸੁਣਾਦਾ ਹੈ। ਜਦ ਮੈਂ ਉਨ੍ਹਾਂ ਦੇ ਪੈਰਾਂ ਵੱਲ ਹੱਥ ਲੈ ਜਾਣ ਲੱਗਾ ਤਾਂ ਕਹਿਣ ਲੱਗੇ, ਇਵੇਂ ਜ਼ਲੀਲ ਨ ਕਰੋ ਤੇ ਨਾ ਹੀ ਵਕਤ ਜ਼ਾਇਆ ਕਰੀਏ, ਸਾਹਿਬਾਂ ਦੀ ਸਿਫ਼ਤ ਸਲਾਹ ਕਰੀਏ, ਸਾਹਿਬਾਂ ਦੇ ਗੁਣ ਗਾ ਕੇ ਸੀਤਲਤਾ ਪੈਦਾ ਕਰੀਏ। ਮੈਂ ਆਪਣੀ ਨਿਮਰਤਾ ਦਾ ਪਖੰਡ ਚਾ ਦੱਸਿਆ—ਮੈਂ ਕਿਹਾ, "ਮੇਰੇ ਤਾਂ ਸਾਹਿਬ ਆਪ ਹੀ ਹੋ ਤੇ ਮੈਂ ਆਪ ਨੂੰ ਹੀ ਸਭ ਕੁਝ ਮੰਨਦਾ ਹਾਂ।" ਉਨ੍ਹਾਂ ਬੜੇ ਪਿਆਰ ਨਾਲ ਜਵਾਬ ਦਿੱਤਾ ਕਿ ਇਸੇ ਲਈ ਮੈਂ ਆਪ ਨੂੰ ਮਿਲਣੋਂ ਬਹੁਤ ਡਰਦਾ ਹਾਂ, ਕਿਉਂਕਿ ਆਪ ਮੇਰੇ ਸਿਰ ਸੁਆਹ ਪਾਣ ਲੱਗ ਜਾਂਦੇ ਹੋ। ਵਡਿਆਈ ਸਾਰੀ ਦੀ ਸਾਰੀ ਕੇਵਲ ਮਾਲਕ ਦੀ ਹੈ ਤੇ ਜੇ ਆਪ ਸਮਝਦੇ ਹੋ ਕਿ ਮੇਰਾ ਕੋਈ ਕੰਮ ਚੰਗਾ ਹੈ ਤਾਂ ਉਹ ਜ਼ਰੂਰ ਸਾਹਿਬਾਂ ਨੇ ਆਪ ਕਿਰਪਾ ਕਰਕੇ ਕਰਵਾ ਲਿਆ ਹੋਣਾ ਹੈ। ਮੈਨੂੰ ਤਾਂ ਜ਼ਰਾ ਵੀ ਅਕਲ ਨਹੀਂ।

ਮੈਂ ਪਖੰਡ ਜ਼ਰਾ ਢਿੱਲਾ ਕੀਤਾ ਤਾਂ ਉਨ੍ਹਾਂ ਬੜੇ ਖੇੜੇ ਵਿੱਚ ਕਿਹਾ, "ਆਓ ਤੁਹਾਨੂੰ ਕਮਾਲ ਦੀ ਬਖ਼ਸ਼ਿਸ਼ ਵਾਲੀ ਗੱਲ ਦੱਸਾਂ ਕਮਾਈਆਂ ਵਾਲਿਆਂ ਦੀ। ਹੁਣੇ-ਹੁਣੇ ਹੀ ਚਿੱਠੀ ਆਈ ਹੈ ਮੇਰੇ ਰਿਸ਼ਤੇਦਾਰਾਂ ਦੀ, ਜਿਸ ਵਿੱਚ ਲਿਖਿਆ ਹੈ ਕਿ ਉਨ੍ਹਾਂ ਦੇ ਪਿਤਾ ਤੇ ਮੇਰੇ ਬਹੁਤ ਨਜ਼ਦੀਕੀ ਸੰਬੰਧੀ ਚਲਾਣਾ ਕਰ ਗਏ ਹਨ। ਰਜ਼ਾ ਤੇ ਭਾਣੇ ਵਾਲੀ ਚਿੱਠੀ ਹੈ ਬਗੈਰ ਦੁਖ ਦੇ ਇਜ਼ਹਾਰ ਦੇ ਤੇ ਰੱਬ ਨੂੰ ਕੋਸਣ ਦੇ। ਲਿਖਿਆ ਸੀ, 'ਜਿਵੇਂ ਕਿ ਸਾਹਿਬਾਂ ਦਾ ਧੁਰਾਂ ਦਾ ਹੁਕਮ ਸੀ, ਸਾਡੇ ਪਿਤਾ ਚਲਾਣਾ ਕਰ ਗਏ ਹਨ। ਅਖੰਡ ਪਾਠ ਸਾਹਿਬ ਦਾ



ਫਲਾਣੇ ਦਿਨ ਭੋਗ ਪਵੇਗਾ। ਵਾਹੁ ਤੇਰੀ ਰਜ਼ਾ। ਆਪ ਜੀ ਸਾਨੂੰ ਗੁਰਬਾਣੀ ਦੇ ਆਧਾਰ 'ਤੇ ਸੁਮੱਤ ਤੇ ਸਿੱਖਿਆ ਬਖਸ਼ਣਾ।'

ਮੈਂ ਦੁਨਿਆਵੀ ਕੂਕਰ, ਮਾਇਆ ਦੇ ਗਲੇਫਿਆਂ ਵਿੱਚ ਰੁਝਿਆ ਹੋਇਆ ਬਾਹਰੋਂ ਸਿੱਖ ਅਖਵਾਉਣ ਵਾਲਾ ਚੋਰ, ਉਨ੍ਹਾਂ ਦੀ ਗੱਲ ਸਮਝ ਹੀ ਨਾ ਸਕਿਆ, ਵਾਹਿਗੁਰੂ ਭੁੱਲ ਗਿਆ, ਸਤਿਸੰਗ ਭੁੱਲ ਗਿਆ ਤੇ ਇਕ ਦਮ ਕਿਹਾ ਅੱਛਾ ਆਪ ਦੇ ਇਤਨੇ ਨਜ਼ਦੀਕੀ ਸੱਜਣ ਪੂਰੇ ਹੋ ਗਏ ਹਨ। ਬੜਾ ਅਫ਼ਸੋਸ ਹੈ, ਤੇ ਸੱਚੀ ਗੱਲ ਇਹ ਹੈ ਹੁਣ ਮੈਂ ਆਪਣਾ ਮੂੰਹ ਕਾਲਾ ਕਰਕੇ ਸਭ ਨੂੰ ਸਪੱਸ਼ਟ ਕਰ ਕੇ ਆਖਦਾ ਹਾਂ ਕਿ ਮੈਨੂੰ ਕੋਈ ਅਫ਼ਸੋਸ ਨਹੀਂ ਸੀ ਕੇਵਲ ਰਿਵਾਜ ਨਾਲ ਹੀ ਆਖ ਦਿੱਤਾ ਸੀ।

ਉਨ੍ਹਾਂ ਨੇ ਧਿਆਨ ਵੀ ਨਾ ਦਿੱਤਾ। ਉਹ ਕਹਿਣ ਲੱਗੇ, ਦੁਨਿਆਵੀ ਸਿਆਪੇ ਵਿੱਚ ਵੀ ਨਾ ਪਵੋ, ਜਿਹੜੀ ਸਾਹਿਬਾਂ ਦੀ ਵਡਿਆਈ ਤੇ ਗੁਰਸਿੱਖੀ ਪਿਆਰ ਤੇ ਰਜ਼ਾ ਦੀ ਝਲਕ ਦਰਸਾਣ ਦੀ ਕੋਸ਼ਿਸ਼ ਕਰ ਰਿਹਾ ਹਾਂ ਸਮਝੋ। ਕਹਿਣ ਲੱਗੇ, ਕੀ ਆਪ ਨੇ ਨਹੀਂ ਮਰਨਾ, ਮੈਂ ਨਹੀਂ ਮਰਨਾ, ਕੀ ਮਰਨਾ ਧੁਰ ਤੋਂ ਲਿਖਿਆ ਹੋਇਆ ਨਹੀਂ? ਕੀ ਤੁਹਾਡੇ ਸ਼ਹਿਰ ਵਿੱਚ ਕਦੇ ਕੋਈ ਨਹੀਂ ਮੋਇਆ? ਕੀ ਮੌਤ ਜ਼ਿੰਦਗੀ ਦਾ ਹਿੱਸਾ ਨਹੀਂ? ਪਰ ਸੁਣੋ, ਜਿਹੜੇ ਹੁਣ ਚਲਾਣਾ ਕਰ ਗਏ ਹਨ, ਉਨ੍ਹਾਂ ਬਾਰੇ ਮੇਰੀ ਇਕ ਭੈਣ ਨੇ ਲਿਖਿਆ ਹੈ:

'ਬਹੁਤ ਸਖਤ ਦਰਦ ਹੋਣ ਕਰਕੇ ਤੇ ਚੀਕਾਂ ਨਿਕਲਣ ਕਰਕੇ ਉਨ੍ਹਾਂ ਦੀ ਆਵਾਜ਼ ਉੱਚੀ ਤੇ ਭਾਰੀ ਸੀ; ਪਰ ਉਨ੍ਹਾਂ ਚੀਕਾਂ ਵਿੱਚ ਕੇਵਲ 'ਵਾਹਿਗੁਰੂ' 'ਵਾਹਿਗੁਰੂ' ਸੀ। ਨਾ 'ਓਫ' ਸੀ ਤੇ ਨਾ 'ਸੀ'। ਪਰ ਮੈਂ ਸੋਚਦੀ ਹਾਂ ਕਿ ਕੀ ਮੇਰੀ ਸੁਰਤ ਇਨ੍ਹਾਂ ਮਹਾਂ-ਪੁਰਸ਼ਾਂ ਵਾਂਗ 'ਵਾਹਿਗੁਰੂ' ਵਿੱਚ ਜੁੜੇਗੀ ਅੰਤ ਵੇਲੇ। ਇਹ ਗੁਰਮੁਖ ਤਾਂ ਸਾਹਿਬਾਂ ਦੇ ਦਰ ਜਾ ਵੱਸਣਗੇ ਕਿਉਂਕਿ ਅੰਤ ਵੇਲੇ ਉਨ੍ਹਾਂ ਦਾ ਧਿਆਨ 'ਵਾਹਿਗੁਰੂ' ਵਿੱਚ ਸੀ।

ਇਕ ਗੱਲ ਹੋਰ-ਵੀਰ ਜੀਓ, **Reminders** (ਸੁਨੇਹੇ) ਆ ਰਹੇ ਹਨ ਪਰ ਮੇਰੀ ਕੋਈ ਤਿਆਰੀ ਨਹੀਂ। ਦੁਨਿਆਵੀ ਧੰਦਿਆਂ 'ਚੋਂ ਨਿਕਲ ਕੇ ਸਾਹਿਬਾਂ ਨੂੰ ਯਾਦ ਨਹੀਂ ਕਰਦੀ।'

ਮੇਰੇ ਦੁਨਿਆਵੀ ਮੰਨ 'ਤੇ ਕੋਈ ਅਸਰ ਨਾ ਹੋਇਆ ਮੈਂ ਉਨ੍ਹਾਂ ਨੂੰ 'ਮਹਾਨ' 'ਮਹਾਨ', ਹੀ ਕਹਿੰਦਾ ਰਿਹਾ, ਪਰ ਉਨ੍ਹਾਂ ਨੂੰ ਜਦ ਆਪਣੇ ਘਰ ਲੈ ਆਂਦਾ ਤੇ ਆਉਂਦਿਆਂ ਸਾਰ ਬਜਾਏ ਸਤਿਸੰਗ ਦੀਆਂ ਗੱਲਾਂ ਛੇੜਨ ਦੇ ਮੈਂ ਆਪਣੀ ਪਤਨੀ ਨੂੰ ਕਿਹਾ-ਇਹਨਾਂ ਦੇ ਬਹੁਤ ਨਜ਼ਦੀਕੀ ਸੰਬੰਧੀ ਗੁਜ਼ਰ ਗਏ

ਹਨ {ਮੇਰਾ ਮਤਲਬ ਸੀ ਕਿ ਸਭ ਤੋਂ ਪਹਿਲਾਂ ਇਨ੍ਹਾਂ ਨੂੰ ਅਫ਼ਸੋਸ ਬੁਲਾਣਾ}; ਪਰ ਉਨ੍ਹਾਂ ਕਿਹਾ ਜੇ ਆਪ ਨੇ ਇਨ੍ਹਾਂ ਗੱਲਾਂ ਵਿੱਚੋਂ ਨਹੀਂ ਨਿਕਲਣਾ ਤਾਂ ਮੈਂ ਚਲਾ ਜਾਵਾਂਗਾ। ਸਾਹਿਬਾਂ ਦੀ ਰਜ਼ਾ ਤੇ ਹੁਕਮ ਨੂੰ ਅਫ਼ਸੋਸ ਤੇ ਆਪਣੀਆਂ ਦੁਨਿਆਵੀ ਚਲਾਕੀਆਂ ਵਿੱਚ ਨਾ ਖਰਾਬ ਕਰੋ। ਮੈਂ ਤਾਂ ਬਿਲਕੁਲ ਹੀ ਖੋਟਾ ਹਾਂ, ਪਰ ਮੇਰੀ ਪਤਨੀ ਨੂੰ ਸਮਝ ਆ ਗਈ, ਉਸ ਕੁਝ ਨਾ ਕਿਹਾ ਤੇ ਸਾਡੇ ਨਾਲ ਬਹਿ ਗਈ। ਕਈ ਸ਼ਬਦ ਬਾਣੀ ਦੇ ਪੜ੍ਹੇ ਜਿਨ੍ਹਾਂ ਦਾ ਮਤਲਬ ਸੀ ਕਿ ਸੰਗ ਚਲਤ ਹੈ ਹਮ ਭੀ ਚਲਣਾ।

ਫੇਰ ਸਿੱਖ ਵੀਰ ਨੇ ਕਿਹਾ ਤੇ ਖਾਸ ਤੌਰ ’ਤੇ ਮੇਰੀ ਪਤਨੀ ਵੱਲ ਮੁਖਾਤਬ ਹੋ ਕੇ ਕਿਹਾ-ਭੈਣ ਜੀਓ, ਪਤਾ ਨਹੀਂ, ਅਸੀਂ ਕਿਉਂ ਐਡੇ ਐਡੇ ਵੱਡੇ ਟਿੱਕੇ ਮੱਥੇ ’ਤੇ ਲਾ ਕੇ ਧਰਮੀ ਬੰਦੇ ਬਣਦੇ ਹਾਂ, ਨਵੇਂ-ਨਵੇਂ ਭੇਸ ਬਣਾ ਕੇ ਬਹੁਤੇ ਪੱਕੇ ਧਾਰਮਿਕ ਬੰਦੇ ਬਣਦੇ ਹਾਂ, ਬਾਹਰਲੇ ਚਿੰਨ੍ਹਾਂ ਨਾਲ, ਵੱਡੀਆਂ ਖੁੱਲ੍ਹੀਆਂ ਦਾੜ੍ਹੀਆਂ ਨਾਲ ਤੇ ਮੋਟੇ-ਮੋਟੇ ਕੜਿਆਂ ਨਾਲ ਦੱਸਦੇ ਹਾਂ ਕਿ ਅਸੀਂ ਸਾਹਿਬਾਂ ਦੇ ਖ਼ਾਸ ਹੁਕਮੀ ਬੰਦੇ ਹਾਂ; ਪਰ ਅਸਲ ਵਿੱਚ ਸਾਹਿਬਾਂ ਦੀ ਹੁਕਮ ਅਦੂਲੀ ਕਰਦੇ ਹਾਂ। ਗੁਰੂ ਗ੍ਰੰਥ ਸਾਹਿਬ ਮਹਾਰਾਜ ਵਿੱਚ ਕਈ ਸ਼ਬਦ ਦੱਸਦੇ ਹਨ—

(1) ਕਿ ਮੌਤ ਸਿਰਫ਼ ਜੋਤੀ ਨਾਲ ਜੋਤ ਮਿਲ ਜਾਣ ਦੀ ਨਿਸ਼ਾਨੀ ਹੈ, ਆਦਮੀ ਨਹੀਂ ਮਰਦਾ।

(2) ਮੌਤ ਤੇ ਰੋਣਾ ਬਿਲਕੁਲ ਨਹੀਂ ਚਾਹੀਦਾ ਤੇ ਅਫ਼ਸੋਸ ਨਹੀਂ ਕਰਨੇ ਚਾਹੀਦੇ, ਸਗੋਂ ‘ਵਾਹਿਗੁਰੂ’ ਦੀ ਰਜ਼ਾ ਮੰਨ ਕੇ ਸਾਹਿਬਾਂ ਦੀ ਸਿਫ਼ਤ ਸਲਾਹ ਵਿੱਚ ਵਕਤ ਗੁਜ਼ਾਰਨਾ ਚਾਹੀਦਾ ਹੈ।

(3) ਰੋਣਾ ਸਿਰਫ਼ ਇਸ ਲਈ ਚਾਹੀਦਾ ਹੈ ਕਿ ਅਸੀਂ ਸਾਹਿਬਾਂ ਤੋਂ ਵਿਛੜੇ ਹੋਏ ਹਾਂ।

(4) ਸਵਾਸ ਖ਼ਤਮ ਹੋਣ ਨਾਲ ਆਦਮੀ ਨਹੀਂ ਮਰਦਾ ਸਗੋਂ ਜਿਊਂਦਾ ਆਦਮੀ ਵੀ ਮੋਇਆ ਹੋਇਆ ਸਮਝੀਏ ਜੇ ਸਾਹਿਬਾਂ ਨੂੰ ਯਾਦ ਨਹੀਂ ਕਰਦਾ।

(5) ਕਿਉਂਕਿ ਰੋਣ ਵਾਲਿਆਂ ਨੇ ਆਪੂੰ ਵੀ ਮਰਨਾ ਹੈ, ਕਿਸੇ ਦੇ ਮਰਨ ’ਤੇ ਆਪਣੇ ਆਪ ਨੂੰ ਚੇਤਾ ਕਰਵਾਣਾ ਕਿ ਸੰਗ ਚਲਾ ਗਿਆ ਹੈ, ਅਸਾਂ ਵੀ ਤੁਰ ਜਾਣਾ ਹੈ; ਇਸ ਲਈ ਨਾਮ ਜਪ ਲਈਏ ਤਾਂ ਜੋ ਦਰਗਾਹ ਵਿੱਚ ਪਰਵਾਨ ਹੋਈਏ । ਪਰ ਅਸੀਂ ਝੂਠ ਦਾ ਵਰਤਾਰਾ



ਕਰਦੇ ਹਾਂ ਤੇ ਸਾਹਿਬਾਂ ਨੂੰ ਝੂਠ ਵਿੱਚ ਪ੍ਰਧਾਨਗੀ ਦੇ ਕੇ ਸਮਝਦੇ ਹਾਂ ਕਿ ਅਸੀਂ ਧਾਰਮਿਕ ਹੋ ਗਏ ਹਾਂ ‘ਲਓ ਸੁਣੋ’ ਕਹਿ ਕੇ ਸਿੱਖ ਨੇ ਕਿਹਾ—

(1) ਜਦੋਂ ਕੋਈ ਬੰਦਾ ਮਰਦਾ ਹੈ ਘਰ ਵਾਲੇ ਆਪਣੇ ਅਫ਼ਸੋਸ ਨਾਲੋਂ ਵੱਧ ਇਸ ਧਿਆਨ ਵਿੱਚ ਰਹਿੰਦੇ ਹਨ ਕੌਣ ਅਫ਼ਸੋਸ ਕਰਨ ਆਇਆ ਤੇ ਕੌਣ ਨਹੀਂ।

(2) ਜੇ ਕੋਈ ਨਹੀਂ ਆਇਆ ਤਾਂ ਅਸਾਂ ਵੀ ਨਹੀਂ ਜਾਣਾ, ਕਿਉਂਕਿ ਝੂਠ ਦਾ ਰਿਵਾਜ ਸੱਚ ਵੱਲ ਜਾਣ ਹੀ ਨਹੀਂ ਦਿੰਦਾ।

(3) ਫੂੜੀ ’ਤੇ ਘਰ ਦੇ ਬੰਦੇ ਮੂੰਹ ਉਦਾਸ ਕਰਕੇ ਬੈਠਦੇ ਹਨ ਪਰ ਆਪਸ ਵਿੱਚ ਵੀ ਮਰ ਗਏ ਬੰਦੇ ਦੀ ਜਾਇਦਾਦ ਦੇ ਵਿਚਾਰਾਂ ਵਿੱਚ ਤੇ ਉਹਦੇ ਗਹਿਣੇ ਪੈਸੇ ਦੇ ਧਿਆਨ ਵਿੱਚ ਇਕ ਦੂਜੇ ਵੱਲ ਸ਼ੱਕ ਦੀ ਨਜ਼ਰ ਨਾਲ ਦੇਖਦੇ ਹਨ।

(4) ਰਿਵਾਜ ਦੇ ਮੁਤਾਬਕ ਰੋਣ ਦੀ **Training** (ਟਰੇਨਿੰਗ) ਲਈ ਜਾਂਦੀ ਹੈ ਤਾਂ ਜੋ ਕੋਈ ਇਹ ਨਾ ਕਹੇ ਕਿ ਮਰਨ ਵਾਲੇ ਨਾਲ ਪਿਆਰ ਨਹੀਂ ਹੈ।

(5) ਫੂੜੀ ’ਤੇ ਬੈਠੇ ਬੰਦੇ ਭਾਵੇਂ ਆਪਣੇ ਮਰ ਗਏ ਬੰਦੇ ਨੂੰ ਭੁੱਲ ਗਏ ਹੁੰਦੇ ਹਨ ਪਰ ਹੱਸਦੇ ਖੇਡਦੇ ਵੀ ਕਿਸੇ ਦੇ ਆਣ ’ਤੇ ਮੂੰਹ ਗੰਭੀਰ ਬਣਾ ਕੇ ਝੂਠੇ ਰਿਵਾਜਾਂ ਨੂੰ ਪਾਲਣ ਲਈ ਤਿਆਰ ਹੋ ਜਾਂਦੇ ਹਨ ਤੇ ਗਲੇ ਲੱਗ-ਲੱਗ ਕੇ ਰੋਂਦੇ ਹਨ।

(6) ਗੁਰੂ ਗ੍ਰੰਥ ਸਾਹਿਬ ਦਾ ਖੁੱਲ੍ਹਾ ਪਾਠ ਜਾਂ ਅਖੰਡ ਪਾਠ ਕੇਵਲ ਰਿਵਾਜਨ ਹੋ ਰਿਹਾ ਹੁੰਦਾ ਹੈ ਤੇ ਆਦਰ-ਸਤਿਕਾਰ ਤਾਂ ਕਿਤੇ ਰਹਿਆ, ਕੇਵਲ ਪਖੰਡ ਦਾ ਵਿਉਪਾਰ ਬਣ ਜਾਂਦਾ ਹੈ।

—ਰਾਗੀ ਨੂੰ ਬਹੁਤ ਸਾਰੇ ਪੈਸੇ ਦੇ ਕੇ ਬੁਲਾਇਆ ਤੇ ਫਿਰ ਸ਼ਰਮੋ ਕਸ਼ਰਮੀ ਜਾਂ ਪਿਛਲੇ ਲੇਖੇ ਬਰਾਬਰ ਕਰਨ ਲਈ ਲੋਕਾਂ ਨੂੰ ਰਾਗੀ ਜੀ ਨੂੰ ਅਰਦਾਸ ਕਰਾਣੀ ਪਈ।

—ਸੱਸ ਸਹੁਰੇ ਤੇ ਹੋਰ ਰਿਸ਼ਤੇਦਾਰ ਰਿਵਾਜਨ ਤੌਰ ’ਤੇ ਆਪਣੀਆਂ ਭੇਟਾਵਾਂ ਲਿਆਏ—ਤੇ ਨਾ ਤਾਂ ਮਰਨ ਵਾਲੇ ਦਾ ਸਤਿਕਾਰ ਚੇਤੇ ਰਿਹਾ ਤੇ ਨਾ ਸਾਹਿਬਾਂ ਦਾ ਸਤਿਕਾਰ ਚੇਤੇ ਰਿਹਾ। ਕੇਵਲ ਤਾਹਨੇ ਤੇ ਮਿਹਣੇ ਚੇਤੇ ਰਹਿ ਗਏ—

(ੳ) ਕਿਸੇ ਨੇ ਥੋੜ੍ਹੀ ਬਹੁਤੀ ਭੇਟਾ ਦਿੱਤੀ—

(ਬ) ਕਿਸੇ ਨੇ ਥੋੜ੍ਹਾ ਬਹੁਤਾ ਜਵਾਈ ਧੀ ਨੂੰ ਦਿੱਤਾ

(ਚ) ਕੌਣ ਆਇਆ ਤੇ ਕੌਣ ਨਹੀਂ ਆਇਆ।

ਇਸ ਦੇ ਮੁਕਾਬਲੇ ਵਿੱਚ ਰਾਮਕਲੀ ਦੀ ਸਦ (ਗੁਰੂ ਗ੍ਰੰਥ ਸਾਹਿਬ ਮਹਾਰਾਜ ਅੰ: ੯੨੩) 'ਤੇ ਬਾਬਾ ਸੁੰਦਰ ਜੀ ਦੀ ਜ਼ਬਾਨੀ ਗੁਰੂ ਸਾਹਿਬ ਦਾ ਹੁਕਮ; ਸੁਣੋ—

—ਕਿਰਿਆ, ਫਲ, ਪਤਨ ਸਭ ਕੁਝ ਕੇਵਲ ਰਾਮ ਨਾਮ ਤੇ ਕੀਰਤਨ ਹੈ—

—ਰੋਣ ਦੀ ਮਨਾਹੀ ਹੈ, ਕੀਰਤਨ ਕਰਨ ਦਾ ਹੁਕਮ ਹੈ।

—ਸਾਹਿਬਾਂ ਵਿੱਚ ਸਮਾਅ ਜਾਣ ਦਾ ਹੁਕਮ ਹੈ।

ਜਦੋਂ ਇਤਨੇ ਲੰਮੇ ਤੇ ਸਾਫ਼ ਵਿਚਾਰ ਦੱਸ ਬੈਠਾ ਤਾਂ ਸਿੱਖ ਕਹਿਣ ਲੱਗਾ ਕਿ ਹੁਣ ਮੇਰੀ ਇਕ ਅਰਜ਼ ਹੈ। ਭੈਣ ਜੀ, ਆਪ ਮੇਰੇ ਲਈ ਅਰਦਾਸ ਕਰਨਾ ਕਿ ਨਾ ਕੇਵਲ ਨਜ਼ਦੀਕੀ ਸੰਬੰਧੀ ਸਗੋਂ ਆਪਣੇ ਜਵਾਨ ਬੱਚਿਆਂ ਜਾਂ ਇਸਤਰੀ ਦੇ ਸਾਹਿਬਾਂ ਦੇ ਭਾਣੇ ਵਿੱਚ ਪੂਰੇ ਹੋ ਜਾਣ ਤੇ ਪੂਰੀ ਤਰ੍ਹਾਂ ਸਾਹਿਬਾਂ ਦੀ ਰਜ਼ਾ ਮੰਨ ਸਕਾਂ। ਮੇਰੀ ਅਰਦਾਸ ਹੈ ਕਿ ਮੇਰੇ ਘਰ ਮੌਤ ਹੋਵੇ ਤਾਂ ਸਿਵਾਏ ਸਾਹਿਬਾਂ ਦੇ ਨਾਮ ਤੇ ਬਾਣੀ ਦੀ ਵਿਚਾਰ ਦੇ ਕੁਝ ਵੀ ਨਾ ਹੋਵੇ। ਸਗੋਂ ਦਰਵਾਜ਼ੇ ਤੇ ਲਿਖ ਕੇ ਲਾ ਸਕਾਂ—"**NO CONDOLENCE PLEASE**".

—"ਅਫ਼ਸੋਸ ਨਾ ਕਰਨਾ ਜੀ, ਜੇ ਸਾਹਿਬਾਂ ਦੇ ਗੁਣ ਗਾਓ ਸਾਡੇ ਨਾਲ ਰਲ ਕੇ , ਤਾਂ ਸਦਕੇ।"

ਫੇਰ ਸਿੱਖ ਕਹਿਣ ਲੱਗਾ ਕਿ ਵਾਹਿਗੁਰੂ ਬਖਸ਼ੇ ਤਾਂ ਮੇਰਾ ਜੀ ਕਰਦਾ ਹੈ ਕਿ ਜਦੋਂ ਮੈਂ ਮਰਾਂ ਤਾਂ ਬਗੈਰ ਕਿਸੇ **Ceremony** (ਰੀਤਾਂ ਰਿਵਾਜਾਂ) ਦੇ ਮੇਰੀ **Body** (ਸਰੀਰ) ਕਿਸੇ ਹਸਪਤਾਲ ਵਿੱਚ ਦੇ ਦਿੱਤੀ ਜਾਏ **Medical Research** (ਡਾਕਟਰੀ ਖੋਜ) ਲਈ, ਨਾਲੇ ਜੇ ਅੱਖਾਂ ਜਾਂ ਹੋਰ ਕੋਈ ਅੰਗ ਕਿਸੇ ਮਰੀਜ਼ ਦੇ ਕੰਮ ਆ ਸਕੇ ਤਾਂ ਇਸਤੇਮਾਲ ਕਰ ਲਿਆ ਜਾਏ। ਮੇਰੇ ਘਰ ਵਿੱਚ ਅਫ਼ਸੋਸ ਕਿਰਿਆ ਜਾਂ ਫੂੜੀ ਬਿਲਕੁਲ ਨਾ ਹੋਵੇ। ਸਗੋਂ ਬਿਲਕੁਲ "ਜਮਣ ਮਰਨਾ ਹੁਕਮ ਹੈ" ਤੇ ਚਲਕੇ ਸਾਹਿਬਾਂ ਅੱਗੇ ਸੁਰਖ਼ਰੂ ਹੋਈਏ। ਬਸ ਸਾਹਿਬਾਂ ਦੇ ਦਰ 'ਤੇ ਜਿਊਂਦਿਆਂ, ਮਰਦਿਆਂ ਤੇ ਬਾਕੀ ਰਹਿਣ ਵਾਲੇ ਅੱਠੇ ਪਹਿਰ ਨਾਮ ਜਪਣ ਤੇ ਸ੍ਰੇਸ਼ਟ ਕੰਮ ਕਰਨ। ਜੇ ਇਸ ਕੰਮ ਵਿੱਚ ਲੱਗ ਜਾਈਏ ਤਾਂ ਵਕਤ ਹੀ ਕਿੱਥੇ ਹੈ ਅਫ਼ਸੋਸ ਦਾ। ਨਾਲੇ ਜੇ, ਸਾਡੇ ਬਾਬੁਲ, ਪਤੀ, ਪਿਤਾ, ਮਾਤਾ ਸਦਾ ਕਾਇਮ ਹੈ ਤਾਂ ਅਫ਼ਸੋਸ ਕਾਹਦਾ? ਨਾਲੇ, ਜੇ ਸਭ ਕੁਝ ਸਾਹਿਬਾਂ ਨੇ ਕਰਨਾ ਹੈ ਤੇ ਚੰਗਾ ਕਰਨਾ ਹੈ, ਤਾਂ ਚਿੰਤਾ ਕਾਹਦੀ?



ਉਸ ਸਿੱਖ ਨੇ ਇਤਨਾ ਵੱਡਾ ਲੈਕਚਰ ਦਿੱਤਾ, ਮੇਰੀ ਪਤਨੀ ਤੇ ਮੈਂ ਅਸੀਂ ਧਿਆਨ ਨਾਲ ਸੁਣਦੇ ਰਹੇ ਤੇ 'ਵਾਹ ਵਾਹ' ਕਰਦੇ ਰਹੇ; ਪਰ ਦੂਜੇ ਦਿਨ ਟੈਲੀਫ਼ੋਨ ਕਰਕੇ ਦੁਨਿਆਵੀ ਰਿਵਾਜ ਨਿਭਾਣ ਲਈ, ਅਸੀਂ ਦੋਨੋਂ ਉਨ੍ਹਾਂ ਦੇ ਘਰ ਚਲੇ ਗਏ। ਘਰ ਵਾਲੇ ਰਹਿਰਾਸ ਸਾਹਿਬ ਦਾ ਪਾਠ ਕਰਕੇ ਸ਼ਬਦ ਪੜ੍ਹ ਰਹੇ ਸਨ—

(੧) **ਅਸਾਂ ਭਿ ਓਥੈ ਜਾਣਾ ॥**

(੨) **ਕਿਆ ਤੂ ਸੋਇਆ ਜਾਗੁ ਇਆਨਾ ॥** (ਅੰ: ੭੯੪)

(੩) **ਇਹ ਜਗਿ ਮੀਤੁ ਨ ਦੇਖਿਓ ਕੋਈ ॥** (ਅੰ: ੬੩੩)

(੪) **ਕਉਨੁ ਮੂਆ ਰੇ ਕਉਨੁ ਮੂਆ ॥** (ਅੰ: ੮੮੫)

(੫) **ਰੋਵਨਹਾਰੁ ਭਿ ਊਠਿ ਸਿਧਾਈ ॥** (ਅੰ: ੮੮੫)

ਇਕ ਘੰਟੇ ਬਾਅਦ ਜਦੋਂ ਉੱਠੇ ਤਾਂ ਸਾਡੀ ਹਿੰਮਤ ਹੀ ਨਾ ਪਈ ਅਫ਼ਸੋਸ ਕਰਨ ਦੀ। ਕੇਵਲ ਸਾਹਿਬਾਂ ਦੇ ਨਾਮ ਬਾਣੀ ਦੀ ਵਿਚਾਰ ਚਲਦੀ ਰਹੀ—ਤੇ ਭਾਵੇਂ ਮੈਂ ਅੰਦਰੋਂ ਡਾਢਾ ਦੁਨਿਆਵੀ ਲਪੇਟ ਵਿੱਚ ਹਾਂ, ਉਤੋਂ ਉਨ੍ਹਾਂ ਨਾਲ ਮੰਨਦਾ ਰਿਹਾ ਕਿ ਸਾਹਿਬਾਂ ਦਾ ਹੁਕਮ ਇਹੋ ਹੀ ਹੈ ਜੋ ਉਹ ਕਹਿ ਰਹੇ ਸਨ। ਫਿਰ ਉਨ੍ਹਾਂ ਪਿਆਰ ਨਾਲ ਦੱਸਿਆ ਕਿ ਮੈਂ ਆਪਣੇ ਰਿਸ਼ਤੇਦਾਰਾਂ ਨਾਲ ਇਕੋ ਹਮਦਰਦੀ ਕਰ ਸਕਦਾ ਹਾਂ ਤੇ ਕਰ ਆਇਆ ਹਾਂ। ਚਿੱਠੀ ਪਾ ਆਇਆ ਹਾਂ ਕਿ ਗੁਰੂ ਗ੍ਰੰਥ ਸਾਹਿਬ ਮਹਾਰਾਜ ਨਾਲ ਚਮੁੱਟ ਜਾਓ, ਕਿਸੇ ਬੰਦੇ ਦਾ ਸਹਾਰਾ ਨਾ ਲੈਣਾ, ਕਿਸੇ ਪਿਆਰ ਕਰਨੋ ਨਾ ਸੰਕੋਚਣਾ ਤੇ ਅੱਠੇ ਪਹਿਰ ਗੁਣ ਗਾਣਾ। ਮੈਂ ਕੁਝ ਕਿਸੇ ਨੂੰ ਦੇ ਨਹੀਂ ਸਕਦਾ ਕੇਵਲ ਸਾਹਿਬ ਹੀ ਕਰਨ ਕਰਾਵਨ ਵਾਲਾ ਹੈ।

ਮੈਂ ਹੈਰਾਨ ਵੀ ਹੋ ਰਿਹਾ ਸਾਂ ਤੇ ਘਬਰਾ ਵੀ ਰਿਹਾ ਸਾਂ। ਕਿਸੇ ਹੋਰ ਨਾਲ ਗੱਲ ਕਰ ਬੈਠਾ ਸਾਂ ਤਾਂ ਉਹ ਆਦਮੀ ਤੇ ਤ੍ਰੀਮਤ ਵੀ ਆ ਗਏ। ਆਦਮੀ ਤੇ ਆ ਕੇ ਉਸ ਸਿੱਖ ਨਾਲ ਬਹੁਤ ਹੀ ਲੜਿਆ-ਪਿਆਰ ਨਾਲ । ਕਮਾਲ ਹੈ, ਤੁਸੀਂ ਗੱਲ ਹੀ ਨਹੀਂ ਕੀਤੀ, ਤੁਸੀਂ ਕਮਾਲ ਦੇ ਬੰਦੇ ਹੋ, ਆਪ ਤਾਂ ਜ਼ਰਾ ਕਿਸੇ ਨੂੰ ਸੂਈ ਚੁੱਭੇ ਭਾਂ ਝਟ ਪਹੁੰਚ ਜਾਂਦੇ ਹੋ। ਅਪਣੀ ਵਾਰੀ ਦੱਸਦੇ ਹੀ ਨਹੀਂ। ਸਿੱਖ ਨੇ ਬੜੇ ਪਿਆਰ ਨਾਲ ਕਿਹਾ-ਮੇਰਿਆ ਵੀਰਾ, ਜੋ ਸਾਹਿਬ ਕਰਾਂਦਾ ਹੈ ਮੈਂ ਕਰ ਦਿੰਦਾ ਹਾਂ, ਜੇ ਦੁੱਖ ਵੰਡ ਸਕਾਂ ਤਾਂ ਵੰਡਦਾ ਹਾਂ ਉਹ ਵੀ ਕੇਵਲ ਉਹਦੇ ਹੁਕਮ ਨਾਲ—ਪਰ ਆਪ ਨੂੰ ਦੁੱਖ ਵੰਡਣ ਲਈ ਕਹਿੰਦਾ ਜਾਂ ਉਮੀਦ ਕਰਦਾ ਜੇ ਦੁੱਖ ਹੁੰਦਾ ਤਾਂ । ਸਾਹਿਬਾਂ ਦੇ ਹੁਕਮ ਨਾਲ ਸਭ ਨੇ ਚਲੇ ਜਾਣਾ ਹੈ, ਸਭ

ਨੂੰ ਪਤਾ ਹੈ ਤਾਂ ਦੁੱਖ ਕਾਹਦਾ। ਦੂਜੇ ਬੰਦੇ ਦੀ ਬੀਵੀ ਨੇ 'ਅਫ਼ਸੋਸ' ਕਿਹਾ ਤਾਂ ਸਿੱਖ ਨੇ ਪਿਆਰ ਨਾਲ ਕਿਹਾ ਕੀ ਆਪ ਨੇ ਕਦੇ ਮੌਤ ਨਹੀਂ ਦੇਖੀ ਜਾਂ ਸੁਣੀ?

ਹੁਣ ਅਖ਼ੀਰਲੀ ਗੱਲ ਡਾਢੀ ਸ਼ਰਮ ਨਾਲ ਲਿਖਣ ਲੱਗਾ ਹਾਂ। ਮੇਰੇ ਸਾਹਮਣੇ, ਇਕ ਮਿੰਟ ਬਾਅਦ ਦੂਜੇ ਬੰਦੇ ਦੀ ਪਤਨੀ, ਸਿੱਖ ਦੀ ਇਸਤਰੀ ਕੋਲੋਂ ਆਈਸ ਕਰੀਮ ਬਣਾਣ ਦਾ ਤਰੀਕਾ ਤੇ ਕੁਲਫ਼ੀ ਪਾਉਣ ਦੀਆਂ ਸਿੰਚੀਆਂ ਮੰਗਣ ਲੱਗ ਪਈ ਤਾਂ ਸਾਰਾ **Atmosphere** (ਵਾਤਾਵਰਣ) ਜਿਵੇਂ ਬੋਲ ਕੇ ਕਹਿ ਰਿਹਾ ਸੀ—

(੧) ਦੁਨੀਆਂ ਝੂਠੋ ਝੂਠ ਹੈ। ਕੇਵਲ ਨਾਮ ਹੀ ਸੱਚ ਹੈ।

(੨) ਅਫ਼ਸੋਸ ਕਰਨ ਵਾਲੇ ਤੇ ਵਧਾਈਆਂ ਦੇਣ ਵਾਲੇ ਝੂਠੇ ਹਨ। ਜੇ ਸੱਚ ਵੀ ਹੋਣ ਤਾਂ ਕੇਵਲ ਮਾਇਆ ਦੇ ਭੁਲੇਖੇ ਵਿੱਚੋਂ ਝੂਠ ਤੇ ਸੌਦੇਬਾਜ਼ੀ ਹੀ ਨਿਕਲੇਗੀ, ਸੱਚ ਨਹੀਂ ਨਿਕਲ ਸਕਦਾ।

(੩) ਗੁਰੂ ਗ੍ਰੰਥ ਸਾਹਿਬ ਮਹਾਰਾਜ ਸੱਚੋ ਸੱਚ ਹੈ। ਰਿਵਾਜਨ ਬੰਦਗੀ ਦੀ ਥਾਂ ਲੋੜ ਹੈ ਹੁਕਮਾਂ 'ਤੇ ਚੱਲਣ ਦੀ।

(੪) ਦੁਨੀਆਂ ਦੇ ਭਾਈਚਾਰੇ, ਸਕੇ ਭੈਣ ਭਰਾ, ਮਾਂ ਪਿਓ, ਆਦਮੀ ਜ਼ਨਾਨੀ (ਆਸਾ ਦੀ ਵਾਰ) ਝੂਠੇ ਹਨ ਜੇ ਉਨ੍ਹਾਂ ਵਿੱਚ 'ਨਾਮ' ਦਾ ਅਸਲੀ ਰਿਸ਼ਤਾ ਨਹੀਂ।

(੫) ਨਾਮ ਦਾ ਅਸਲੀ ਰਿਸ਼ਤਾ ਝੂਠੇ ਰਿਵਾਜਾਂ ਸ਼ਗਨਾਂ, ਆਦਿ ਨਾਲ ਖ਼ਰਾਬ ਕਰਨ ਨਾਲ ਨਾਮ ਵੀ ਭੁੱਲ ਜਾਂਦਾ ਹੈ।

ਮੈਂ ਮੰਨਦਾ ਹਾਂ ਕਿ ਸਿੱਖ ਠੀਕ ਹੈ। ਮੇਰੀ ਵੀ ਦੁਆ ਹੈ ਕਿ ਵਾਹਿਗੁਰੂ ਕਿਰਪਾ ਕਰੇ, ਸੱਚ ਦੀ ਪੜ੍ਹਾਈ ਕਰਾਂ ਤੇ ਸੱਚ-ਨਿਰੋਲ ਸੱਚ ਵਿੱਚ ਦੁਨਿਆਵੀ ਝੂਠ ਪਾ ਕੇ ਦੋਵੇਂ ਪਾਸੇ ਸਿਆਣਾ ਨਾ ਬਣਾਂ। ਸਾਹਿਬਾਂ ਨੇ ਕਿਹਾ ਸੀ ਭਗਤਾ ਤੇ ਸੈਸਾਰੀਆ ਦਾ ਮੇਲ ਨਹੀਂ ਹੋਵੇਗਾ। ਯਾਦ ਰੱਖਾਂ ਕਿ ਇਸ ਸੰਸਾਰ ਵਿੱਚ ਕਿਸੇ ਨੇ ਨਹੀਂ ਰਹਿਣਾ-'**ਅਸਾਂ ਭਿ ਓਥੈ ਜਾਣਾ**'-ਇਸ ਲਈ ਓਹ ਮਤਿ ਲਵਾਂ ਜਿਹੜੀ ਦਰਗਾਹ ਪਰਵਾਨ ਕਰਵਾਏ, ਲੋਕ ਲਾਜ ਨੂੰ ਛੱਡ ਸਕਾਂ।



# ਮੌਤ, ਮੇਰੀ ਸਖੀ ਸਹੇਲੀ

**(ਇਹ ਗੁਰਮਤਿ ਰਹਿਣੀ ਦੀ ਸੱਚੀ ਕਹਾਣੀ ਕੇਵਲ ਵਾਹਿਗੁਰੂ ਦੀ ਕਿਰਪਾ ਨਾਲ ਗੁਰੂ ਗ੍ਰੰਥ ਸਾਹਿਬ 'ਚੋਂ ਮਿਲੀ ਸਿੱਖਿਆ ਨਾਲ ਲਿਖੀ ਜਾ ਰਹੀ ਹੈ ਅਤੇ ਇਸੇ ਅਰਦਾਸ ਨਾਲ ਸੰਬੰਧਿਤ ਹੈ ਕਿ ਸਾਹਿਬ ਕਿਰਪਾ ਕਰਨ ਤਾਂ ਅਸੀਂ ਸਾਰੇ ਅੰਤ ਵੇਲੇ ਕਹਿ ਸਕੀਏ, 'ਸੇਵਕ ਕੀ ਓੜਕਿ ਨਿਬਹੀ ਪ੍ਰੀਤ' ॥)।**

ਮੈਂ ਇਕ ਬਦਨਸੀਬ ਤੇ ਦੁਖਿਆਰਨ ਵਿਧਵਾ ਇਸਤਰੀ ਹਾਂ, ਨਹੀਂ, ਨਹੀਂ, ਬਦਨਸੀਬ ਤੇ ਦੁਖਿਆਰਨ ਸਾਂ, ਹੁਣ ਨਹੀਂ—ਮੇਰੇ ਵੀਰ, ਜਿਹੜਾ ਨਾ ਮੇਰੇ ਮਾਪਿਆਂ ਜਾਇਆ, ਨਾ ਮੇਰੀ ਜਾਣ-ਪਛਾਣ ਦਾ ਸੀ ਤੇ ਨਾ ਹੀ ਮੇਰੇ ਮੁਹੱਲੇ ਪਿੰਡ ਦਾ ਹੈ, ਨੇ ਮੇਰੇ ਦੁੱਖ ਵਾਹਿਗੁਰੂ ਅੱਗੇ ਅਰਦਾਸਾਂ ਕਰਕੇ ਕਟਾ ਦਿੱਤੇ ਹਨ । ਹੁਣ ਮੈਂ ਹੌਲੀ ਹਾਂ, ਸਾਹਿਬਾਂ ਨਾਲ ਪਿਆਰ ਕਰਨ ਦਾ ਚਾਅ ਹੈ, ਨਾਲੇ ਸਾਹਿਬਾਂ ਦਾ ਸਭ ਕੁਝ ਦਿੱਤਾ ਹੋਇਆ ਹੁੰਦਿਆਂ ਵੀ ਮੈਂ ਸਮਝ ਗਈ ਹਾਂ ਕਿ ਮੈਂ ਕੁਝ ਨਹੀਂ, ਮੈਂ ਕੁਝ ਨਹੀਂ ਕਰ ਸਕਦੀ ।

ਆਉ ਮੇਰੀ ਦੁੱਖ ਭਰੀ—ਪਰ ਵਾਹਿਗੁਰੂ ਪ੍ਰੇਮ ਨਾਲ ਲੇਬੂ-ਪੇਬੂ ਕਹਾਣੀ ਤੋਂ ਫ਼ਾਇਦਾ ਉਠਾਓ । ਮੇਰੇ ਵਾਂਙ ਅਵੇਸਲੇ ਨਾ ਰਹਿਉ । ਇਕ ਦਿਨ ਘਰ ਬੈਠੀ ਸਾਂ ਦਿੱਲੀ, ਟੈਲੀਫ਼ੋਨ ਖੜਕਿਆ, ਸੁਨੇਹਾ ਆਇਆ, ਮੇਰੀ ੨੦ ਸਾਲਾਂ ਦੀ ਲੜਕੀ ਅਚਾਨਕ ਘਰ ਕੰਮ ਕਰਦੀ ਸੜ ਗਈ ਹੈ ਅਤੇ ਲੀਓਨ, (**LYON, France**) ਦੇ ਹਸਪਤਾਲ ਵਿੱਚ ਡਾਢੀ **Critical** ਹਾਲਤ ਵਿੱਚ ਹੈ । ਮੈਂ ਕੰਬ ਗਈ, ਬਉਰਿਆਂ ਹਾਲ ਐਧਰ-ਉਧਰ ਹੱਥ ਪੈਰ ਮਾਰੇ, ਸਭ ਪਾਸੋਂ ਪਤਾ ਕੀਤਾ ਕਿਵੇਂ ਉੱਥੇ ਪਹੁੰਚਾਂ, ਕੋਈ ੪੦੦੦ ਮੀਲ ਦਾ ਫ਼ਾਸਲਾ, ਮੈਂ ਆਪਣੇ ਕੰਮਾਂ ਕਾਰਾਂ ਵਿੱਚ ਰੁੱਝੀ ਹੋਈ ਕੀ ਜਾਣਾ, ਕੀ ਹੋ ਗਿਆ । ਪਰ ਮੇਰਾ ਦੁਨਿਆਵੀ ਰਸੂਖ ਕਾਫ਼ੀ ਸੀ, ਭੱਜ-ਭਜਾ ਕੇ ਮੈਂ ਝੱਟ-ਪਟ ਪਾਸਪੋਰਟ ਬਣਾਇਆ, ਹਵਾਈ ਜਹਾਜ਼ ਵਿੱਚ ਬੈਠ ਕੇ ਰੋਂਦੀ ਤੇ ਵਿੱਚੋ-ਵਿੱਚ ਰਿੱਝਦੀ ਤਿੰਨ ਦਿਨਾਂ ਵਿੱਚ ਉੱਥੇ ਪੁੱਜ ਗਈ । ਮੇਰਾ ਕੰਮ ਚੰਗਾ ਚੱਲਦਾ ਹੈ, ਸਭ ਕੁਝ ਮੇਰੇ ਕੋਲ ਹੈ, ਕਈ ਵਾਰ ਬਾਹਰਲੇ ਮੁਲਕਾਂ ਤੋਂ ਸੱਦਾ-ਪੱਤਰ ਆਇਆ, ਪਰ ਮੈਂ ਆਪਣੇ ਕੰਮ ਤੋਂ ਵਿਹਲੀ ਨਾ ਹੋ ਸਕਣ ਕਰਕੇ ਕਦੇ ਬਾਹਰ ਨਾ ਗਈ । ਪਰ ਹੁਣ ਦੇਖੋ ਕਿਵੇਂ ਮੋਹ ਦੀ ਬੱਧੀ ਸਭ ਕੁਝ ਸੁੱਟ-ਪਸੁੱਟ ਕਰਕੇ ਝੱਟ-ਪਟ ਉੱਡਦੀ ਪਹੁੰਚ ਗਈ ।

ਮੇਰਾ ਵਿਚਾਰ ਸੀ ਕਿ ਬੱਚੀ ਨੂੰ ਠੀਕ ਹੋਣ 'ਤੇ ਨਾਲ ਲਿਆਉਣ

ਤੋਂ ਪਹਿਲਾਂ ਸਾਰਾ ਯੂਰਪ ਘੁੰਮਾ ਲਿਆਵਾਂਗੀ ਤੇ ਆਪ ਵੀ ਚਲੀ ਜਾਵਾਂਗੀ । ਸਾਹਿਬਾਂ ਦਾ ਹੁਕਮ ਕੁਝ ਹੋਰ ਸੀ ਤੇ ਨਾ ਹੀ ਮੈਨੂੰ ਕੋਈ ਐਸਾ ਪੱਕਾ ਸਿਦਕ ਸੀ ਕਿ ਸਾਹਿਬ ਜੋ ਕਰਦੇ ਹਨ ਠੀਕ ਕਰਦੇ ਹਨ । ਡਾਢੀ ਨਿਮੋਝੂਣ ਮੈਂ ਲੀਓਨ ਏਅਰਪੋਰਟ 'ਤੇ ਉਤਰੀ ਤਾਂ ਇਕ ਸਿੱਖ ਮੈਨੂੰ ਲੈਣ ਆਇਆ ਹੋਇਆ ਸੀ । ਵਕਤ ਕੋਈ ਰਾਤ ਦੇ ੧੦ ਵਜੇ ਦਾ ਸੀ । ਪਿੱਛੋਂ ਪਤਾ ਲੱਗਾ ਕਿ ਸਰਕਾਰ ਵੱਲੋਂ ਉਸ ਨੂੰ ਪੈਰਿਸ ਭੇਜਿਆ ਗਿਆ ਸੀ, ਬੱਚੀ ਦੀ ਸੜਨ ਦੀ ਖ਼ਬਰ ਸੁਣ ਕੇ । ਅੱਛਾ ਲੱਗਾ ਕੋਈ ਆਪਣਾ ਬੰਦਾ ਹੈ, ਪਰ ਕਾਹਲੀ-ਕਾਹਲੀ ਉਸ ਨੂੰ ਪੁੱਛਿਆ ਕੀ ਬੱਚੀ ਬਚ ਜਾਏਗੀ, ਤਾਂ ਉਸ ਬਗੈਰ ਮੇਰਾ ਦਿਲ ਦੁਖਾਏ ਉੱਤਰ ਦਿੱਤਾ ਡਾਕਟਰ ਪੂਰੀ ਕੋਸ਼ਿਸ਼ ਕਰ ਰਹੇ ਹਨ, ਅੱਗੋਂ ਜਿਵੇਂ ਸਾਹਿਬ ਨੂੰ ਮਨਜ਼ੂਰ ਹੋਵੇ । ਅਸਲ ਵਿੱਚ ਡਾਕਟਰਾਂ ਨੇ ਸ਼ੁਰੂ ਤੋਂ ਹੀ ਕਹਿ ਦਿੱਤਾ ਸੀ ਕਿ ਬੱਚੀ ਦਾ ਬਚਣਾ ਬਹੁਤ ਮੁਸ਼ਕਲ ਹੈ, ਪਰ ਉਸ ਸਿੱਖ ਨੇ ਜਿਸ ਨੂੰ ਹੁਣ ਮੈਂ ਆਪਣਾ ਵੀਰ ਕਹਿੰਦੀ ਹਾਂ—ਸਕਾ ਵੀਰ—ਇਹ ਨਾ ਦੱਸਿਆ ਪਰ ਉਸ ਵੇਲੇ ਸਿੱਧਾ ਉਹ ਮੈਨੂੰ ਹਸਪਤਾਲ ਲੈ ਗਿਆ ਤੇ ਬੱਚੀ ਨਾਲ ਜੋ ਕਿ ਸ਼ੀਸ਼ੇ ਪਿੱਛੇ **ISOLATION WARD** (ਇਕ ਪਾਸੇ, ਅਲੱਗ) ਵਿੱਚ ਪਈ ਸੀ ਟੈਲੀਫ਼ੋਨ 'ਤੇ ਗੱਲ ਕੀਤੀ ਤੇ ਦੇਖ ਵੀ ਲਿਆ, ਪਰ ਪਤਾ ਲੱਗਾ ਕਿ ਬੱਚੀ ਸਾਰੀ ਦੀ ਸਾਰੀ ਸੜ ਗਈ ਹੈ, ਕੇਵਲ ਚਿਹਰਾ ਬਚਿਆ ਹੈ । ਬੱਚੀ ਨਾਲ ਪਿਆਰ ਤੇ ਹੌਂਸਲੇ ਦੀ ਗੱਲ ਕੀਤੀ—ਕਿਹਾ 'ਬਾਬਾ ਜੀ ਨੂੰ ਯਾਦ ਕਰ ।'

ਉਹ ਵੀਰ ਮੇਰੇ ਨਾਲ ਘੰਟਾ ਕੁ ਬੈਠਾ ਮੈਨੂੰ ਇਸ ਮੌਤ ਲਈ ਜਿਵੇਂ ਤਿਆਰ ਕਰਦਾ ਰਿਹਾ । ਕਹਿਣ ਲੱਗਾ—ਭੈਣ ਜੀ ਆਪ ਤਾਂ ਕਹਿੰਦੇ ਹੋ ਕਿ ਕਿਸੇ ਤਰ੍ਹਾਂ ਇਹ ਬਚ ਜਾਏ, ਪਰ ਕੀ ਪਤਾ ਸਾਹਿਬਾਂ ਦੀ ਇਹ ਰਹਿਮਤ ਹੋਏ ਕਿ ਵਿਚਾਰੀ ਦੇ ਦੁੱਖ ਕੱਟਣ ਲਈ ਉਹ ਨਹੀਂ ਚਾਹੁੰਦੇ ਕਿ ਕਈ ਸਾਲ ਹਸਪਤਾਲਾਂ ਵਿੱਚ ਰੁਲੇ । ਜਦੋਂ ਮੈਂ ਕਵ੍ਹਾਂ ਕਿ ਇਹ ਸੜੀ ਹੀ ਕਿਉਂ ? ਤਾਂ ਉਹ ਕਵ੍ਹੇ, ਸਾਹਿਬਾਂ ਦੀ ਰਜ਼ਾ ਵਿੱਚ ਸਾਡਾ ਕੋਈ ਦਖ਼ਲ ਥੋੜ੍ਹੀ ਹੈ । ਸਾਡਾ ਕੰਮ ਹੈ ਸਾਹਿਬਾਂ ਦੇ ਚਰਨਾਂ ਵਿੱਚ ਆਪਣਾ ਆਪ ਵਿਛਾ ਕੇ ਰਹਿਣਾ ਤੇ ਹੁਕਮ ਵਿੱਚ ਵਿਚਰਨਾ । ਕਈ ਬਾਣੀ ਦੀਆਂ ਪਵਿੱਤਰ ਤੁਕਾਂ ਉਸ ਮੈਨੂੰ ਸੁਣਾਈਆਂ, ਪਰ ਮੇਰਾ ਧਿਆਨ ਤਾਂ ਇਕੋ ਗੱਲ ਵਿੱਚ ਸੀ—ਕਿਵੇਂ ਮੇਰੀ ਬੱਚੀ ਬਚ ਜਾਏ । ਦੂਜੇ ਦਿਨ ਮੇਰੇ ਕੋਲੋਂ ਪੁੱਛ ਕੇ ਉਹ ਵਾਪਸ ਪੈਰਿਸ ਮੁੜ ਗਿਆ ਪਰ ਕਹਿ ਗਿਆ ਕਿ ਜੇ ਚਾਹੋ ਤਾਂ ਮੈਂ ਅਜੇ ਉੱਥੇ ਹੀ ਰਹਿੰਦਾ ਹਾਂ ਪਾਠ ਇਕੱਠੇ ਕਰਾਂਗੇ, ਬਾਣੀ ਪੜ੍ਹਾਂਗੇ; ਪਰ ਮੈਂ ਕਿਹਾ—ਜਾਉ, ਤੁਸੀਂ ਉੱਥੇ ਹੀ ਅਰਦਾਸ ਕਰਨਾ ।



ਦੋ ਦਿਨ ਤੜਫ਼ਦਿਆਂ ਬੱਚੀ ਨੇ ਕੱਢੇ, ਆਖ਼ੀਰ ਸਵੇਰੇ ੬ ਵਜੇ ਇਕ ਦਿਨ ਪੂਰੀ ਹੋ ਗਈ । ਮੇਰੀ ਜ਼ਿੰਦਗੀ ਬੇਹਾਲ ਹੋ ਗਈ ਜਿਵੇਂ ਪਥਰਾ ਗਈ, ਫੇਰ ਟੈਲੀਫ਼ੋਨ ਕਰਨ 'ਤੇ ਮੇਰਾ ਵੀਰ ਪਹੁੰਚ ਗਿਆ । ਮੈਨੂੰ ਬਿਲਕੁਲ ਇਵੇਂ ਲੱਗਾ ਜਿਵੇਂ ਮੇਰਾ ਸੱਚ-ਮੁੱਚ ਸਕਾ ਆ ਗਿਆ ਹੈ, ਤਾਂ ਮੈਂ ਮੋਈ-ਮੋਈ ਪਈ ਸਾਂ ਅਥਾਹ ਸੋਚਾਂ ਵਿੱਚ ਸਾਂ—ਹੁਣ ਉੱਠ ਖਲੋਤੀ ਜੋ ਕੁਝ ਸਸਕਾਰ ਦਾ ਇੰਤਜ਼ਾਮ ਕਰਨਾ ਸੀ, ਕਰ ਕੇ ਮੇਰੇ ਕੋਲ ਆਣ ਕਿਹਾ: "ਬਾਣੀ ਪੜ੍ਹੋ, ਵਾਹਿਗੁਰੂ ਦੇ ਕੰਮ ਦਾ ਕੀ ਪਤਾ ਸਾਨੂੰ," ਇਹ ਕਹੇ ਤੇ ਨਾਲੇ ਹੌਂਸਲਾ ਦੇਵੇ ਗੁਰੂ ਤੇਗ਼ ਬਹਾਦਰ ਦੇ ਸਲੋਕ ਪੜ੍ਹ ਕੇ । ਜਦ ਉਸ ਕਿਹਾ ਕਿ ਸਰੀਰ ਤਾਂ ਚਲਾਣਾ ਹੀ ਹੈ, ਕੁਝ ਮੂੰਹ ਵਿੱਚ ਪਾਵਉ ਤਾਂ ਮੇਰਾ ਰੋਣ ਨਾ ਰੁਕੇ, ਉਸ ਮੇਰੇ ਪੈਰ ਪਕੜ ਲਏ, ਕਹਿਣ ਲੱਗਾ ਜੇ ਆਪ ਖਾਉਗੇ ਨਹੀਂ ਤਾਂ ਮੈਂ ਪੈਰ ਛੱਡਾਂਗਾ ਨਹੀਂ । ਜ਼ਬਰਦਸਤੀ ਕੁਝ ਮੂੰਹ 'ਚ ਪਾਇਆ, ਫੇਰ ਉਦਾਸੀ, ਕਾਹਲੀ ਨਾ ਜਾਏ । ਰਹਿਰਾਸ ਸਾਹਿਬ ਦਾ ਪਾਠ ਕੀਤਾ, ਹੋਰ ਬਾਣੀ ਦੀ ਵੀਚਾਰ ਕੀਤੀ ਪਰ ਮੇਰਾ ਦੁੱਖ ਕਿਵੇਂ ਜਾਏ, ਕਿਉਂਕਿ ਅਜੇ ਬੱਚੀ ਦਾ ਸਸਕਾਰ ਕੱਲ੍ਹ ਹੋਣਾ ਸੀ, ਬੱਚੀ ਹਸਪਤਾਲ ਹੀ ਸੀ । ਮੇਰੇ ਵੀਰ ਨੇ ਕਿਹਾ ਜੇ ਚਾਹੋ ਤਾਂ ਬਾਣੀ ਪੜ੍ਹਦੇ ਹਾਂ ਪਰ ਜੇ ਅਰਾਮ ਕਰੋ ਤਾਂ ਨਾਲ ਦੇ ਕਮਰੇ ਵਿੱਚ ਇਕ ਦਮ ਬੁਲਾ ਲੈਣਾ, ਜੇ ਲੋੜ ਸਮਝੋ । ਉਸ ਦੀ ਮਰਜ਼ੀ ਸੀ ਕਿ ਮੈਂ ਰੋਂਦੀ ਰਾਤ ਨਾ ਲੰਘਾਵਾਂ ਤੇ ਭਾਣਾ ਮੰਨਣ ਵਿੱਚ ਤਕੜੀ ਹੋਵਾਂ । ਉਹ ਮੈਨੂੰ ਪੁੱਛ ਗਿਆ ਤੇ ਮਿੱਥੇ ਸਮੇਂ ਅੰਮ੍ਰਿਤ ਵੇਲੇ ਆਣ ਜਗਾਇਆ, ਸਵੇਰੇ-ਸਵੇਰੇ ਅਸਾਂ ਨਿਤਨੇਮ ਕੀਤਾ—ਤੇ ਪਿੱਛੋਂ ਕੁਝ ਦੇਰ ਬਾਅਦ ਸਸਕਾਰ ਲਈ ਚੱਲ ਪਏ । ਮੇਰੇ ਵੀਰ ਨੇ ਹੀ ਕੀਰਤਨ ਸੋਹਿਲਾ ਪੜ੍ਹਿਆ, ਉਸ ਨੇ ਹੀ ਅਰਦਾਸ ਕੀਤੀ ਤੇ "**ਅਸਾਂ ਭੀ ਓਥੈ ਜਾਣਾ**" ਦਾ ਵਿਚਾਰ ਦੱਸ ਕੇ ਅਸੀਂ ਸ਼ਾਮੀਂ ਹਵਾਈ ਜਹਾਜ਼ 'ਤੇ ਪੈਰਿਸ ਆ ਗਏ । ਉਸ ਦਿਨ ਦਿੱਲੀ ਲਈ ਜਹਾਜ਼ ਨਾ ਮਿਲਿਆ ਤਾਂ ਮੈਨੂੰ ਵੀਰ ਆਪਣੇ ਘਰ ਹੀ ਲੈ ਗਿਆ, ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਪ੍ਰਕਾਸ਼ ਸੀ । ਜਾਂਦਿਆਂ ਸਾਰ ਮੱਥਾ ਟੇਕਿਆ ਤੇ ਜ਼ਬਰਦਸਤੀ ਚਾਹ ਪੀ ਕੇ ਸਾਰਾ ਪਰਿਵਾਰ—ਉਹਦੀ ਪਤਨੀ ਤੇ ਉਹਦੀਆਂ ਦੋ ਬੱਚੀਆਂ—ਰਹਿਰਾਸ ਸਾਹਿਬ, ਸ਼ਬਦ ਕੀਰਤਨ, ਸੁਖ-ਆਸਨ ਤੇ ਕੀਰਤਨ ਸੋਹਿਲਾ ਸਾਹਿਬ, ਪੜ੍ਹ ਕੇ ਅਰਦਾਸ ਕੀਤੀ—ਸ਼ਬਦ ਪੜ੍ਹੇ "**ਮੋਹਿ ਮਰਨੇ ਕਾ ਚਾਓ ਹੈ**", "**ਕਿਆ ਤੂ ਸੋਇਆ ਜਾਗੁ ਇਆਨਾ**" ਤੇ ਹੋਰ ਇਸ ਰੰਗ ਵਿੱਚ, ਫੇਰ ਉਸ ਸ਼ਬਦ ਪੜ੍ਹਿਆ "**ਨਾਮ ਅਉਖਧੁ ਮੋ ਕਉ ਸਾਧੂ ਦੀਆ**" ਤੇ ਕਹਿਣ ਲੱਗਾ ਇਹ ਹਮੇਸ਼ਾਂ ਦਾ ਦਾਰੂ ਹੁਣ ਸਾਨੂੰ ਦੁਖੀ ਨਹੀਂ ਹੋਣ ਦੇਵੇਗਾ । ਬਾਅਦ ਵਿੱਚ ਥੋੜ੍ਹੀ ਬਹੁਤੀ ਰੋਟੀ ਖਾ ਕੇ—ਜਿਹੜੀ ਮੇਰੇ ਵੀਰ

ਨੇ ਪੈਰਾਂ 'ਤੇ ਹੱਥ ਰੱਖਣ ਦਾ ਡਰਾਵਾ ਦੇ ਕੇ ਜ਼ੋਰੀਂ ਖਵਾਈ ਮੈਂ ਲੇਟ ਗਈ ਪਰ ਮੇਰਾ ਵੀਰ, ਉਹਦੀ ਪਤਨੀ ਤੇ ਉਹਦੀਆਂ ਬੱਚੀਆਂ ਮੇਰੇ ਅੱਗੇ ਪਿੱਛੇ ਘੁੰਮਣ ਲੱਗੀਆਂ, ਕਿਸੇ ਤਰ੍ਹਾਂ ਮੇਰਾ ਦੁੱਖ ਕੱਟਣ ਲਈ ਜਾਂ ਦੇਖਣ ਲਈ ਕਿ ਮੈਂ ਬਹੁਤੀ ਉਦਾਸ ਨਾ ਹੋਵਾਂ ਤੇ ਰੋਂਦੀ ਨਾ ਰਹਾਂ । ਦੂਜੇ ਦਿਨ ਮੈਨੂੰ ਉਹ ਏਅਰਪੋਰਟ 'ਤੇ ਚੜ੍ਹਾ ਗਏ ਤੇ ਮੈਂ ਮੁੜ ਦਿੱਲੀ ਆ ਗਈ ।

ਜਿਸ ਤੋਂ ਮੈਂ ਲਿਖਣ ਬੈਠੀ ਹਾਂ—ਇਹ ਇਸ ਲਈ ਨਹੀਂ ਕਿ ਮੈਂ ਵੀਰ ਦੀਆਂ ਤਾਰੀਫ਼ਾਂ ਕਰਾਂ ਜਾਂ ਲੋਕਾਂ ਨੂੰ ਕਹਾਣੀ ਸੁਣਾਵਾਂ । ਮੇਰਾ ਭਾਵ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਸ਼ਰਨ ਲੈਣ ਵਾਲਾ ਤੇ ਗੁਰਬਾਣੀ ਨੂੰ ਪੱਥਰ 'ਤੇ ਲਕੀਰ ਸਮਝਣ ਵਾਲਾ ਵੀਰ ਕਹਿੰਦਾ ਸੀ, ਕਹਿੰਦਾ ਹੈ ਤੇ ਕਹਿੰਦਾ ਰਹੇਗਾ ਕਿ ਮੈਂ ਤਾਂ ਇਕ ਨਿੱਕਾ ਜਿਹਾ ਕੀੜਾ ਹਾਂ, ਜੋ ਕੁਝ ਕਰਵਾਉਂਦਾ ਹੈ ਸਾਹਿਬ ਕਰਵਾਉਂਦਾ ਹੈ । ਜੇ ਚੰਗਾ ਹੈ ਤਾਂ ਉਹਦੀ ਰਹਿਮਤ, ਜੇ ਮਾੜਾ ਹੈ ਤਾਂ ਮੇਰੀ ਮੂਰਖਤਾ । ਇਹ ਅਨੋਖੀਆਂ ਗੱਲਾਂ ਦੇਖ ਕੇ ਤੇ ਮੇਰੇ ਹਿਰਦੇ ਦੀਆਂ ਤਹਿਵਾਂ ਵਿੱਚ ਵੀਰ ਦੀ ਕਦਰ ਹੋਣ ਕਰਕੇ—ਪਰ ਮੇਰਾ ਭੁਲੇਖਾ ਇਹ ਹੈ ਕਿ ਮੈਂ ਵੀਰ, ਵੀਰ ਹੀ ਸਮਝਦੀ ਹਾਂ, ਹਾਲਾਂ ਕਿ ਉਹ ਵਾਰ-ਵਾਰ ਕਹਿੰਦਾ ਹੈ ਕਿ ਉਹ ਤਾਂ ਸਵਾਹ ਹੈ, ਸਭ ਕੁਝ ਸਾਹਿਬ ਹੀ ਸਾਹਿਬ ਹੈ—ਮੈਂ ਵੀਰ ਨੂੰ ਜੋ ਚਿੱਠੀ ਲਿਖੀ ਉਹ ਕੁਝ ਇਸ ਤਰ੍ਹਾਂ ਸੀ :

(੧) ਆਪ ਦਾ ਅਹਿਸਾਨ ਨਹੀਂ ਲਾਹ ਸਕਦੀ ।
(੨) ਆਪ ਦਾ ਸ਼ੁਕਰੀਆ ਵੀ ਨਹੀਂ ਕਰ ਸਕਦੀ ।
(੩) ਆਪ ਸਾਰਾ ਪਰਿਵਾਰ ਇਸ ਧਰਤੀ ਦੇ ਵਸਨੀਕ ਨਹੀਂ ਲੱਗਦੇ ।

ਮੇਰੇ ਵੀਰ ਨੇ ਉੱਤਰ ਦਿੱਤਾ ਕਿ ਮੇਰੇ ਰੱਜ ਕੇ ਪਿਆਰੇ ਭੈਣ ਜੀਓ—ਆਪ ਨੇ ਪਹਿਲੀਆਂ ਦੋ ਗੱਲਾਂ ਵੈਸੇ ਹੀ ਗ਼ਲਤ ਲਿਖੀਆਂ ਹਨ, ਕਿਉਂਕਿ ਅਹਿਸਾਨ ਤੇ ਸ਼ੁਕਰੀਆ ਹਮੇਸ਼ਾਂ ਸਾਹਿਬਾਂ ਦਾ । ਇਨਸਾਨ ਸਵਾਹ ਹੈ ਸਾਹਿਬ ਦੀ ਨਜ਼ਰ ਬਗੈਰ । ਤੀਜੀ ਗੱਲ ਕਹਿਣ ਲੱਗਾ, ਠੀਕ ਵੀ ਹੈ ਤੇ ਗ਼ਲਤ ਵੀ, ਠੀਕ ਇਸ ਲਈ ਕਿ ਜਦੋਂ ਦੁਨੀਆਂ 'ਤੇ ਅੰਧੇਰਾ ਵਧ ਜਾਏ, ਕੁਕਰਮ ਵਧ ਜਾਣ ਤੇ ਕੋਈ ਨਿਰੋਲ ਆਪਣਾ ਫ਼ਰਜ਼, ਨਿਰੋਲ ਆਪਣਾ ਸਿੱਖੀ ਫ਼ਰਜ਼, ਜਾਂ ਇਨਸਾਨੀ ਫ਼ਰਜ਼, ਨਿਭਾਉਣ ਦੀ ਕੋਸ਼ਿਸ਼ ਕਰੇ ਤਾਂ ਉਹ ਅਜੀਬ ਲੱਗਦਾ ਹੈ । ਗ਼ਲਤ ਇਸ ਲਈ ਕਿ ਇਸੇ ਧਰਤੀ 'ਤੇ ਹਜ਼ਾਰਾਂ ਲੱਖਾਂ ਲੋਕ ਸਾਨੂੰ ਪਤਾ ਹੈ, ਮਿਹਰਬਾਨ ਹਨ, ਚੰਗੇ ਹਨ । ਪਰ ਹੋਰ ਇਕ ਗੱਲ ਉਹਨਾਂ ਕਿਹਾ ਕਿ ਜਿਹੜੀ ਚੀਜ਼ ਤੁਹਾਨੂੰ ਇਸ ਧਰਤੀ ਦੀ ਨਹੀਂ ਲੱਗੀ ਉਹ ਨਾ



ਵੀਰ ਹੈ, ਨਾ ਪਰਿਵਾਰ, ਨਾ ਘਰ—ਅਸੀਂ ਤਾਂ ਅਕ੍ਰਿਤਘਣ ਕੀੜੇ ਹਾਂ, ਅਤਿ ਹਰਾਮਖੋਰ—ਉਹ ਹੈ ਵਾਹਿਗੁਰੂ ਦੀ ਵਡਿਆਈ । ਅਸਲ ਵਿੱਚ ਭੈਣ ਜੀਓ ! ਇਹ ਸਾਹਿਬਾਂ ਦੀ ਵਡਿਆਈ ਹੈ, ਉਸ ਦਾ ਨਾਮ ਹੈ, ਨਾਮ ਬਾਣੀ ਦੀ ਬਰਕਤ ਹੈ ਤੇ ਕੇਵਲ ਉਸ ਦੀ ਲਿਸ਼ਕਣ ਵਿੱਚ ਤੁਸੀਂ ਵੀਰ ਨੂੰ ਮਾਣ ਦਿੰਦੇ ਹੋ । ਮਾਣ ਸਾਰਾ ਸਾਹਿਬਾਂ ਦਾ ਹੈ ।

ਮੈਂ ਸਮਝਦੀ ਹਾਂ, ਇਹ ਬਿਲਕੁਲ ਠੀਕ ਹੈ । ਵੀਰ ਤਾਂ ਕਹਿੰਦਾ ਸੀ ਭੈਣ ਜੀ, ਸਾਰੀ ਦੁਨੀਆਂ ਸਾਡੇ ਤੋਂ ਚੰਗੀ ਹੈ, ਸਭ ਦੀ ਨੌਕਰੀ ਅਸਾਂ ਕਰਨੀ ਹੈ, ਸਭ ਦੀ ਚਰਨਧੂੜ ਬਣਨਾ ਹੈ । ਸਗੋਂ ਮੈਨੂੰ ਤੁਰਨ ਤੋਂ ਪਹਿਲਾਂ ਕਹਿਣ ਲੱਗਾ ਭੈਣ—ਜੀਓ ਜੋ ਹੋਣਾ ਸੀ ਉਹ ਹੋ ਗਿਆ, ਹੁਣ ਬਹੁਤ ਵਖੇਵੇਂ ਦੇ ਅਫ਼ਸੋਸ ਕਰਨ ਵਾਲੇ ਲੋਕਾਂ ਅੱਗੇ ਆਪਣੇ ਰੋਣੇ ਨਾ ਰੋਣਾ, ਕੇਵਲ ਵਾਹਿਗੁਰੂ ਨੂੰ ਯਾਦ ਕਰਨਾ, ਕੋਈ ਬੇਲੀ ਨਹੀਂ ਜੇ । ਅੰਮ੍ਰਿਤ ਵੇਲੇ ਸਤਿਸੰਗਤ ਵਿੱਚ ਜਾਣਾ । ਸਗੋਂ ਇਸ ਦੁੱਖ ਦੀ ਘੜੀ ਨੂੰ ਪੱਕੀ ਸੁਖ ਦੀ ਸੜਕ ਬਣਾ ਲਉ, ਆਪਣਾ ਆਪ ਦਿੱਲੋਂ ਸਾਹਿਬਾਂ ਨੂੰ ਵੇਚ ਦਿਉ । ਤੁਸੀਂ ਤਾਂ ਪਰਤੱਖ ਦੇਖ ਬੈਠੇ ਹੋ ਕਿ ਕੁਝ ਪਤਾ ਨਹੀਂ ਕੀ ਹੋਣਾ ਹੈ, ਕੀ ਚੰਗਾ ਹੈ, ਕਦੋਂ ਹੋਵੇਗਾ । ਇਸ ਲਈ ਹੁਣ ਰਸਤਾ ਹੀ ਬਦਲ ਦਿਓ ।

ਗੱਲਾਂ ਸਾਰੀਆਂ ਠੀਕ ਕਹਿੰਦਾ ਹੈ ਵੀਰ । ਸਗੋਂ ਕਹਿੰਦਾ ਸੀ ਭੈਣ—ਜੀਓ, ਆਇਆ ਤਾਂ ਸਰਕਾਰੀ ਕੰਮ, ਪਰ ਮੇਰਾ ਕੰਮ ਤਾਂ ਸਾਹਿਬਾਂ ਦੇ ਹਜ਼ੂਰ ਹੈ, ਮੇਰਾ ਗੁਰੂ ਕੀ ਆਖੇਗਾ, ਮੈਨੂੰ ਤਾਂ ਇਹ ਖ਼ਿਆਲ ਰਹਿੰਦਾ ਹੈ । ਹੁਣ ਸਾਰੀ ਸੰਗਤ ਅੱਗੇ ਮੈਂ ਅਰਦਾਸ ਕਰਦੀ ਹਾਂ, ਪਿਆਰੀ ਸੰਗਤ ਜੀਓ ਜਿਵੇਂ ਅਣਜਾਣੇ, ਅਣਦੇਖੇ ਵੀਰ ਨੂੰ ਮੈਂ ਹੁਣ ਸਕਾ ਵੀਰ ਕਹਿ ਬੈਠੀ ਹਾਂ ਉਹ ਦੇ ਸਕੇ "ਮਾਤਾ, ਪਿਤਾ, ਸੰਬੰਧੀ ਤੇ ਸਭ ਕੁਝ"—ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਰਾਹੀਂ ਮੈਂ ਵੀ ਸਾਹਿਬਾਂ ਦੇ ਦਰ 'ਤੇ ਨੌਕਰ ਹੋ ਜਾਵਾਂ । ਵੀਰ ਕਹਿੰਦਾ ਹੈ, ਜੇ ਇਕ ਕੀੜੀ ਦੀ ਇਤਨੀ ਤਾਰੀਫ਼ ਕਰਦੇ ਹੋ, ਤਾਂ ਕੀੜੀ ਦਾ ਮਾਲਕ ਕਿਤਨਾ ਬੇਅੰਤ ਹੋਏਗਾ ।

## ਮੌਤ ਮੇਰੀ ਸਖੀ ਸਹੇਲੀ

ਮੇਰਾ ਵੀਰ ਕਹਿੰਦਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਕਿਹਾ ਸੀ ਕਿ ਜਦੋਂ ਇਸ ਦੁਨੀਆਂ 'ਤੇ ਕਿਸੇ ਰਹਿਣਾ ਹੀ ਨਹੀਂ, ਸਭ ਜਗ ਚੱਲਣਹਾਰ ਹੈ ਤਾਂ ਦੋਸਤੀ ਕਿਸ ਨਾਲ ਕਰੀਏ । (ਆਸਾ ਦੀ ਵਾਰ ਵਿੱਚ) ਕਬੀਰ ਸਾਹਿਬ ਨੇ ਚਾਅ ਨਾਲ ਗਾਇਆ ਸੀ ਕਿ ਮੈਨੂੰ ਮਰਨ ਦਾ ਚਾਅ ਹੈ ਕਿਉਂਕਿ ਸਾਹਿਬ

ਦੇ ਦਰ 'ਤੇ ਜੇ ਮਰਾਂ ਤਾਂ ਸ਼ਾਇਦ ਸਾਹਿਬ ਮੇਰੇ ਬਾਰੇ ਪੁੱਛ ਲਏ ਕਿ ਮੈਂ ਕੌਣ ਹਾਂ । ਫੇਰ ਹੋਰ ਪਿਆਰ ਨਾਲ ਕਿਹਾ ਸੀ ਜਿਸ ਮੌਤ ਤੋਂ ਦੁਨੀਆਂ ਡਰਦੀ ਹੈ ਮੇਰੇ ਲਈ ਤਾਂ ਉਹ ਪੂਰਨ ਪਰਮਾਨੰਦ ਦੀ ਹਾਲਤ ਹੈ, ਮੇਰਾ ਵੀਰ ਕਹਿੰਦਾ ਹੈ ਅਸੀਂ ਕਿਤੇ ਗੱਲ ਕਰ ਦੇਈਏ ਮੌਤ ਦੀ ਤਾਂ ਸਾਨੂੰ ਘਰ ਵਾਲੇ ਕਹਿੰਦੇ ਨੇ, "ਭੈੜ ਮੂਹਾਂ" "ਬਉਰਾ", "ਝੱਲਾ" । ਕਬੀਰ ਸਾਹਿਬ ਕਹਿੰਦੇ ਨੇ ਕੀ ਹੋਇਆ "ਬਉਰਾ" ਹੀ ਸਹੀ । ਮੈਂ ਆਪ ਤਾਂ ਬਉਰਾ ਨਹੀਂ, ਰਾਮ ਨੇ ਬਉਰਾ ਕੀਤਾ ਹੈ । ਇਸ ਤੋਂ ਸਾਫ਼ ਜ਼ਾਹਿਰ ਹੈ ਕਿ ਸਾਡੇ ਗੁਰੂ ਦੇ ਹੁਕਮ ਨਾਲ ਮੌਤ ਇਕ ਵੱਡੀ ਰਹਿਮਤ ਹੈ । ਸਖੀ ਸਹੇਲੀ ਹੈ, ਕਿਉਂਕਿ ਇਕੋ ਚੀਜ਼ ਹੀ ਦੁਨੀਆਂ ਵਿੱਚ ਯਕੀਨਨ ਵਾਪਰਨੀ ਹੈ, ਉਹ ਹੈ ਮੌਤ, ਤਾਂ ਜੋ ਇਸ ਨਾਲ ਕਿਉਂ ਨਾ ਪਹਿਲਾਂ ਹੀ ਪਿਆਰ ਪਾ ਲਈਏ ਤਾਂ ਬਾਕੀ **Uncertain** (ਨਾ ਯਕੀਨੀ) ਗੱਲਾਂ ਦਾ ਡਰ ਮੁੱਕ ਜਾਏ ।

ਮੇਰਾ ਵੀਰ ਕਹਿੰਦਾ ਹੈ, ਡਰ ਸਾਨੂੰ ਤਾਂ ਲੱਗਦਾ ਹੈ ਕਿਉਂਕਿ ਗੁਰੂ ਤੋਂ ਦੂਰ ਹਾਂ, ਵਾਹਿਗੁਰੂ ਤੋਂ ਦੂਰ ਹਾਂ । ਗੁਰੂ ਗ੍ਰੰਥ ਸਾਹਿਬ ਮਹਾਰਾਜ ਕਹਿੰਦੇ ਹਨ ਜਿਨ੍ਹਾਂ ਨੇ ਗੁਰੂ ਸੱਚਾ ਕਰ ਕੇ ਜਾਣ ਲਿਆ ਹੈ ਉਨ੍ਹਾਂ ਨੂੰ ਦੁੱਖ ਤੇ ਡਰ ਕਾਹਦਾ ? ਨਾਲੇ ਜਿਨ੍ਹਾਂ ਦੇ ਮਨ ਤਨ ਅੰਦਰ ਵਾਹਿਗੁਰੂ ਦੀ ਯਾਦ ਹੈ, ਉਨ੍ਹਾਂ ਦਾ ਡਰ ਗੁਰੂ ਨੇ ਉੱਕਾ ਹੀ ਮੇਟ ਦਿੱਤਾ ਹੈ ਕਿਉਂਕਿ ਗੁਰੂ ਪੂਰਾ ਹੈ; ਪਰ ਕਿਉਂਕਿ ਅਸੀਂ ਪਖੰਡ ਦੀ ਦੁਨੀਆਂ ਵਿੱਚ "ਬੜਾ ਅਫ਼ਸੋਸ ਹੈ", "ਹਾਏ ਡਾਢਾ ਜ਼ੁਲਮ ਹੋਇਆ", "ਅਜੇ ਵੇਲਾ ਨਹੀਂ ਸੀ" ਕਹਿ ਕੇ ਅੰਦਰੋਂ ਹੋਰ ਬਾਹਰੋਂ ਹੋਰ, ਸੁਭਾਅ ਨਾਲ ਵਾਹਿਗੁਰੂ ਤੋਂ ਬੇਮੁੱਖ ਹੋ ਕੇ, ਗੁਰੂ ਦੀ ਸਿੱਖਿਆ ਤੋਂ ਮੁੱਖ ਮੋੜ ਕੇ ਰਿਵਾਜ ਤੋਰਦੇ ਹਾਂ ਤਾਂ ਹੀ ਕਾਹਲੇ ਪੈਂਦੇ ਹਾਂ, ਆਉ ਦੇਖੀਏ ਕਿਵੇਂ ਮੌਤ ਰਹਿਮਤ ਹੈ ।

ਬਿਮਾਰ ਦਾ ਦੁੱਖ ਮੌਤ ਕੱਟਦੀ ਹੈ । ਕੁੜ੍ਹਦੇ ਹੋਏ ਰੁਲਣ ਵਾਲੇ ਦੁਨੀਆਂਦਾਰ ਲਈ ਮੌਤ ਸਹਾਰਾ ਲੱਗਦੀ ਹੈ । ਮੌਤ ਹੀ ਬੁਢਾਪੇ ਦੀਆਂ ਚੀਸਾਂ ਖ਼ਤਮ ਕਰਦੀ ਹੈ । ਮੌਤ ਹੀ ਬੰਦੇ ਨੂੰ ਸਿੱਧੇ ਰਸਤੇ ਵੱਲ ਪ੍ਰੇਰਦੀ ਹੈ । ਪਰ ਹੋਰ ਜ਼ਰੂਰੀ ਗੱਲ, ਮੌਤ ਇਨਸਾਨ ਦੇ ਆਦਿ ਦਾ ਅੰਤ ਹੈ ਮਤਲਬ-ਮੁਕੰਮਲ ਇਨਸਾਨੀਅਤ ਕੇਵਲ ਮੌਤ ਹੀ ਕਰਦੀ ਹੈ ।

ਕੇਵਲ ਵਾਹਿਗੁਰੂ ਤੋਂ ਦੂਰ ਰਹਿ ਕੇ ਮੌਤ ਦੀ ਪਛਾਣ ਨਹੀਂ ਹੁੰਦੀ ਪਰ ਮੇਰਾ ਵੀਰ ਕਹਿੰਦਾ ਹੈ ਕਿ ਮੇਰੇ ਬੱਚੇ ਦੀ ਮੌਤ ਕਦੇ ਹੋਈ ਨਹੀਂ, ਵਾਹਿਗੁਰੂ ਜਾਣੇ, ਵੇਲੇ ਸਿਰ ਰਜ਼ਾ ਨਾ ਮੰਨ ਸਕਾਂ, ਇਸ ਲਈ ਕਹਿੰਦਾ ਹੈ ਕਿ



ਮੈਂ ਅਰਦਾਸ ਕਰਾਂ ਕਿ ਸਾਹਿਬ ਮੇਰੀ ਲਾਜ ਰੱਖੇ । ਥੀਓਰੀ (**Theory**) ਵਿੱਚ ਰਜ਼ਾ ਮੰਨਣਾ ਸਿਖਾ ਕੇ ਸਾਹਿਬ ਨੇ ਰਹਿਮਤ ਕੀਤੀ ਹੈ **Practice** ਵੇਲੇ ਸਾਥ ਦੇਣਾ, ਨਹੀਂ ਤਾਂ ਮੈਂ ਅਤਿ ਕਮਜ਼ੋਰ ਹਾਂ, ਕਿਤੇ ਡੋਲ ਨਾ ਜਾਵਾਂ ।

ਮੇਰੀ ਤੇ ਵੀਰ ਦੀ ਇਹ ਅਰਦਾਸ ਹੈ ਸਾਹਿਬ ਜੀ—ਸਾਡੇ 'ਤੇ ਕਿਰਪਾ ਕਰੋ, ਸਾਨੂੰ ਆਪਣੇ ਚਰਨਾਂ ਨਾਲ ਜੋੜ ਕੇ ਮੌਤ ਦਾ ਡਰ ਮੁਕਾ ਦਿਓ, ਨਾਲੇ ਜਦ ਅਸੀਂ ਕੁਝ ਨਹੀਂ ਕਰ ਸਕਦੇ ਤਾਂ ਸਮਝਾ ਦਿਓ ਕਿ ਤੁਹਾਡੀ ਰਜ਼ਾ ਵਿੱਚ ਰਹੀਏ, ਡਰ ਲੱਗਦਾ ਹੈ ਕਿਤੇ ਗੁਰੂ ਤੋਂ ਮੂੰਹ ਨਾ ਮੋੜ ਲਈਏ ਕਿਉਂਕਿ ਇਹ ਮਾਇਆ ਨਾਗਨੀ ਖਿੱਚਦੀ ਰਹਿੰਦੀ ਹੈ, ਪਰ ਗੁਰੂ ਨੇ ਸਮਝਾ ਦਿੱਤਾ ਹੈ ਕਿ ਜਿਹੜਾ ਇਸ ਦੀ ਸੇਵਾ ਕਰਦਾ ਹੈ, ਉਸ ਨੂੰ ਇਹ ਖਾਂਦੀ ਹੈ । ਇਸ ਲਈ ਸਾਹਿਬ ਆਖਦੇ ਹਨ, ਅਸੀਂ ਇਸ ਨਾਲ ਕੱਟੀ ਕਰ ਦੇਈਏ । ਸਾਹਿਬ ਜੀ, ਪਰ ਕਿਵੇਂ ? ਲਾਚਾਰਾਂ ਨੂੰ ਆਪ ਰਹਿਮਤ ਕਰ ਕੇ ਨਾ ਨਵਾਜੋ ਤਾਂ ਅਸੀਂ ਵੀਚਾਰੇ ਕੀ ਹਾਂ ? ਆਪ ਦ੍ਰਿੜ੍ਹ ਕਰਾਓ ਆਪਣਾ ਨਾਂ, ਤਾਂ ਜੋ ਮੌਤ ਨੂੰ ਕਬੀਰ ਵਾਂਙ ਘੁੱਟ ਕੇ ਜੱਫ਼ੀ ਪਾ ਸਕੀਏ ।

# ਪੂਤਾ ਮਾਤਾ ਕੀ ਆਸੀਸ ॥

**(ਇਕ ਪਿਤਾ ਦਾ ਆਪਣੀ ਬੱਚੀ ਲਈ Birthday Present)**

ਮੇਰੀ ਰਾਣੀ ਬੇਟੀ!

੨੩ ਸਾਲ ਹੋਏ ਦੋ ਬੱਚਿਆਂ ਦੇ ਘਰ ਇਕ ਬੱਚਾ ਜੰਮਿਆ । ਤੇਰੀ ਮੰਮੀ ਉਸ ਵੇਲੇ ਸਾਢੇ ਸੋਲਾਂ ਤੇ ਮੈਂ ਸਾਢੇ ਅਠਾਰਾਂ ਵਰ੍ਹਿਆਂ ਦਾ ਸਾਂ । ਅਸੀਂ ਬਿਲਕੁਲ ਮੂਰਖ ਸਾਂ ਤੇ ਇਨ੍ਹਾਂ ੨੩ ਸਾਲਾਂ ਵਿੱਚ ਕੋਈ ਫ਼ਰਕ ਨਹੀਂ ਪਿਆ, ਕੇਵਲ ਸਾਨੂੰ ਆਪਣੀ ਮੂਰਖਤਾਈ ਦਾ (**Source**) ਜ਼ਰੀਆ ਲੱਭ ਪਿਆ ਹੈ । ਜਿਸ ਪਿਉ-ਦਾਦੇ ਦੇ ਖ਼ਜ਼ਾਨੇ 'ਤੇ ਸਾਨੂੰ ਜੰਮਦਿਆਂ ਸਾਰ ਮਾਣ ਹੋਣਾ ਚਾਹੀਦਾ ਸੀ, ਉਸ ਦੀ ਸਾਰ ਵੀ ਨਾ ਲਈ ਤੇ ਸਾਰੀ ਉਮਰ ਝੱਖਾਂ ਮਾਰਦੇ ਰਹੇ ਖ਼ੁਸ਼ੀਆਂ ਲੋੜਨ ਵਿੱਚ, ਤਮਾਸ਼ੇ ਦੇਖਣ ਵਿੱਚ ਤੇ ਆਪਣੀਆਂ ਵਡਿਆਈਆਂ ਕਰਵਾਉਣ ਵਿੱਚ । ਨਤੀਜਾ ਕੁਝ ਵੀ ਨਾ ਨਿਕਲਿਆ—ਤੇ ਜੇ ਕੁਝ ਨਿਕਲਿਆ ਝੋਲੀ ਖ਼ਾਲੀ ਦੀ ਖ਼ਾਲੀ ਰਹੀ; ਕਿਉਂਕਿ ਝੂਠ ਵਿੱਚ ਮਸਤ ਰਹਿ ਕੇ ਸੱਚ ਨੂੰ ਵਿਸਾਰ ਦਿੱਤਾ, ਜਿਸ ਨੂੰ ਛੱਡਣਾ ਸੀ ਉਹ ਅਸਥਿਰ ਮੰਨ ਬੈਠੇ, ਜਿਸ ਪਿੱਛੇ ਨੱਸਣਾ ਸੀ ਉਸ ਵੱਲ ਗਹੁ ਨਾ ਕੀਤਾ, ਗੁਰਮਤਿ ਦੀ ਥਾਂ ਆਪਣੀ ਮਤਿ 'ਤੇ ਇਤਨਾ ਭਰੋਸਾ ਕੀਤਾ ਕਿ ਨਿਰੇ ਦੁੱਖ ਹੀ ਦੁੱਖ ਸਹੇੜੇ ।

ਤੈਨੂੰ ਯਾਦ ਹੋਵੇਗਾ—ਜਿਵੇਂ ਮੈਨੂੰ ਯਾਦ ਹੈ ਕਿ ਜਨਮ ਦਿਨ ਮਨਾਉਣ ਦੇ ਚਾਅ ਵਿੱਚ ਕਿਵੇਂ ਕਿਤਨੇ-ਕਿਤਨੇ ਦਿਨ ਪਹਿਲਾਂ ਤੋਂ ਹੀ ਅਸੀਂ ਕਾਨਾਫੂਸੀ ਸ਼ੁਰੂ ਕਰ ਦਿੰਦੇ ਸੀ, ਕਿਤੇ ਜਿਸਦਾ **Birthday** ਹੈ, ਉਸਦੀ **Surprise** ਨਾ ਖ਼ਤਮ ਹੋ ਜਾਏ । ਕਿਵੇਂ ਲੁਕ-ਲੁਕ ਕੇ ਸਲਾਹਵਾਂ ਕਰਦੇ ਕਿ ਕਿਹੜਾ **Present** ਲਈਏ, ਕਿਸ ਚੀਜ਼ ਦੀ ਲੋੜ ਹੈ, ਆਦਿਕ । ਹੁਣ ਵੀ ਮੈਂ ਇਸੇ ਭਾਲ ਵਿੱਚ ਬਹੁਤ ਦੇਰ ਲਗਾ ਰਿਹਾ ਹਾਂ ਤੇ ਆਪਣੇ ਸਭ ਤੋਂ ਪਿਆਰੇ ਮਿੱਤਰ, ਰਿਸ਼ਤੇਦਾਰ, ਮਦਦਗਾਰ, ਸਲਾਹਕਾਰ, ਮਾਤਾ-ਪਿਤਾ ਦੇ ਸਮਾਨ ਬਜ਼ੁਰਗ ਹਮੇਸ਼ਾਂ ਮਿਹਰਬਾਨੀ ਕਰਨ ਵਾਲੇ ਬੇਲੀ, ਤੇ ਆਪਣੇ ਸਭ ਤੋਂ ਨਜ਼ਦੀਕੀ ਯਾਰ, ਕੋਲੋਂ ਪੁੱਛ-ਪੁੱਛ ਕੇ ਤੇਰੇ ਲਈ ਇਕ ਹੀਰਿਆਂ ਦੀ ਮਾਲਾ ਚੁਣੀ; ਪਰ ਜਦੋਂ ਸ਼ਾਹ ਕੋਲ ਜਾ ਉਸ ਵਿੱਚ **Interest** ਜ਼ਾਹਿਰ ਕੀਤਾ ਤਾਂ ਹੋਸ਼ ਉੱਡ ਗਈ । ਸ਼ਾਹ ਨੇ ਤਿਰਛੀ ਨਜ਼ਰ ਭਰ ਕੇ ਤੱਕਿਆ ਤੇ ਕਿਹਾ :

'ਓਇ ਮੂਰਖਾ, ਆਪਣੀ ਹੈਸੀਅਤ ਦੇਖਕੇ ਕਿਸੇ ਚੀਜ਼ ਵੱਲ ਨਜ਼ਰ ਕਰੀਦੀ ਹੈ । ਤੇਰੀ ਜੇਬ ਵਿੱਚ ਇਸ ਦਾ ਮੁੱਲ ਤਾਂ ਕਿਤੇ ਰਿਹਾ, ਇਸ ਦੇ



ਇਕ ਮਣਕੇ ਨੂੰ ਹੱਥ ਲਾਉਣ ਦੀ ਵੀ ਕੀਮਤ ਨਹੀਂ ਹੋਣੀ ।'

ਮੈਂ ਤ੍ਰਭਕ ਗਿਆ । ਮੈਂ ਅਮੀਰ ਤਾਂ ਨਹੀਂ ਪਰ ਕੋਈ ਘਾਟ ਵੀ ਨਹੀਂ । ਮੈਂ ਤਾਂ ਸਮਝਿਆ ਸੀ ਕਿ ਆਪਣੀ ਬੱਚੀ ਲਈ ਐਸੀ ਚੀਜ਼ ਲਵਾਂ ਕਿ ਉਹ ਤੱਕ ਕੇ ਉਸ ਤਰ੍ਹਾਂ ਹੀ ਖ਼ੁਸ਼ੀ ਨਾਲ ਘਬਰਾ ਜਾਏ ਜਿਵੇਂ ਯੂਰਪ ਵਿੱਚ ਬਿਲਕੁਲ **Surprise** ਵਿੱਚ ਐਨ ਕੇਕ ਕੱਟਣ ਵੇਲੇ ਕੈਮਰਾ ਦੇਖ ਕੇ ਇਤਨੀ **Excited** ਹੋ ਗਈ ਸੀ ਕਿ ਪਾਪੇ ਨੂੰ ਘੁੱਟ ਕੇ ਜੱਫ਼ਾ ਮਾਰ ਲਿਆ ਸੀ । ਉਹ ਕੈਮਰਾ ਕੇਵਲ **200** ਰੁਪਏ ਦਾ ਸੀ । (ਮੈਂ ਸੋਚਿਆ ਇਹ ਮਾਲਾ **1000** ਰੁਪਏ ਦੀ ਹੋਵੇਗੀ, ਪਰ ਕਿਉਂਕਿ ਹੁਣ ਤੂੰ ਅੱਗੇ ਨਾਲੋਂ ਵੱਡੀ ਵੀ ਤਾਂ ਹੋ ਗਈ ਹੈਂ; ਉਹ ਜਾਣੇ ਇਤਨੇ ਪੈਸੇ ਖ਼ਰਚ ਦੇਵਾਂਗਾ) ।

ਹਿੰਮਤ ਕਰ ਕੇ ਮੈਂ ਕਿਹਾ, 'ਸ਼ਾਹ ਜੀ, ਕੀ ਮੁੱਲ ਹੈ ਇਸਦਾ, ਹੋ ਸਕਦਾ ਹੈ ਮੈਂ ਨਾ ਖ਼ਰੀਦ ਸਕਾਂ ਪਰ ਪੁੱਛਣ ਦਾ ਕੀ ਹਰਜ ਹੈ ?'

ਸ਼ਾਹ ਜੀ ਨੂੰ ਇਵੇਂ ਨਿਮਰਤਾ ਤੇ ਪਿਆਰ ਨਾਲ ਪੁੱਛਣ 'ਤੇ ਮੈਨੂੰ ਮਹਿਸੂਸ ਹੋਇਆ ਕਿ ਉਹ ਗੁੱਸੇ ਹੋਣ ਦੀ ਬਜਾਏ ਮੇਰੇ ਵੱਲ ਇਕ ਐਸੀ ਨਜ਼ਰ ਮਾਰ ਰਹੇ ਹਨ ਜਿਵੇਂ ਜਾਂਚ ਰਹੇ ਹੋਣ ਕਿ ਇਹ ਗਾਹਕ (ਗੰਭੀਰ) ਵੀ ਹੈ ਕਿ ਉਹਨਾਂ ਦਾ ਵਕਤ ਜ਼ਾਇਆ ਕਰ ਰਿਹਾ ਹੈ । ਉਹਨਾਂ ਮੈਨੂੰ ਬੈਠਣ ਲਈ ਕਿਹਾ ਤੇ ਮੁਸਕਰਾ ਕੇ ਕਿਹਾ 'ਤੁਸੀਂ ਬੜੀ ਦੇਰ ਬਾਅਦ ਹੱਟੀ 'ਤੇ ਆਏ ਜਾਪਦੇ ਹੋ ।'

'ਜੀ ਹਾਂ,' ਕਹਿ ਤਾਂ ਦਿੱਤਾ ਪਰ ਮੇਰੇ ਹੱਥ ਪੈਰ ਕੰਬਣ ਲੱਗ ਪਏ । ਤੇਰੇ ਲਈ **Present** ਢੂੰਡਣ ਗਿਆ ਸੀ ਪਰ ਇੱਥੇ ਤਾਂ ਆਪ ਵਿਕਦਾ ਜਾ ਰਿਹਾ ਸਾਂ । ਸ਼ਾਹ ਜੀ ਦੇ ਇਸ਼ਾਰਿਆਂ ਤੋਂ ਪਤਾ ਲੱਗ ਰਿਹਾ ਸੀ ਕਿ ਮਾਲਾ ਦੀ ਬਹੁਤ ਹੀ ਕੀਮਤ ਹੈ, ਪਰ ਉਹ ਮੈਨੂੰ ਮਾਯੂਸ ਨਹੀਂ ਸੀ ਕਰਨਾ ਚਾਹੁੰਦੇ । ਮੈਂ ਘੜੀ-ਘੜੀ ਪੁੱਛਾਂ ਤਾਂ ਉਹ ਇਹ ਕਹਿਕੇ ਟਾਲ ਦੇਣ 'ਕਾਕਾ, ਦੁਕਾਨ ਵਿੱਚ ਚੱਕਰ ਮਾਰ ਕੇ ਦੇਖੋ ਤਾਂ ਸਹੀ, ਮਤ ਹੋਰ ਕੁਝ ਪਸੰਦ ਆ ਜਾਏ ।'

ਦੇਰ ਬਹੁਤ ਲੱਗ ਰਹੀ ਸੀ ਮੈਨੂੰ ਡਰ ਲੱਗ ਰਿਹਾ ਸੀ ਕਿਤੇ **Surprise Element** ਖ਼ਤਮ ਨਾ ਹੋ ਜਾਏ, ਪਰ ਸ਼ਾਹ ਜੀ ਨੇ ਬਿਠਾ ਵੀ ਲਿਆ ਤੇ **Salesmen/Saleswomen** ਨੂੰ ਕਿਹਾ ਕਿ ਸਾਰੀ ਦੁਕਾਨ ਦੇ ਚੋਣਵੇਂ **Present** ਇਸ ਨੂੰ ਦਿਖਾਵੋ ਤੇ ਜਿਹੜੇ-ਜਿਹੜੇ ਵੀ ਇਹ ਸਮਝਣ ਕਿ ਇਹਨਾਂ ਦੇ ਮਤਲਬ ਦੇ ਹਨ, ਇਨ੍ਹਾਂ ਨੂੰ ਇਕ ਪਾਸੇ ਇਕੱਠੇ ਕਰ ਦੇਣਾ । ਮੁੱਲ ਦੀ ਗੱਲ ਇਨ੍ਹਾਂ ਨਾਲ ਮੈਂ ਆਪ ਕਰਾਂਗਾ ।

ਮੈਂ **perplex** (ਉਲਝ) ਹੋ ਰਿਹਾ ਸੀ । ਸ਼ਾਹ ਜੀ ਮੇਰਾ ਮਜ਼ਾਕ ਤਾਂ ਨਹੀਂ ਉਡਾ ਰਹੇ? ਜਾਂ ਸ਼ਾਹ ਜੀ ਨੇ ਮੈਨੂੰ ਭੁਲੇਖੇ ਵਿੱਚ ਕੋਈ ਆਪਣਾ ਵਾਕਫ਼, ਰਿਸ਼ਤੇਦਾਰ ਜਾਂ ਲੋੜਵੰਦ ਸਮਝ ਕੇ ਘੱਟ ਮੁੱਲ 'ਤੇ ਜਾਂ ਮੁਫ਼ਤ ਹੀ ਮਾਲਾ ਦੇਣ ਦਾ ਸੋਚ ਰਹੇ ਹੋਣ । ਫੇਰ ਮੈਂ ਆਪਣੇ ਆਪ ਨੂੰ ਸ਼ੇਖ਼ਚਿੱਲੀ ਵਾਂਙ ਸੋਚਣ 'ਤੇ ਲਾਹਨਤ ਪਾਈ, ਪਰ ਹੈਰਾਨ ਤਾਂ ਮੈਂ ਜ਼ਰੂਰ ਸੀ ।

**Salesmen** ਮੈਨੂੰ ਸਭ ਪਾਸੇ ਘੁਮਾ ਰਹੇ ਸਨ । ਉਹ ਇਤਨੀ ਵੱਡੀ ਦੁਕਾਨ ਸੀ ਕਿ ਸਿਰੇ ਤਕ ਜਾਂਦਿਆਂ ਕਈ ਦਿਨ ਲੱਗ ਜਾਣੇ ਸੀ ਪਰ ਮੈਨੂੰ ਛੇਤੀ ਨਾਲ ਘੁੰਮਾ ਦਿੱਤਾ ਗਿਆ । ੧੪੦੦ ਤੋਂ ਵੱਧ ਤਾਂ ਉਸ ਦੇ **Stall** ਸੀ । ਇਕ-ਇਕ **Stall** ਵਿੱਚ ਬਹੁਮੁੱਲਾ ਮਾਲ ਤੇ ਕਈ ਕਿਸਮਾਂ ਦੇ ਨਮੂਨੇ ਸਨ । ਮੈਨੂੰ ਜੋ ਕੁਝ ਪਸੰਦ ਆਵੇ, ਮੇਰੀ ਪਹਿਲੀ ਪਸੰਦ ਵਰਗਾ ਹੀ ਲੱਗੇ, ਭਾਵੇਂ ਸਭ ਦੀ ਚਮਕ ਇਕੋ ਜਿਹੀ ਸੀ ।

ਸ਼ਾਹ ਜੀ ਨੇ ਮੇਰੇ ਲਈ ਰੋਟੀ ਉੱਥੇ ਹੀ ਮੰਗਵਾ ਲਈ । ਇਹੋ ਜਿਹੀ ਰੋਟੀ ਮੈਂ ਕਦੇ ਨਹੀਂ ਸੀ ਖਾਧੀ । ਰੋਟੀ ਦੀ ਰਸਦ ਕਮਾਲ, ਪਕਾਉਣ ਵਾਲੇ ਕਮਾਲ, ਗਾਉਣ ਵਾਲੇ ਕਮਾਲ ਤੇ ਸੇਵਾ ਕਰਨ ਵਾਲੇ ਕਮਾਲ । ਮੈਂ ਐਸੀ ਮਸਤੀ ਵਿੱਚ ਆਇਆ ਕਿ ਸਭ ਕੁਝ ਭੁੱਲ ਕੇ ਆਪਣੇ ਸਵਾਦ ਵਿੱਚ ਹੀ ਰਹਿ ਗਿਆ । ਤੂੰ ਭੁੱਲ ਗਈ, **Present** ਭੁੱਲ ਗਿਆ, ਕੇਵਲ ਮੇਰਾ ਧਿਆਨ ਸ਼ਾਹ ਜੀ ਵੱਲ ਤੇ ਸ਼ਾਹ ਜੀ ਦਾ ਮੇਰੇ ਵੱਲ; ਆਖ਼ਿਰ ਹੋਸ਼ ਆਈ ਤਾਂ ਮੈਂ ਪੁੱਛਿਆ, 'ਸ਼ਾਹ ਜੀ, ਤੁਸੀਂ ਮੇਰੇ 'ਤੇ ਇਤਨੇ ਮਿਹਰਬਾਨ ਕਿਉਂ ਹੋ ? ਆਖ਼ਿਰ ਤੁਹਾਨੂੰ ਭੁਲੇਖਾ ਹੀ ਲੱਗੇ ਭਾਵੇਂ, ਮੈਂ ਤਾਂ ਸ਼ਾਇਦ ਮਾਲਾ ਖ਼ਰੀਦ ਵੀ ਨਾ ਸਕਾਂਗਾ, ਇਤਨਾ ਸਮਾਂ, ਇਤਨਾ ਖ਼ਰਚਾ, ਤੇ ਇਤਨਾ ਪਿਆਰ, ਮੇਰੇ 'ਤੇ ਕਿਉਂ ਲਗਾ ਰਹੇ ਹੋ, ਵੈਸੇ ਮੈਨੂੰ ਤਾਂ ਮਜ਼ਾ ਆ ਰਿਹਾ ਹੈ; ਪਰ ਕੇਵਲ ਇਹ ਸ਼ਰਮ ਆਉਂਦੀ ਹੈ ਕਿ ਜੇ ਕੁਝ ਵੀ ਨਾ ਲਿਆ ਤੁਹਾਡੀ ਦੁਕਾਨ ਤੋਂ ਤਾਂ ਬੜਾ ਹੀ ਮੂਰਖ ਲੱਗਾਂਗਾ ।'

ਸ਼ਾਹ ਜੀ ਨੇ **Dignity** ਨਾਲ ਮੇਰੇ ਸਾਰੇ ਸਰੀਰ 'ਤੇ ਇਕ ਨਜ਼ਰ ਫੇਰੀ ਤੇ ਪਿਆਰ ਭਰੀ **Seriousness** ਨਾਲ ਕਿਹਾ ।

ਮੈਂ ਭੁਲੇਖਾ ਕਦੇ ਨਹੀਂ ਖਾਂਦਾ (ਤੇ ਕਦੇ ਕਿਸੇ 'ਤੇ ਬੜਾ ਜ਼ੋਰ ਨਹੀਂ ਦਿੱਤਾ) ਇਹ ਹਾਰ (ਮਾਲਾ) ਤੇਰਾ ਹੈ ਤੇਰਾ ਰਹੇਗਾ । ਮੈਨੂੰ ਪਤਾ ਹੈ ਕਿ ਇਸ ਦਾ ਮੁੱਲ ਤੂੰ ਦੇ ਸਕਦਾ ਹੈਂ, ਦੇਵੇਂਗਾ । ਮੈਨੂੰ ਇਹ ਵੀ ਪਤਾ ਹੈ ਕਿ ਤੂੰ ਆਪਣੀ ਬੱਚੀ ਨੂੰ ਇਤਨਾ ਪਿਆਰ ਕਰਦਾ ਹੈਂ ਕਿ ਇਹ ਲਏ ਬਗੈਰ ਤੂੰ ਇੱਥੋਂ



ਹਿੱਲਣਾ ਨਹੀਂ, ਇਸ ਲਈ ਮਾਲਾ ਤਾਂ ਤੈਨੂੰ ਦੇ ਦਿੱਤੀ ਜਾਏਗੀ; ਪਰ ਮੁੱਲ ਇਸ ਦਾ ਕੱਲ੍ਹ ਦੱਸਿਆ ਜਾਏਗਾ ਅਤੇ ਕਈ **After-sale conditions** ਹਨ, ਜੋ ਬਹੁਤ ਜ਼ਰੂਰੀ ਹਨ, ਪਰ ਜੇ ਤੈਨੂੰ ਮੇਰੇ 'ਤੇ ਇਤਬਾਰ ਹੈ ਤਾਂ ਕੱਲ੍ਹ ਆ ਕੇ ਸਭ ਕੁਝ ਸਮਝ ਲਵੀਂ, ਮਾਲਾ ਲੈ ਜਾਈਂ । ਜਦ ਮੈਂ ਵਾਪਸ ਮੁੜਿਆ ਤਾਂ ਮੇਰਾ ਮਨ ਇਕ ਅਜੀਬ ਐਸ਼ ਮਾਣ ਰਿਹਾ ਸੀ, ਹੈਰਾਨ ਸੀ ਕਿ ਐਸੇ ਸ਼ਾਹ ਵੀ ਹੁੰਦੇ ਹਨ । ਫੇਰ ਡਰ ਰਿਹਾ ਸੀ ਕਿਤੇ ਸੁਪਨਾ ਤਾਂ ਨਹੀਂ । ਤੇਰਾ ਖ਼ਿਆਲ ਆਇਆ ਤਾਂ ਮੈਂ ਸੋਚਿਆ ਕਿ ਮੇਰੀ ਬੇਟੀ ਤਾਂ ਜ਼ਰੂਰ ਕਹੇਗੀ ਕਿ ਪਾਪਾ ਸੱਤਰਾ-ਬੱਤਰਾ ਹੋ ਗਿਆ ਹੈ । ਘਰ ਆ ਗਿਆ ਤਾਂ ਮੈਂ ਨਾ ਤੇਰੀ ਮੰਮੀ ਨਾਲ, ਨਾ ਤੇਰੇ ਨਾਲ ਤੇ ਨਾ ਤੇਰੀ ਭੈਣ ਨਾਲ ਗੱਲ ਕੀਤੀ । ਨੀਂਦ ਆ ਆਈ ਪਰ ਮਨ ਦੀ ਖ਼ੁਸ਼ੀ ਦੀ ਹੱਦ ਨਹੀਂ ਸੀ ।

ਕਿਹੜੇ ਵੇਲੇ ਦਿਨ ਚੜ੍ਹੇ ਤਾਂ ਮੈਂ ਦੇਖਾਂ ਕਿ ਸ਼ਾਹ ਜੀ ਵਾਕਈ ਠੀਕ ਕਹਿੰਦੇ ਸਨ । ਆਖ਼ਿਰ ਦਿਨ ਚੜ੍ਹਿਆ ਤੇ ਮੈਂ ਬੜੇ ਪ੍ਰੇਮ ਨਾਲ ਨਹਾ ਧੋ ਕੇ ਸ਼ਾਹ ਜੀ ਕੋਲ ਪਹੁੰਚ ਗਿਆ । ਸ਼ਾਹ ਜੀ ਮੇਰੀ ਇੰਤਜ਼ਾਰ ਕਰ ਰਹੇ ਸਨ । ਮੈਂ ਹੋਰ ਹੈਰਾਨ ਹੋਇਆ । ਸ਼ਾਹ ਜੀ ਨੂੰ ਕੀ ਲੋੜ ਹੈ ਮੇਰੀ ਇੰਤਜ਼ਾਰ ਕਰਨ ਦੀ । ਕਿਤੇ ਮਾਲਾ ਨਕਲੀ ਤਾਂ ਨਹੀਂ, ਪਰ ਸ਼ਾਹ ਜੀ ਦੀਆਂ ਅੱਖਾਂ ਦੱਸ ਰਹੀਆਂ ਸਨ ਕਿ ਇਹ ਝੂਠ ਦਾ ਵਿਓਪਾਰੀ ਨਹੀਂ । ਉਨ੍ਹਾਂ ਪਿਆਰ ਨਾਲ ਮੇਰੇ ਮੋਢੇ 'ਤੇ ਹੱਥ ਧਰਿਆ ਤੇ ਕੋਲ ਬਿਠਾ ਲਿਆ । ਮੇਰੀਆਂ ਅੱਖਾਂ ਵਿੱਚੋਂ ਅੱਥਰੂ ਮੁਸ਼ਕਲ ਨਾਲ ਰੁਕ ਰਹੇ ਸਨ, ਅਨੰਦ, ਖ਼ੁਸ਼ੀ ਤੇ ਬੇਹਿਸਾਬਾ ਪਿਆਰ ਅਨਜਾਣੇ ਕੋਲੋਂ—ਤੇ ਜਦੋਂ ਸ਼ਾਹ ਜੀ ਨੇ ਕਿਹਾ ਕਿ ਇਹ ਮਾਲਾ ਤੇਰੇ ਤੇ ਤੇਰੀ ਲੜਕੀ ਲਈ ਤੈਨੂੰ ਬਿਲਕੁਲ ਮੁਫ਼ਤ ਦਿੱਤੀ ਜਾਂਦੀ ਹੈ ਤਾਂ ਖ਼ੁਸ਼ੀ ਦੇ ਅੱਥਰੂ ਛਲਕਣ ਲੱਗ ਪਏ । ਮੈਨੂੰ ਉੱਕਾ ਹੀ ਨਾ ਸ਼ੱਕ ਪਿਆ ਕਿ ਇਹ ਮਖ਼ੌਲ ਹੈ; ਸਗੋਂ ਮੈਂ ਝੱਟ ਤੇਰੇ ਵੱਲ ਧਿਆਨ ਕੀਤਾ । ਇਸ ਵਿੱਚ ਕੋਈ ਸ਼ੱਕ ਨਹੀਂ ਕਿ ਤੂੰ **M.A. English** ਕਰ ਰਹੀ ਹੈਂ । ਮੈਨੂੰ ਯਕੀਨ ਆ ਗਿਆ ਕਿ ਮੈਂ ਤੈਨੂੰ **Convince** ਕਰ ਲਵਾਂਗਾ ਕਿ ਜੋ ਕੁਝ ਮੇਰੇ ਨਾਲ ਹੋਇਆ ਹੈ ਸੱਚ ਹੈ । ਸ਼ੁਕਰੀਏ ਲਈ ਲਫ਼ਜ਼ ਤਾਂ ਹੈ ਹੀ ਨਹੀਂ ਸਨ । ਮੈਂ ਹੱਥ ਜੋੜ ਦਿੱਤੇ ਸਿਰ ਝੁਕਾ ਦਿੱਤਾ । ਫੇਰ ਪੁੱਛਿਆ,

ਸ਼ਾਹ ਜੀ, ਇਹ ਤੁਹਾਡੀ ਦੁਕਾਨ ਚਲਦੀ ਕਿਵੇਂ ਹੈ । ਜੇ ਤੁਸੀਂ ਇਸ ਤਰ੍ਹਾਂ ਮੁਫ਼ਤ ਮਾਲ ਵੰਡੀ ਜਾਂਦੇ ਹੋ ਤਾਂ ਮੁਨਾਫ਼ਾ ਕਿੱਥੋਂ ਹੁੰਦਾ ਹੈ । ਦੁਕਾਨ ਭਰੀ ਹੋਈ ਕਿਵੇਂ ਹੈ ?

ਸ਼ਾਹ ਜੀ ਨੇ ਸਭ ਕੁਝ ਸਮਝਾਉਣ ਦਾ ਵਾਇਦਾ ਕੀਤਾ ਪਰ ਮੇਰੇ ਕੋਲੋਂ ਕੁਝ ਕੁ ਵਾਇਦੇ ਪਹਿਲਾਂ ਮੰਗੇ, ਉਨ੍ਹਾਂ ਕਿਹਾ :-

੧. ਅੱਜ ਤੋਂ ਲੈ ਕੇ ਤੂੰ ਮੇਰੇ ਸ਼ਾਹ ਦੀਆਂ ਸਿਫ਼ਤਾਂ ਕਰੇਂਗਾ । ਮੇਰਾ ਨਾਂ ਵੀ ਨਾ ਲੈਣਾ । (ਤੁਹਾਡਾ ਸ਼ਾਹ ਕਿਹੜਾ ਹੈ ਉਨ੍ਹਾਂ ਮੈਨੂੰ ਪੁੱਛਣ ਵੀ ਨਾ ਦਿੱਤਾ, ਅੱਗੇ ਚੱਲਦੇ ਗਏ ) ।

੨. ਤੂੰ ਮੇਰੇ ਆਖੇ ਲੱਗੇਂਗਾ । ਮੈਂ ਤੇਰੇ ਸਭ ਕੰਮ ਕਰਵਾ ਦਿਆਂਗਾ । ਸ਼ਾਇਦ ਉਨ੍ਹਾਂ ਸੋਚਿਆ ਕਿ ੨੩ ਸਾਲਾਂ ਦੀ ਕੁੜੀ ਦਾ ਫ਼ਿਕਰ ਤਾਂ ਮੈਨੂੰ ਹੋਣਾ ਹੀ ਹੈ, ਕਹਿਣ ਲੱਗੇ ਬੱਚਿਆਂ ਦੀਆਂ ਕੁੜਮਾਈਆਂ, ਵਿਆਹ, ਨੌਕਰੀਆਂ, ਕਾਰਾਂ, ਕੋਠੀਆਂ ਬੱਚੇ, ਧਨ, ਦੌਲਤ, ਆਦਿ ਸਭ ਕੁਝ ਮੇਰੀ ਜ਼ਿੰਮੇਵਾਰੀ ਹੋਵੇਗੀ । ਮੈਂ ਆਪ ਫ਼ੈਸਲਾ ਕਰਾਂਗਾ ਤੈਨੂੰ ਕੀ ਲੋੜ ਹੈ, ਕਿਹੜੇ ਵੇਲੇ ਲੋੜ ਹੈ, ਤੇਰੇ ਲਈ ਕੀ ਠੀਕ ਹੈ, ਕੀ ਨਹੀਂ, ਤੂੰ ਕਦੇ ਵੀ ਕੁਝ ਨਹੀਂ ਮੰਗੇਂਗਾ । ਮਤਲਬ ਇਹ ਕਿ ਤੇਰਾ ਮਨ ਬਿਲਕੁਲ ਮੇਰੇ ਸ਼ਾਹ ਕੋਲ ਰਹੇਗਾ । ਤੇਰੀਆਂ ਚਿੰਤਾਵਾਂ, ਤੇਰੀਆਂ ਸੋਚਾਂ ਬੰਦ ਹੋ ਜਾਣਗੀਆਂ । ਖ਼ਬਰਦਾਰ ਜੇ ਕਦੇ ਵੀ ਆਪਣੀ ਜਾਂ ਆਪਣੀ ਮਾਂ ਦੀ ਜਾਂ ਹੋਰ ਕਿਸੇ ਦੀ ਅਕਲ ਹੇਠ ਮੇਰੇ ਸ਼ਾਹ ਦੀ ਜਾਂ ਮੇਰੀ ਨਿੰਦਾ ਕਰੇਂਗਾ ਤਾਂ ਮਾਲਾ ਦੀ ਚਮਕ ਇਕ-ਦਮ ਉੱਡ ਜਾਏਗੀ । ਜੇ ਮੇਰੇ ਆਖੇ ਨਹੀਂ ਲੱਗੇਂਗਾ ਤਾਂ ਸਾਡੀ ਮਿੱਤਰਤਾ ਖ਼ਤਮ ਹੋ ਜਾਏਗੀ; ਪਰ ਫੇਰ ਮੇਰੇ ਕੋਲ ਸੱਚ ਬੋਲੇਂਗਾ ਤੇ ਮੁਆਫ਼ੀ ਮੰਗੇਂਗਾ, ਤਾਂ ਅਸੀਂ ਮਿੱਤਰ ਬਣ ਜਾਵਾਂਗੇ ।

੩. ਹੁਣ ਤੋਂ ਤੇਰੀ ਰਿਸ਼ਤੇਦਾਰੀ ਕੇਵਲ ਮੇਰੇ ਨਾਲ ਜਾਂ ਤੇਰੇ ਵਰਗੇ ਹੋਰ ਜੋ ਮੇਰੇ ਰਿਸ਼ਤੇਦਾਰ ਹਨ ਉਨ੍ਹਾਂ ਨਾਲ ਹੋਵੇਗੀ । ਹੋਰਨਾਂ ਨਾਲ ਇਹ ਰਿਸ਼ਤੇਦਾਰੀ ਭੁੱਲ ਕੇ ਜੇ ਗੱਲਾਂ ਕਰੇਂਗਾ ਤਾਂ ਸਾਡਾ ਪਿਆਰ ਟੁੱਟ ਜਾਏਗਾ ।

ਮੇਰੇ ਮਨ ਵਿੱਚ ਖ਼ਿਆਲ ਆ ਗਿਆ ਕਿ ਅਸਲ ਵਿੱਚ ਤਾਂ ਮੁੱਲ ਬਹੁਤ, ਸ਼ਾਹ ਜੀ ਕਹਿੰਦੇ ਸਨ ਮੁਫ਼ਤ । ਪਰ ਇਕ ਮਿੰਟ ਹੀ ਸੋਚਿਆ ਸੀ ਤਾਂ ਸਮਝ ਲੱਗੀ ਇਹ ਸੌਦਾ ਬਹੁਤ ਸਸਤਾ ਹੈ । ਕਿਵੇਂ ?

ਕਿਉਂਕਿ :-

(ੳ) ਸ਼ਾਹ ਜੀ ਨੇ ਪਹਿਲਾਂ ਕਰੋੜਾਂ ਦੀ ਮਾਲਾ ਮੁਫ਼ਤ ਦੇ ਕੇ ਸ਼ਰਤਾਂ ਦੱਸੀਆਂ ਹਨ । ਕਿਰਪਾ ਪਹਿਲਾਂ ਕੀਤੀ ਹੈ ।

(ਅ) ਫੇਰ ਸਾਰੀਆਂ ਸ਼ਰਤਾਂ ਮੇਰੇ ਹੱਕ ਵਿੱਚ ਹਨ ਚਿੰਤਾ ਬੰਦ, ਤ੍ਰਿਸ਼ਨਾ ਬੰਦ, ਦੁੱਖ ਖ਼ਤਮ ।



(ੲ) ਆਖ਼ਿਰ ਬਾਕੀਆਂ ਕੋਲੋਂ ਮੈਂ ਕੀ ਖੱਟਿਆ ਹੈ ਕਿ ਜ਼ਰੂਰ ਸ਼ਾਹ ਜੀ ਦੀ ਗੱਲ ਛੱਡ ਕੇ ਉਨ੍ਹਾਂ ਦੀ ਹੀ ਮੰਨਾਂ ।

ਬੇਟਾ, ਮੈਂ ਹੱਸ ਕੇ ਉੱਛਲ ਕੇ ਕਿਹਾ,

'ਸ਼ਾਹ ਜੀ ਤੁਹਾਡਾ ਹੁਕਮ ਸਿਰ ਮੱਥੇ 'ਤੇ ।'

ਸ਼ਾਹ ਜੀ ਨੇ ਮੇਰਾ ਉਤਸ਼ਾਹ ਤੱਕਿਆ, ਮਾਲਾ ਮੇਰੀ ਤਲੀ 'ਤੇ ਰੱਖ ਦਿੱਤੀ, ਘੁੱਟ ਕੇ ਜੱਫ਼ਾ ਮਾਰ ਲਿਆ ਤੇ ਕਿਹਾ ਕਿ ਮਾਲਾ ਨੂੰ ਤੂੰ ਚੰਗੀ ਤਰ੍ਹਾਂ ਵੇਖ ਲੈ, ਫੇਰ ਮੈਂ ਤੈਨੂੰ ਇਸ ਦੇ ਮਣਕਿਆਂ ਦੇ ਕੁਝ ਕੁ **Attributes** ਦੱਸਦਾ ਹਾਂ ।

ਸ਼ਾਹ ਜੀ ਨੇ ਮਾਲਾ ਦੇ ਕਈ ਮਣਕਿਆਂ ਨੂੰ ਹੱਥ ਵਿੱਚ ਲੈਂਦਿਆਂ-ਲੈਂਦਿਆਂ ਇਹ ਕਿਹਾ (ਜੇ ਸਾਰੇ ਮਣਕੇ ਰੋਜ਼ ਚਮਕਾਏ ਜਾਣ ਤਾਂ) :

—ਇਹ ਮਣਕਾ ਦੁੱਖਾਂ ਤੋਂ ਬਚਾਏਗਾ ।

—ਇਹ ਮਣਕਾ ਸੁੱਖਾਂ ਦਾ ਭੰਡਾਰ ਹੋਵੇਗਾ ।

—ਇਹ ਮਣਕਾ ਨਫ਼ਰਤ ਤੋਂ ਹਮੇਸ਼ਾਂ ਰੋਕੇਗਾ ।

—ਇਹ ਮਣਕਾ ਪਰਾਏ ਹੱਕ ਤੇ ਪਰਾਈ ਇਸਤਰੀ/ਮਰਦ ਵੱਲੋਂ ਮੂੰਹ ਮੋੜਨ ਵਿੱਚ ਮਦਦ ਕਰਦਾ ਰਹੇਗਾ ।

—ਇਹ ਮਣਕਾ ਸੰਤੋਖ ਤੇ ਸਬਰ ਪੈਦਾ ਕਰੇਗਾ ।

—ਇਹ ਮਣਕਾ ਸ਼ੁਕਰ ਮਨਾਉਣਾ ਸਿਖਾਏਗਾ ।

—ਇਹ ਮਣਕਾ ਸਿਖਾਏਗਾ ਕਿ ਕਿਸੇ ਨਾਲ ਕਦੇ ਵੀ ਔਖਾ ਨਹੀਂ ਬੋਲਣਾ ।

—ਇਹ ਮਣਕਾ ਸਿਖਾਏਗਾ ਕਿ ਕਿਸੇ ਨੂੰ ਮੰਦਾ ਨਹੀਂ ਕਹਿਣਾ ।

—ਇਹ ਮਣਕਾ ਸਿਖਾਏਗਾ ਕਿ ਪੰਜਾਂ ਚੋਰਾਂ ਤੋਂ ਡਰਨ ਦੀ ਲੋੜ ਨਹੀਂ ਕਿਉਂਕਿ ਇਹ ਰੱਖਿਆ ਕਰੇਗਾ ।

—ਇਹ ਮਣਕਾ ਸੇਵਾ ਲਈ ਪ੍ਰੇਰਦਾ ਰਹੇਗਾ ।

—ਇਹ ਮਣਕਾ ਤੈਨੂੰ ਹਮੇਸ਼ਾਂ ਮੇਰੇ ਵੱਲ ਖਿੱਚੇਗਾ ।

—ਇਹ ਮਣਕਾ ਤੈਨੂੰ ਪੁੱਠੀ ਮੱਤ ਦੇਣ ਵਾਲਿਆਂ ਤੋਂ ਬਚਾਏਗਾ ।

—ਇਹ ਮਣਕਾ ਸੱਚੇ ਲੋਕਾਂ ਦੀ ਸੰਗਤ ਮਿਲਵਾਏਗਾ ।

—ਇਹ ਮਣਕਾ ਪਿਆਰ ਤੇ ਮਿਠਾਸ ਪੈਦਾ ਕਰੇਗਾ ।

—ਇਹ ਮਣਕਾ ਤੈਨੂੰ ਮੇਰੇ ਨਾਲ ਤੇ ਮੇਰੇ ਸ਼ਾਹ ਨਾਲ ਅੱਠੇ ਪਹਿਰ

ਜੋੜੀ ਰੱਖੇਗਾ ।

—ਇਹ ਮਣਕਾ ਤੈਨੂੰ ਭਰਮਾਂ 'ਚੋਂ ਕੱਢੀ ਰੱਖੇਗਾ ।

—ਇਹ ਮਣਕਾ ਤੈਨੂੰ, ਹੋਰਨਾਂ ਨੂੰ ਮੇਰੇ ਕੋਲ ਲਿਆਉਣ ਲਈ ਮਜਬੂਰ ਕਰੇਗਾ ।

—ਇਹ ਮਣਕਾ ਤੈਨੂੰ ਹਰ ਰੋਜ਼ ਅੰਮ੍ਰਿਤ ਵੇਲੇ ਮੇਰੀ ਦੁਕਾਨ 'ਤੇ ਲੈ ਆਵੇਗਾ ।

—ਇਹ ਮਣਕਾ......

ਮੈਂ ਤਾਂ ਨੱਚ ਰਿਹਾ ਸੀ । ਸ਼ਾਹ ਜੀ ਦੀ ਗੱਲ ਵੀ ਨਹੀਂ ਸੁਣ ਰਿਹਾ । ਮੈਂ ਕਿਹਾ ਸ਼ਾਹ ਜੀ, 'ਬੱਸ ਕਰੋ ਮੇਰੀ ਸਮਝ ਵਿੱਚ ਤਾਂ ਇਹ ਆਇਆ ਹੈ ਕਿ ਜੇ ਮੈਂ ਤੁਹਾਡੀ ਸ਼ਰਨ ਲੈ ਲਵਾਂ ਤਾਂ **Permanently** ਸੁਖੀ ਰਹਿ ਸਕਦਾ ਹਾਂ, ਜੇ ਇਹ ਮਾਲਾ ਆਪਣੀ ਕੁੜੀ ਨੂੰ **Birthday Present** ਦੇ ਦੇਵਾਂ ਤਾਂ ਉਹ ਸਦਾ ਲਈ ਸੁਖੀ ਹੋ ਸਕਦੀ ਹੈ । ਤੁਹਾਡਾ ਹੁਕਮ ਇਹੋ ਹੀ ਹੋਇਆ ਨਾ ਕਿ ਤੁਹਾਨੂੰ ਤੇ ਤੁਹਾਡੇ ਸ਼ਾਹ ਜੀ ਨੂੰ ਹਰ ਵੇਲੇ ਯਾਦ ਕਰਨਾ ਹੈ, ਕਰਾਂਗੇ ਤਾਂ ਸੁਖ ਪਾਵਾਂਗੇ ਨਹੀਂ ਤਾਂ ਦੁੱਖ ।'

ਸ਼ਾਹ ਜੀ ਨੇ ਥਾਪੜਾ ਦਿੱਤਾ ਤੇ ਕਿਹਾ 'ਜਾ, ਹੁਣ ਯਾਦ ਰੱਖੀਂ ਕਿ ਲੋਕਾਂ ਨਾਲ ਆਕੜੀਂ ਨਾ ਕਿ ਮੇਰਾ ਐਡਾ ਵੱਡਾ ਸ਼ਾਹ ਵਾਕਫ਼ ਹੈ, ਉਸ ਮੈਨੂੰ ਮਾਲਾ ਦਿੱਤੀ ਹੈ । ਆਕੜੇਂਗਾ ਤਾਂ ਮੇਰਾ ਰਿਸ਼ਤਾ ਖ਼ਤਮ । ਗ਼ਰੀਬਾਂ ਦੁਖੀਆਂ ਦੀ ਸੇਵਾ ਕਰੇਂਗਾ, ਨਾਲੇ ਤੇਰੀ ਕੁੜੀ ਇਹ ਕੁਝ ਕਰੇਗੀ ਤਾਂ ਮੈਂ ਤੁਹਾਨੂੰ ਦੋਨਾਂ ਨੂੰ ਗਰੰਟੀ ਦਿੰਦਾ ਹਾਂ ਕਿ ਹਮੇਸ਼ਾਂ ਸੁਖੀ ਰਹੋਗੇ ।

ਅੱਜ ੨੧ ਤਾਰੀਖ਼ ਹੈ, ਤੇਰਾ ਜਨਮ ਦਿਨ । ਮੇਰਾ ਹੁਣ ਜੀ ਕਹਿੰਦਾ ਹੈ ਮੇਰੇ ਆਪਣੇ ਕੋਲ ਤਾਂ ਕੁਝ ਵੀ ਨਹੀਂ—ਮੋਮਬੱਤੀਆਂ ਲੈਣ ਦੀ ਕੇਕ ਬਣਵਾਉਣ ਦੀ ਵੀ ਤਾਕਤ ਨਹੀਂ—ਇਸ ਲਈ ਇਹ ਮਾਲਾ ਤੈਨੂੰ ਭੇਟ ਕਰਦਾ ਹਾਂ । ਜੋ ਕੁਝ ਸ਼ਾਹ ਜੀ ਨੇ ਮੈਨੂੰ ਕਿਹਾ ਹੈ, ਮੈਂ ਸਭ ਕੁਝ ਤੈਨੂੰ ਦੱਸ ਦਿੱਤਾ ਹੈ । ਇਹ ਦੱਸ ਜਦੋਂ ਤੈਨੂੰ ਮੈਂ ਕੋਈ **Present** ਦਿੱਤਾ, ਇਤਨੀ **Assurance** ਨਾਲ ਦਿੱਤਾ ਹੈ ਭਲਾ? ਹੁਣ ਵੀ ਇਕ ਇਕ ਪੋਟੇ ਦੀ ਸਹੁੰ ਚੁੱਕ ਕੇ ਕਹਿੰਦਾ ਹਾਂ ਕਿ ਜੇ ਇਹ ਮਾਲਾ ਪਾਈ ਰੱਖੇਂਗੀ ਤਾਂ ਤੇਰੀ ਉਮਰ ਦਾ ਇਕ -ਇਕ ਪਲ ਸੁਖ ਵਿੱਚ ਲੰਘੇਗਾ । ਕੁਝ ਮਣਕਿਆਂ ਬਾਰੇ ਤੇ ਮਨ ਦੀ ਸੁੱਚਤਾ ਬਾਰੇ **Appendix** ਨਾਲ ਲਾ ਰਿਹਾ ਹਾਂ । ਵਾਹਿਗੁਰੂ ਤੇਰੇ ਅੰਗ-ਸੰਗ ਹੋ ਕੇ ਤੇਰੀ ਮਦਦ ਕਰੇ ।



ਲਓ ਬੇਟਾ ਜੀ, ਮਾਲਾ ਲਓ ਤੇ ਮਣਕੇ ਗਿਣਨ ਦੀ ਵੀ ਲੋੜ ਨਹੀਂ । ਵੱਡਾ ਮਣਕਾ ਹੈ :

**"ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥"**

**(ਅੰਗ ੪੯੬)**

ਕੰਗਾਲ ਨੇ ਕੰਗਾਲ ਨੂੰ, ਮੰਗਤੇ ਨੇ ਮੰਗਤੇ ਨੂੰ, ਝੂਠੇ ਨੇ ਝੂਠੇ ਨੂੰ ਜਾਂ ਚਿੱਕੜ ਵਿੱਚ ਫਸੇ ਮੇਂਡਕ ਨੇ ਮੇਂਡਕ ਨੂੰ ਕੀ ਦੇਣਾ ਹੈ, ਕੇਵਲ ਸ਼ਾਹ ਹੀ ਮਾਲ ਵੰਡ ਸਕਦਾ ਹੈ । ਜੋ ਮੈਨੂੰ ਮਿਲਿਆ ਮੈਂ ਤੇਰੇ ਹਵਾਲੇ ਕਰ ਦਿੱਤਾ; ਪਰ ਇਸ ਮਾਲ ਦਾ ਮਜ਼ਾ ਇਹ ਹੈ ਕਿ ਦੇ ਕੇ ਘਾਟਾ ਨਹੀਂ ਹੁੰਦਾ । ਜੇ ਤੂੰ ਕਿਸੇ ਨੂੰ ਇਸ ਵਿੱਚੋਂ ਦੇ ਦੇਵੇਂਗੀ ਤਾਂ ਤੈਨੂੰ ਵੀ ਕੋਈ ਘਾਟਾ ਨਹੀਂ, ਸਗੋਂ ਖ਼ਜ਼ਾਨਾ ਵਧੇਗਾ ।

ਮੈਂ ਤੇਰੇ ਤੋਂ ਸਦਕੇ ਜਾਂਦਾ ਰਿਹਾ ਹਾਂ ਤੇ ਜਾਂਦਾ ਰਹਾਂਗਾ; ਪਰ ਸਦਕੇ ਜਾਣ ਦਾ ਮਤਲਬ ਹੈ ਕਿ ਮਾਲਾ ਪਾ ਕੇ ਰੱਖਣਾ । ਕਦੇ ਵੀ ਇਹ ਮਾਲਾ ਨਾ ਲਾਹਵੀਂ ।

## Appendix-I
## ਮਾਲਾ ਦੇ ਕੁਝ ਹੋਰ ਮਣਕੇ

**੧. ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ ॥ (ਅੰਗ ੯੪੮)**

**੨. ਚਰਣ ਧੂੜਿ ਤੇਰੇ ਜਨ ਕੀ ਹੋਵਾ ਤੇਰੇ ਦਰਸਨ ਕਉ ਬਲਿ ਜਾਈ ॥ (ਅੰਗ ੭੪੯)**

**੩. ਹਮ ਨਹੀ ਚੰਗੇ ਬੁਰਾ ਨਹੀ ਕੋਇ ॥ (ਅੰਗ ੭੨੮)**

**੪. ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥ (ਅੰਗ ੭੫੫)**

**੫. ਕਰਨ ਨ ਸੁਨੈ ਕਾਹੂ ਕੀ ਨਿੰਦਾ ॥ (ਅੰਗ ੨੭੪)**

**੬. ਜੋ ਤੂੰ ਕਰਹਿ ਸੋਈ ਪਰਵਾਣੁ ॥ (ਅੰਗ ੩੭੬)**

**੭. ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥ (ਅੰਗ ੧੩੪੯)**

**(ੳ) ਹਮਰਾ ਧਨੁ ਮਾਧਉ ਗੋਬਿੰਦੁ ਧਰਣੀਧਰੁ ਇਹੈ ਸਾਰ ਧਨੁ ਕਹੀਐ । (ਅੰਗ ੩੩੬)**

**੮. ਪਾਨੀ ਪਖਾ ਪੀਸਉ ਸੰਤ ਆਗੈ ਗੁਣ ਗੋਵਿੰਦ ਜਸੁ ਗਾਈ ॥ (ਅੰਗ ੬੭੩)**

੯. ਐਸੀ ਮਤਿ ਦੀਜੈ ਮੇਰੇ ਠਾਕੁਰ ਸਦਾ ਸਦਾ ਤੁਧੁ ਧਿਆਈ ॥

(ਅੰਗ ੬੭੩)

੧੦. ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥

(ਅੰਗ ੪੭੦)

ਹਰਿ ਧਨੁ ਜਾਪ ਹਰਿ ਧਨੁ ਤਾਪ ਹਰਿ ਧਨੁ ਭੋਜਨੁ ਭਾਇਆ॥
ਨਿਮਖ ਨਾ ਬਿਸਰਉ ਮਨ ਤੇ ਹਰਿ ਹਰਿ ਸਾਧਸੰਗਤਿ ਮਹਿ ਪਾਇਆ॥

(ਅੰਗ ੪੯੫)

੧੧. ਕਰਤੂਤਿ ਪਸੂ ਕੀ ਮਾਨਸ ਜਾਤਿ ॥
ਲੋਕ ਪਚਾਰਾ ਕਰੈ ਦਿਨੁ ਰਾਤਿ ॥ (ਅੰਗ ੨੬੭)

੧੨. ਕੋਈ ਭਲਾ ਕਹਉ ਭਾਵੈ ਬੁਰਾ ਕਹਉ
ਹਮ ਤਨੁ ਦੀਓ ਹੈ ਢਾਰਿ ॥ (ਅੰਗ ੫੨੮)
ਸਚੀ ਬੈਸਕ ਤਿਨ੍ਾ ਸੰਗਿ
ਜਿਨ ਸੰਗਿ ਜਪੀਐ ਨਾਉ ॥ (ਅੰਗ ੫੨੦)

੧੩. ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ ॥ (ਅੰਗ ੭੩੭)

੧੪. ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥ (ਅੰਗ ੧੪੧੨)

੧੫. ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥
ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥ (ਅੰਗ ੨੬੪)

## Appendix-II

## ਹੀਰਿਆਂ ਦੀ ਚਮਕ ਨੂੰ ਦੇਖਣ ਤੇ ਮਾਲਾ ਦੀਆਂ ਰਹਿਮਤਾਂ ਮਾਣਨ ਲਈ ਮਨ ਦੀ (ਲਾਜ਼ਮੀ) ਸੁੱਚਤਾ ਦੇ ਨਿਯਮ

(੧) ਜਦ ਗੁਰੂ ਕੋਲ ਜਾਈਏ ਤਾਂ ਇਹ ਸੋਚੀਏ ਕਿ ਅਸਾਂ ਸਾਰੀ ਉਮਰ ਕਾਲੇ ਕੰਮ ਕਰਨ ਵਿੱਚ ਘੱਟ ਨਹੀਂ ਕੀਤੀ, ਜੇ ਤੂੰ ਬਖ਼ਸ਼ ਲਏਂ ਤਾਂ ਤੇਰੀ ਕਿਰਪਾ ।

(੨) ਗ਼ਰੀਬ ਦੀ ਸੇਵਾ ਵਿੱਚ ਹਮੇਸ਼ਾਂ ਗੁਰੂ ਦੀ ਸੇਵਾ ਦਾ ਧਿਆਨ ਕਰੀਏ ।

(੩) ਦਿਖਾਵੇ ਜਾਂ ਪਖੰਡ ਨਾਲ, ਵਾਹਿਗੁਰੂ ਦਾ ਨਾਂ ਲੈਣਾ ਆਪ ਅੰਨ੍ਹੇ ਹੋਣਾ ਹੈ—ਕੇਵਲ ਮਨ ਦੀ ਸ਼ਰਧਾ ਤੇ ਪਿਆਰ ਨਾਲ ਸਿਰ ਦੇ ਕੇ ਗੁਰੂ ਦੇ



ਚਰਨਾਂ ਵਿੱਚ ਰਹੀਏ ।

'ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਇ ॥'

(ਅੰਗ ੯੧੯)

(੪) ਭਾਈ ਘਨੱਈਏ, ਭਾਈ ਭਿਖਾਰੀ, ਭਾਈ ਮਨੀ ਸਿੰਘ, ਭਾਈ ਦਿਆਲੇ, ਤੇ ਹੋਰ ਮਹਾਂਪੁਰਖਾਂ ਦੇ ਚਰਨ-ਨਕਸ਼ਾਂ 'ਤੇ ਚੱਲਣ ਦਾ ਨਿਸ਼ਚਾ ਕਰ ਲਈਏ ।

(੫) ਗੁਰੂ ਨਾਨਕ ਤੋਂ ਲੈ ਕੇ ਗੁਰੂ ਗ੍ਰੰਥ ਸਾਹਿਬ ਤਕ ਗੁਰੂ ਸਾਹਿਬਾਂ ਦੇ ਚਰਨਾਂ ਦਾ ਧਿਆਨ ਕਰਕੇ, ਨਿਮਰਤਾ, ਸੇਵਾ, ਆਪਾ ਮਿਟਾਉਣਾ, ਭਗਤੀ, ਪਿਆਰ, ਮਿੱਠਤਾ, ਕੁਰਬਾਨੀ, ਸੰਜਮ, ਰਜ਼ਾ ਵਿੱਚ ਰਹਿਣਾ ਤੇ ਦੁੱਖ-ਸੁੱਖ ਇਕੋ ਜਿਹਾ ਸਮਝਣਾ, ਆਦਿ ਦੇ (ਸਬਕ) ਨੂੰ ਇਵੇਂ ਮਨ ਵਿੱਚ ਵਸਾਈਏ ਕਿ ਗੁਰੂ ਮਿਹਰ ਕਰਨ ਲਈ ਮੰਨ ਜਾਏ ।

## References (ਹਵਾਲੇ)

(੧) ਮੇਰੇ ਪੱਕੇ ਮਿੱਤਰ-ਵਾਹਿਗੁਰੂ ਦੇ ਗੁਣ ਗਾਉਣ ਵਾਲੇ ਤੇ ਗੁਰੂ ਵਿੱਚ ਪੂਰਾ ਵਿਸ਼ਵਾਸ ਰੱਖਣ ਵਾਲੇ ।

(੨) ਸ਼ਾਹ ਜੀ—ਗੁਰੂ ਗ੍ਰੰਥ ਸਾਹਿਬ ਮਹਾਰਾਜ

(੩) ਮਾਲਾ—ਗੁਰੂ ਦੇ ਸ਼ਬਦਾਂ ਦੀ ਲੜੀ

(੪) **Salesmen/Women** ਪ੍ਰਚਾਰਕ, ਕੀਰਤਨੀਏ, ਕਥਾ ਕਰਨ ਵਾਲੇ ।

(੫) **1400 ਤੋਂ ਵੱਧ Stall—1430** ਪੰਨੇ ਮੁਤਾਬਕ ਗੁਰੂ ਗ੍ਰੰਥ ਸਾਹਿਬ ਹੈ ।

(੬) ਦੁਕਾਨ—**ਜਿਥੈ ਜਾਇ ਬਹੈ ਮੇਰਾ ਸਤਿਗੁਰੂ ।**

(੭) ਮਣਕੇ—ਇਕ ਇਕ ਸ਼ਬਦ ।

(੮) ਸਭ ਤੋਂ ਨਜ਼ਦੀਕੀ ਰਿਸ਼ਤੇਦਾਰ—ਗੁਰਮੁੱਖ ਪਿਆਰੇ ਮਹਾਂਪੁਰਸ਼ ।

(੧੦) ਸ਼ਾਹ ਜੀ ਦਾ ਸ਼ਾਹ ਜੀ—ਨਿਰੰਕਾਰ, ਅਕਾਲ ਪੁਰਖ ਵਾਹਿਗੁਰੂ ।

(੧੧) ਸ਼ਾਹ ਜੀ ਨੇ ਘੁੱਟ ਕੇ ਜੱਫਾ ਮਾਰ ਲਿਆ—ਗੁਰ ਨੇ ਆਪਣੀ ਕਿਰਪਾ ਨਾਲ ਮੇਰੇ ਕਬਾੜ ਖੋਲ੍ਹੇ ।

## Post Scripit

ਮੈਂ ਆਪ ਤਾਂ ਸ਼ਾਹ ਜੀ ਦਾ ਹੁਕਮ ਨਹੀਂ ਮੰਨਿਆਂ । ਇਸ ਲਈ ਦੁੱਖਾਂ ਵਿੱਚ ਫਿਰਦਾ ਹਾਂ; ਪਰ ਉਮੀਦ ਲਾਈ ਬੈਠਾ ਹਾਂ ਕਿ ਸ਼ਾਹ ਜੀ ਤੇ ਉਹਨਾਂ ਦੇ

ਸ਼ਾਹ ਜੀ, ਇਹ ਮਿਹਰ ਕਰਨਗੇ ਕਿ ਤੂੰ ਇਸ ਮਾਲਾ ਦੇ ਮਣਕਿਆਂ ਨੂੰ ਪਰਖ ਕੇ ਆਪਣਾ ਜੀਵਨ ਸਵਾਰ ਲਵੇਂ ਤੇ ਤੇਰੇ ਪੈਰਾਂ ਸਦਕਾ ਮੈਂ ਵੀ ਨਿਵਾਜਿਆ ਜਾਵਾਂ ।

### ਤੋਹਫ਼ਾ ਹਾਸਲ ਕਰਨ ਵਾਲੀ (ਬੱਚੀ) ਦਾ Reaction

ਅੱਜ ਮੈਨੂੰ ਆਪਣੇ ਜਨਮ ਦਿਨ 'ਤੇ ਆਪਣੇ ਪਿਤਾ ਕੋਲੋਂ ਇਕ ਐਸਾ ਤੋਹਫ਼ਾ ਮਿਲਿਆ ਹੈ ਜਿਸ ਨੂੰ ਦੇਖ ਕੇ ਮੇਰੀਆਂ ਅੱਖਾਂ ਝੁੰਜਲਾ ਗਈਆਂ—ਇਕ ਐਸਾ ਤੋਹਫ਼ਾ ਜੋ ਮੇਰੀ ਜ਼ਿੰਦਗੀ ਬਦਲ ਸਕਦਾ ਹੇ । ਇਸ ਤੋਹਫ਼ੇ ਨੂੰ ਦੇਖ-ਦੇਖ ਕੇ ਤੇ ਉਸ ਦੇ ਬਾਰੇ ਸੋਚ ਕੇ ਮੈਂ ਅੱਜ ਸਾਰਾ ਦਿਨ Literally ਨੱਚਦੀ ਰਹੀ ਹਾਂ—ਤੇ ਨੱਚਦੀ ਵੀ ਕਿਉਂ ਨਾ । ਐਸਾ ਕੀਮਤੀ ਤੋਹਫ਼ਾ ਨਾ ਕੋਈ ਮੈਨੂੰ ਅੱਜ ਤਕ ਦੇ ਸਕਿਆ ਹੈ ਤੇ ਨਾ ਹੀ ਕਦੇ ਕੋਈ ਦੇ ਸਕੇਗਾ । ਪਰ ਇਹ ਹੀਰਿਆਂ ਦੀ ਲੜੀ ਦੇ ਕੇ ਮੇਰੇ ਪਿਤਾ ਨੇ ਮੇਰੇ ਸਿਰ 'ਤੇ ਇਕ ਵੱਡੀ ਜ਼ਿੰਮੇਵਾਰੀ ਪਾ ਦਿੱਤੀ ਹੈ । ਮੈਨੂੰ ਇਸ ਦੀ ਦੇਖਭਾਲ ਬੜੇ ਧਿਆਨ ਨਾਲ ਕਰਨੀ ਪਵੇਗੀ ।

ਮੇਰੇ ਵਾਹਿਗੁਰੂ ਕੀ ਮੈਂ ਆਪਣੇ ਪਿਤਾ ਦੀ ਲਾਜ ਰੱਖ ਸਕਾਂਗੀ, ਜਿਸ ਨੇ ਵੱਡੇ ਸ਼ਾਹ ਅੱਗੇ ਕਈ ਵਾਇਦੇ ਕਰਕੇ ਇਹ ਲੜੀ ਮੇਰੇ ਲਈ ਲਿਆਂਦੀ ਹੈ ।

ਇਹ ਤੋਹਫ਼ਾ ਐਸਾ ਹੈ ਜੇ ਮੈਂ ਇਸ ਦੀ ਚੰਗੀ ਤਰ੍ਹਾਂ ਦੇਖਭਾਲ ਕਰਾਂ ਤਾਂ ਮੈਨੂੰ ਹਰ ਚੀਜ਼ ਮਿਲ ਸਕਦੀ ਹੈ । ਪਰ ਅਸੀਂ ਨਾ ਤਾਂ ਕੋਈ ਉਮੀਦ ਰੱਖਣੀ ਹੈ ਤੇ ਨਾ ਹੀ ਕੁਝ ਮੰਗਣਾ ਹੈ । ਪਰ ਮੇਰੇ ਵਾਹਿਗੁਰੂ, ਕੀ ਮੈਂ ਸਿਰਫ਼ ਇਹ ਮੰਗ ਸਕਦੀ ਹਾਂ ਕਿ ਮੇਰੇ ਜਿਹੀਆਂ ਸਭ ਨੌਜਵਾਨ ਬੱਚੀਆਂ ਨੂੰ ਇਹੋ ਜਿਹੇ ਪਿਤਾ ਮਿਲਣ ਜਿਹੜੇ ਉਹਨਾਂ ਨੂੰ ਐਸੇ ਕੀਮਤੀ ਤੋਹਫ਼ੇ ਦੇ ਸਕਣ ਅਤੇ ਉਹਨਾਂ ਨੂੰ Convince (ਕਾਇਲ) ਕਰ ਦੇਣ ਕਿ ਉਹ ਛੋਟੇ ਅਤੇ ਮੋਟੇ ਤੋਹਫ਼ਿਆਂ ਦੀ ਉਮੀਦ ਛੱਡ ਕੇ ਇਕੋ ਤੋਹਫ਼ੇ ਦੀ ਉਮੀਦ ਹੀ ਰੱਖਿਆ ਕਰਨ ।



# ਗੁਰਸਿੱਖਾਂ ਲਈ ਰੱਖੜੀ

ਅਗਸਤ ਦਾ ਮਹੀਨਾ ਸਾਡੇ ਦੇਸ਼ ਲਈ ਮਹਾਨਤਾ ਰੱਖਦਾ ਹੈ ਕਿਉਂਕਿ ਅਸੀਂ 15 ਤਾਰੀਖ਼ ਨੂੰ ਆਜ਼ਾਦ ਹੋਏ ਸਾਂ; ਪਰ ਅਸਾਂ ਤਕਰੀਬਨ ਹਰ ਇਕ ਨੇ ਇਹ ਮਹਿਸੂਸ ਕੀਤਾ ਹੋਏਗਾ ਕਿ ਇਹ ਆਜ਼ਾਦੀ ਸਾਨੂੰ ਦੁੱਖਾਂ ਤੋਂ, ਗ਼ਰੀਬੀ ਤੋਂ, ਝੰਜੇੜਿਆਂ ਤੋਂ, ਦੁਨਿਆਵੀ ਮੁਤਅਸਬ ਤੋਂ, ਜਾਂ ਪਾਰਟੀਬਾਜ਼ੀ ਤੋਂ, ਆਜ਼ਾਦ ਨਹੀਂ ਕਰਾ ਸਕੀ । ਮੇਰੀ ਰੀਝ ਹੈ, ਆਓ ਰਲ ਕੇ ਉਸ ਆਜ਼ਾਦੀ ਵੱਲ ਆਪਣੀ ਨਜ਼ਰ ਦੌੜਾਈਏ ਜਿਸ ਦਾ ਦਾਨ ਸਾਡੀ ਝੋਲੀ ਵਿੱਚ ਖ਼ੈਰ ਵਾਂਙ, ਸਾਡੇ ਸਿਰ 'ਤੇ ਮਿਹਰ ਭਰੀ ਦਾਤ ਵਾਂਙ, ਅਤੇ ਸਾਡੇ ਸਰੀਰ ਵਿੱਚ ਖੇੜੇ-ਭਰਪੂਰ ਰੌਸ਼ਨੀ ਵਾਂਙ **ਗੁਰੂ ਨਾਨਕ ਨੇ ਭਾਈ ਲਾਲੋ ਨਾਲ ਪਿਆਰ ਕਰਕੇ, ਗੁਰੂ ਅੰਗਦ ਨੇ "ਮੰਞ ਨਿਮਾਣੀ ਇਕ ਤੂੰ"** ਕਹਿ ਕੇ, ਗੁਰੂ ਅਮਰ ਦਾਸ ਜੀ ਨੇ **"ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ"** ਗਾ ਕੇ, ਗੁਰੂ ਰਾਮਦਾਸ ਨੇ ਮੰਗਣ ਦੀ ਜਾਚ ਸਿਖਾ ਕੇ (**ਹਮ ਕੀਰੇ ਕਿਰਮ ਸਤਿਗੁਰੂ ਸਰਣਾਈ ਕਰਿ ਦਇਆ ਨਾਮੁ ਪਰਗਾਸਿ**), ਗੁਰੂ ਅਰਜਨ ਨੇ ਕਥਨੀ-ਕਰਣੀ ਦੀ ਬਰਬਾਦੀ ਦੀ ਮਿਸਾਲ ਕਾਇਮ ਕਰਕੇ, ਗੁਰੂ ਹਰਿ ਗੋਬਿੰਦ ਸਾਹਿਬ ਨੇ ਮਾਤਾ ਭਾਗ ਭਰੀ ਦਾ ਚੋਲਾ ਪਾ ਕੇ, ਗੁਰੂ ਹਰਿ ਰਾਏ ਨੇ ਰਾਮ ਰਾਏ ਨੂੰ ਮੂੰਹ ਲਾਉਣੋਂ ਨਾਂਹ ਕਰਕੇ, ਗੁਰੂ ਹਰਿ ਕ੍ਰਿਸ਼ਨ ਨੇ ਛੱਜੂ ਝੀਵਰ ਕੋਲੋਂ ਗੀਤਾ ਪੜ੍ਹਵਾ ਕੇ, ਅਰਥ ਕਰਾ ਕੇ, ਗੁਰੂ ਤੇਗ਼ ਬਹਾਦਰ ਨੇ ਮੌਤ ਦੀ Definance ਦੀ ਕਰਾਮਾਤ ਦਿਖਾਕੇ, ਗੁਰੂ ਗੋਬਿੰਦ ਸਿੰਘ ਨੇ **"ਮੋਸੋ ਗਰੀਬ ਕਰੋਰ ਪਰੇ"**, ਵਾਲੀ ਨਿਮਾਣਤਾ ਦਿਖਾ ਕੇ, ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਨੇ ਕੇਵਲ ਨਾਮ ਦਾ ਭੰਡਾਰ ਹੋਣ ਕਰਕੇ ਆਪਣੀਆਂ ਰਹਿਮਤਾਂ ਤੇ ਲਾਡਾਂ ਨਾਲ ਪਾਇਆ । ਕੀ ਅਸੀਂ ਇਸ ਲਾਡ ਦੇ ਹੱਕਦਾਰ ਹਾਂ? ਕੀ ਅਸੀਂ ਇਤਨੀ ਵੱਡੀ ਸਲਤਨਤ ਦੇ ਵਾਰਸ ਹਾਂ? ਕੀ ਅਸੀਂ **"ਮੈਂ ਬਓਰਾ ਜੋ ਆਪ ਨਾ ਪਛਾਨੇ"** ਰਾਹੀਂ ਕਬੀਰ ਦੀ ਮੱਤ ਲੈਂਦੇ ਹਾਂ? ਕੀ ਅਸੀਂ **"ਗੁਰੂ ਬਿਨਾ ਮੈ ਨਾਹੀ ਹੋਰ"** ਵਿੱਚ ਵਿਸ਼ਵਾਸ ਰੱਖਦੇ ਹਾਂ? ਕੀ ਅਸੀਂ ਪਿਆਰ ਵਿੱਚ ਆ ਕੇ ਹੀਰਿਆਂ ਨਾਲ ਖੇਡਦੇ ਹਾਂ, ਜਾਂ ਕੋਲਿਆਂ ਨੂੰ ਹੀ ਪਸੰਦ ਕਰਦੇ ਹਾਂ । ਇਨ੍ਹਾਂ ਸਵਾਲਾਂ ਦਾ ਉੱਤਰ ਅਸੀਂ ਸਾਰੇ ਆਪ ਹੀ ਦੇ ਸਕਦੇ ਹਾਂ, ਕਿਉਂਕਿ ਉਨ੍ਹਾਂ ਉੱਤਰਾਂ ਵਿੱਚ ਛੁਪੇ ਹੋਏ ਹਨ ਸੁਖ ਜਾਂ ਦੁੱਖ, ਸੱਚ ਜਾਂ ਝੂਠ ਅਤੇ ਸੱਚੀ ਜਾਂ ਝੂਠੀ ਰਿਸ਼ਤੇਦਾਰੀ ।

ਇਸ ਬੇਨਜ਼ੀਰ Exercise ਦਾ ਮੌਕਾ ਵੀ ਅਗਸਤ ਮਹੀਨੇ ਵਿੱਚ

ਹੀ ਮੇਰੇ ਮਾਲਕ ਨੇ ਸੁਭਾਵਿਕ ਹੀ ਦੇ ਦਿੱਤਾ । ਰੱਖੜੀ ਦਾ ਤਿਉਹਾਰ ਆਇਆ, ਪਿਛਲੇ ਸਾਲ **6** ਅਗਸਤ ਨੂੰ ਤੇ ਇਸ ਸਾਲ **24** ਅਗਸਤ ਨੂੰ । ਦੋ ਭੈਣ-ਭਰਾ ਦੀਆਂ ਜੋੜੀਆਂ ਨੇ ਮੇਰੇ ਮਜ਼ਮੂਨ ਨੂੰ ਪ੍ਰਤੀਕ ਬਣਾਉਣਾ ਕਰਕੇ ਮੈਨੂੰ ਉਤਸ਼ਾਹ ਦਿੱਤਾ ਕਿ ਗੁਰੂ ਦਾ ਹੁਕਮ ਗੁਰ ਸ਼ਬਦ ਦੀ ਪਛਾਣ ਤੇ ਕਮਾਈ, ਗੁਰੂ ਸ਼ਰਨ ਵਿੱਚ ਰਹਿਣ ਦੀ ਵਡਿਆਈ, ਗੁਰੂ ਦੇ ਚਰਨਾਂ ਦੀ ਛੂਹ, ਜਾਂ ਇਉਂ ਕਹੋ ਗੁਰੂ ਨਾਲ ਲਪੇਟਿਆ ਹੋਇਆ, ਜਿਵੇਂ ਮੈਂ **Analyse** ਕਰ ਸਕਾਂ ਅਤੇ ਦੇਖ ਸਕਾਂ ਕਿ ਗੁਰੂ ਵੱਲ ਚੱਲਦਿਆਂ ਤੇ ਗੁਰੂ ਤੋਂ ਉਲਟੇ ਪਾਸੇ ਚੱਲਦਿਆਂ ਕਿਵੇਂ ਸੱਚ ਤੇ ਝੂਠ ਦਾ **Automatic contrast** ਹੋ ਜਾਂਦਾ ਹੈ ।

## ਮੇਰੇ ਵਰਗੇ ਮਨਮੁੱਖ ਦਾ ਹਾਲ
## ਰੱਖੜੀ ਦੀ ਤਾਰੀਖ਼ 24-8-72

**1-8-72** ਨੂੰ ਘਰ ਤਨਖ਼ਾਹ ਲੈ ਕੇ ਜਾਂਦਾ ਹਾਂ ਅਤੇ ਰਾਹ ਵਿੱਚ ਹੀ ਹਿਸਾਬ ਲਗਾ ਰਿਹਾ ਹਾਂ ਕਿ ਇਹ ਪੈਸੇ ਤਾਂ ਸਾਰੇ ਪਿਛਲਾ ਕਰਜ਼ਾ ਚੁਕਾਉਣ ਵਿੱਚ ਹੀ ਲੱਗ ਜਾਣਗੇ । ਸੋਚਦਾ ਹਾਂ ਕਿਤਨੇ ਥੋੜ੍ਹੇ ਪੈਸੇ ਮਿਲਦੇ ਹਨ, ਕਿਵੇਂ ਬੱਚੇ ਪਾਲਾਂ, ਕਿਵੇਂ ਮਹਿਮਾਨਾਂ ਦੀ ਦੇਖਭਾਲ ਕਰਾਂ, ਕਿਵੇਂ ਲੋਕਾਂ ਦੇ ਵਿਆਹ ਢੰਗ ਤੇ ਸ਼ਗਨ ਪਾਵਾਂ, ਕਿਵੇਂ ਲੋਕ-ਪਚਾਰੇ ਲਈ ਬੱਚਿਆਂ ਦੇ ਪਾਸ ਹੋਣ ਤੇ ਲੱਡੂ ਵੰਡਾਂ, ਕਿਵੇਂ ਸਭ ਕੁਝ ਕਰਾਂ । ਮੇਰਾ ਮਨ ਅਸ਼ਾਂਤ ਹੈ । ਨਿੱਕਾ ਜਿਹਾ ਮੈਂ ਬਾਬੂ ਹਾਂ । ਓਹ ਸੱਚੀਂ, ਇਸ ਮਹੀਨੇ ਤੇ ਰੱਖੜੀ ਵੀ ਹੈ, ਉਹਦਾ ਖ਼ਰਚਾ ਵੀ ਹੋਵੇਗਾ । ਘਰ ਆ ਜਾਂਦਾ ਹੈ । ਮੇਰੇ ਗੁਆਂਢੀ ਦੇ ਘਰੋਂ ਆਵਾਜ਼ ਆਉਂਦੀ ਹੈ ।

ਔਰਤ ਦੀ ਆਵਾਜ਼-ਰਾਹ ਵਿੱਚ ਹਸਪਤਾਲ ਹੁੰਦੇ ਆਉਣਾ ਸੀ—ਇਕ ਲਾਚਾਰ ਬੱਚਾ ਤੁਹਾਨੂੰ ਉਡੀਕ ਰਿਹਾ ਹੋਣਾ ਹੈ ।

ਮਰਦ—ਮਹਾਰਾਜ ਜੀ, ਹੋ ਆਇਆ ਹਾਂ ਅਤੇ ਗੁਰੂ ਦੀ ਮਿਹਰ ਨਾਲ ਉਸ ਲਈ ਦੋ ਰੁਪਏ ਦੇ ਖਿਡੌਣੇ ਵੀ ਲੈ ਗਿਆ ਸਾਂ । ਜਪੁ ਜੀ ਸਾਹਿਬ ਦਾ ਗੁਟਕਾ ਦੇ ਆਇਆ ਹਾਂ ਅਤੇ ਬੱਚੇ ਕੋਲੋਂ ਪਹਿਲੀ ਪਾਉੜੀ ਸੁਣ ਕੇ ਆਇਆ ਹਾਂ । ਇਕ ਅਚਾਨਕ ਖ਼ੁਸ਼ਬੋ ਭਰੇ ਖੇੜੇ ਦੀ ਆਹਟ ਆਉਂਦੀ ਹੈ ਅਤੇ ਇਕ ਬੱਚਾ ਗਾਉਣ ਲੱਗ ਜਾਂਦਾ ਹੈ, **"ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥"**

ਮੇਰੀ ਬੇਚੈਨੀ ਤਾਂ ਕਾਇਮ ਹੈ ਪਰ ਸੋਚ ਘਟ ਚੁੱਕੀ ਹੈ । ਇਤਨੀ ਦੇਰ ਨੂੰ ਮੇਰੀ ਪਤਨੀ ਸਿਨੇਮਾ ਜਾਣ ਲਈ ਕਹਿੰਦੀ ਹੈ । ਅੱਜ ਪਹਿਲੀ ਹੈ, ਮੈਂ ਹਿਸਾਬ ਦੱਸਦਾ ਹਾਂ, ਘਰ ਵਿੱਚ ਸੰਨਾਟਾ ਛਾ ਜਾਂਦਾ ਹੈ । ਕੁਝ ਦੇਰ ਬਾਅਦ



ਇਕ ਆਵਾਜ਼—ਮੇਰੀ ਬੀਵੀ ਵੱਲੋਂ—"ਅਸੀਂ ਤਾਂ ਦੁਖੀ ਹੋ ਗਏ ਹਾਂ, ਇਹਨਾਂ ਰੱਖੜੀਆਂ ਤੋਂ, ਵਿਆਹਵਾਂ, ਕੁੜਮਾਈਆਂ ਤੇ ਸ਼ਗਨਾਂ ਦੇ ਸਿਆਪਿਆਂ ਤੋਂ । ਆਖ਼ਿਰ ਪੰਜ ਰੁਪਏ ਭੈਣ ਨੂੰ ਦੇਣ ਦੀ ਕੀ ਲੋੜ ਹੈ ।" ਮੈਂ, ਪਰ ਨੱਕ ਵੀ ਤਾਂ ਰੱਖਣਾ ਹੋਇਆ, ਉਹ ਮੇਰਠ ਵਾਲਾ ਭਰਾ ਤਾਂ **20** ਰੁਪਏ ਭੇਜਦਾ ਹੈ ।

ਬੀਵੀ—ਉਹਦੇ ਕਾਰਖ਼ਾਨੇ ਵੀ ਤਾਂ ਚੱਲਦੇ ਹਨ !

ਬੱਚੇ—ਇਸ ਮਹੀਨੇ ਦੀ ਪਹਿਲੀ ਦੇ ਡਰਾਮੇ ਨੂੰ ਛੱਡੋ ਤੇ ਰੋਟੀ ਪਕਾਓ ! ਰਸੋਈ ਵਿੱਚ ਖਾਣ ਬਹਿ ਜਾਂਦੇ ਹਾਂ ਮੱਥੇ 'ਤੇ ਤਿਊੜੀਆਂ, ਇਕ ਦੂਜੇ ਨੂੰ ਖਾਣ ਨੂੰ ਪੈਂਦੇ ਹਾਂ, ਅਤੇ ਹੋਰ ਚਿੱਥ-ਚਿੱਥ ਕੇ ਔਖੇ ਹੁੰਦੇ ਹਨ । ਨਾਲ ਦੇ ਘਰੋਂ ਰਹਿਰਾਸ ਸਾਹਿਬ ਦੀ ਆਵਾਜ਼ ਆਉਂਦੀ ਹੈ ਤਾਂ ਮੈਂ ਕਹਿ ਦਿੰਦਾ ਹਾਂ ਇਨ੍ਹਾਂ ਪਾਗਲਾਂ ਨੂੰ ਕੀਰਤਨ ਪਾਠ ਦੇ ਇਲਾਵਾ ਹੋਰ ਕੋਈ ਕੰਮ ਨਹੀਂ ! ਜਿਵੇਂ ਬੇਚੈਨ ਰਹਿਣਾ ਵੀ ਇਕ ਜ਼ਰੂਰੀ ਕੰਮ ਹੈ !!

ਕਿਸੇ ਤਰ੍ਹਾਂ ਸੌਂ ਜਾਂਦੇ ਹਾਂ । **2-3** ਦਿਨ ਰੋਂਦਿਆਂ ਪਿੱਟਦਿਆਂ ਲੰਘ ਜਾਂਦੇ ਹਨ, **24-8-72** ਅੱਜ ਰੱਖੜੀ ਹੈ । ਭੈਣ ਦੀ ਉਡੀਕ ਹੈ, ਮੀਟ ਚਾੜ੍ਹ ਦਿੱਤਾ ਹੈ, ਮਿੱਠਾ-ਫਿੱਕਾ ਬਣ ਗਿਆ ਹੈ । ਨਾਲੇ ਮੇਰੀ ਬੀਵੀ ਕੜਛੀਆਂ ਮਾਰਦੀ ਹੈ, ਨਾਲੇ ਕਹੀ ਜਾਂਦੀ ਹੈ—"ਆਪ ਤਾਂ ਪੈਸੇ-ਪੈਸੇ ਤੋਂ ਮਰੋ, ਬੱਚਿਆਂ ਜੋਗਾ ਕੁਝ ਨਹੀਂ, ਲੋਕਾਂ ਨੂੰ ਮੀਟ ਤੁੰਨੋਂ । ਸਮਝ ਨਹੀਂ ਆਉਂਦੀ, ਅਸੀਂ ਕਿਉਂ ਨਹੀਂ ਇਨ੍ਹਾਂ ਸਿਆਪਿਆਂ 'ਚੋਂ ਨਿਕਲਦੇ ।"

ਮੈਂ ਕਹਿੰਦਾ ਹਾਂ, ਚੱਲ ਠੀਕ ਹੈ । ਐਤਕੀਂ ਤਾਂ ਜੋ ਹੋ ਗਿਆ ਸੋ ਹੋ ਗਿਆ, ਅੱਗੇ ਤੋਂ ਹੁਣ ਆਪਣੀ ਹੈਸੀਅਤ ਵਿੱਚ ਰਹਾਂਗੇ । ਹੁਣ ਮੇਰੀ ਬੀਵੀ ਫ਼ਿਕਰਮੰਦ ਹੋ ਜਾਂਦੀ ਹੈ "ਹਾਏ, ਸਾਰੇ ਮੁਹੱਲੇ ਵਾਲੇ ਕੀ ਕਹਿਣਗੇ, ਇਕ ਨਨਾਣ ਸੂ, ਉਹਨੂੰ ਵੀ ਨਹੀਂ ਪੁੱਛ ਸਕਦੀ ?"

ਸਾਰਾ ਦਿਨ ਉਡੀਕਦਿਆਂ ਲੰਘ ਜਾਂਦਾ ਹੈ । ਸ਼ਾਮ ਦੇ ਛੇ ਵਜੇ ਕਿਤੇ ਭੈਣ ਆਉਂਦੀ ਹੈ । ਮੱਥਾ ਖਿੱਚਿਆ ਹੋਇਆ ਹੈ । ਚਲਾਵੀਂ ਸਤਿ ਸ੍ਰੀ ਅਕਾਲ ਕਰਕੇ ਲੰਘ ਜਾਂਦੀ ਹੈ । ਬੋਲਦੀ ਹੀ ਨਹੀਂ ।

ਮੈਂ ਪਿਆਰ ਨਾਲ ਪੁੱਛਦਾ ਹਾਂ ਇਤਨੀ ਦੇਰ ਕਿਉਂ ਲਾਈ ਹੈ । ਫਿਰ ਵੀ ਨਹੀਂ ਬੋਲਦੀ । ਅੱਥਰੂ ਭਰ ਲੈਂਦੀ ਹੈ । ਘਰ ਵਿੱਚ ਅਸੀਂ ਸਾਰੇ ਹੈਰਾਨ ਹੋ ਗਏ । ਵੀਰ, ਭਰਜਾਈ, ਮਾਂ, ਪਿਉ ਸਾਰੇ ਕਹਿਣ ਲੱਗੇ—ਗੱਲ ਕੀ ਹੈ, ਸੁਖ ਹੈ ? ਬੋਲਦੀ ਕਿਉਂ ਨਹੀਂ । ਭੈਣ ਦੀ ਤਿਊੜੀ ਜ਼ਰਾ ਘਟੀ ਤੇ ਕਹਿਣ ਲੱਗੀ ਕੱਲ੍ਹ ਦੀ ਉਡੀਕਦੀ ਪਈ ਹਾਂ, ਨਾ ਕੋਈ ਕਹਿਣ ਆਇਆ ਹੈ ਮੈਨੂੰ

ਆਉਣ ਵਾਸਤੇ, ਨਾ ਅੱਜ ਕੋਈ ਲੈਣ ਆਇਆ ਹੈ, ਮੇਰੀਆਂ ਨਣਾਨਾਂ, ਮੇਰੀ ਸੱਸ, ਸਾਰੇ ਕੀ ਕਹਿੰਦੇ ਹੋਣਗੇ !

ਵੀਰ—ਤੁਹਾਡਾ ਘਰ ਇੱਥੋਂ ੧੫ ਮੀਲ ਹੈ, ਜੇ ਸਾਈਕਲ 'ਤੇ ਜਾਵਾਂ ਤਾਂ ਥੱਕ ਜਾਂਦਾ ਹਾਂ, ਜੇ ਬੱਸ 'ਤੇ ਜਾਵਾਂ ਤਾਂ ਰੁਪਿਆ ਲੱਗਦਾ ਹੈ; ਇਕ ਪਾਸੇ ਤੁਹਾਨੂੰ ਪਤਾ ਤਾਂ ਹੈ ਮੈਂ ਇਸ ਜੋਗਾ ਨਹੀਂ ।

ਭੈਣ—ਕਿਹੜੇ ਕੰਮ ਤੂੰ ਨਹੀਂ ਕਰਦਾ । ਦੋ ਵਾਰੀ ਹਫ਼ਤੇ 'ਚ ਸ਼ਹਿਰ ਚਲਾ ਜਾਂਦਾ ਹੈਂ, ਓਥੇ ਪੈਸੇ ਨਹੀਂ ਲੱਗਦੇ । ਹੋਰ, ਨਾ ਤੂੰ ਮੇਰੇ ਪਤਿਔਹਰੇ ਦੇ ਮਰਨੇ 'ਤੇ ਪਹੁੰਚਿਆ, ਨਾ ਤੂੰ ਮੇਰੀ ਨਣਾਨ ਦੀ ਧੀ ਦੀ ਕੁੜਮਾਈ 'ਤੇ ਕੁਝ ਦਿੱਤਾ, ਨਾ ਮੁੰਡੇ ਦੇ ਕੇਸ ਗੁੰਦਣ ਤੇ ਕੁਝ ਵੱਲ ਜਿਹਾ **Present** ਦਿੱਤਾ । ਮੈਂ ਕਿਸੇ ਪਾਸੇ ਮੂੰਹ ਦਿਖਾਉਣ ਜੋਗੀ ਨਹੀਂ ਰਹੀ । ਹਰ ਵੇਲੇ "ਮੈਂ ਗ਼ਰੀਬ ਹਾਂ, ਮੈਂ ਗ਼ਰੀਬ ਹਾਂ" ਕਹਿ ਕੇ ਦੁਨੀਆਂ ਦੀਆਂ ਜ਼ਿੰਮੇਵਾਰੀਆਂ ਤੋਂ ਥੋੜ੍ਹਾ ਨਿਕਲ ਸਕਦਾ ਹੈਂ ! ਲੋਕ-ਲਾਜ ਕੋਈ ਨਹੀਂ ਤੈਨੂੰ ?

ਮਾਂ ਜੀ—ਕਾਕਾ ਮੈਂ ਤੈਨੂੰ ਕਹਿੰਦੀ ਰਹਿੰਦੀ ਹਾਂ, ਪਰ ਪਤਾ ਨਹੀਂ ਕੋਈ ਐਸਾ ਪੱਟੂ ਪਾਇਆ ਹੋਇਆ ਤੈਨੂੰ ਤੇਰੀ ਜ਼ਨਾਨੀ ਨੇ, ਤੂੰ ਸਭ ਦੀ ਇੱਜ਼ਤ ਮਿੱਟੀ 'ਚ ਰੋਲ ਦਿੰਦਾ ਹੈਂ ।

ਪਿਤਾ—ਜੀ—ਓਹ ਹਰ ਵੇਲੇ ਤੁਹਾਡਾ ਇਹੋ ਹੀ ਕੰਮ, ਵਾਹਿਗੁਰੂ ਦਾ ਨਾਂ ਲਓ । ਕੁਝ ਚਿਰ ਹੋਰ ਭੈਣ ਨੇ ਦੁਨੀਆਂ ਦੇ ਸਭ ਮਾਮਲੇ ਤੇ ਵੀਰ ਦੀਆਂ ਊਣਤਾਈਆਂ ਕੱਢ-ਕੱਢ ਕੇ ਉਸ ਨੂੰ ਇਤਨਾ ਜ਼ਲੀਲ ਕੀਤਾ ਕਿ ਵੀਰ ਨੇ ਰਾਤੀਂ ਰੋਟੀ ਵੀ ਨਾ ਖਾਧੀ । ਖ਼ੈਰ ਰੱਖੜੀ ਬੱਝ ਗਈ, ਪੰਜ ਰੁਪਏ ਲੈ, ਪਰ ਲੈਂਦਿਆਂ ਕੁਝ ਬੋਲੀ ਜੋ ਵੀਰ ਨੇ ਨਾ ਸੁਣਿਆ । (ਸ਼ਾਇਦ ਕਹਿੰਦੀ ਸੀ ਇਤਨੇ ਦਾ ਤਾਂ ਮੇਰੀ ਕਾਰ ਦਾ ਪੈਟਰੋਲ ਹੀ ਲੱਗ ਜਾਏਗਾ) ।

ਘਰ ਵਿੱਚ ਰੱਖੜੀ ਵਾਲੇ "ਸ਼ੁਭ ਦਿਨ" (ਜਿਵੇਂ ਬਾਕੀ ੩੬੪ ਦਿਨ ਅਸ਼ੁੱਭ ਹਨ !) ਸਿਆਪਾ ਪੈ ਗਿਆ । ਸਾਰੇ ਘਰ ਦੇ ਲੋਕ ਤੜਫ਼ਦੇ ਸੌਂ ਗਏ; ਪਰ ਭੈਣ ਜੀ ਆਪਣੀ ਮਾਤਾ ਜੀ ਨਾਲ ਰਲ ਕੇ ਗੱਲਾਂ ਕਰਨ ਬਹਿ ਗਏ । ਦਿਨ ਚੜ੍ਹਿਆ, ਭੈਣ ਤਾਂ ਚਲੀ ਗਈ ਪਰ ਵੀਰ, ਉਹਦੀ ਪਤਨੀ, ਮਾਂ ਤੇ ਪਿਉ, ਸਾਰਿਆਂ ਵਿਚਕਾਰ ਇਕ "ਮਹਾਂਭਾਰਤ" ਛਿੜ ਗਈ । ਇਹ ਕੀ ਰੱਖੜੀ ਦਾ ਸਿਆਪਾ ਮੇਰੇ ਗਲ ਪਿਆ ਹੈ, ਵੀਰ ਨੇ ਖਿੱਝ ਕੇ ਕਿਹਾ ।

ਮਾਂ ਜੀ—ਸ਼ੁਕਰ ਏ ਕਹਿਣ ਜੋਗੇ ਹੋ ਗਏ ਹੋ । ਦੁਨੀਆਂ ਛੱਡ ਕੇ ਚਲਾ ਜਾ ।



ਪਤਨੀ—ਅਸੀਂ ਤਾਂ ਤੰਗ ਆ ਗਏ ਇਸ ਨਨਾਣ ਤੋਂ ਤੇ ਮਾਤਾ ਜੀ ਕੋਲੋਂ । ਹਰ ਵੇਲੇ ਕੁਝ ਨਾ ਕੁਝ ਬੋਲਦੇ ਹੀ ਰਹਿੰਦੇ ਹਨ । ਸਾਰੀ ਰਾਤ ਮਾਂ-ਧੀ ਸਾਡੀਆਂ ਗੱਲਾਂ ਕਰਦੇ ਰਹੇ ਜੇ । ਜੇ ਹੁਣ ਸਾਡੇ ਕੋਲ ਨਾ ਹੋਵੇ ਤਾਂ ਕਿੱਥੋਂ ਕੁਝ ਕੱਢ ਕੇ ਉਹਦੇ ਘਰ ਪਾਉਂਦੇ ਰਹੀਏ । ਫੇਰ ਜੇ ਉਹਨੂੰ ਕੋਈ ਲੋੜ ਹੋਵੇ ?

—ਮਾਤਾ ਜੀ—ਲੋੜਾਂ ਹੋਣ ਤੈਨੂੰ । ਖ਼ਬਰਦਾਰ ਮੇਰੀ ਧੀ ਦੀਆਂ 'ਲੋੜਾਂ' ਦੀ ਗੱਲ ਕੀਤੀਉ ।

ਪਿਤਾ ਜੀ—ਓਹ ਬੋਲ ਤਾਂ ਵੱਲ ਤਰ੍ਹਾਂ । ਨਾਲੇ ਤੂੰ ਤਿੰਨ ਵਜੇ ਸਿਮਰਨ ਸ਼ੁਰੂ ਕਰ ਦਿੰਦੀ ਹੈਂ, ਚਾਰ ਵਜੇ ਸੀਸ ਗੰਜ ਸਾਹਿਬ ਪਹੁੰਚ ਜਾਂਦੀ ਹੈਂ । ਸਾਰਾ ਦਿਨ ਨਿਤਨੇਮ ਵਿੱਚ, "ਵਾਹਿਗੁਰੂ ਦੀ ਧੁਨੀ ਵਿੱਚ ਲਾ ਦਿੰਦੀ ਹੈਂ । ਜ਼ਰਾ ਸੀਤਲਤਾ ਨਹੀਂ ਆਈ ਤੈਨੂੰ !"

ਮਾਤਾ ਜੀ—ਵੱਡੀ ਸੀਤਲਤਾ ਵਾਲਿਓ, ਰਹਿਣ ਦਿਓ, ਮੈਂ ਜਾਣਦੀ ਹਾਂ ਜੋ ਤੁਸੀਂ ਕਮਾਈਆਂ ਕਰਦੇ ਹੋ । ਬਹੁਤ ਆਏ ਸਮਝਾਉਣ ਵਾਲੇ ।

ਪਿਤਾ ਜੀ—(ਨੂੰਹ ਨੂੰ) ਬੇਟਾ ਤੂੰ ਚੁੱਪ ਕਰ ਰਹੁ । ਕਾਕਾ ਤੂੰ ਵੀ ਛੱਡ । ਚਿੰਤਾ ਨਾ ਕਰਿਆ ਕਰੋ । ਵਾਹਿਗੁਰੂ ਨੂੰ ਸੱਚੇ ਦਿਲੋਂ ਤਨ ਮਨ ਦੇ ਕੇ ਗੁਰੂ ਦੇ ਚਰਨ ਪਕੜ ਕੇ ਯਾਦ ਕਰਿਆ ਕਰੋ । ਗੁਰ ਸ਼ਬਦ ਦੀ ਕਮਾਈ ਕਰਿਆ ਕਰੋ । ਇਹ ਸਭ ਜੰਜਾਲ ਮੁੱਕ ਜਾਣਗੇ । ਮੈਂ ਤਾਂ ਹਮੇਸ਼ਾਂ ਕਹਿੰਦਾ ਹਾਂ ਕਿ ਜਦੋਂ ਤਕ ਦੁਨੀਆਂ ਦੇ ਝੂਠੇ ਸਿਆਪਿਆਂ 'ਚੋਂ ਤੇ ਲੋਕ ਪਤਿਆਣ ਤੋਂ ਨਹੀਂ ਨਿਕਲੋਗੇ ਅਤੇ "ਰਾਮ ਨਾਮ" ਧਨ ਕਮਾ ਕੇ ਉਹਦਾ ਵਿਉਪਾਰ ਤੇ ਉਹਦੀ "ਲੇਵਾ ਦੇਵੀ" ਨਹੀਂ ਕਰੋਗੇ, ਸੁਖ ਸੁਪਨੇ ਵਿੱਚ ਵੀ ਨਹੀਂ ਹੋਵੇਗਾ । ਓਇ, ਹੁਣ ਤੇ ਸੁਣ ਲਓ! ਮਾਤਾ ਜੀ ਸੜਦੇ ਕਲਪਦੇ ਆਪਣੀ ਵਿਧਵਾ ਭੈਣ ਦੇ ਘਰ ਟੁਰ ਗਏ, ਇਕ ਲੰਮਾ ਨਿੰਦਿਆ ਦਾ **Session** ਲਾਉਣ । ਵੀਰ ਕੰਮ 'ਤੇ ਚਲਾ ਗਿਆ ਪਰ ਅੱਜ ਉਹਦੀ ਪਤਨੀ ਨੂੰ ਕੁਝ ਹਲੂਣਾ ਜਿਹਾ ਆਇਆ ਹੈ । ਪਿਤਾ ਜੀ ਦੀਆਂ ਗੱਲਾਂ ਕੁਝ ਚੰਗੀਆਂ ਲੱਗੀਆਂ ਹਨ । ਸੋਚਦੀ ਹੈ । ਵਿਚਾਰਦੀ ਹੈ, ਗੁਰੂ ਨੇ ਕਿਹਾ ਤਾਂ ਸੀ :-

**ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥**

... ... ... ... ...

**ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ ॥**

**(ਅੰਗ ੪੬੮)**

ਇਤਨੀ ਦੇਰ ਵਿੱਚ ਪਿਤਾ ਜੀ ਦੇ ਗਾਉਣ ਦੀ ਆਵਾਜ਼ ਆ ਰਹੀ ਸੀ ।

**"ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥**

**ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥"**

**(ਅੰਗ ੧੪੨੯)**

ਵਾਕਈ ਅਸੀਂ ਤਾਂ ਜੰਜਾਲਾਂ ਵਿੱਚ ਪਏ ਹੋਏ ਹਾਂ ! ਇਕ-ਇਕ ਕਰਕੇ ਸਾਰੇ **Function**, ਸਾਰਿਆਂ ਰੀਤੀ-ਰਿਵਾਜਾਂ ਦੇ ਮੇਲ-ਮਿਲਾਪ, ਅਤੇ **Birthday** ਪਾਰਟੀਆਂ, ਆਦਿ ਉਹਦੇ ਸਾਹਮਣੇ ਲੰਘ ਜਾਂਦੇ ਹਨ ਤੇ ਹਰ ਇਕ ਨਾਲ ਕੋਈ ਨਾ ਕੋਈ ਬੇਸਵਾਦੀ ਦੀ ਯਾਦ-ਦਾਸਤ ਚਿਪਕੀ ਹੋਈ ਹੈ । ਉਸ ਕਦੇ ਵੀਚਾਰ ਕੇ ਬਾਣੀ ਨਹੀਂ ਸੀ ਪੜ੍ਹੀ ਪਰ ਸੁਤੇ-ਸਿੱਧ ਹੀ ਬਾਣੀ ਦੇ ਭਾਵ ਉਹਨੂੰ ਟੁੰਬਣ ਲੱਗ ਪੈਂਦੇ ਹਨ ।

## II

ਸ਼ਾਮ ਵੇਲੇ ਨਾਲ ਦੇ ਘਰ (ਜਿੱਥੋਂ ਕੀਰਤਨ, ਬਾਣੀ ਦੇ ਪਾਠ ਅਤੇ ਮਿੱਠੇ ਬੋਲਣ ਦੀ ਆਵਾਜ਼ ਆਉਂਦੀ ਰਹਿੰਦੀ ਹੈ) ਚਲੀ ਜਾਂਦੀ ਹੈ । ਆਪ ਪਾਠ ਕਰਨ ਦੇ ਬਾਵਜੂਦ, ਰੋਜ਼ ਅੰਮ੍ਰਿਤ ਵਲੇ ਜਾਗਣ ਦੇ ਬਾਵਜੂਦ, ਅੱਜ ਤਕ ਉਹ ਹਮੇਸ਼ਾਂ ਸਮਝਦੀ ਸੀ ਕਿ ਨਾਲ ਵਾਲੇ ਬਿਲਕੁਲ ਮੂਰਖ ਹਨ—ਹਰ ਵੇਲੇ ਇਹੀ ਕੰਮ, ਇਹ ਕੋਈ ਤਰੀਕਾ ਹੈ ਪਰ ਅੱਜ ਕਹਿੰਦੀ ਹੈ **"ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥"** ਠੀਕ ਹੈ ਅਤੇ **"ਹਰਿ ਰਸੁ ਪੀਵਤ ਸਦ ਹੀ ਰਾਤਾ ॥ ਆਨ ਰਸਾ ਸਭਿ ਹੋਛੇ ਰੇ ।"** ਅਤੇ **"ਅਵਰਿ ਕਰਮ ਸਭਿ ਲੋਕਾਚਾਰ ॥"** ਨਾਲ ਵਾਲੀ ਭੈਣ ਹੁਣੇ ਦਫ਼ਤਰੋਂ ਆਈ ਹੈ । ਪਤੀ ਕਿਤੇ ਕੰਮ ਗਿਆ ਹੋਇਆ ਹੈ, ਪਰ ਭੈਣ ਨਾਲੇ ਚਾਹ ਦੀ ਇੰਤਜ਼ਾਰ ਵਿੱਚ ਸਬਜ਼ੀ ਕੱਟ ਰਹੀ ਹੈ ਨਾਲੇ ਗਾਈ ਜਾ ਰਹੀ ਹੈ :-

| | | |
|---|---|---|
| (੧) | **ਸਤਿਗੁਰੁ ਮੇਰਾ ਸਦਾ ਦਇਆਲਾ** | |
| | **ਮੋਹਿ ਦੀਨ ਕਉ ਰਾਖਿ ਲੀਆ ॥** | **(ਅੰਗ ੩੮੩)** |
| (੨) | **ਬਾਬੁਲੁ ਮੇਰਾ ਵਡ ਸਮਰਥਾ** | |
| | **ਕਰਣ ਕਾਰਣ ਪ੍ਰਭੁ ਹਾਰਾ ॥** | **(ਅੰਗ ੭੭੮)** |
| (੩) | **ਮੈ ਤੁਝ ਬਿਨੁ ਬੇਲੀ ਕੋ ਨਹੀ** | |
| | **ਤੂ ਅੰਤਿ ਸਖਾਈ ॥** | **(ਅੰਗ ੭੯੨)** |
| (੪) | **ਕਹੁ ਨਾਨਕ ਹਮ ਨੀਚ ਕਰੰਮਾ ॥** | |
| | **ਸਰਣਿ ਪਰੇ ਕੀ ਰਾਖਹੁ ਸਰਮਾ ॥** | **(ਅੰਗ ੧੨)** |



ਅੱਥਰੂਆਂ ਭਰੀ ਫੇਰ ਕਹਿੰਦੀ ਹੈ, "ਵਾਹਿਗੁਰੂ ਤੂੰ ਕਿਤਨਾ ਬੇਅੰਤ ਹੈਂ ਮੇਰੇ ਵਰਗੀ ਨੀਚ ਨੂੰ ਆਪਣੇ ਚਰਨਾਂ ਨਾਲ ਲਾ ਕੇ ਮੇਰੇ ਸਾਰੇ ਦੁੱਖ ਮੇਟ ਦਿੱਤੇ ਹਨ । ਖੇੜਾ ਹੀ ਖੇੜਾ ਕਰ ਦਿੱਤਾ ਹੈ ।"

ਅੱਖਾਂ ਦੇ ਅੱਥਰੂ ਪੂੰਝ ਕੇ ਨਾਲ ਵਾਲੀ ਨੂੰ ਪਿਆਰ ਨਾਲ ਮਿਲਦੀ ਹੈ । "ਆਉ ਭੈਣ ਜੀ, ਜੀ ਆਇਆਂ ਨੂੰ, ਸਦਕੇ ਜਾਵਾਂ ਤੁਹਾਡੇ ਚਰਨਾਂ ਤੋਂ, ਅੱਜ ਮੇਰੇ 'ਤੇ ਗ਼ਰੀਬ-ਨਿਵਾਜੀ ਕੀਤੀ ਜੇ ।"

ਉਸ ਭੈਣ ਦੇ ਅੱਥਰੂ ਡੁੱਲ੍ਹ-ਡੁੱਲ੍ਹ ਪੈਂਦੇ ਹਨ ਤੇ ਸਿਸਕੀਆਂ ਭਰਨ ਲੱਗ ਜਾਂਦੀ ਹੈ—"ਮੈਂ ਤਾਂ ਸੋਚਦੀ ਸਾਂ ਤੁਸੀਂ ਵੜਨ ਵੀ ਨਹੀਂ ਦਿਉਗੇ, ਮੈਂ ਤਾਂ ਹਮੇਸ਼ਾਂ ਤੁਹਾਡਾ ਮਜ਼ਾਕ ਉਡਾਉਂਦੀ ਰਹੀ ਹਾਂ ।"

"ਵਾਹ ਭੈਣ ਜੀ, ਮੈਂ ਤਾਂ ਨੌਕਰ ਹਾਂ, ਹੁਕਮ ਕਰੋ ਕਿਵੇਂ ਆਏ ਹੋ ?"

"ਅੱਜ ਇਕ ਗੱਲ ਪੁੱਛਣ ਆਈ ਹਾਂ । ਦੱਸੋਗੇ ਨਾ ? ਤੁਸੀਂ ਵੀ ਪਾਠ ਕਰਦੇ ਹੋ, ਗੁਰਦੁਆਰੇ ਜਾਂਦੇ ਹੋ, ਮੈਂ ਤੇ ਮੇਰਾ ਪਤੀ, ਮੇਰੀ ਸੱਸ ਤੇ ਮੇਰਾ ਸਹੁਰਾ ਵੀ, ਇਹ ਸਭ ਕੁਝ ਕਰਦੇ ਹਾਂ । ਤੁਹਾਡੇ ਘਰ ਹਮੇਸ਼ਾਂ ਸੁਖ ਤੇ ਸ਼ਾਂਤੀ ਰਹਿੰਦੀ ਹੈ ਸਾਡੇ ਘਰ ਹਮੇਸ਼ਾਂ ਕਲੇਸ਼ । ਇਹ ਕਿਉਂ ਤੇ ਕਿਵੇਂ ?"

"ਮੈਂ ਤਾਂ ਨੀਚ ਹਾਂ ਪਰ ਸਾਡਾ ਗੁਰੂ ਦਿਆਲੂ ਹੈ । ਉਹਦੀਆਂ ਉਹ ਜਾਣੇ । ਮੈਂ ਤਾਂ ਕੁਝ ਨਹੀਂ ਜਾਣਦੀ ।"

"ਅੱਛਾ ਇਹ ਦੱਸੋ ਰੱਖੜੀ ਤੁਸੀਂ ਨਹੀਂ ਬੰਨ੍ਹੀ, ਤੁਹਾਨੂੰ ਦੋ ਸਾਲ ਹੋਏ ਹਨ ਇਸ ਮੁਹੱਲੇ ਵਿੱਚ ਆਇਆਂ । ਪਿਛਲੇ ਸਾਲ ਵੀ ਤੇ ਇਸ ਸਾਲ ਵੀ ਸਾਡੇ ਘਰ ਰੱਖੜੀ ਵਾਲੇ ਦਿਨ, ਜਾਂ ਕਿਸੇ ਦੁਨਿਆਵੀ ਰਿਵਾਜਾਂ ਵਾਲੇ ਦਿਨ ਸਿਆਪਾ ਪਿਆ; ਪਰ ਤੁਸੀਂ ਵੀਰ ਨੂੰ ਰੱਖੜੀ ਬੰਨ੍ਹਣ ਨਹੀਂ ਗਏ ਜਾਂ ਉਹ ਬੰਨ੍ਹਵਾਉਣ ਨਹੀਂ ਆਇਆ ?"

"ਆਇਆ ਤਾਂ ਸੀ—ਤਿੰਨ ਵਜੇ, ਸਵੇਰੇ—ਅਸਾਂ ਨਿਤਨੇਮ ਦਾ ਪਾਠ ਇਕੱਠੇ ਕੀਤਾ ਸੀ ਫੇਰ ਗੁਰਦੁਆਰੇ ਚਲੇ ਗਏ ।"

"ਕੀ ਦਿੱਤਾ ਸੁ ਤੁਹਾਨੂੰ?"

"ਕੁਝ ਹੀਰੇ ਮੋਤੀ।"

"ਹੈਂ, ਕੀ ਕਰਦਾ ਹੈ ਤੁਹਾਡਾ ਵੀਰ ?"

"ਉਹ ਇਕ ਕੁੱਲੀ ਹੈ ਹੀਰਿਆਂ ਦੀ ਦੁਕਾਨ 'ਤੇ, ਪਰ ਸ਼ਾਹ ਜੀ ਦਾ ਹੁਕਮ ਹੈ ਜਿਹੜਾ ਕੁੱਲੀ, ਹੀਰੇ ਗਵਾਏ ਬਗ਼ੈਰ ਇਧਰੋਂ-ਉਧਰ ਲੈ ਜਾਏ ਉਹ

ਜਿਤਨੇ ਮਰਜ਼ੀ ਚਾਹੇ ਆਪ ਲੈ ਸਕਦਾ ਹੈ ।"

"ਕੀ ? ਮੇਰੇ ਨਾਲ ਮਖ਼ੌਲ ਕਰਦੇ ਹੋ?"

"ਭੈਣ ਜੀ ਇਹ ਬਿਲਕੁਲ ਠੀਕ ਹੈ । ਲਓ ਦੇਖੋ ਹੀਰੇ । (ਇਕ ਚਾਰਟ ਕੱਢ ਲਿਆਉਂਦੀ ਹੈ)।

(੧) ਜੋ ਦਿਵਾਲੀ ਵਿਸਾਖੀ ਦੇ ਰਿਵਾਜਾਂ ਵਿੱਚ ਵੀਰ ਭੈਣ ਦੇ ਰਿਸ਼ਤੇ ਨੂੰ ਗਵਾ ਕੇ ਮਾਲਕ ਦੇ ਨਾਂ ਨੂੰ ਭੁੱਲ ਜਾਵੇਗਾ ਤਾਂ ਇਹ ਰਿਸ਼ਤੇਦਾਰੀ ਟੁੱਟ ਜਾਏਗੀ ।

(੨) ਸਾਡਾ ਰਿਸ਼ਤਾ ਕੇਵਲ ਵਾਹਿਗੁਰੂ ਦਾ ਨਾਂ ਲੈਣ ਲਈ ਹੈ । ਹੋਰ ਕੰਮ ਵਿੱਚ ਵਕਤ ਜ਼ਾਇਆ ਨਹੀਂ ਕਰਨਾ।"

"ਤੇ ਤੁਹਾਨੂੰ ਇਹ ਕਾਗ਼ਜ਼ ਹੀ ਦੇ ਗਿਆ?"

"ਹਲਾ, ਛੱਡੋ ਇਨ੍ਹਾਂ ਗੱਲਾਂ ਨੂੰ । ਤੁਸੀਂ ਪਿਛਲੇ ਸਾਲ ਦੀ ਰੱਖੜੀ ਦੀ ਗੱਲ ਪੁੱਛੀ ਹੈ ਮੈਂ ਸਾਰੀ ਗੱਲ ਤੁਹਾਨੂੰ ਸੁਣਾਉਂਦੀ ਹਾਂ—

ਮੈਂ ਆਪ ਰੱਖੜੀ ਬਣਾਈ ਸੀ, ਉਸ ਉੱਤੇ ਕਸੀਦਾ ਕੱਢਿਆ ਸੀ, '**ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ ਸੋ ਭਾਈ ਸੋ ਮੇਰਾ ਬੀਰ ॥**' ਇਸ ਕਸੌਟੀ 'ਤੇ ਸਾਡਾ ਰਿਸ਼ਤਾ ਗੁਰੂ ਨੇ ਪੂਰਾ ਕੀਤਾ । ਇਸ ਵਾਰੀ ਰੱਖੜੀ ਤੋਂ ਕੁਝ ਚਿਰ ਪਹਿਲਾਂ ਮੇਰੇ ਵੀਰ ਨੇ ਗੁਰਬਾਣੀ ਦੇ ਆਧਾਰ 'ਤੇ ਚੋਣਵਾਂ ਜਿਹਾ ਲੇਖ ਲਿਖਣਾ ਸ਼ੁਰੂ ਕਰ ਦਿੱਤਾ, ਪਰ ਰੱਖੜੀ ਤੋਂ ਦੋ ਦਿਨ ਪਹਿਲਾਂ ਮੈਨੂੰ ਕਹਿਣ ਲੱਗਾ :-

ਵੀਰ—ਮੈਂ ਤਾਂ ਸੋਚਿਆ ਸੀ ਕਿ ਰੱਖੜੀ ਵਾਲੇ ਦਿਨ ਸਵੇਰੇ ਨਿਤਨੇਮ ਇਕੱਠੇ ਕਰਾਂਗੇ ਪਰ ਮੈਨੂੰ ਸ਼ਾਇਦ ਬਾਹਰ ਜਾਣਾ ਪੈ ਜਾਏ । ਸਵੇਰੇ ਹਵਾਈ ਜਹਾਜ਼ 'ਤੇ ਜਾਵਾਂਗਾ, ਜੇ ਸ਼ਾਮ ਨੂੰ ਵਾਪਸ ਆ ਗਿਆ ਤਾਂ ਰੱਖੜੀ 'ਤੇ ਇੱਥੇ ਹੀ ਹੋਵਾਂਗਾ, ਤਿੰਨ ਵਜੇ ਸਵੇਰੇ ਆ ਜਾਵਾਂਗਾ ।

ਪਰ ਇਕ ਗੱਲ ਸੁਣੋ, ਹੋ ਸਕਦਾ ਹੈ, ਜਹਾਜ਼ **Crash** ਹੋ ਜਾਏ ਤੇ ਮੈਂ ਨਾ ਆ ਸਕਾਂ, ਉਸੇ ਤਰ੍ਹਾਂ ਨਿਤਨੇਮ ਦਾ ਪਾਠ ਹੋਵੇ, ਮੁਸਕਰਾ ਕੇ ਕਹਿਣਾ ਹੈ—ਵੀਰ ਮੇਰਾ ਤਾਂ ਮੋਇਆ ਹੀ ਨਹੀਂ—ਨਾਲੇ ਜਿਵੇਂ ਸਾਹਿਬਾਂ ਦੀ ਰਜ਼ਾ—ਜੇ ਇਹ ਨਹੀਂ ਕਰ ਸਕਦੀ ਤਾਂ ਮੇਰੀ ਭੈਣ ਨਹੀਂ ।

ਮੈਂ ਕਿਹਾ, ਜੇ ਗੁਰੂ ਮੇਰੇ ਸਿਰ 'ਤੇ ਹੱਥ ਰੱਖੇਗਾ ਤਾਂ ਇਉਂ ਹੀ ਹੋਏਗਾ ।"



ਨਾਲ ਵਾਲੀ ਭੈਣ—ਕਿਤੇ ਵੀਰ ਤੇਰਾ ਪਾਗਲ ਤਾਂ ਨਹੀਂ । ਸ਼ੁਭ ਤਿਉਹਾਰਾਂ 'ਤੇ ਇਹੋ ਜਿਹੀਆਂ ਗੱਲਾਂ ਕਰਦਾ ਹੈ । ਪਰ ਉਹ ਹੈ ਕਿਹੜਾ ਮੈਂ ਕਦੇ ਨਹੀਂ ਤੱਕਿਆ ਕਿਸੇ ਨੂੰ ਇੱਥੇ ਆਉਂਦਿਆਂ ।

ਗੁਰਸਿੱਖ ਭੈਣ—ਇਕ ਦਿਨ ਚੌਂਕ ਵਿੱਚ ਦੇਖਿਆ ਹੋਣਾ ਹੈ ਤੁਸਾਂ, ਅਸੀਂ ਧੁੱਪੇ ਰੋਟੀ ਖਾ ਰਹੇ ਸਾਂ ।

ਨਾਲ ਵਾਲੀ—ਹੈਂ ਉਹ ਤੇਰਾ ਵੀਰ ਹੈ । ਪਗੜੀ ਇਉਂ ਬੰਨ੍ਹਦਾ ਜਿਵੇਂ ਮਜ਼ਦੂਰ ਹੋਵੇ । ਜੁੱਤੀ ਪਾਟੀ ਹੋਈ ਪਾਈ ਸੀ । ਅੱਖਾਂ ਵਿੱਚ ਗਿੱਡਾਂ, ਡਾਢਾ ਗੰਦਾ ਸੀ । ਮੈਂ ਸੋਚਿਆ ਕਿਸੇ ਮੰਗਤੇ 'ਤੇ ਤਰਸ ਕਰਕੇ ਰੋਟੀ ਖਿਲਾ ਰਹੇ ਸੋ ਤੁਸੀਂ ।

ਭੈਣ—ਫੇਰ ਉਹੋ ਜੇ ਮੇਰਾ ਵੀਰਾ, ਤੁਰ ਗਿਆ **South** ਵੱਲ । ਜਹਾਜ਼ ਵਿੱਚ ਉੱਡਦਾ । ਮੈਂ ਸੋਚਦੀ ਰਹੀ ਪਤਾ ਨਹੀਂ ਕੱਲ੍ਹ ਰੱਖੜੀ 'ਤੇ ਇੱਥੇ ਹੋਵੇਗਾ ਕਿ ਨਹੀਂ? ਇਕੱਠੇ ਬਹਿ ਕੇ ਨਾਮ ਜੱਪਾਂਗੇ ਕਿ ਨਹੀਂ? ਹੀਰਿਆਂ ਦੀ ਖੋਜ ਕਰਾਂਗੇ ਕਿ ਨਹੀਂ? ਪਰ ਐਨ ਤਿੰਨ ਵਜੇ ਵੀਰ ਪਰਤ ਗਿਆ । ਜਦ ਪਹਿਲੇ ਦਿਨ ਮੈਂ ਵੀਰ ਨੂੰ ਯਾਦ ਕਰ ਰਹੀ ਸਾਂ ਵੀਰ ਬੱਦਲਾਂ ਤੋਂ ਉੱਤੇ ਉੱਡਦਾ ਜੋ ਕਰ ਰਿਹਾ ਸੀ ਸੁਣੋ ।

(੧) **Take-off** ਹੋਣ ਲੱਗਿਆਂ ਕਹਿਣ ਲੱਗਾ—ਮੇਰੇ ਮਾਲਕ ਮੈਂ ਤਾਂ ਅਕ੍ਰਿਤਘਣ ਹਾਂ, ਤੂੰ ਕਿਵੇਂ ਮੇਰੇ ਨਾਲ ਜਹਾਜ਼ ਵਿੱਚ ਵੀ ਆਣ ਬੈਠਾ ਹੈਂ ?

(੨) ਬੱਦਲਾਂ ਦੇ ਵਿੱਚੋਂ ਲੰਘਦਿਆਂ, ਬੱਦਲਾਂ ਦੇ ਉੱਤੇ ਫੇਰ ਸਾਰੀ **Flight** ਵਿੱਚ ਆਪਣੇ ਬੋਝੇ ਵਿੱਚੋਂ ਕਦੇ ਕੋਈ ਹੀਰਾ ਕਦੇ ਕੋਈ ਹੀਰਾ ਕੱਢੇ, **Appreciate** ਕਰੇ, ਫੇਰ ਹੋਰ ਕੱਢੇ, ਫੇਰ ਹੋਰ ਲੋਕਾਂ ਵੱਲ ਦੇਖੇ ਜਿਵੇਂ ਇਉਂ ਕਹਿ ਰਿਹਾ ਹੋਵੇ । **"ਆਉ ਪਿਆਰਿਓ ! ਮਾਲਕ ਦੇ ਗੁਣ ਗਾਈਏ ।"**

(੩) ਜਿਵੇਂ ਮਾਲਕ ਨੇ ਸੁਣ ਕੇ ਉਹਦੇ ਨਾਲ ਦੀ ਸੀਟ 'ਤੇ ਇਕ ਮੁਸਲਮਾਨ ਵੀਰ ਜੋ ਅਮਰੀਕਾ ਤੋਂ ਆਇਆ ਸੀ, ਭੇਜ ਦਿੱਤਾ । ਹਜ਼ਰਤ ਮੁਹੰਮਦ ਸਾਹਿਬ ਬਾਰੇ ਅਤੇ ਗੁਰੂ ਸਾਹਿਬਾਂ ਦੇ ਬਾਰੇ ਗੱਲਾਂ ਕਰ-ਕਰ ਕੇ ਰੀਝਣ ਲੱਗਾ ।

(੪) ਇਕ **Air Hostess** (ਸੇਵਾ ਕਰਨ ਵਾਲੀ ਲੜਕੀ) ਵੱਲ ਉਹਦੀ ਨਜ਼ਰ ਪਈ, ਉਸ ਨੇ ਕੜਾ ਪਾਇਆ ਹੋਇਆ ਸੀ । ਉਹਦੀ ਆਪਣੀ ਬੱਚੀ ਦੀ ਉਮਰ ਦੀ ਹੋਵੇਗੀ । ਉਤਰਨ ਲੱਗਿਆਂ ਉਸ **Paper Napkin**

'ਤੇ ਇਹ ਲਿਖ ਦਿੱਤਾ, "ਬੇਟਾ ਜੀ, ਪਤਾ ਨਹੀਂ ਪੰਜਾਬੀ ਜਾਣਦੇ ਹੋ ਕਿ ਨਹੀਂ, ਪਰ ਵਾਹਿਗੁਰੂ ਦਾ ਨਾਂ ਜ਼ਰੂਰ ਲਿਆ ਕਰੋ **24** ਘੰਟੇ। ਇਸ ਤੋਂ ਚੰਗਾ ਤਰੀਕਾ ਤੁਹਾਡਾ ਸ਼ੁਕਰੀਆ ਕਰਨ ਦਾ ਮੈਨੂੰ ਕੋਈ ਨਹੀਂ ਲੱਭਾ," ਅੰਗਰੇਜ਼ੀ ਅਨੁਵਾਦ ਵੀ ਲਿਖ ਆਇਆ। ਵਾਕਈ ਝੱਲਾ ਹੀ ਹੈ ਜੇ ਮੇਰਾ ਵੀਰ।

(੫) ਵਾਪਸੀ ਦੀ ਉਡਾਣ ਵਿੱਚ ਉਸ ਨੂੰ ਦੋ ਸੋਟੀਆਂ ਨਾਲ ਚੱਲ ਰਹੇ ਇਕ ਸਰਦਾਰ ਜੀ ਮਿਲ ਗਏ। ਜਦੋਂ ਮੇਰੇ ਵੀਰ ਨੇ ਉਨ੍ਹਾਂ ਨੂੰ ਘੁੱਟਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਤਨੀ ਤਕਲੀਫ਼ ਨਹੀਂ; ਪਰ ਤਿੰਨ ਸਾਲ ਹੋ ਗਏ ਹਨ ਇਕ ਹਾਦਸਾ ਹੋਇਆ ਸੀ ਅਜੇ ਤਕ ਲੱਤਾਂ ਠੀਕ ਨਹੀਂ ਹੋਈਆਂ।

ਵੀਰ ਨੇ ਪੁੱਛਿਆ ਇਤਨੀ ਲਾਚਾਰੀ ਵਿੱਚ ਕੁਝ ਫ਼ਰਕ ਲੱਗਦਾ ਹੈ ਵਾਹਿਗੁਰੂ ਦੇ ਨਾਮ ਲੈਣ ਜਾਂ ਨਾ ਲੈਣ ਵਿੱਚ। ਉਨ੍ਹਾਂ ਦੱਸਿਆ ਕਿ ਪਹਿਲਾਂ ਤਾਂ ਉਨ੍ਹਾਂ ਵਾਹਿਗੁਰੂ ਨੂੰ ਬੜੀਆਂ ਸ਼ਿਕਾਇਤਾਂ ਕੀਤੀਆਂ ਪਰ ਹੁਣ ਰਜ਼ਾ ਵਿੱਚ ਹਨ। ਸਮਝਦੇ ਹਨ ਕਿ ਤੂੰ ਹੀ ਸਭ ਕੁਝ ਕਰਨਾ ਹੈ। **Attachment** ਤੋਂ ਛੁਟਕਾਰਾ ਪਾ ਚੁੱਕੇ ਹਨ।

ਨਾਲ ਵਾਲੀ ਭੈਣ—ਤੁਹਾਡਾ ਵੀਰ ਮੈਨੂੰ ਤਾਂ ਜ਼ਰੂਰ ਪਾਗਲ ਜਾਪਦਾ ਹੈ।

ਗੁਰਸਿੱਖ ਭੈਣ—ਬਿਲਕੁਲ ਠੀਕ—ਕਿਉਂਕਿ ਉਸ ਨੂੰ ਗੁਰੂ ਨੇ ਦੁਨੀਆਂ ਦੇ ਦੁੱਖਾਂ 'ਚੋਂ ਕੱਢ ਲਿਆ ਹੈ ਅਤੇ ਦੁਨੀਆਂ ਦੀਆਂ ਸਿਆਣਪਾਂ ਤੇ ਚਤੁਰਾਈਆਂ ਦੇ ਸਦਕੇ ਮੁੜ ਵਾਪਸ ਇਨ੍ਹਾਂ ਦੁੱਖਾਂ ਵਿੱਚ ਆਉਣਾ ਨਹੀਂ ਚਾਹੁੰਦਾ ਜੇ ਗੁਰੂ ਉਹਦੀ ਲਾਜ ਰੱਖੇ। ਆਪ ਉਹ ਇਮਤਿਹਾਨ ਲਵੇ ਤਾਂ ਵੀਰ ਵਿਚਾਰਾ ਕੀ ਕਰ ਸਕਦਾ ਹੈ?

ਨਾਲ ਵਾਲੀ ਭੈਣ—ਅੱਛਾ ਮੁੱਕਦੀ ਗੱਲ ਦੱਸੋ ਕਿ ਤੁਹਾਨੂੰ ਦਿੱਤਾ ਵੀ ਕੁਝ ਕਿ ਨਹੀਂ ਸੁ, ਮਤਲਬ ਪੈਸੇ?

ਗੁਰਸਿੱਖ ਭੈਣ—ਤੁਸਾਂ ਪੁੱਛਿਆ ਸੀ ਕਿ ਸੁਖ ਕਿਉਂ ਹੈ? ਇਹ ਕੇਵਲ ਇਸ ਲਈ ਹੈ ਕਿਉਂਕਿ ਸਾਨੂੰ ਮਾਲਕ ਨੇ ਸਿਖਾਇਆ ਹੈ ਕਿ ਲੋਕ-ਪਚਾਰੇ ਲਈ, ਲੋਕ-ਲਾਜ ਲਈ ਅਤੇ ਦੁਨਿਆਵੀ ਰਿਵਾਜਾਂ ਲਈ ਉਹ ਕੰਮ ਨਹੀਂ ਕਰਨੇ ਜਿਹੜੇ ਮਾਲਕ ਦੇ ਰਾਹ ਵਿੱਚ ਰੁਕਾਵਟ ਪਾਉਣ।

ਨਾਲ ਵਾਲੀ ਭੈਣ—ਹੈ ਤਾਂ ਬਿਲਕੁਲ ਠੀਕ, ਪਰ ਲੋਕ ਕੀ ਆਖਣਗੇ, ਵੈਸੇ ਤਾਂ ਅਸੀਂ ਵੀ ਤੰਗ ਹਾਂ ਇਨ੍ਹਾਂ ਸਿਆਪਿਆਂ ਤੋਂ।



ਗੁਰਸਿੱਖ ਭੈਣ—ਫੇਰ ਮੇਰੀ ਸਲਾਹ ਲਉ ਤੇ ਗੁਰੂ ਦੇ ਚਰਨਾਂ 'ਤੇ ਆਪਣਾ ਮਨ ਵੇਚ ਦਿਓ, ਤੇਰੇ ਸਿਵਾਇ ਮੇਰਾ ਹੋਰ ਕੋਈ ਨਹੀਂ। ਪਰ ਸਾਰਿਆਂ ਦੀ ਚਰਨਧੂੜ ਬਣ ਕੇ ਸਭ ਨੂੰ ਇਹ ਕਹੋ ਕਿ ਅਸੀਂ ਨਾਮ ਜੱਪਣ ਵਾਲਿਆਂ ਨਾਲ ਕੇਵਲ "ਨਾਮ ਦੀ ਲੈਣਾ-ਦੇਣੀ ਰੱਖਣੀ ਹੈ।"

**ਖਾਵਹਿ ਖਰਚਹਿ ਰਲਿ ਮਿਲਿ ਭਾਈ ॥**

**ਤੋਟਿ ਨ ਆਵੈ ਵਧਦੋ ਜਾਈ ॥** (ਅੰਗ ੧੮੬)

ਨਾਲ ਵਾਲੀ ਭੈਣ—ਵਾਹ-ਵਾਹ, ਅੱਛਾ, ਤੁਸੀਂ ਇਸ ਵਾਰ ਦੀ ਰੱਖੜੀ ਦੀ ਗੱਲ ਨਹੀਂ ਸੁਣਾਈ।

ਗੁਰਸਿੱਖ ਭੈਣ—ਵਾਹਿਗੁਰੂ, ਮੈਂ ਝੱਲ ਮਾਰਿਆ ਜਾਂ ਨਹੀਂ, ਪਰ ਵੀਰ ਮੇਰੇ ਨੂੰ ਰੱਖੜੀ ਪਸੰਦ ਬਿਲਕੁਲ ਨਹੀਂ ਆਈ। ਉਸ ਨੇ ਰੱਖੜੀ ਉੱਥੇ ਰੱਖ ਦਿੱਤੀ ਹੈ ਜਿੱਥੇ ਉਸ ਠੀਕ ਸਮਝਿਆ।

ਨਾਲ ਵਾਲੀ ਭੈਣ—ਬੇਸ਼ਗਨੀਆਂ ਵੀ ਕਰਦਾ ਹੈ?

ਗੁਰਸਿੱਖ ਭੈਣ—ਨਹੀਂ, ਮੈਂ ਰੱਖੜੀ 'ਤੇ ਲਿਖਿਆ ਸੀ "**ਬਾਹ ਜਿਨਾ ਦੀ ਪਕੜੀਐ ਸਿਰ ਦੀਜੈ ਬਾਹ ਨਾ ਛੋੜੀਐ ॥**" ਵੀਰ ਨੇ ਉਸੇ ਦਿਨ ਮਾਤਾ ਭਾਗ ਭਰੀ ਦੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਕੁੜਤਾ ਪਵਾਉਣ ਵਾਲੀ ਥਾਂ 'ਤੇ ਹਵਾਈ ਜਹਾਜ਼ 'ਤੇ ਜਾਣਾ ਸੀ। ਉਹ ਰੱਖੜੀ ਨਾਲ ਲੈ ਗਿਆ 'ਤੇ ਉੱਥੇ ਜਾ ਕੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਭੇਟਾ ਕਰ ਆਇਆ। ਕਹਿਣ ਲੱਗਾ ਜੋ ਕੁਝ ਰੱਖੜੀ 'ਤੇ ਲਿਖਿਆ ਹੈ ਇਹ ਕੇਵਲ ਮੇਰਾ ਗੁਰੂ ਕਰ ਸਕਦਾ ਹੈ। ਉਸ ਅਰਦਾਸ ਕੀਤੀ ਸੱਚੇ ਪਾਤਿਸ਼ਾਹ ਜਿਵੇਂ ਮਾਤਾ ਭਾਗ ਭਰੀ ਦੀਆਂ ਆਸਾਂ ਪੂਰੀਆਂ ਕੀਤੀਆਂ ਸਨ ਸਾਡੇ ਭੈਣ-ਭਰਾ ਦੇ ਰਿਸ਼ਤੇ ਨੂੰ ਆਪਣੇ ਚਰਨਾਂ ਦੀ ਛੂਹ ਨਾਲ ਹਮੇਸ਼ਾਂ ਕਾਇਮ ਰੱਖੀਂ ਤਾਂ ਜੋ ਅਸੀਂ ਹਮੇਸ਼ਾਂ ਤੇਰੇ ਤੋਂ ਸਦਕੇ ਜਾਂਦੇ ਰਹੀਏ।

ਨਾਲ ਵਾਲੀ ਭੈਣ ਸਰੂਰ ਨਾਲ ਇਹ ਸਭ ਕੁਝ ਸੁਣ ਕੇ ਝੂਮ ਰਹੀ ਸੀ ਪਰ ਸੋਚਣ ਲੱਗ ਪਈ ਜੇ ਕਿਤੇ ਉਹ ਇਨ੍ਹਾਂ ਗੱਲਾਂ 'ਤੇ ਚੱਲਣ ਲੱਗ ਪਵੇ ਤਾਂ ਲੋਕ ਕੀ ਆਖਣਗੇ?

ਕੋਈ ਮੈਨੂੰ ਵੀ ਸਮਝਾਵੇ। ਮੈਂ ਤਾਂ ਇਤਨਾ ਮੂਰਖ ਹਾਂ ਕਿ

ਭੈਣ-ਭਰਾ ਦੀ ਕਹਾਣੀ ਸੁਣ ਕੇ ਵੀ ਆਪਣੇ ਗੁਰੂ ਦੇ ਨੇੜੇ ਨਹੀਂ ਜਾਂਦਾ। ਕਿਰਪਾ ਕਰੋ ਦੀਨ ਕੇ ਦਾਤੇ ਮਿਹਰਾਂ ਵਿੱਚ ਆਓ, ਮੈਨੂੰ ਵੱਲ ਸਿਖਾ

ਦਿਓ ਕਿ ਅਸਲ ਰਿਸ਼ਤਾ ਕੇਵਲ ਗੁਰਸਿੱਖਾਂ ਦਾ ਰਿਸ਼ਤਾ ਹੈ, ਸਕੇ ਭੈਣ-ਭਰਾ ਵੀ ਸੱਚੇ ਹਨ ਜੇ ਉਨ੍ਹਾਂ ਨੂੰ ਗੁਰੂ ਦੇ ਚਰਨ ਜੋੜਦੇ ਹਨ । ਗ਼ੈਰ ਸਕੇ ਵੀ ਹਨ ਜੇ ਨਾਮ ਦੀ ਡੋਰ ਨਾਲ ਬੰਨ੍ਹੇ ਗਏ ਹਨ । ਪਰ ਰਿਵਾਜਨ ਰੱਖੜੀ ਤੋਂ ਬਚਾਈ ਰੱਖੀਂ ।

## ਕੁਝ ਆਪਣੇ ਵੱਲੋਂ

ਰਿਸ਼ਤੇਦਾਰਾਂ ਦੀਆਂ ਗੱਲਾਂ ਕਰਦਿਆਂ ਕਦੇ-ਕਦੇ ਮੇਰੇ ਮਨ ਵਿੱਚ ਰੀਝ ਉਤਪੰਨ ਹੁੰਦੀ ਹੈ ਕਿ ਰਿਸ਼ਤੇਦਾਰੀ ਦਾ ਆਧਾਰ (ਜਿਵੇਂ ਜੀਵਨ ਦੇ ਹਰ ਇਕ ਪੱਖ ਦਾ ਆਧਾਰ ਨਾਮ ਹੈ) ਨਾਮ ਹੀ ਹੋਣਾ ਚਾਹੀਦਾ ਹੈ । ਜੇ ਗੁਰੂ ਸਾਹਿਬਾਂ ਨੇ ਸਭ ਰਿਸ਼ਤੇ "ਝੂਠ", "ਬਿਖਿਆ", ਅਤੇ "ਮੋਹ ਮਾਇਆ" ਦੱਸੇ ਹਨ ਤਾਂ ਕੀ ਕਦੇ ਇਹ ਗ਼ਲਤ ਹੋ ਸਕਦਾ ਹੈ । ਪਰ (ਅਤੇ ਇਹ ਪਰ ਗੁਰੂ ਸਾਹਿਬ ਵੱਲੋਂ ਹੀ ਹੈ) ਜੇ ਗੁਰੂ ਦੀ ਕਿਰਪਾ ਨਾਲ ਦੋ ਰਿਸ਼ਤੇਦਾਰ ਨਾਮ ਜੱਪਣ ਵਾਲੇ ਹਨ ਤਾਂ ਉਨ੍ਹਾਂ ਵਰਗਾ ਸੁੱਚਾ ਰਿਸ਼ਤਾ ਹੀ ਕੋਈ ਨਹੀਂ ।

ਗੁਰੂ ਦੀ ਮਿਹਰ ਨਾਲ ਸਾਨੂੰ ਬਹੁਤ ਵਾਰੀ ਸਿਖਲਾਇਆ ਗਿਆ ਹੈ ਕਿ ਜੰਜਾਲਾਂ ਤੋਂ ਨਿਕਲ ਕੇ ਝੂਠੀਆਂ ਰੀਤਾਂ ਤੋਂ ਬਚ ਕੇ, ਦੁਨੀਆਂ ਦੀ ਲੋਕ-ਰੀਤ ਤੋਂ ਬੇਪਰਵਾਹ ਹੋ ਕੇ, ਮਾਲਕ ਦੇ ਨੇੜੇ ਹੋਣਾ ਹੈ ਪਰ ਜਦੋਂ ਅਸੀਂ ਹਰ ਵੇਲੇ ਆਪਣੇ ਮਾਮੇ, ਚਾਚੇ, ਸਾਲੇ, ਭਤੀਜੇ ਅਤੇ ਉਨ੍ਹਾਂ ਦੇ ਸਹੁਰਿਆਂ, ਪੇਕਿਆਂ ਦੇ ਨਿੱਕੇ ਤੋਂ ਨਿੱਕੇ ਰਿਸ਼ਤੇ ਨੂੰ ਪਾਲਣ ਲਈ ਗੁਰੂ ਦੀ ਸਿੱਖਿਆ ਤੋਂ ਉਲਟ ਚੱਲ ਕੇ ਹਰ ਇਕ ਕਿਸਮ ਦੀ ਹੇਰਾਫੇਰੀ ਕਰਦੇ ਹਾਂ ਤਾਂ ਗੁਰੂ ਕਦੇ ਸਾਡੇ 'ਤੇ ਰੀਝ ਸਕਦਾ ਹੈ?

ਸਾਨੂੰ ਆਦਤ ਹੈ ਦੋ ਸਕੇ ਭਰਾ ਕਿਧਰੇ ਬਹਿ ਜਾਈਏ ਤਾਂ ਤੀਜੇ ਗ਼ੈਰ ਹਾਜ਼ਰ ਭਰਾ ਦੀ ਨਿੰਦਾ ਕਰਦੇ ਹਾਂ । ਵਿਆਹਾਂ-ਸ਼ਾਦੀਆਂ 'ਤੇ ਸਕੇ ਭੈਣ-ਭਰਾ ਇਤਨਾ ਤੰਗ ਕਰਦੇ ਹਨ ਕਿ ਆਪਣੇ ਕੰਮਾਂ ਕਾਜਾਂ ਨੂੰ ਛੱਡ ਕੇ ਬਹੁਤਾ ਸਮਾਂ ਉਨ੍ਹਾਂ ਨੂੰ ਮਨਾਉਣ ਵਿੱਚ ਲੱਗ ਜਾਂਦਾ ਹੈ । ਇਤਨਾ ਖ਼ਰਚਾ ਆਪਣੀ "ਹਉ" ਦੱਸਣ ਲਈ ਕਰਦੇ ਹਾਂ, ਕਿ ਗੁਰੂ ਸਾਹਿਬ ਦੀ ਸਿੱਖਿਆ ਆਪਣੀ ਆਕੜ ਦੇ ਥੱਲੇ, ਲੋਕ-ਲਾਜ ਦੇ ਥੱਲੇ ਅਤੇ "ਧੰਦਿਆਂ" ਦੇ ਥੱਲੇ ਦੱਬੀ ਜਾਂਦੀ ਹੈ । ਸੋਚਦੇ ਰਹਿੰਦੇ ਹਾਂ ਕੀ ਵਜ੍ਹਾ ਹੈ ਸਿਮਰਨ ਕਰ ਕੇ ਵੀ ਕੁਝ ਸ਼ਾਂਤੀ ਨਹੀਂ ਆਉਂਦੀ ?

ਗੁਰੂ ਕਹਿੰਦਾ ਹੈ "**ਏਕਸ ਬਿਨੁ ਸਭ ਧੰਧੁ ਹੈ ਸਭ ਮਿਥਿਆ ਮੋਹੁ ਮਾਇ ॥**" (ਅੰ: ੪੪), ਫੇਰ ਇਸ ਜੰਜਾਲ ਨੂੰ ਛੱਡਦੇ ਕਿਉਂ ਨਹੀਂ? ਕਿਉਂਕਿ ਸਾਨੂੰ ਯਕੀਨ ਨਹੀਂ ਕਿ ਸਾਡਾ ਰਿਸ਼ਤੇਦਾਰ ਕੇਵਲ ਗੁਰੂ ਜਾਂ



ਕੇਵਲ ਵਾਹਿਗੁਰੂ ਹੈ ਜਾਂ ਨਾਮ ਜਪਣ ਵਾਲੇ ਸਾਡੇ ਰਿਸ਼ਤੇਦਾਰ ਹਨ । ਬਾਕੀ ਸਭ ਸੁਖ ਦੇ ਸਾਥੀ ਹਨ ਪਰ ਅਸੀਂ ਰਤਨਾਂ ਨੂੰ ਛੱਡ ਕੇ ਕੌਡੀਆਂ ਨੂੰ ਜੱਫ਼ੇ ਮਾਰਦੇ ਹਾਂ । ਜੇ ਗੁਰੂ ਦੇ ਚਰਨਾਂ ਦੀ ਛੁਹ ਦਾ ਸਵਾਦ ਲੈਣਾ ਹੈ, ਮਿੱਤਰੋ, ਗੁਰਸਿੱਖੋ, ਆਓ, ਇਸ ਹੈਸੀਅਤ ਤੋਂ, ਜਾਂ ਫ਼ਜ਼ੂਲ ਸ਼ਗਨ ਦੇਣ-ਲੈਣ ਤੋਂ, ਲੋਕ-ਪਚਾਰੇ ਤੋਂ ਤੇ ਲੋਕ-ਪਤੀਣ ਤੋਂ ਹਟ ਜਾਈਏ । ਜਦੋਂ ਨਾਮ ਜਪ ਕੇ, ਕੀਰਤਨ ਕਰਕੇ, ਸੁਣ ਕੇ, ਆਪਣਾ ਨੱਕ ਰੱਖਣ ਲਈ ਸਕੇ ਵੀਰ ਦੀ ਨਿੰਦਿਆ, ਅਤੇ ਸਕੀ ਮਾਂ ਨਾਲ ਹੇਰਾ-ਫੇਰੀ, ਤੇ ਸਕੀ ਭੈਣ ਨਾਲ ਝੂਠ ਦੀਆਂ ਗੱਲਾਂ ਕਰਦੇ ਹਾਂ ਤਾਂ ਗੁਰੂ ਸਾਡਾ ਕਹਿੰਦਾ ਹੋਵੇਗਾ :-"**ਹਿਸਾਬ ਬਰਾਬਰ ਹੁਣ ਮੈਂ ਤੁਹਾਨੂੰ ਕੀ ਦੇਵਾਂ ?**" ਮਾਲਕ ਤੂੰ ਆਪ ਸਾਨੂੰ ਕੱਢ ।

## ਮੁੱਕਦੀ ਗੱਲ

(੧) ਸਾਡੀਆਂ ਸਾਰੀਆਂ ਰਿਸ਼ਤੇਦਾਰੀਆਂ, ਸਾਰੇ ਜੰਜਾਲ, ਸਾਰੇ ਅਡੰਬਰ, ਸਾਰੀਆਂ ਫ਼ਜ਼ੂਲ ਖ਼ਰਚੀਆਂ, ਸਾਰੀਆਂ ਸਮਾਜੀ-ਉਲਝਣਾਂ, ਸਾਰੇ ਸਮਾਜੀ-ਬੰਧਨ, ਸਾਰੇ ਮੋਹ-ਮਾਇਆ ਦੇ ਚੱਕਰ, ਕੇਵਲ ਉਦੋਂ ਤਕ **Tolerate** ਕੀਤੇ ਜਾ ਸਕਦੇ ਹਨ ਜਦ ਤਕ ਉਹ ਗੁਰੂ ਨਾਨਕ ਦੇ ਰਾਹ 'ਤੇ ਸੁੱਚੀ ਤੇ ਸੱਚੀ ਜ਼ਿੰਦਗੀ ਤੇ, **Hypocrisy** ਰਹਿਤ-ਜੀਵਨ ਬਿਤਾਉਣ ਵਿੱਚ ਰੁਕਾਵਟ ਨਹੀਂ ਪਾਉਂਦੇ ।

(੨) ਅਸੀਂ ਗ੍ਰਹਿਸਥ ਦੇ ਸਾਰੇ ਕੰਮਾਂ ਨੂੰ ਪਹਿਲ ਦੇ ਕੇ ਨਾਮ ਨੂੰ ਇਵੇਂ ਸਮਝਦੇ ਹਾਂ ਕਿ ਇਹ ਵੀ ਜਪਣਾ ਹੈ । ਚਾਹੀਦਾ ਇਹ ਹੈ ਕਿ ਨਾਮ ਜਪਣ ਦੇ ਮੁੱਢਲੇ ਕੰਮ ਨੂੰ ਸਭ ਤੋਂ ਉੱਚਾ ਤੇ ਪਹਿਲਾ ਕੰਮ ਸਮਝ ਕੇ, ਇਹ ਸੋਚੀਏ ਕਿ ਕੇਵਲ ਨਾਮ ਹੀ ਜਪਣਾ ਹੈ ਅਤੇ ਹੋਰ ਕੰਮ ਵੀ ਕਰਨੇ ਹਨ, ਪਰ ਪੂਰੀ ਤਰ੍ਹਾਂ ਨਾਮ ਦੀ ਕਸੌਟੀ 'ਤੇ ਚੱਲ ਕੇ ।

ਕੋਈ ਮੇਰੇ 'ਤੇ ਕਿਰਪਾ ਕਰਕੇ ਤਰੀਕਾ ਦੱਸ ਦੇਵੇ ਮੈਂ ਉਹਦੇ ਤੋਂ ਸਦਕੇ ਜਾਵਾਂ ।

# ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ

ਪਿੰਗਲਵਾੜਾ ਸੰਸਥਾ ਸਮਾਜ ਵੱਲੋਂ ਦੁਰਕਾਰੇ/ਤ੍ਰਿਸਕਾਰੇ, ਅਪੰਗ, ਲੂਲ੍ਹੇ-ਲੰਗੜੇ, ਅਪਾਹਿਜਾਂ, ਅਨਾਥਾਂ ਅਤੇ ਲਾਵਾਰਸਾਂ ਦਾ ਘਰ ਹੈ । ਇਸ ਸੰਸਥਾ ਦੀ ਨੀਂਹ ਮਹਾਨ ਕਰਮਯੋਗੀ ਭਗਤ ਪੂਰਨ ਸਿੰਘ ਜੀ ਨੇ ਸੰਨ 1947 ਵਿੱਚ ਰੱਖੀ । ਉਸ ਵੇਲੇ ਭਗਤ ਜੀ ਕੋਲ ਮਰੀਜ਼ਾਂ ਦੀ ਸੇਵਾ ਵਾਸਤੇ ਨਾ ਤਾਂ ਕੋਈ ਸੇਵਾਦਾਰ ਸੀ, ਨਾ ਕੋਈ ਰਹਿਣ ਲਈ ਉਚਿਤ ਇਮਾਰਤ ਅਤੇ ਨਾ ਹੀ ਮਰੀਜ਼ਾਂ ਦੇ ਖਾਣ ਪੀਣ ਜਾਂ ਦਵਾਈਆਂ ਲਈ ਕਿਸੇ ਤਰ੍ਹਾਂ ਦਾ ਮਾਲੀ ਪ੍ਰਬੰਧ ਜਾਂ ਪੈਸੇ ਦਾ ਬੰਦੋਬਸਤ ਸੀ । ਭਗਤ ਪੂਰਨ ਸਿੰਘ ਇਕੱਲੇ ਹੀ ਇਸ ਸੇਵਾ ਦੇ ਪੰਧ 'ਤੇ ਨਿਕਲੇ—ਲੋਕ ਨਾਲ ਜੁੜਦੇ ਗਏ ਕਾਰਵਾਂ ਬਣਦਾ ਗਿਆ । ਉਨ੍ਹਾਂ ਦੀ ਉਤਰਾਧਿਕਾਰੀ ਡਾ: ਇੰਦਰਜੀਤ ਕੌਰ ਦੀ ਅਣਥੱਕ ਮਿਹਨਤ, ਲਗਨ ਅਤੇ ਦਿਸ਼ਾ ਨਿਰਦੇਸ਼ ਵਿੱਚ ਪਿੰਗਲਵਾੜਾ ਸੰਸਥਾ ਨਾ-ਕੇਵਲ ਭਾਰਤ ਵਿੱਚ ਬਲਕਿ ਵਿਦੇਸ਼ਾਂ ਵਿੱਚ ਵੀ ਇਕ ਗੌਰਵਪੂਰਣ ਸੰਸਥਾ ਦੇ ਤੌਰ 'ਤੇ ਉੱਭਰ ਕੇ ਸਾਹਮਣੇ ਆਈ ਹੈ ।

## ਪਿੰਗਲਵਾੜਾ ਇਕ ਨਜ਼ਰ ...

**ਨਿਵਾਸ ਅਤੇ ਸੰਭਾਲ** :-1764 ਤੋਂ ਵੱਧ ਨਿਵਾਸੀਆਂ ਲਈ ਰਹਿਣ ਦਾ ਪ੍ਰਬੰਧ ਅਤੇ ਬਜ਼ੁਰਗਾਂ ਵਾਸਤੇ ਆਪਣਾ ਘਰ ।

**ਇਲਾਜ ਅਤੇ ਸਹੂਲਤਾਂ** :- *ਦਵਾਈਆਂ, *ਮੈਡੀਕਲ ਲੈਬਾਰਟਰੀ, *ਓਪਰੇਸ਼ਨ ਥਿਏਟਰ, *ਮੁੜ ਵਸੇਬਾ ਕੇਂਦਰ, *ਐਂਬੂਲੈਂਸ, *ਮਸਨੂਈ ਅੰਗ ਕੇਂਦਰ, *ਫਿਜ਼ਿਓਥਰੈਪੀ ਸੈਂਟਰ, *ਡੈਂਟਲ ਕਲੀਨਿਕ, *ਅਲਟਰਾ ਸਾਊਂਡ ਸੈਂਟਰ, *ਅੱਖਾਂ ਦਾ ਕਲੀਨਿਕ, *ਮੰਦ-ਬੁੱਧੀ ਬੱਚਿਆਂ ਲਈ ਸੰਵੇਦੀ-ਕੇਂਦਰ, *ਭਗਤ ਪੂਰਨ ਸਿੰਘ ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਰਨਵਾਸ ਕੇਂਦਰ, *ਕੰਨਾਂ ਦੇ Cochlear Implant ਵਾਸਤੇ ਸਪੈਸ਼ਲ ਓਪਰੇਸ਼ਨ ਥਿਏਟਰ *ਆਪਣਾ ਘਰ, * ਖੇਡਾਂ ਦੇ ਕਮਰੇ ।

**ਜਾਗਰੂਕਤਾ** :- * ਪ੍ਰਿੰਟਿੰਗ ਪ੍ਰੈਸ, * ਲਾਇਬ੍ਰੇਰੀ, * ਕਿਤਾਬਚੇ ਅਤੇ ਇਸ਼ਤਿਹਾਰ, * ਸੈਮੀਨਾਰ ਅਤੇ ਵਰਕਸ਼ਾਪ ।

**ਵਾਤਾਵਰਨ** :-*ਨਰਸਰੀ,*ਪਾਣੀ ਸਾਫ਼ ਕਰਨ ਵਾਲਾ ਪਲਾਂਟ,*ਦਰੱਖਤ ਲਗਾਉਣਾ, *ਕੁਦਰਤੀ ਖੇਤੀ, *ਜਾਗਰੂਕਤਾ ਮੁਹਿੰਮਾਂ ।

## ਮੁਫ਼ਤ ਵਿਦਿਅਕ ਸਹੂਲਤਾਂ:

* ਭਗਤ ਪੂਰਨ ਸਿੰਘ ਆਦਰਸ਼ ਸੀਨੀ. ਸੈਕੰ: ਸਕੂਲ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ।



* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ।
* ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ।
* ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ, ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, (ਪਲਸੋਰਾ) ਚੰਡੀਗੜ੍ਹ ।
* ਭਗਤ ਪੂਰਨ ਸਿੰਘ ਸਕੂਲ ਫਾਰ ਡੈੱਫ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ।
* ਭਗਤ ਪੂਰਨ ਸਿੰਘ ਸਕੂਲ ਫਾਰ ਡੈੱਫ, ਕਟੋਰਾ ਫਿਰੋਜ਼ਪੁਰ ।
* ਭਗਤ ਪੂਰਨ ਸਿੰਘ ਸਕੂਲ ਫਾਰ ਡੈੱਫ, ਬੁੱਟਰਕਲਾਂ, ਕਾਦੀਆਂ ।
* ਭਗਤ ਪੂਰਨ ਸਿੰਘ ਸਕੂਲ ਫਾਰ ਡੈੱਫ, ਪੱਟੀ, ਤਰਨ ਤਾਰਨ ।

**ਨਿਵਾਸ ਅਤੇ ਸੰਭਾਲ :**

ਪਿੰਗਲਵਾੜਾ ਸੰਸਥਾ ਦੀਆਂ 7 ਅਲੱਗ ਅਲੱਗ ਬ੍ਰਾਂਚਾਂ ਵਿੱਚ *1764 ਤੋਂ ਵੱਧ ਵੱਖ-ਵੱਖ ਬਿਮਾਰੀਆਂ ਨਾਲ ਗ੍ਰਸਤ ਮਰੀਜ਼ਾਂ ਦੇ ਰਹਿਣ ਲਈ ਸੁਚੱਜਾ ਪ੍ਰਬੰਧ ਹੈ।

**ਅਗਸਤ 2017 ਤਕ ਸਮੂਹ ਬ੍ਰਾਂਚਾਂ ਵਿੱਚ ਮੌਜੂਦਾ ਰੋਗੀਆਂ ਦੀ ਗਿਣਤੀ :**

| | | | |
|---|---|---|---|
| ਮਾਨਸਿਕ ਰੋਗੀ | -396 | ਏਡਜ਼ ਵਾਲੇ | -18 |
| ਅਧਰੰਗ/ ਪੋਲੀਏ ਵਾਲੇ | -159 | ਮਿਰਗੀ ਵਾਲੇ | -208 |
| ਮੰਦ-ਬੁੱਧੀ ਵਾਲੇ | -378 | ਕੈਂਸਰ ਵਾਲੇ | -01 |
| ਗੁੰਗੇ ਬੋਲੇ | -157 | ਸ਼ੂਗਰ ਵਾਲੇ | -80 |
| ਬਜ਼ੁਰਗ | -146 | ਸਕੂਲ ਜਾਣ ਵਾਲੇ ਬੱਚੇ | -100 |
| ਜ਼ਖ਼ਮਾਂ ਵਾਲੇ | -34 | ਛੱਡੇ ਗਏ ਬੱਚੇ | -07 |
| ਟੀ.ਬੀ. ਵਾਲੇ | -17 | ਠੀਕ ਹੋ ਚੁੱਕੇ ਰੋਗੀ | -22 |
| ਨੇਤਰਹੀਣ | -41 | ਕੁੱਲ ਜੋੜ | ***1764** |

*** ਮਰੀਜ਼ਾਂ ਦੀ ਗਿਣਤੀ ਵਿੱਚ ਹਰ ਸਾਲ ਨਿਰੰਤਰ ਵਾਧਾ ਹੁੰਦਾ ਰਹਿੰਦਾ ਹੈ ਅਤੇ ਇਲਾਜ ਉਪਰੰਤ ਠੀਕ ਹੋਏ ਮਰੀਜ਼ ਕਾਫ਼ੀ ਗਿਣਤੀ ਵਿੱਚ ਘਰਾਂ ਨੂੰ ਭੇਜ ਦਿੱਤੇ ਜਾਂਦੇ ਹਨ ।**

**ਬ੍ਰਾਂਚਾਂ ਦਾ ਵੇਰਵਾ :** **ਰੋਗੀ**

| | |
|---|---|
| 1. ਮੁੱਖ ਬ੍ਰਾਂਚ ਅੰਮ੍ਰਿਤਸਰ (ਬੱਚਾ ਵਾਰਡ, ਮਾਤਾ ਮਹਿਤਾਬ ਕੌਰ ਵਾਰਡ, ਭਾਈ ਪਿਆਰਾ ਸਿੰਘ ਵਾਰਡ ) | 374 |
| 2. ਮਾਨਾਂਵਾਲਾ ਕੰਪਲੈਕਸ | 854 |
| 3. ਪੰਡੋਰੀ ਵੜੈਚ ਬ੍ਰਾਂਚ | 82 |
| 4. ਗੋਇੰਦਵਾਲ ਬ੍ਰਾਂਚ | 93 |
| 5. ਜਲੰਧਰ ਬ੍ਰਾਂਚ | 39 |
| 6. ਸੰਗਰੂਰ ਬ੍ਰਾਂਚ | 228 |
| 7. ਚੰਡੀਗੜ੍ਹ (ਪਲਸੋਰਾ) ਬ੍ਰਾਂਚ | 94 |
| **ਕੁੱਲ ਮਰੀਜ਼** | **1764** |

## ਇਲਾਜ ਅਤੇ ਸਹੂਲਤਾਂ :

**(ੳ) ਡਿਸਪੈਂਸਰੀ ਅਤੇ ਲੈਬਾਰਟਰੀ** : ਮਰੀਜ਼ਾਂ ਦੇ ਇਲਾਜ ਲਈ ਪਿੰਗਲਵਾੜਾ ਸੰਸਥਾ ਵਿੱਚ ਡਿਸਪੈਂਸਰੀ ਅਤੇ ਲੈਬਾਰਟਰੀ ਦੀ ਸੁਵਿਧਾ ਮੁਹੱਈਆ ਕੀਤੀ ਗਈ ਹੈ, ਜਿਸ ਦਾ ਸਾਲਾਨਾ ਖ਼ਰਚ 90 ਲੱਖ ਰੁਪਏ ਹੈ ।

**(ਅ) ਸਹਾਇਕ ਸਟਾਫ਼** : ਮਾਨਸਿਕ ਰੋਗੀਆਂ ਅਤੇ ਮਰੀਜ਼ਾਂ ਦੀ ਦੇਖਭਾਲ ਲਈ ਟੈਕਨੀਕਲ ਸਟਾਫ਼ ਜਿਵੇਂ ਨਰਸਾਂ, ਫਾਰਮਾਸਿਸਟ, ਲੈਬਾਰਟਰੀ ਟੈਕਨੀਸ਼ਨ ਦੀ ਵਿਵਸਥਾ ਕੀਤੀ ਗਈ ਹੈ ।

**(ੲ) ਖ਼ੂਨ-ਦਾਨ ਕੈਂਪ** : ਦੁਰਘਟਨਾ-ਗ੍ਰਸਤ ਜ਼ਖ਼ਮੀਆਂ ਦੀ ਸਹਾਇਤਾ ਲਈ ਤੇ ਸੰਸਥਾ ਦੇ ਮਰੀਜ਼ਾਂ ਲਈ ਖ਼ੂਨ ਦੀ ਘਾਟ ਨੂੰ ਪੂਰਾ ਕਰਨ ਲਈ ਹਰ ਸਾਲ ਭਗਤ ਜੀ ਦੀ ਬਰਸੀ 'ਤੇ ਖ਼ੂਨ-ਦਾਨ ਕੈਂਪ ਲਗਾਇਆ ਜਾਂਦਾ ਹੈ । ਸੰਨ 2017 ਵਿੱਚ ਭਗਤ ਜੀ ਦੀ ਬਰਸੀ 'ਤੇ ਲਗਾਏ ਗਏ ਖ਼ੂਨ-ਦਾਨ ਕੈਂਪ ਵਿੱਚ 275 ਯੂਨਿਟ ਖ਼ੂਨ ਇਕੱਠਾ ਹੋਇਆ ।

**(ਸ) ਐਂਬੂਲੈਂਸ**:- ਮੁੱਢਲੀਆਂ ਡਾਕਟਰੀ ਸੁਵਿਧਾਵਾਂ ਨਾਲ ਲੈਸ, ਐਂਬੂਲੈਂਸ ਸੜਕ ਹਾਦਸਿਆਂ ਦੇ ਜ਼ਖ਼ਮੀਆਂ ਦੀ ਮਦਦ ਲਈ ਤੱਤਪਰ ਰਹਿੰਦੀ ਹੈ। ਸੰਸਥਾ ਦੀਆਂ ਐਂਬੂਲੈਂਸਾਂ ਮਰੀਜ਼ਾਂ ਨੂੰ ਹਸਪਤਾਲ ਲੈ ਜਾਣ ਦੀ ਸੁਵਿਧਾ ਦਿੰਦੀਆਂ ਹਨ ।

**(ਹ) ਬਣਾਵਟੀ ਅੰਗ ਕੇਂਦਰ** : ਲੋੜਵੰਦ ਅੰਗਹੀਣਾਂ ਲਈ ਮਾਨਾਂਵਾਲਾ ਕੰਪਲੈਕਸ ਵਿਖੇ ਭਗਤ ਜੀ ਦੀ ਯਾਦ ਨੂੰ ਸਮਰਪਿਤ ਇਕ ਬਣਾਵਟੀ ਅੰਗ



ਕੇਂਦਰ ਸਥਾਪਿਤ ਕੀਤਾ ਗਿਆ ਹੈ ਜਿੱਥੇ ਅੰਗਹੀਣਾਂ ਨੂੰ ਬਣਾਵਟੀ ਅੰਗ ਮੁਫ਼ਤ ਲਗਾਏ ਜਾਂਦੇ ਹਨ । ਨਵੰਬਰ 2003 ਤੋਂ ਹੁਣ ਤਕ 8137 ਲੋੜਵੰਦ ਲਾਭ ਉਠਾ ਚੁੱਕੇ ਹਨ ।

**(ਕ) ਓਪ੍ਰੇਸ਼ਨ ਥਿਏਟਰ**: ਹਰ ਤਰ੍ਹਾਂ ਦੇ ਓਪ੍ਰੇਸ਼ਨ ਕਰਨ ਲਈ ਮਾਨਾਂਵਾਲਾ ਕੰਪਲੈਕਸ ਵਿਖੇ ਅਤਿ ਆਧੁਨਿਕ ਓਪ੍ਰੇਸ਼ਨ ਥਿਏਟਰ ਦੀ ਸੁਵਿਧਾ ਹੈ ।

**(ਖ) ਫਿਜ਼ਿਓਥਰੈਪੀ**: ਸੰਨ 2005 ਤੋਂ ਮਾਨਾਂਵਾਲਾ ਕੰਪਲੈਕਸ ਵਿੱਚ ਫਿਜ਼ਿਓਥਰੈਪੀ ਸੈਂਟਰ ਸਥਾਪਿਤ ਕੀਤਾ ਗਿਆ ਹੈ ਜਿਸ ਵਿੱਚ ਆਧੁਨਿਕ ਉਪਕਰਣਾਂ ਰਾਹੀਂ ਪਿੰਗਲਵਾੜੇ ਦੇ ਮਰੀਜ਼ ਅਤੇ ਗ਼ਰੀਬ ਲੋੜਵੰਦ ਮੁਫ਼ਤ ਫ਼ਾਇਦਾ ਲੈ ਰਹੇ ਹਨ। ਹਰ ਰੋਜ਼ ਤਕਰੀਬਨ 80 ਮਰੀਜ਼ਾਂ ਦਾ ਇਲਾਜ ਕੀਤਾ ਜਾਂਦਾ ਹੈ ।

**(ਗ) ਅਲਟਰਾਸਾਊਂਡ ਸੈਂਟਰ** :- ਇਸ ਵਿੱਚ ਪਿੰਗਲਵਾੜੇ ਦੇ ਮਰੀਜ਼ਾਂ ਅਤੇ ਸੇਵਾਦਾਰਾਂ ਵਾਸਤੇ ਸੁਵਿਧਾ ਪ੍ਰਾਪਤ ਹੈ ।

**(ਘ) ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਨਰਵਾਸ ਕੇਂਦਰ**:- ਬੱਚਿਆਂ ਦੇ ਕੰਨਾਂ ਦੀ ਮੁੱਢਲੀ ਜਾਂਚ ਅਤੇ ਪੁਨਰਵਾਸ ਵਾਸਤੇ ਇਹ ਕੇਂਦਰ ਸਥਾਪਿਤ ਕੀਤਾ ਗਿਆ ਹੈ ਜਿਸ ਵਿੱਚ Bera Test ( ਬੱਚਿਆਂ ਦੇ ਸੁਣਨ ਦਾ ਟੈਸਟ) ਮੁਫ਼ਤ ਕੀਤਾ ਜਾਂਦਾ ਹੈ ।

## ਵਾਤਾਵਰਨ :

**(ੳ) ਰੁੱਖ ਲਾਉਣੇ**: ਭਗਤ ਪੂਰਨ ਸਿੰਘ ਜੀ ਵਾਤਾਵਰਨ ਦੀ ਸੰਭਾਲ ਸੰਬੰਧੀ ਬੜੇ ਚਿੰਤਤ ਰਹਿੰਦੇ ਸਨ । ਇਸ ਕਰਕੇ ਧਰਤੀ ਨੂੰ '**ਮਾਰੂਥਲ ਬਣਨ**' ਤੇ '**ਭੂ-ਖੋਰ**' ਤੋਂ ਬਚਾਉਣ ਲਈ ਪਿੰਗਲਵਾੜਾ ਸੰਸਥਾ ਵੱਲੋਂ ਵਾਤਾਵਰਨ ਦੇ ਸੁਧਾਰ ਵੱਲ ਵੀ ਖ਼ਾਸ ਧਿਆਨ ਦਿੱਤਾ ਜਾ ਰਿਹਾ ਹੈ। ਹਰ ਸਾਲ ਸੰਸਥਾ ਦੇ ਸੇਵਾਦਾਰਾਂ ਦੁਆਰਾ ਭਗਤ ਜੀ ਦੀ ਬਰਸੀ ਦੇ ਮੌਕੇ ਰੁੱਖ ਲਗਾਉਣ ਦੀ ਮੁਹਿੰਮ ਚਲਾਈ ਜਾਂਦੀ ਹੈ । ਇਹ ਰੁੱਖ ਸਕੂਲਾਂ, ਕਾਲਜਾਂ, ਸ਼ਮਸ਼ਾਨ-ਘਾਟਾਂ ਅਤੇ ਹੋਰ ਜਨਤਕ ਥਾਵਾਂ 'ਤੇ ਲਗਾਏ ਜਾਂਦੇ ਹਨ। ਇਸ ਤੋਂ ਇਲਾਵਾ ਪਿੰਗਲਵਾੜਾ ਸੰਸਥਾ ਵੱਲੋਂ ਹਰ ਸਾਲ ਆਪਣੀ ਨਰਸਰੀ ਵਿੱਚ ਵੱਖ ਵੱਖ ਕਿਸਮਾਂ ਦੇ ਲਗਪਗ 60 ਹਜ਼ਾਰ ਬੂਟੇ ਤਿਆਰ ਕਰਕੇ ਵੱਖ ਵੱਖ ਸੰਸਥਾਵਾਂ ਨੂੰ ਮੁਫ਼ਤ ਭੇਜੇ ਜਾਂਦੇ ਹਨ ।

**ਮੁਫ਼ਤ ਵਿੱਦਿਅਕ ਸਹੂਲਤਾਂ :**

**(ੳ) ਭਗਤ ਪੂਰਨ ਸਿੰਘ ਆਦਰਸ਼ ਸੀਨੀ: ਸੈਕੰ: ਸਕੂਲ ਮਾਨਾਂਵਾਲਾ**: ਇਸ ਸਕੂਲ ਵਿੱਚ ਗ਼ਰੀਬ ਅਤੇ ਝੁੱਗੀ ਝੌਂਪੜੀ ਵਾਲੇ 728 ਵਿਦਿਆਰਥੀਆਂ ਨੂੰ

ਮੁਫ਼ਤ ਵਿੱਦਿਆ ਦਿੱਤੀ ਜਾ ਰਹੀ ਹੈ । ਸੰਸਥਾ ਦਾ ਇਹ ਖ਼ਾਸ ਉਪਰਾਲਾ ਹੈ ਕਿ ਇਹ ਬੱਚੇ ਆਪਣੇ ਆਪ ਨੂੰ ਹੀਣੇ ਨਾ ਸਮਝਣ ਤੇ ਆਪਣੇ ਪੈਰਾਂ 'ਤੇ ਖੜ੍ਹੇ ਹੋ ਕੇ ਸਮਾਜ ਵਿੱਚ ਵਿਚਰ ਸਕਣ। ਇਹਨਾਂ ਨੂੰ ਕਿਤਾਬਾਂ ਤੇ ਵਰਦੀਆਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਵਿੱਚੋਂ 92 ਬੱਚੇ ਪਿੰਗਲਵਾੜਾ ਸੰਸਥਾ ਵਿੱਚ ਪਲੇ ਹਨ ।

**(ਅ) ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ ਬੁੱਟਰ ਕਲਾਂ (ਕਾਦੀਆਂ):**

ਇਹ ਸਕੂਲ ਵੀ ਭਗਤ ਜੀ ਦੀ ਯਾਦ ਨੂੰ ਸਮਰਪਿਤ ਹੈ । ਇੱਥੇ ਯੋਗ ਅਤੇ ਸਿੱਖਿਅਤ ਅਧਿਆਪਕਾਂ ਦੀ ਅਗਵਾਈ ਵਿੱਚ ਲਗਪਗ 452 ਬੱਚੇ ਵਿੱਦਿਆ ਹਾਸਲ ਕਰ ਰਹੇ ਹਨ ।

**(ੲ) ਵਿਸ਼ੇਸ਼ ਸਿੱਖਿਆ** :- ਪਿੰਗਲਵਾੜੇ ਦੇ 217 ਮੰਦ-ਬੁੱਧੀ ਬੱਚਿਆਂ ਲਈ ਮਾਨਾਂਵਾਲਾ ਬ੍ਰਾਂਚ ਵਿਖੇ '**ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ**' ਦਾ ਪ੍ਰਬੰਧ ਉਹਨਾਂ ਦੀ ਬੁੱਧੀ ਵਿਕਸਤ ਕਰਨ ਲਈ ਕੀਤਾ ਗਿਆ ਹੈ।

**(ਸ) ਗੂੰਗੇ-ਬੋਲੇ ਬੱਚਿਆਂ ਦੀ ਸਿੱਖਿਆ** : ਭਗਤ ਪੂਰਨ ਸਿੰਘ ਗੂੰਗੇ-ਬੋਲੇ ਬੱਚਿਆਂ ਦਾ ਸਕੂਲ ਮਾਨਾਂਵਾਲਾ ਵਿਖੇ ਮਈ 2005 ਤੋਂ ਚੱਲ ਰਿਹਾ ਹੈ। ਇਸ ਵਿੱਚ 152 ਬੱਚੇ ਨਵੀਨ ਉਪਕਰਣਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ।

**(ਹ) ਕਿੱਤਾਕਾਰੀ ਸਿੱਖਿਆ** :- ਬੱਚਿਆਂ ਦੇ ਆਉਣ ਵਾਲੇ ਭਵਿੱਖ ਨੂੰ ਸਾਹਮਣੇ ਰੱਖਦੇ ਹੋਏ ਪਿੰਗਲਵਾੜਾ ਸੰਸਥਾ ਵੱਲੋਂ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਨੂੰ ਕਿੱਤਾਕਾਰੀ ਸਿੱਖਿਆ,(ਜਿਵੇਂ ਸਿਲਾਈ, ਕਢਾਈ, ਮੋਮਬੱਤੀਆਂ ਬਣਾਉਣ ਅਤੇ ਹੋਰ ਸਿੱਖਲਾਈ ਦੇ ਕੰਮ) ਟਰੇਂਡ ਕਿੱਤਾਕਾਰੀ ਅਧਿਆਪਕਾਂ ਵੱਲੋਂ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਬੱਚਿਆਂ ਨੂੰ ਸੰਗੀਤ ਦੀ ਵਿੱਦਿਆ ਲਈ ਯੋਗ ਅਧਿਆਪਕਾਂ ਦੀ ਅਗਵਾਈ ਪ੍ਰਾਪਤ ਹੈ ।

**(ਕ) ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ** : ਮਾਨਾਂਵਾਲਾ ਕੰਪਲੈਕਸ ਵਿਖੇ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਨੂੰ ਸਿਲਾਈ ਕਢਾਈ ਦਾ 6 ਮਹੀਨੇ ਦਾ ਕੋਰਸ ਕਰਵਾਇਆ ਜਾਂਦਾ ਹੈ । ਇਹ ਸੁਵਿਧਾ ਸਿਰਫ਼ ਪਿੰਗਲਵਾੜੇ ਦੇ ਬੱਚਿਆਂ ਲਈ ਹੀ ਨਹੀਂ ਬਲਕਿ ਮਾਨਾਂਵਾਲਾ ਦੇ ਆਸ-ਪਾਸ ਲੱਗਦੇ ਇਲਾਕਿਆਂ ਦੇ ਗ਼ਰੀਬ ਵਰਗ ਦੇ ਬੱਚੇ/ ਬੱਚੀਆਂ ਲਈ ਵੀ ਉਪਲਬਧ ਹੈ।

**(ਖ) ਕੰਪਿਊਟਰ ਸਿੱਖਿਆ**: ਸੂਚਨਾ ਅਤੇ ਟੈਕਨਾਲੋਜੀ ਦੇ ਪਸਾਰੇ ਨੂੰ ਮੁੱਖ ਰੱਖਦਿਆਂ ਪਿੰਗਲਵਾੜੇ ਦੇ ਬੱਚਿਆਂ ਨੂੰ ਆਧੁਨਿਕ ਸਮਾਜ ਦੇ ਹਾਣੀ ਬਣਾਉਣ ਲਈ ਕੰਪਿਊਟਰ ਸਿੱਖਿਆ ਦਾ ਪ੍ਰਬੰਧ ਕੀਤਾ ਗਿਆ ਹੈ ।



**ਹੋਸਟਲ ਦਾ ਪ੍ਰਬੰਧ** : ਪਿੰਗਲਵਾੜਾ ਸੰਸਥਾ ਦੀ ਮਾਨਾਂਵਾਲਾ ਬ੍ਰਾਂਚ ਵਿੱਚ ਪੜ੍ਹਨ ਵਾਲੇ ਲਗਪਗ 176 ਲੜਕੇ-ਲੜਕੀਆਂ ਵਾਸਤੇ ਅਲੱਗ-ਅਲੱਗ ਹੋਸਟਲ ਦਾ ਪ੍ਰਬੰਧ ਕੀਤਾ ਗਿਆ ਹੈ । ਪਿੰਗਲਵਾੜਾ ਦੀ ਸੰਗਰੂਰ ਬ੍ਰਾਂਚ ਦੇ ਹੋਸਟਲ ਵਿੱਚ ਰਹਿ ਰਹੀਆਂ 7 ਲੜਕੀਆਂ ਵੀ ਵੱਖ-ਵੱਖ ਵਿੱਦਿਅਕ ਸੰਸਥਾਵਾਂ ਵਿੱਚ ਵਿੱਦਿਆ ਪ੍ਰਾਪਤ ਕਰ ਰਹੀਆਂ ਹਨ ।

**ਵਿਆਹ**: ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਪਿੰਗਲਵਾੜਾ ਵਿੱਚ ਪਲੀਆਂ ਨੌਜਵਾਨ ਲੜਕੀਆਂ ਲਈ ਢੁੱਕਵੇਂ ਯੋਗ ਵਰ ਲੱਭ ਕੇ ਉਹਨਾਂ ਨੂੰ ਗ੍ਰਿਸਥੀ ਜੀਵਨ ਵਿੱਚ ਪਾ ਦਿੱਤਾ ਜਾਂਦਾ ਹੈ । ਹੁਣ ਤਕ 40 ਲੜਕੀਆਂ ਤੇ 4 ਲੜਕਿਆਂ ਦੇ ਵਿਆਹ ਸੰਸਥਾ ਵੱਲੋਂ ਕੀਤੇ ਜਾ ਚੁੱਕੇ ਹਨ।

**ਸਮਾਜ-ਕਲਿਆਣ ਸੰਬੰਧੀ ਕੰਮ** : ਪਿੰਗਲਵਾੜੇ ਵੱਲੋਂ ਸਮਾਜ ਭਲਾਈ ਅਤੇ ਸੁਧਾਰ ਦੇ ਕੰਮਾਂ ਵੱਲ ਵੀ ਖ਼ਾਸ ਧਿਆਨ ਦਿੱਤਾ ਜਾ ਰਿਹਾ ਹੈ ।

**(ੳ) ਜਾਗ੍ਰਿਤੀ**: ਸਮਾਜਿਕ ਬੁਰਾਈਆਂ ਪ੍ਰਤੀ ਲੋਕਾਂ ਦੇ ਮਨਾਂ ਵਿੱਚ ਜਾਗ੍ਰਿਤੀ ਪੈਦਾ ਕਰਨ ਲਈ ਪਿੰਗਲਵਾੜੇ ਦਾ ਖ਼ਾਸ ਯੋਗਦਾਨ ਰਿਹਾ ਹੈ । ਅਜਿਹਾ ਯੋਗਦਾਨ ਪਿੰਗਲਵਾੜਾ ਵਿੱਚ ਸਥਾਪਿਤ '**ਪੂਰਨ ਪ੍ਰਿੰਟਿੰਗ ਪ੍ਰੈਸ**' ਵੱਖ-ਵੱਖ ਧਾਰਮਿਕ, ਸਮਾਜਿਕ, ਸਦਾਚਾਰਕ ਤੇ ਸਿਹਤ ਸੰਬੰਧੀ ਮੁੱਦਿਆਂ 'ਤੇ ਸਾਹਿਤ ਛਾਪ ਕੇ ਉਸ ਦੀ ਮੁਫ਼ਤ ਵੰਡਾਈ ਰਾਹੀਂ ਕਰ ਰਹੀ ਹੈ । ਪਿੰਗਲਵਾੜਾ ਪ੍ਰੈਸ ਅਤੇ ਪਬਲੀਸਿਟੀ ਦਾ ਕੁੱਲ ਸਾਲਾਨਾ ਖ਼ਰਚ 1 ਕਰੋੜ 50 ਲੱਖ ਰੁਪਏ ਹੈ ।

**(ਅ) ਪੀੜਿਤ ਲੋਕਾਂ ਦੀ ਮਦਦ**:- ਕੁਦਰਤੀ ਆਫ਼ਤਾਂ ਜਿਵੇਂ ਹੜ੍ਹ, ਭੁਚਾਲ ਆਦਿ ਤੋਂ ਪ੍ਰਭਾਵਿਤ ਪੀੜਿਤਾਂ ਨੂੰ ਪਿੰਗਲਵਾੜਾ ਸੰਸਥਾ ਵੱਲੋਂ ਹਰ ਪ੍ਰਕਾਰ ਦੀ ਮਦਦ ਦੇਣ ਦੀ ਭਰਪੂਰ ਕੋਸ਼ਿਸ਼ ਕੀਤੀ ਜਾਂਦੀ ਹੈ । ਸੰਨ 2008 ਵਿੱਚ ਜੁਲਾਈ ਤੋਂ ਅਗਸਤ ਮਹੀਨੇ ਦੌਰਾਨ ਪੰਜਾਬ ਦੇ ਜਲੰਧਰ ਤੇ ਕਪੂਰਥਲਾ ਜ਼ਿਲ੍ਹਿਆਂ ਵਿੱਚ ਆਏ ਹੜ੍ਹਾਂ ਨਾਲ ਪੀੜਿਤ 800 ਪਰਿਵਾਰਾਂ ਲਈ ਰਾਸ਼ਨ, ਘਰੇਲੂ ਸਾਮਾਨ ਅਤੇ ਕੰਬਲ ਮੁਫ਼ਤ ਵੰਡੇ ਗਏ। ਸੰਨ 2010 ਵਿੱਚ, ਲਦਾਖ ਵਿੱਚ ਹੜ੍ਹ ਨਾਲ ਪੀੜਿਤ ਲੋਕਾਂ ਦੀ ਮਦਦ ਲਈ ਸੰਸਥਾ ਵੱਲੋਂ ਡਾ: ਇੰਦਰਜੀਤ ਕੌਰ ਦੀ ਅਗਵਾਈ ਵਿੱਚ 2 ਟਰੱਕ ਰਸਦ, ਕੱਪੜੇ, ਰਜਾਈਆਂ ਅਤੇ ਕੰਬਲ, ਗਰਮ ਕੱਪੜੇ ਆਦਿ ਸਮਾਨ ਭੇਜੇ ਗਏ ਜਿਨ੍ਹਾਂ ਨੂੰ ਘਰ ਘਰ ਜਾ ਕੇ ਵੰਡਿਆ ਗਿਆ ।

**(ੲ) ਲਾਵਾਰਸ ਲਾਸ਼ਾਂ ਦਾ ਸਸਕਾਰ**: ਪਿੰਗਲਵਾੜਾ ਵੱਲੋਂ ਲਾਵਾਰਸ ਲਾਸ਼ਾਂ ਦਾ ਸਸਕਾਰ ਪੂਰੇ ਸਤਿਕਾਰ ਸਹਿਤ ਕੀਤਾ ਜਾਂਦਾ ਹੈ ।

**(ਸ) ਬਿਰਧਾਂ ਦੀ ਦੇਖਭਾਲ:** ਸੰਗਰੂਰ ਬ੍ਰਾਂਚ ਵਿੱਚ ਇਕ ਬਿਰਧ-ਘਰ ਮਾਰਚ 2002 ਤੋਂ ਚੱਲ ਰਿਹਾ ਹੈ ਅਤੇ ਇਕ ਬਿਰਧ ਘਰ ਮਾਨਾਂਵਾਲਾ ਕੰਪਲੈਕਸ ਵਿਖੇ ਚਲ ਰਿਹਾ ਹੈ, ਜਿਸ ਵਿੱਚ 92 ਬਿਰਧਾਂ ਦੇ ਰੱਖਣ ਦਾ ਯੋਗ ਪ੍ਰਬੰਧ ਕੀਤਾ ਗਿਆ ਹੈ ।

**(ਹ) ਅਜਾਇਬ-ਘਰ ਤੇ ਦਸਤਾਵੇਜ਼ੀ ਫ਼ਿਲਮਾਂ:** ਬਿਖ਼ਮ ਮਾਰਗ ਦੇ ਪਾਂਧੀ ਭਗਤ ਪੂਰਨ ਸਿੰਘ ਜੀ ਦੀਆਂ ਜੀਵਨ ਘਾਲਣਾਵਾਂ ਸੰਬੰਧੀ ਤਸਵੀਰਾਂ ਦਾ ਸੰਗ੍ਰਹਿ ਅਜਾਇਬ-ਘਰ ਦੇ ਰੂਪ ਵਿੱਚ ਮੁੱਖ ਦਫ਼ਤਰ ਪਿੰਗਲਵਾੜਾ ਵਿੱਚ ਸਥਾਪਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਉਹਨਾਂ ਦੇ ਜੀਵਨ ਨੂੰ ਦਰਸਾਉਂਦੀਆਂ ਹੋਈਆਂ ਕੁਝ ਦਸਤਾਵੇਜ਼ੀ ਫ਼ਿਲਮਾਂ ਵੀ ਵੱਖ-ਵੱਖ ਬੁੱਧੀਜੀਵੀਆਂ ਵੱਲੋਂ ਤਿਆਰ ਕਰਵਾਈਆਂ ਗਈਆਂ ਹਨ ਜਿਵੇਂ ਕਿ

(ੳ) 'ਇਕ ਮਿਸਾਲ', 'Pingalwara Presentation'

(ਅ) 'ਇਹ ਜਨਮ ਤੁਮ੍ਹਾਰੇ ਲੇਖੇ' ।

(ੲ) Pingalwara Home for Homeless

(ਸ) ਮਸ਼ਹੂਰ ਅਮਰੀਕੀ ਮੀਡੀਆ ਸ਼ਖ਼ਸੀਅਤ ਗੁਰਮੀਤ ਸੋਢੀ ਦੀ ਫ਼ਿਲਮ— 'Pingalwara — A selfless Home'

(ਹ) ਸ੍ਰ: ਜੋਗਿੰਦਰ ਸਿੰਘ 'ਕਲਸੀ' ਤੇ ਸ੍ਰ.ਜਸਬੀਰ ਸਿੰਘ 'ਹੰਸਪਾਲ' ਵੱਲੋਂ ਨਿਰਮਤ ਫ਼ਿਲਮ — 'A Selfless Life'

(ਕ) Pingalwara — Educational Endeavours

(ਖ) Natural Farming

(ਗ) ਪਾਣੀ ਦੀ ਸਮੱਸਿਆ

(ਘ) ਰੁੱਖ

(ਙ) ਭਗਤ ਪੂਰਨ ਸਿੰਘ ਜੀ ਦੇ ਜੀਵਨ 'ਤੇ ਅਧਾਰਤ ਫੀਚਰ ਫ਼ਿਲਮ **'ਇਹ ਜਨਮ ਤੁਮ੍ਹਾਰੇ ਲੇਖੇ'** 30 ਜਨਵਰੀ, 2015 ਨੂੰ ਦੇਸ਼ ਭਰ ਅਤੇ ਵਿਦੇਸ਼ਾਂ ਵਿੱਚ ਰਿਲੀਜ਼ ਹੋ ਚੁੱਕੀ ਹੈ । ਇਸ ਫ਼ਿਲਮ ਰਾਹੀਂ ਨਵੀਂ ਪੀੜ੍ਹੀ ਲਈ ਭਗਤ ਜੀ ਦੀ ਸਮਾਜ ਪ੍ਰਤੀ ਕੀਤੀ ਨਿਸ਼ਕਾਮ ਸੇਵਾ ਅਤੇ ਕੁਰਬਾਨੀ ਬਾਰੇ ਚਾਨਣਾ ਪਾਇਆ ਗਿਆ ਹੈ। ਇਸ ਫ਼ਿਲਮ ਨੂੰ ਦੇਸ਼ ਅਤੇ ਵਿਦੇਸ਼ਾਂ ਵਿੱਚ ਭਰਪੂਰ ਹੁੰਗਾਰਾ ਮਿਲਿਆ ਹੈ ।

ਪਿੰਗਲਵਾੜਾ ਪਰਿਵਾਰ ਦੇ ਬੱਚਿਆਂ ਵੱਲੋਂ ਗਾਇਨ ਕੀਤੀ 'ਗੁਰਬਾਣੀ ਕੀਰਤਨ' ਦੀ ਵੀਡੀਓ ਦੀ ਡੀ.ਵੀ.ਡੀ ਡਾ.ਓਮ ਗੌਰੀ ਦੱਤ ਸ਼ਰਮਾ ਡਿਪਟੀ ਡਾਇਰੈਕਟਰ ਜਲੰਧਰ ਦੂਰ-ਦਰਸ਼ਨ ਦਵਾਰਾ ਮਿਤੀ 9-7-2016 ਨੂੰ ਰਿਲੀਜ ਕੀਤੀ ਗਈ।

**ਭਗਤ ਪੂਰਨ ਸਿੰਘ ਸਮਾਰਕ :-** ਪੂਜਨੀਕ ਭਗਤ ਪੂਰਨ ਸਿੰਘ ਜੀ ਦੇ ਜਨਮ



ਸਥਾਨ ਪਿੰਡ ਰਾਜੇਵਾਲ ਰੋਹਣੋਂ, ਜ਼ਿਲ੍ਹਾ ਲੁਧਿਆਣਾ ਵਿਖੇ '*ਭਗਤ ਪੂਰਨ ਸਿੰਘ ਸਮਾਰਕ*' ਦਾ ਨਿਰਮਾਣ ਹੋ ਚੁੱਕਾ ਹੈ । ਇਹ ਸਮਾਰਕ ਉਨ੍ਹਾਂ ਦੀ ਪਹਿਲੀ ਜਨਮ ਸ਼ਤਾਬਦੀ ਜੋ ਕਿ **4 ਜੂਨ, 2004** ਨੂੰ ਮਨਾਈ ਗਈ ਸੀ, ਨੂੰ ਸਮਰਪਿਤ ਹੈ ।

**ਗਊਸ਼ਾਲਾ :** ਮਾਨਾਂਵਾਲਾ ਕੰਪਲੈਕਸ ਵਿੱਚ ਇਕ ਗਊਸ਼ਾਲਾ ਭੀ ਹੈ । ਇਸ ਵਿੱਚ 120 ਦੁਧਾਰੂ ਪਸ਼ੂ ਹਨ ਜਿਨ੍ਹਾਂ ਦੀ ਸੰਸਥਾ ਵੱਲੋਂ ਸੇਵਾ-ਸੰਭਾਲ ਹੋ ਰਹੀ ਹੈ । ਗਊਆਂ ਦਾ ਦੁੱਧ ਮਰੀਜ਼ਾਂ ਲਈ ਵਰਤਿਆ ਜਾਂਦਾ ਹੈ ।

**ਉਸਾਰੀ ਅਧੀਨ ਯੋਜਨਾਵਾਂ :** ਸਾਲ 2013 ਤੋਂ ਸ਼ੁਰੂ ਕੀਤਾ ਗਿਆ ਮਾਨਾਂਵਾਲਾ ਕੰਪਲੈਕਸ ਵਿੱਚ ਇਕ ਆਧੁਨਿਕ (ਮੰਦ-ਬੁੱਧੀ) ਸਪੈਸ਼ਲ ਬੱਚਿਆਂ ਲਈ ਸਕੂਲ ਬਣ ਕੇ ਤਿਆਰ ਹੋ ਗਿਆ ਹੈ।

ਪਿੰਗਲਵਾੜੇ ਦਾ ਰੋਜ਼ਾਨਾ ਖ਼ਰਚ **ਸਾਢੇ ਛੇ ਲੱਖ** ਰੁਪਏ ਹੈ ਜੋ ਕਿ ਸੰਗਤਾਂ ਦੇ ਸਹਿਯੋਗ ਅਤੇ ਭਗਤ ਪੂਰਨ ਸਿੰਘ ਜੀ ਦੀ ਦਿੱਤੀ ਸੇਧ ਮੁਤਾਬਕ ਹੁੰਦਾ ਹੈ।

(I) ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ, ਰਜਿਸਟਰਾਰ ਆਫ ਕੰਪਨੀਜ਼ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਪੱਤਰ ਨੰਬਰ 130 ਆਫ 1956-57 ਅਤੇ ਸੋਧ ਨੰਬਰ A-28/4540 ਮਿਤੀ 07-07-1998 ਦੁਆਰਾ ਰਜਿਸਟਰਡ ਹੈ ।

(II) ਪਿੰਗਲਵਾੜਾ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਨੂੰ ਇਨਕਮ ਟੈਕਸ ਦੇ ਸੈਕਸ਼ਨ 80-G ਅਨੁਸਾਰ ਇਨਕਮ ਟੈਕਸ-II ਅੰਮ੍ਰਿਤਸਰ ਪੱਤਰ ਸੰਖਿਆ ਨੰਬਰ CIT-II/ASR/ITO(Tech.) 2011-12/4730 ਮਿਤੀ 11/12 January, 2012. ਅਧੀਨ ਟੈਕਸ ਦੀ ਛੋਟ ਪ੍ਰਾਪਤ ਹੈ ।

ਪਿੰਗਲਵਾੜਾ ਸੰਸਥਾ ਦਾ PAN ਨੰਬਰ AAATA2237R ਹੈ।

ਪਿੰਗਲਵਾੜਾ ਦੇ FCRA (Foreign Contribution Regulation Act.) ਨੰਬਰ 115210002 ਹੈ।

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

**ਡਾ: ਇੰਦਰਜੀਤ ਕੌਰ, ਮੁੱਖ ਸੇਵਕਾ,**

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ ।

**ਪੁੱਛ-ਗਿੱਛ ਲਈ ਕਰਨਲ ਸ. ਦਰਸ਼ਨ ਸਿੰਘ ਬਾਵਾ, (ਰਿਟਾ.)**

**ਮੁੱਖ-ਪ੍ਰਸ਼ਾਸਕ 98145-35937**

**Details of Banks For Sending Donation Through Online Cheque/Draft, Cheque & Bank Drafts may be sent in favour of :**
**All India Pingalwara Charitable Society (Regd.), Amritsar. PAN No. AAATA2237R**

| S. No. | Name of Account | A/C No. | Name of the Bank | IFS Code for Inland Remittance | Swift Code for Foreign Inland Remittance |
|---|---|---|---|---|---|
| 1. | **FOR FOREIGN CONTRIBUTORS** All India Pingalwara Charitable Society (Regd.), Amritsar. | 01562010002890 | Oriental Bank of Commerce Sharifpura Amritsar | ORBC 0100156 | ORBCINBBASR |
| 2. | **INLAND ACCOUNT No.** All India Pingalwara Charitable Society (Regd.), Amritsar. | 01562010003720 | Oriental Bank of Commerce Sharifpura Amritsar | ORBC 0100156 | .................. |
| 3. | All India Pingalwara Charitable Society (Regd.), Amritsar. | 10978255668 | State Bank of India Town Hall, Amritsar | SBIN0000609 | SBINHBB274 |
| 4. | All India Pingalwara Charitable Society (Regd.), Amritsar. | 630510100026147 | Bank of India City Centre, Amritsar | BKID0006305 | BKIDINBBASR |
| 5. | All India Pingalwara Charitable Society (Regd.), Amritsar. | 0018002100097336 | Punjab National Bank Hall Bazar, Amritsar | PUNB0001800 | PUNBINBBAHB |
| 6. | All India Pingalwara Charitable Society (Regd.), Amritsar. | 006601012522 | ICICI Bank Ltd., Lawrence Road, Amritsar. | ICIC0000066 | ICICINBBFEX |
| 7. | All India Pingalwara Charitable Society (Regd.), Amritsar. | 01151000246510 | HDFC Bank Ltd., Mall Road, ASR. | HDFC0000115 | HDFCINBB |
| 8. | All India Pingalwara Charitable Society (Regd.), Amritsar. | 00011000096048 | Punjab & Sind Bank Hall Bazar, Amritsar | PSIB000A001 | PSIBINBB017 |
| 9. | All India Pingalwara Charitable Society (Regd.), Amritsar. | 685010100009799 | Axis Bank Ltd. City Centre Amritsar. | UTIB0000685 | AXISINBB179 |
| 10. | All India Pingalwara Charitable Society (Regd.), Amritsar. | 13131000082013 | HDFC Bnak Ltd. Ghanta Ghar, Golden Temple, Asr | HDFC0001313 | HDFCINBB |
| 11. | All India Pingalwara Charitable Society (Regd.), Amritsar. | 01010100015572 | Bank of Baroda, Town Hall, Amritsar | BARBOAMRITS | BARBINBBAMR |



**ਦਾਨੀ ਸੱਜਣਾਂ ਲਈ ਭਗਤ ਜੀ ਦੀਆਂ ਅਸੀਸਾਂ**

"ਵਾਹਿਗੁਰੂ ਆਪ ਨੂੰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ, ਗੁਰਸਿੱਖੀ ਦੇ ਨਿੱਤਨੇਮ ਦਾ ਪਾਠ ਕਰਨ, ਗੁਰਦੁਆਰੇ ਜਾ ਕੇ 'ਆਸਾ ਦੀ ਵਾਰ' ਦਾ ਕੀਰਤਨ ਸੁਣਨ ਦਾ ਬਲ ਬਖ਼ਸ਼ੇ। ਗੁਰੂ ਦੀ ਗੋਲਕ ਦਾ ਦਸਵੇਂ ਹਿੱਸੇ ਦਾ ਦਸਵੰਧ ਕੱਢਣ ਦੀ ਆਦਤ ਪਾਵੇ । ਸਾਂਸ-ਸਾਂਸ ਵਾਹਿਗੁਰੂ ਦਾ ਨਾਮ ਸਿਮਰਨ ਦੀ ਆਦਤ ਪਾਵੇ । "

—ਭਗਤ ਪੂਰਨ ਸਿੰਘ ਸੰਸਥਾਪਕ ਪਿੰਗਲਵਾੜਾ, ਅੰਮ੍ਰਿਤਸਰ